# ਯੋਜਨਾ

ਸਾਲ 30 • ਅੰਕ 8 • ਮਾਰਚ 2015 • ਕੁੱਲ ਪੰਨੇ 76



ਮੁੱਖ ਸੰਪਾਦਕ

**ਦੀਪਿਕਾ ਕੱਛਲ**

ਸੰਪਾਦਕ

**ਬਲਬੀਰ ਮਾਧੋਪੁਰੀ**

**ਸੰਪਾਦਕੀ ਦਫ਼ਤਰ**

ਈਸਟ ਬਲਾਕ-4, ਲੈਵਲ-7

ਆਰ. ਕੇ. ਪੁਰਮ, ਨਵੀਂ ਦਿੱਲੀ-110066

ਫ਼ੋਨ ਤੇ ਫ਼ੈਕਸ : 011-26177591

ਈਮੇਲ : yojanapunjabi@yahoo.com

ਵੈੱਬਸਾਈਟ : www.yojana.gov.in

www.publicationsdivision.nic.in

https//www.facebook.com/pages/yojana-journal

ਸੰਯੁਕਤ ਨਿਰਦੇਸ਼ਕ (ਉਤਪਾਦਨ)

**ਵੀ.ਕੇ. ਮੀਣਾ**

ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ)

**ਸੂਰੀਆਕਾਂਤ ਸ਼ਰਮਾ**

ਫ਼ੋਨ: 26100207

ਫੈਕਸ : 26175516

ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


- ਬਜਟ 2015-16 : ਵਿਕਾਸ, ਰੁਜ਼ਗਾਰ ਤੇ ਕਲਿਆਣ ਉੱਤੇ ਪ੍ਰਭਾਵ - ਡੀ.ਕੇ. ਸ੍ਰੀਵਾਸਤਵ 4
- ਆਰਥਿਕ ਸਿਹਤ ਦਾ ਵਿਸ਼ਲੇਸ਼ਣ - ਆਸ਼ਿਮਾ ਗੋਇਲ 7
- ਵਿਸ਼ਵੀ ਨਿਰਮਾਣ ਹੱਬ ਦੇ ਰੂਪ ਵਿਚ ਭਾਰਤ - ਅਮਿਤਾਭ ਕਾਂਤ 12
- 14ਵੇਂ ਵਿੱਤ ਆਯੋਗ ਦੀਆਂ ਸਿਫ਼ਾਰਸ਼ਾਂ : ਸੰਘਵਾਦ ਦੀ ਭਾਵਨਾ ਅਨੁਸਾਰ - ਪ੍ਰਭਾਕਰ ਸਾਹੂ 16
- ਜਵਾਬਦੇਹੀ ਦੀ ਤਬਦੀਲੀ? ਇਸਤਰੀਆਂ ਦੇ ਪਰਿਪੇਖ ਤੋਂ ਬਜਟ ਅਧਿਐਨ - ਨੀਤਾ ਐੱਨ 21
- ਆਮ ਬਜਟ - ਸਮਾਜਿਕ ਵਿਸਤਾਰ - ਮਨੀਸ਼ ਗੋਵਿਲ 26
- ਖਾਣ-ਖੋਦਾਈ ਤੇ ਵਾਤਾਵਰਨ ਸੰਘਵਾਦ 'ਚ ਆਰਥਿਕ ਨੀਤੀ ਦਾ ਪੁਨਰ ਉੱਭਾਰ - ਲੇਖਾ ਚੱਕਰਾਬੋਰਤੀ, ਸਾਹਿਲ ਰਵਗੋਤਰਾ 29
- ਭਾਰਤ ਵਿਚ ਕਰ ਤੇ ਵਿੱਤੀ ਨੀਤੀ ਦਾ ਸਥਾਨ - ਰੋਹਿਤ ਜਯੋਥਿਸ 32
- ਰਾਸ਼ਟਰੀ ਮਹਾਰਤ ਵਿਕਾਸ ਪ੍ਰੋਗਰਾਮ : ਅਗਲੇਰਾ ਰਸਤਾ - ਸਵਦੇਸ਼ ਸਿੰਘ 37
- ਖੇਤੀਬਾੜੀ ਰਾਜਾਂ ਦੇ ਭਰੋਸੇ - ਭੁਵਨ ਭਾਸਕਰ 41
- ਰੇਲ ਬਜਟ : ਪ੍ਰਗਤੀ ਲਈ ਦਲੇਰੀ ਭਰਿਆ ਰਸਤਾ - ਜੀ. ਸ੍ਰੀਨਿਵਾਸਨ 45
- ਕੇਂਦਰੀ ਬਜਟ ਅਤੇ ਪੇਂਡੂ ਵਿਕਾਸ - ਰਤਨ ਸਲਦੀ 49
- ਕੇਂਦਰੀ ਬਜਟ : ਇਕ ਵਿਸ਼ਲੇਸ਼ਣ - ਸਰਬਜੀਤ ਸਿੰਘ ਛੀਨਾ 52
- ਬਜਟ 2015-16 : ਪ੍ਰਗਤੀ ਦੇ ਨਵੇਂ ਟੀਚਿਆਂ ਵਲ ਪੁਲਾਂਘ - ਮਨੋਹਰ ਸਿੰਘ ਬਤਰਾ 55
- ਸੰਘੀ ਬਜਟ ਬਣਾਉਣ ਵਿਚ ਸ਼ਾਮਿਲ ਪ੍ਰਕਿਰਿਆਵਾਂ - ਰਵਿੰਦਰਾ ਐੱਚ ਢੋਲਕੀਆ 57
- 2015-16 ਦਾ ਕੇਂਦਰੀ ਬਜਟ ਤੇ ਸਵੱਛ ਭਾਰਤ ਦੀ ਦ੍ਰਿਸ਼ਟੀ - ਨਿਰੂਪਮ ਹਜ਼ਰਾ 61
- ਕੇਂਦਰੀ ਬਜਟ 2015-16 : ਵਿਸ਼ੇਸ਼ ਜ਼ੋਰ - 63
- ਭਾਰਤ ਦੇ ਗਰੀਬਾਂ ਦੇ ਫ਼ਾਇਦੇ ਲਈ ਬੀਮਾ ਖੇਤਰ ਵਿਚ ਵਿਦੇਸ਼ੀ ਹਿੱਸੇਦਾਰੀ ਵਧਾਉਣਾ - ਧੀਰਜ ਨਾਇਰ 66
- ਭਾਰਤੀ ਨਾਰੀ ਦਾ ਸ਼ਕਤੀਕਰਨ - ਸੰਘਰਸ਼ ਤੇ ਸਫਲਤਾਵਾਂ - ਬਾਲ ਆਨੰਦ 68
- ਜੰਗਲਾਂ ਦੀ ਸਥਿਤੀ, ਵਾਤਾਵਰਨ ਤੇ ਨੀਤੀਆਂ - ਗੁਰਿੰਦਰ ਕੌਰ 72



***ਯੋਜਨਾ*** **ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਈਸਟ ਬਲਾਕ-4, ਲੈਵਲ-7, ਆਰ.ਕੇ. ਪੁਰਮ, ਨਵੀਂ ਦਿੱਲੀ-110066, ਫ਼ੋਨ-26100207, 26105590 ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ - 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ - 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ - 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੁਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ - 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ - 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ - 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ - 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ - 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.100, 2 ਸਾਲ ਰੁ.180, 3 ਸਾਲ ਰੁ.250 - ਸਾਰਕ ਦੇਸ਼ਾਂ ਲਈ ਸਾਲਾਨਾ ਰੁ.530 ; ਯੂਰਪੀ ਤੇ ਹੋਰ ਦੇਸ਼ਾਂ ਲਈ ਸਾਲਾਨਾ ਰੁ.730.** ***ਯੋਜਨਾ*** **ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਨ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਬਜਟ 2015–16 : ਵਿਕਾਸ, ਰੁਜ਼ਗਾਰ ਤੇ ਕਲਿਆਣ ਉੱਤੇ ਪ੍ਰਭਾਵ

ਡੀ.ਕੇ. ਸ਼੍ਰੀਵਾਸਤਵ

ਕੇਂਦਰੀ ਸਰਕਾਰ ਦੇ 2015–16 ਦੇ ਬਜਟ ਵਿਚ ਵਿਕਾਸ ਅਤੇ ਲੋਕ ਕਲਿਆਣ ਲਈ ਛੋਟੀ ਅਤੇ ਲੰਬੀ ਮਿਆਦ ਦੇ ਸ਼ਾਨਦਾਰ ਟੀਚੇ ਮਿਥੇ ਗਏ ਹਨ। ਵਿਕਾਸ ਰੁਜ਼ਗਾਰ ਅਤੇ ਲੋਕ ਕਲਿਆਣ ਸਿੱਧੇ ਤੌਰ ਤੇ ਆਪਸ ਵਿਚ ਜੁੜੇ ਹੋਏ ਹਨ। ਵਿਕਾਸ ਵਧੇਰੇ ਰੁਜ਼ਗਾਰ ਦੇ ਮੌਕੇ ਪੈਦਾ ਕਰਦਾ ਹੈ ਜਿਸ ਨਾਲ ਆਮਦਨ ਵਿਚ ਵਾਧਾ ਹੁੰਦਾ ਹੈ ਅਤੇ ਲੋਕ ਕਲਿਆਣ ਮਜ਼ਬੂਤ ਹੁੰਦਾ ਹੈ। ਇਸ ਸੰਦਰਭ ਵਿਚ, ਕੇਂਦਰ ਸਰਕਾਰ ਦੇ 2015–16 ਦੇ ਬਜਟ ਦਾ ਅਸਰ ਵਿਕਾਸ ਰਾਹੀਂ ਰੁਜ਼ਗਾਰ ਅਤੇ ਨੀਤੀ ਪਹਿਲਾਂ ਰਾਹੀਂ ਵਧੇਰੇ ਸਿੱਧਾ ਰੁਜ਼ਗਾਰ ਪੈਦਾ ਕਰਨ ਵਾਲਾ ਹੋਣ ਨੂੰ ਘੋਖਿਆ ਜਾ ਸਕਦਾ ਹੈ।

## ਵਿਕਾਸ ਅਤੇ ਲੋਕ ਕਲਿਆਣ : ਛੋਟੀ ਅਤੇ ਲੰਬੀ ਮਿਆਦ ਦੇ ਟੀਚੇ

ਸਾਲ 2015–16 ਲਈ 8 ਤੋਂ 8.5 ਪ੍ਰਤਿਸ਼ਤ ਵਿਕਾਸ ਦਰ ਹਾਸਲ ਕਰਨ ਦਾ ਟੀਚਾ ਮਿਥਿਆ ਗਿਆ ਹੈ। ਲੰਬੀ ਮਿਆਦ ਵਿਚ, ਵਿਕਾਸ ਦਰ ਦੋ ਅੰਕਾਂ ਵਿਚ ਹਾਸਲ ਕਰਨ ਦਾ ਟੀਚਾ ਹੈ, ਜੋ ਸਭ ਤੋਂ ਘੱਟ 10 ਪ੍ਰਤਿਸ਼ਤ ਹੋਵੇਗੀ। ਲੋਕ ਕਲਿਆਣ ਦੇ ਪੱਖੋਂ, ਦੇਸ਼ ਦੀ ਆਜ਼ਾਦੀ ਦੀ 75ਵੀਂ ਵਰ੍ਹੇ ਗੰਢ ਦੇ ਮੌਕੇ, 2022 ਤਕ ਹੇਠ ਦਿਤੇ 13 ਵਿਸ਼ੇਸ਼ ਉਦੇਸ਼ ਹਾਸਲ ਕਰਨ ਦੀ ਇੱਛਾ ਜ਼ਾਹਰ ਕੀਤੀ ਗਈ ਹੈ :

1. ਸ਼ਹਿਰੀ ਖੇਤਰ ਵਿਚ 2 ਕਰੋੜ ਅਤੇ ਪੇਂਡੂ ਖੇਤਰ ਵਿਚ 4 ਕਰੋੜ ਮਕਾਨ ਉਸਾਰੀ ਜਿਸ ਨਾਲ ਦੇਸ਼ ਵਿਚ ਸਭ ਘਰ ਪਰਿਵਾਰਾਂ ਨੂੰ ਮਕਾਨ ਹਾਸਲ ਹੋ ਸਕੇ।

2. ਹਰ ਘਰ ਲਈ ਬੁਨਿਆਦੀ ਸਹੂਲਤਾਂ, ਜਿਵੇਂ ਕਿ 24 ਘੰਟੇ ਬਿਜਲੀ ਪੂਰਤੀ, ਸਵੱਛ ਪੀਣ ਦਾ ਪਾਣੀ, ਪਖ਼ਾਨੇ ਅਤੇ ਸੜਕ ਸੰਪਰਕ ਯਕੀਨੀ ਬਣਾਉਣਾ।

3. ਇਹ ਯਕੀਨੀ ਬਣਾਉਣ ਕਿ ਹਰ ਘਰ ਦੇ ਘੱਟੋ-ਘੱਟ ਇਕ ਮੈਂਬਰ ਨੂੰ ਰੁਜ਼ਗਾਰ ਪ੍ਰਾਪਤ ਹੋਵੇ।

4. ਗਰੀਬੀ ਨੂੰ ਕਾਫ਼ੀ ਹੱਦ ਤਕ ਘੱਟ ਕਰਨਾ।

5. ਸਭ ਪਿੰਡਾਂ ਦਾ ਬਿਜਲੀਕਰਨ।

6. ਸਭ ਰਿਹਾਇਸ਼ੀ ਬਸਤੀਆਂ ਨੂੰ ਹਰ ਮੌਸਮ ਵਿਚ ਚਾਲੂ ਸੜਕਾਂ ਨਾਲ ਜੋੜਨਾ।

7. ਹਰ ਪਿੰਡ ਅਤੇ ਸ਼ਹਿਰ ਵਿਚ ਸਿਹਤ ਸਹੂਲਤਾਂ ਉਪਲਬਧ ਕਰਾਉਣਾ।

8. ਨੌਜਵਾਨਾਂ ਨੂੰ ਸਿੱਖਿਅਤ ਅਤੇ ਹੁਨਰਮੰਦ ਕਰਨਾ।

9. ਖੇਤੀਬਾੜੀ ਦੀ ਉਪਜਾਇਕਤਾ ਵਧਾਉਣਾ।

10. ਹਰ ਪਿੰਡ ਵਿਚ ਸੰਚਾਰ ਸਹੂਲਤ ਉਪਲਬਧ ਕਰਾਉਣਾ।

11. ਨੌਜਵਾਨ ਤਬਕੇ ਨੂੰ ਮੁਹਾਰਤ ਦੇਣ ਅਤੇ ਭਾਰਤ ਵਿਚ ਬਣਾਓ ਦੇ ਹੁਨਰ ਨਾਲ ਲੈਸ ਕਰਨਾ।

12. ਭਾਰਤ ਵਿਚ ਉੱਦਮਾਂ ਨੂੰ ਉਤਸ਼ਾਹਿਤ ਕਰਨਾ।

13. ਭਾਰਤ ਦੇ ਪੂਰਬੀ ਅਤੇ ਉੱਤਰ ਪੂਰਬੀ ਖੇਤਰਾਂ ਦਾ ਵਿਕਾਸ।

ਵਿਕਾਸ ਅਤੇ ਲੋਕ ਕਲਿਆਣ ਦੇ ਟੀਚੇ ਹਾਸਲ ਕਰਨ ਲਈ ਕੇਂਦਰੀ ਅਤੇ ਰਾਜ ਸਰਕਾਰਾਂ ਨੂੰ ਮਹੱਤਵਪੂਰਨ ਭੂਮਿਕਾ ਨਿਭਾਉਣੀ ਪਵੇਗੀ। ਇਨ੍ਹਾਂ ਉਦੇਸ਼ਾਂ ਦੀ ਸੰਭਵਤਾ ਅਤੇ ਜ਼ਰੂਰਤ ਵਿੱਤੀ ਅਤੇ ਮੋਟੇ ਤੌਰ ਤੇ ਆਰਥਿਕ ਨੀਤੀ ਸੰਦਰਭ ਵਿਚ ਖੋਜ ਕੀਤੀ ਜਾ ਸਕਦੀ ਹੈ।

## ਵਿਕਾਸ ਸੰਭਾਵਨਾ

ਕੇਂਦਰੀ ਅੰਕੜਾ ਸੰਸਥਾਨ ਵਲੋਂ ਜਾਰੀ ਸੋਧੇ ਹੋਏ ਸਮੁੱਚੇ ਘਰੇਲੂ ਉਤਪਾਦਨ ਦੀ ਵਿਕਾਸ ਦਰ ਦੇ ਅੰਕੜਿਆਂ ਅਨੁਸਾਰ, 2014–15 ਵਿਚ ਸਮੁੱਚੇ ਘਰੇਲੂ ਉਤਪਾਦਨ ਦੀ ਵਿਕਾਸ ਦਰ 7.4 ਪ੍ਰਤਿਸ਼ਤ ਰਹਿਣ ਦੀ ਆਸ ਹੈ। ਸਾਲ 2015–16 ਲਈ, ਬਜਟ ਵਿਚ ਵਿਕਾਸ ਦਰ 8 ਤੋਂ 8.5 ਪ੍ਰਤਿਸ਼ਤ ਹਾਸਲ ਕਰਨ ਬਾਰੇ ਕਿਹਾ ਗਿਆ ਹੈ। ਇਹ ਲਗਭਗ 1 ਪ੍ਰਤਿਸ਼ਤ ਵਿਕਾਸ ਦਰ ਵਿਚ ਵਾਧਾ ਹੈ। ਪੂੰਜੀ ਨਿਵੇਸ਼ ਅਤੇ ਉਤਪਾਦਨ ਨੂੰ 4 ਅਤੇ 1 ਦੇ ਅਨੁਪਾਤ ਵਿਚ ਮੰਨ ਕੇ ਚਲੀਏ, ਤਾਂ ਇਸ ਵਿਕਾਸ ਦਰ ਨੂੰ ਹਾਸਲ ਕਰਨ ਲਈ ਨਿਵੇਸ਼ ਦਰ ਵਿਚ 4 ਤੋਂ ਪੰਜ ਪ੍ਰਤਿਸ਼ਤ ਵਾਧਾ ਕਰਨ ਦੀ ਲੋੜ ਹੋਵੇਗੀ। ਇਸ ਤਰ੍ਹਾਂ 2015–16 ਲਈ ਸਮੁੱਚੀ ਨਿਵੇਸ਼ ਦਰ ਲਗਭਗ 35–36 ਪ੍ਰਤਿਸ਼ਤ ਵਧਣੀ ਚਾਹੀਦੀ ਹੈ। ਇਸ ਤਰ੍ਹਾਂ ਸਾਨੂੰ ਬੱਚਤ ਦਰ 37–38 ਪ੍ਰਤਿਸ਼ਤ ਤਕ ਲੈ ਜਾਣੀ ਹੋਵੇਗੀ ਅਤੇ ਨਿਵੇਸ਼ ਦਰ ਲਗਭਗ 40 ਪ੍ਰਤਿਸ਼ਤ ਘਰੇਲੂ ਬੱਚਤਾਂ ਅਤੇ ਪੂੰਜੀ ਨਿਵੇਸ਼ ਵਿਚ ਅੰਤਰ ਚਾਲੂ ਖਾਤਾ ਘਾਟੇ ਰਾਹੀਂ ਪੂਰਾ ਕੀਤਾ ਜਾ ਸਕਦਾ ਹੈ ਜੋ ਲਗਭਗ 2 ਪ੍ਰਤਿਸ਼ਤ ਹੋਵੇਗਾ। ਇਨ੍ਹਾਂ ਪੱਧਰਾਂ 'ਤੇ ਅਸੀ ਬਿਨਾਂ ਮੁਦਰਾਸਫਿਤੀ ਅਸਰ ਵਾਲਾ 10 ਪ੍ਰਤਿਸ਼ਤ ਦਾ ਪਾਇਦਾਰ ਵਿਕਾਸ ਹਾਸਲ ਕਰ ਸਕਦੇ ਹਾਂ। 2015–16 ਵਿਚ ਇਹ ਸਫ਼ਰ ਘੱਟੋ-ਘੱਟ ਅੱਧਾ ਤੈਅ ਕਰ ਲੈਣਾ ਚਾਹੀਦਾ ਹੈ। ਇਸ ਕੋਸ਼ਿਸ਼ ਵਿਚ ਮੁੱਖ ਆਰਥਿਕ ਏਜੰਟਾਂ ਨੂੰ ਮਹੱਤਵਪੂਰਨ ਭੂਮਿਕਾ ਨਿਭਾਉਣੀ ਪਵੇਗੀ। ਅਰਥਤੰਤਰ ਵਿਚ ਮੁੱਖ ਖਿਡਾਰੀ ਕੇਂਦਰ ਅਤੇ ਰਾਜ ਸਰਕਾਰਾਂ ਹਨ ਜੋ ਦੋਵੇਂ ਮਿਲ ਕੇ ਸਰਕਾਰ ਵਲੋਂ 'ਟੀਮ ਭਾਰਤ' ਕਹੇ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਵਿਭਾਗੀ ਉੱਦਮ, ਡਾਕ ਮਹਿਕਮਾ ਅਤੇ ਰੇਲਵੇ, ਕੇਂਦਰ ਅਤੇ ਰਾਜ ਪੱਧਰੀ ਜਨਤਕ ਖੇਤਰ

ਦੇ ਅਦਾਰੇ ਘਰੇਲੂ ਅਤੇ ਵਿਦੇਸ਼ੀ ਨਿੱਜੀ ਉਦਯੋਗ ਅਤੇ ਨਿਵੇਸ਼ਕ ਅਤੇ ਘਰ ਪਰਿਵਾਰ ਇਸ ਸਾਂਝੀ ਆਰਥਿਕ ਕੋਸ਼ਿਸ਼ ਵਿਚ ਮੁੱਖ ਆਰਥਿਕ ਖਿਡਾਰੀ ਹਨ। ਸਰਕਾਰ ਦੀ ਔਸਤ ਨੀਤੀ ਤਹਿਤ, ਭਾਰਤ ਦੀ ਵਿਕਾਸ ਅਭਿਲਾਸ਼ਾ ਉਦੋਂ ਹੀ ਫਲ ਦੇ ਸਕਦੀ ਹੈ ਜੇਕਰ ਇਹ ਸਾਰੇ ਭਾਈਵਾਲ ਮਿਲ ਕੇ ਕੰਮ ਕਰਨ।

## ਕੇਂਦਰ ਸਰਕਾਰ ਦੀ ਭੂਮਿਕਾ

ਕੇਂਦਰ ਸਰਕਾਰ ਸਿੱਧਿਆਂ ਜਨਤਕ ਨਿਵੇਸ਼ ਨਾਲ ਅਤੇ ਅਸਿੱਧਿਆਂ ਨਿੱਜੀ ਨਿਵੇਸ਼ ਨੂੰ ਹੁੰਗਾਰਾ ਦੇ ਕੇ ਵਿਕਾਸ ਕੋਸ਼ਿਸ਼ ਵਿਚ ਉਂਘੀ ਭੂਮਿਕਾ ਨਿਭਾਉਂਦੀ ਹੈ। 2015-16 ਦੇ ਬਜਟ ਅਨੁਸਾਰ, ਕੇਂਦਰ ਵਲੋਂ ਸਿੱਧਾ ਜਨਤਕ ਨਿਵੇਸ਼ ਸੀਮਤ ਰਹਿਣ ਦੀ ਆਸ ਹੈ। ਅਜਿਹੇ ਵਿਚ ਪੂੰਜੀਗਤ ਖਰਚਿਆਂ ਵਿਚ ਵਾਧਾ ਕੁੱਲ ਘਰੇਲੂ ਉਤਪਾਦ ਦੇ 0.2 ਪ੍ਰਤਿਸ਼ਤ ਅਨੁਪਾਤ ਵਿਚ ਦਿਖਾਇਆ ਗਿਆ ਹੈ ਜਦ ਕਿ ਇਹ 2014-15 ਦੇ ਸੋਧੇ ਅਨੁਮਾਨਾਂ ਵਿਚ 1.5 ਪ੍ਰਤਿਸ਼ਤ ਅਤੇ 2014-15 ਦੇ ਬਜਟ ਵਿਚ 1.7 ਪ੍ਰਤਿਸ਼ਤ ਰੱਖਿਆ ਗਿਆ ਸੀ। ਸਪੱਸ਼ਟ ਤੌਰ ਤੇ ਇਹ ਵਾਧਾ ਵਿਕਾਸ ਦਰ ਨੂੰ ਸਿਰਫ਼ ਕੇਂਦਰੀ ਬਜਟ ਨਾਲ ਅਸਰਦਾਰ ਤਰੀਕੇ ਉੱਚੇ ਚੁੱਕਣ ਲਈ ਬਹੁਤ ਘੱਟ ਹੈ। ਕੇਂਦਰ ਸਰਕਾਰ ਦੀ ਇਹ ਬਹੁਤ ਸੀਮਤ ਵਾਧੂ ਪੂੰਜੀ ਉਪਲਬਧਤਾ ਵਿੱਤ ਮੰਤਰੀ ਉਪਰ ਵਿੱਤੀ ਘਾਟੇ ਦੇ ਦਬਾਅ ਕਾਰਨ ਆਈ ਹੈ ਜਿਸ ਲਈ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਕਾਨੂੰਨ ਤਹਿਤ ਵਚਨਬਧਤਾ ਦੁਹਰਾਈ ਗਈ ਹੈ। ਵਿੱਤ ਮੰਤਰੀ ਨੇ 2014-15 ਦੇ ਸੋਧੇ ਹੋਏ ਅਨੁਮਾਨਾਂ ਵਿਚ ਸਮੁੱਚੇ ਘਰੇਲੂ ਉਤਪਾਦਨ ਦਾ 4.1 ਪ੍ਰਤਿਸ਼ਤ ਵਿੱਤੀ ਘਾਟਾ ਰੱਖਣ ਦਾ ਟੀਚਾ ਹੀ ਰੱਖਿਆ ਹੈ। ਉਨ੍ਹਾਂ ਪਹਿਲਾਂ ਸੋਚੇ ਸੰਗ੍ਰਹਿਣ ਦੇ ਮੁਕਾਬਲੇ ਸਮੁੱਚੇ ਘਰੇਲੂ ਉਤਪਾਦਨ ਦਾ 0.3 ਪ੍ਰਤਿਸ਼ਤ ਹੀ ਵਾਧੂ ਵਿੱਤੀ ਉਪਲਬਧਤਾ ਦਾ ਟੀਚਾ ਰੱਖਿਆ ਹੈ ਜਿਸ ਨਾਲ 3.6 ਪ੍ਰਤਿਸ਼ਤ ਵਿੱਤੀ ਘਾਟਾ ਰਹਿ ਜਾਵੇਗਾ। ਪਰ ਇਸ ਵਿਵਸਥਾ ਦੇ ਚਲਦੇ ਵੀ, ਵਾਧੂ ਵਿੱਤੀ ਖਰਚਿਆਂ ਲਈ ਸਮੁੱਚੇ ਘਰੇਲੂ ਉਤਪਾਦਨ ਦਾ ਸਿਰਫ਼ 0.2 ਪ੍ਰਤਿਸ਼ਤ ਹਿੱਸਾ ਹੀ ਜੁਟਾਇਆ ਜਾ ਸਕਿਆ ਹੈ।

ਵਿਕਾਸ ਦਾ ਰਸਤਾ, ਵਧੇਰੇ ਕਰਕੇ ਕੇਂਦਰ ਦੀਆਂ ਨੀਤੀਗਤ ਪਹਿਲਾਂ ਜੋ ਜਨਤਕ ਖੇਤਰ ਅਤੇ ਨਿੱਜੀ ਨਿਵੇਸ਼ਕਾਂ ਦੋਹਾਂ ਉਪਰ ਅਸਰ ਪਾਉਂਦੀਆਂ ਹਨ ਅਤੇ ਕੇਂਦਰ ਦੇ ਰਾਜਾਂ ਨਾਲ ਵਿੱਤੀ ਸੰਬੰਧਾਂ ਅਨੁਸਾਰਾ ਤੈਅ ਕੀਤਾ ਜਾ ਸਕੇਗਾ।

## ਰਾਜ ਸਰਕਾਰਾਂ ਦੀ ਭੂਮਿਕਾ

ਕੇਂਦਰ ਸਰਕਾਰ ਕੋਲ ਵਧੇਰੇ ਜਨਤਕ ਨਿਵੇਸ਼ ਲਈ ਸੀਮਤ ਸਾਧਨਾਂ ਦੇ ਚਲਦਿਆਂ, ਰਾਜ ਦੀ ਭੂਮਿਕਾ ਹੋਰ ਵੀ ਅਹਿਮ ਹੋ ਜਾਂਦੀ ਹੈ। 14ਵੇਂ ਵਿੱਤ ਕਮਿਸ਼ਨ ਦੀਆਂ ਸਿਫ਼ਾਰਿਸ਼ਾਂ ਤੋਂ ਬਾਅਦ ਅਤੇ ਅਸਲ ਵਿਚ 2014-15 ਦੇ ਬਜਟ ਦੀ ਸ਼ੁਰੂਆਤ ਤੋਂ ਹੀ, ਰਾਜ ਸਰਕਾਰਾਂ ਦੇ ਖਾਤੇ ਵਿਚ ਧਨ ਵਧੇਰੇ ਪਾਰਦਰਸ਼ਿਤਾ ਨਾਲ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਆਪਣੀਆਂ ਪਹਿਲਾਂ ਨਿਰਧਾਰਤ ਕਰਨ ਵਿਚ ਵੀ ਖੁੱਲ੍ਹ ਹੈ।

***2014-15 ਦੇ ਬਜਟ ਵਿਚ ਪੂੰਜੀ ਇਕ ਥਾਂ ਤੋਂ ਦੂਜੀ ਥਾਂ ਭੇਜਣ ਦਾ ਵੱਡਾ ਹਿੱਸਾ ਜੋ ਸਥਾਨਕ ਖੁਦਮੁਖ਼ਤਿਆਰ ਸੰਸਥਾਨਾਂ ਨੂੰ ਸਿੱਧਿਆਂ ਜਾਂਦਾ ਸੀ, ਰਾਜਾਂ ਨੂੰ ਰਾਜਾਂ ਦੀ ਯੋਜਨਾ ਗ੍ਰਾਂਟ ਦੇ ਤੌਰ ਤੇ ਦਿਤਾ ਜਾ ਰਿਹਾ ਹੈ। ਇਸ ਨਾਲ ਪੂੰਜੀ ਇਕ ਥਾਂ ਤੋਂ ਦੂਜੀ ਥਾਂ ਭੇਜਣ ਵਿਚ ਪਾਰਦਰਸ਼ਿਤਾ ਆਈ ਹੈ। 2015-16 ਦੇ ਬਜਟ ਵਿਚ ਯੋਜਨਾ ਗ੍ਰਾਂਟਾਂ ਵਿਚ ਇਸ ਵਾਧੇ ਦਾ ਕੁਝ ਹਿੱਸਾ ਰਾਜਾਂ ਨੂੰ ਉਨ੍ਹਾਂ ਦੇ ਕੇਂਦਰੀ ਹਿੱਸੇ ਦੇ ਤੌਰ ਤੇ ਦਿਤਾ ਗਿਆ ਹੈ। ਉਨ੍ਹਾਂ ਫ਼ੰਡਾਂ ਉਪਰ ਰਾਜ ਸਰਕਾਰਾਂ ਨੂੰ ਪੂਰੀ ਆਜ਼ਾਦੀ ਹੈ ਅਤੇ ਉਹ ਇਨ੍ਹਾਂ ਨੂੰ ਕਿਸ ਤਰ੍ਹਾਂ ਖਰਚ ਕਰਦੀਆਂ ਹਨ, ਉਸ ਉਪਰ ਕੋਈ ਸ਼ਰਤਾਂ ਨਹੀਂ ਲਗਾਈਆਂ ਜਾ ਸਕਦੀਆਂ। ਭਾਵੇਂ ਮਾਮੂਲੀ ਜਿਹੇ ਵਾਧੇ ਤੋਂ ਇਲਾਵਾ ਇਸ ਬਦਲਾਅ ਨਾਲ ਰਾਜ ਸਰਕਾਰਾਂ ਦੇ ਹੱਥ ਵਿਚ ਕੋਈ ਵਿਸ਼ੇਸ਼ ਵਧੇਰੇ ਧਨ ਨਹੀਂ ਆਉਂਦਾ ਪਰ ਇਸ ਦਾ ਮਕਸਦ ਇਨ੍ਹਾਂ ਫ਼ੰਡਾਂ ਦੀ ਵਰਤੋਂ ਵਿਚ ਸੁਧਾਰ ਲਿਆਉਣਾ ਹੈ। ਜੇਕਰ ਰਾਜ ਆਪਣਾ ਪੂੰਜੀਗਤ ਖਰਚਾ ਵਧਾ ਸਕਦੇ ਹਨ, ਜਿਸ ਤੋਂ ਸਮੁੱਚੇ ਤੌਰ ਤੇ ਵਿਕਾਸ ਪਹਿਲ ਨੂੰ ਮਦਦ ਮਿਲੇਗੀ, ਤਾਂ ਕੁਝ ਨਾ ਕੁੱਝ ਸੁਧਾਰ ਤਾਂ ਆਪਣੇ ਆਪ ਹੀ ਹੋ ਜਾਵੇਗਾ।***

## ਵਿਭਾਗੀ ਅਤੇ ਜਨਤਕ ਖੇਤਰ ਦੇ ਉੱਦਮਾਂ ਦੀ ਭੂਮਿਕਾ

ਨਿਵੇਸ਼ ਵਧਾਉਣ ਦਾ ਬਾਕੀ ਬਚਿਆ ਬਲ ਵਿਭਾਗੀ ਅਤੇ ਜਨਤਕ ਖੇਤਰ ਦੇ ਅਦਾਰਿਆਂ ਤੋਂ ਆ ਸਕਦਾ ਹੈ। ਸਰਕਾਰ ਨੇ ਡਾਕ ਅਤੇ ਤਾਰ ਵਿਭਾਗ ਦੀਆਂ ਸੇਵਾਵਾਂ ਅਤੇ ਰੇਲਵੇ ਦੇ ਪਸਾਰ ਦੀ ਪਹਿਲਾਂ ਹੀ ਯੋਜਨਾਬੰਦੀ ਕਰ ਲਈ ਹੈ। ਦੂਸਰੇ ਜਨਤਕ ਖੇਤਰ ਦੇ ਅਦਾਰਿਆਂ ਲਈ ਵੀ ਆਪਣੀਆਂ ਪਸਾਰ ਯੋਜਨਾਵਾਂ ਬਣਾਉਣ ਦਾ ਸਹੀ ਸਮਾਂ ਹੈ। ਜੇਕਰ ਉਹ ਇਸ ਨਿਵੇਸ਼ ਲਈ ਬਾਜ਼ਾਰ ਵਿਚੋਂ ਕਰਜ਼ਾ ਲੈਂਦੇ ਹਨ ਤਾਂ ਉਹ ਸਰਕਾਰ ਦੇ ਵਿੱਤੀ ਘਾਟੇ ਦਾ ਹਿੱਸਾ ਨਹੀਂ ਹੋਵੇਗਾ। ਵਿੱਤ ਮੰਤਰੀ ਨੇ ਸੜਕਾਂ ਲਈ ਨਿਰਧਾਰਤ ਰਾਸ਼ੀ ਅਤੇ ਰੇਲਵੇ ਲਈ ਬਜਟ ਵਿਚੋਂ ਮਦਦ ਕ੍ਰਮਵਾਰ 14,031 ਕਰੋੜ ਰੁਪਏ ਅਤੇ 10,050 ਕਰੋੜ ਰੁਪਏ ਵਧਾ ਦਿਤੀ ਹੈ। ਜਨਤਕ ਖੇਤਰ ਦੀਆਂ ਇਕਾਈਆਂ ਲਈ ਅੰਸ਼ਦਾਨ *(ਕਾਪੈਕਸ)* 3,17,889 ਕਰੋੜ ਰੁਪਏ ਹੋਣ ਦੀ ਉਮੀਦ ਹੈ ਜੋ 2014-15 ਦੇ ਬਜਟ ਨਾਲੋਂ ਲਗਭਗ 80,844 ਕਰੋੜ ਰੁਪਏ ਵਧੇਰੇ ਹੈ। ਅੰਦਾਜ਼ਾ ਹੈ ਕਿ ਕੇਂਦਰੀ ਫ਼ੰਡਾਂ ਅਤੇ ਕੇਂਦਰੀ ਜਨਤਕ ਅਦਾਰਿਆਂ ਤੋਂ ਬੁਨਿਆਦੀ ਢਾਂਚੇ ਵਿਚ ਨਿਵੇਸ਼ 2014-15 ਦੇ ਮੁਕਾਬਲੇ 2015-16 ਵਿਚ 70,000 ਕਰੋੜ ਰੁਪਏ ਵਧੇਗਾ। ਇਸ ਤੋਂ ਅੱਗੇ ਨਿੱਜੀ ਖੇਤਰ ਨੂੰ ਇਕ ਉਪਯੋਗੀ ਭੂਮਿਕਾ ਅਦਾ ਕਰਨੀ ਪਵੇਗੀ।

## ਨਿੱਜੀ ਖੇਤਰ ਦੀ ਭੂਮਿਕਾ

ਨਿੱਜੀ ਖੇਤਰ ਵਿਚ ਘਰੇਲੂ ਅਤੇ ਵਿਦੇਸ਼ੀ ਪੂੰਜੀ ਨਿਵੇਸ਼ਕ, ਨਿੱਜੀ ਉਦਯੋਗ ਅਤੇ ਘਰ ਪਰਿਵਾਰ ਸ਼ਾਮਿਲ ਹਨ। ਘਰ ਪਰਿਵਾਰ ਬੱਚਤਾਂ ਅਤੇ ਨਿਵੇਸ਼ ਦੇ ਤੌਰ ਤੇ ਹਿੱਸਾ ਪਾਉਂਦੇ ਹਨ। ਭਾਵੇਂ ਨਿੱਜੀ ਖੇਤਰ ਦੀਆਂ ਬੱਚਤਾਂ ਵਿਚ ਕੋਈ ਖ਼ਾਸ ਕਮੀ ਨਹੀਂ ਆਈ ਹੈ ਪਰ ਹਾਲ ਹੀ ਦੇ ਸਮੇਂ ਵਿਚ ਕੁੱਲ ਘਰੇਲੂ ਉਤਪਾਦ ਦੇ ਅਨੁਪਾਤ ਦੇ ਤੌਰ ਤੇ ਵਿੱਤ ਦੀ ਸ਼ਕਲ ਵਿਚ ਇਹ ਹਿੱਸਾ ਘਟਿਆ ਹੈ। ਹੁਣ ਅਸੀਂ ਘਰ ਪਰਿਵਾਰਾਂ ਵਲੋਂ ਬੱਚਤਾਂ ਵਿਚ ਸੁਧਾਰ ਦੀ ਆਸ ਕਰ ਸਕਦੇ ਹਾਂ ਕਿਉਂਕਿ ਸਮੁੱਚੇ ਤੌਰ ਤੇ ਕੀਮਤਾਂ ਵਿਚ ਕਮੀ ਆਈ ਹੈ ਅਤੇ ਅਸਲ ਵਿਆਜ ਦਰ ਵਿਚ ਵਾਧਾ ਹੋਣਾ ਸ਼ੁਰੂ ਹੋ ਗਿਆ ਹੈ।

ਨਿੱਜੀ ਨਿਵੇਸ਼ਕਾਂ ਵਿਚੋਂ ਬਾਹਰੀ ਨਿਵੇਸ਼ਕ,

ਚੰਗੇ ਬੁਨਿਆਦੀ ਢਾਂਚੇ ਦੀ ਜ਼ਾਮਨੀ ਨਿਵੇਸ਼ ਪ੍ਰਸਤਾਵਾਂ ਨੂੰ ਤੇਜ਼ੀ ਨਾਲ ਮਨਜ਼ੂਰੀ ਅਤੇ ਸਪੱਸ਼ਟ ਅਤੇ ਪਾਰਦਰਸ਼ੀ ਕਰ ਢਾਂਚੇ ਸਮੇਤ ਨਿਵੇਸ਼ ਕਰਨ ਲਈ ਚੰਗੇ ਵਾਤਾਵਰਨ ਦੀ ਉਮੀਦ ਰਖਦੇ ਹਨ। ਸਰਕਾਰ ਇਨ੍ਹਾਂ ਸਾਰੇ ਮੁੱਦਿਆਂ ਉਪਰ ਵਿਚਾਰ ਕਰਦੀ ਰਹੀ ਹੈ ਅਤੇ ਹੁਣ ਹੌਲੀ-ਹੌਲੀ ਭਾਰਤ ਵਿਚ ਨਿਵੇਸ਼ ਵਾਤਾਵਰਨ ਵਿਚ ਸੁਧਾਰ ਹੋ ਰਿਹਾ ਹੈ। ਵਿੱਤ ਮੰਤਰੀ ਨੇ ਸਰਕਾਰ ਦੇ ਅਗਲੇ 4 ਸਾਲਾਂ ਵਿਚ ਕਾਰਪੋਰੇਟ ਆਮਦਨ ਕਰ ਨੂੰ 30 ਪ੍ਰਤਿਸ਼ਤ ਤੋਂ ਘਟਾ ਕੇ 25 ਪ੍ਰਤਿਸ਼ਤ ਕਰ ਦੇਣ ਦੀ ਵੀ ਇੱਛਾ ਜ਼ਾਹਰ ਕੀਤੀ ਹੈ। ਇਸ ਨਾਲ ਸੰਭਾਵਿਤ ਨਿਵੇਸ਼ਕਾਂ ਨੂੰ ਆਪਣਾ ਨਿਵੇਸ਼ ਵਧਾਉਣ ਵਿਚ ਮਦਦ ਮਿਲੇਗੀ। ਕੁਝ ਵਿਦੇਸ਼ੀ ਨਿਵੇਸ਼ਕ ਭਾਰਤ ਵਿਚ ਨਿਵੇਸ਼ ਕਰਨ ਤੋਂ ਇਕ ਖ਼ਾਸ ਕਰ ਪ੍ਰਸਤਾਵ, ਆਮ ਗ਼ੈਰ-ਪ੍ਰਹੇਜ਼ੀ ਸਿਧਾਂਤ *(ਗਾਰ)* ਕਾਰਨ ਕਤਰਾਉਂਦੇ ਰਹੇ ਹਨ। ਸਰਕਾਰ ਨੇ ਇਹ ਸਪੱਸ਼ਟ ਕੀਤਾ ਹੈ ਕਿ ਇਸ ਸਿਧਾਂਤ ਦੇ ਲਾਗੂਕਰਨ ਨੂੰ ਦੋ ਸਾਲ ਅੱਗੇ ਪਾਇਆ ਜਾ ਰਿਹਾ ਹੈ। ਜਦੋਂ ਵੀ ਇਸ ਨੂੰ ਲਾਗੂ ਕੀਤਾ ਜਾਵੇਗਾ, ਇਹ ਉਸ ਵੇਲੇ ਤੋਂ ਹੀ ਹੋਂਦ ਵਿਚ ਆਵੇਗਾ। ਇਸ ਨਾਲ ਭਾਰਤ ਦਾ ਨਿਵੇਸ਼ ਦੇ ਤੌਰ ਤੇ ਚੰਗਾ ਸਥਾਨ ਹੋਣ ਦਾ ਬੋਲਬਾਲਾ ਵਧੇਗਾ।

ਸਰਕਾਰ ਨੇ ਕੇਂਦਰ ਅਤੇ ਰਾਜਾਂ ਦੇ ਅਸਿੱਧੇ ਕਰਾਂ ਦੇ ਮਿਸ਼ਰਣ ਜਿਸ ਵਿਚ ਊਣਤਾਈਆਂ ਪੈਦਾ ਹੋ ਗਈਆਂ ਹਨ, ਦੇ ਬਦਲਾਅ ਲਈ ਇਕ ਵਿਆਪਕ ਵਸਤਾਂ ਅਤੇ ਸੇਵਾਵਾਂ ਕਰ (ਜੀ ਐੱਸ ਟੀ) ਲਾਗੂਕਰਨ ਦੀ ਵਚਨਬਧਤਾ ਦੁਹਰਾਈ ਹੈ। ਜੀ ਐੱਸ ਟੀ ਤੋਂ ਭਾਰਤੀ ਅਰਥਤੰਤਰ ਦੇ ਚਲਣ ਦਾ ਰੂਪ ਬਦਲ ਦੇਣ ਵਾਲਾ ਬਦਲਾਅ ਆਉਣ ਦੀ ਉਮੀਦ ਹੈ। ਇਹ ਇਕਸਾਰ ਭਾਰਤੀ ਬਾਜ਼ਾਰ ਵਿਕਸਤ ਕਰ ਕੇ ਅਰਥਤੰਤਰ ਵਿਚ ਉਛਾਲ ਲਿਆਵੇਗਾ ਅਤੇ ਵਸਤਾਂ ਤੇ ਸੇਵਾਵਾਂ ਦੀਆਂ ਕੀਮਤਾਂ ਉਪਰ ਪੈਣ ਵਾਲੇ ਅਸਰ ਨੂੰ ਘੱਟ ਕਰੇਗਾ।

ਮੰਗ ਦੇ ਪਹਿਲੂ ਤੋਂ, ਬੇਸ਼ੱਕ ਬਹੁਤ ਸਾਰੀਆਂ ਚੁਨੌਤੀਆਂ ਹਨ। 2014-15 ਵਿਚ ਮੰਗ ਦੇ ਸਭ ਵੱਡੇ ਤੱਤਾਂ ਨੇ ਵਿਕਾਸ ਵਿਚ ਕਮੀ ਦਿਖਾਈ ਹੈ। ਖੱਪਤ ਖਰਚੇ ਵਿਚ ਲਗਭਗ 7 ਪ੍ਰਤਿਸ਼ਤ ਦਾ ਵਾਧਾ ਹੋਇਆ ਹੈ। ਸਥਿਰ ਪੂੰਜੀ ਨਿਰਮਾਣ ਖਰਚਾ, ਦੂਸਰੇ ਸ਼ਬਦਾਂ ਵਿਚ, ਨਿਵੇਸ਼ ਖਰਚਾ ਸਿਰਫ਼ 4 ਪ੍ਰਤਿਸ਼ਤ ਵਧਿਆ ਹੈ ਅਤੇ ਨਿਰਯਾਤ ਇਕ ਪ੍ਰਤਿਸ਼ਤ ਤੋਂ ਵੀ ਘੱਟ ਦੂਸਰੇ, ਕੇਂਦਰੀ ਬਜਟ ਵਿਚੋਂ ਮੰਗ ਪਹਿਲੂ ਨੂੰ ਕੋਈ ਮਜ਼ਬੂਤ ਪ੍ਰੇਰਕ ਆਉਣ ਵਾਲਾ ਨਹੀਂ ਹੈ ਕਿਉਂਕਿ ਇਸ ਵਿਚ ਸਮੁੱਚੇ ਖਰਚੇ ਵਿਚ ਥੋੜ੍ਹੀ ਜਿਹੀ 5.8 ਪ੍ਰਤਿਸ਼ਤ ਵਾਧਾ ਹੀ ਕੀਤਾ ਗਿਆ ਹੈ। ਜੇਕਰ ਮੁਦਰਾਸਫਿਤੀ ਲਗਭਗ 4 ਪ੍ਰਤਿਸ਼ਤ ਰਹੀ ਤਾਂ ਇਹ ਵਾਧਾ ਅਸਲ ਵਿਚ 2 ਪ੍ਰਤਿਸ਼ਤ ਹੀ ਰਹਿ ਜਾਵੇਗਾ। ਇਸ ਤੋਂ ਸਪੱਸ਼ਟ ਹੈ ਕਿ ਮੰਗ ਪਹਿਲੂ ਵਿਚ ਵੀ ਰਾਜ ਸਰਕਾਰਾਂ ਨੂੰ ਅਹਿਮ ਭੂਮਿਕਾ ਨਿਭਾਉਣੀ ਪਵੇਗੀ। ਨਿਰਯਾਤ ਮੰਗ ਵੀ ਵਿਸ਼ਵਵਿਆਪੀ ਵਿਕਾਸ ਵਿਚ ਮੰਦੀ ਦੇ ਚਲਦੇ ਘੱਟ ਰਹਿਣ ਦੀ ਉਮੀਦ ਹੈ। ਇਸ ਲਈ ਬਹੁਤ ਕੁਝ ਇਕ ਵਾਰ ਫਿਰ ਵਿਆਜ ਦਰ ਵਿਚ ਕਮੀ ਅਤੇ ਨਿੱਜੀ ਮੰਗ ਨੂੰ ਮਜ਼ਬੂਤ ਕਰਨ ਉਪਰ ਹੀ ਨਿਰਭਰ ਕਰੇਗਾ। ਆਮ ਮੁਦਰਾਸਫਿਤੀ ਅਤੇ ਖ਼ਾਸ ਤੌਰ ਤੇ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਘਟ ਜਾਣ ਕਾਰਨ, ਘਰ ਪਰਿਵਾਰਾਂ ਦੀ ਮੰਗ ਵਿਚ ਵਾਧਾ ਹੋਣ ਦੀ ਸੰਭਾਵਨਾ ਹੈ ਕਿਉਂਕਿ ਘਰ ਪਰਿਵਾਰਾਂ ਕੋਲ ਖਰਚ ਕਰਨ ਯੋਗ ਆਮਦਨ ਵਧ ਜਾਵੇਗੀ ਅਤੇ ਵਸਤਾਂ ਦੀ ਕੀਮਤ ਵਿਚ ਗਿਰਾਵਟ ਆਵੇਗੀ।

## ਰੁਜ਼ਗਾਰ ਲਈ ਸਿੱਧੀ ਮਦਦ

ਇਕ ਹੋਰ ਸਿੱਧਾ ਰਸਤਾ ਵੀ ਹੈ ਜਿਸ ਰਾਹੀਂ ਕੇਂਦਰੀ ਬਜਟ, ਰੁਜ਼ਗਾਰ ਵਿਚ ਵਾਧੇ ਦਾ ਸਾਧਨ ਬਣੇਗਾ। ਇਹ ਭਾਰਤ ਨੂੰ ਮੁਹਾਰਤ ਦੇਣ ਦੀ ਨੀਤੀ ਉਪਰ ਜ਼ੋਰ ਤੋਂ ਆਉਂਦਾ ਹੈ। ਬਜਟ ਵਿਚ ਇਹ ਧਾਰਨਾ ਪ੍ਰਵਾਨ ਕੀਤੀ ਗਈ ਹੈ ਕਿ ਭਾਰਤ ਦੁਨੀਆਂ ਦੇ ਨੌਜਵਾਨ ਆਬਾਦੀ ਵਾਲੇ ਦੇਸ਼ਾਂ ਵਿਚੋਂ ਇਕ ਹੈ ਅਤੇ ਇਥੋਂ ਦੀ 54 ਪ੍ਰਤਿਸ਼ਤ ਤੋਂ ਅਧਿਕ ਆਬਾਦੀ 25 ਸਾਲ ਤੋਂ ਘੱਟ ਉਮਰ ਦੀ ਹੈ। ਹੁਨਰ, ਵਿਕਾਸ ਅਤੇ ਉੱਦਮ ਮੰਤਰਾਲਾ ਰਾਹੀਂ ਬਜਟ ਵਿਚ ਰਾਸ਼ਟਰੀ ਹੁਨਰ ਮਿਸ਼ਨ ਲਾਗੂਕਰਨ ਦਾ ਪ੍ਰਸਤਾਵ ਕੀਤਾ ਗਿਆ ਹੈ। ਬਜਟ ਵੱਖ-ਵੱਖ ਮੰਤਰਾਲਿਆਂ ਵਿਚ ਚਲ ਰਹੀਆਂ ਮੁਹਾਰਤ ਵਿਕਾਸ ਪਹਿਲਾਂ ਨੂੰ ਇਕੱਠੇ ਕਰ ਕੇ 31 ਖੇਤਰਾਂ ਵਿਚ ਚੱਲ ਰਹੀਆਂ ਹੁਨਰ ਪਰਿਸ਼ਦਾਂ ਦੇ ਤਰੀਕਿਆਂ ਅਤੇ ਨਤੀਜਿਆਂ ਦਾ ਮਿਆਰੀਕਰਨ ਕਰਨ ਲਈ ਰਾਹ ਪੱਧਰਾ ਕਰੇਗਾ। ਕੇਂਦਰ ਸਰਕਾਰ ਨੇ ਦੀਨਦਿਆਲ ਉਪਾਧਿਆਏ ਗ੍ਰਾਮੀਣ ਪਰਿਸ਼ਦ ਯੋਜਨਾ ਵੀ ਸ਼ੁਰੂ ਕੀਤੀ ਹੈ ਅਤੇ ਇਸ ਲਈ 1,500 ਕਰੋੜ ਰੁਪਏ ਰਖੇ ਗਏ ਹਨ।

***ਬਜਟ ਦੀ ਰੁਜ਼ਗਾਰ ਵਧਾਉਣ ਦੀ ਇਕ ਹੋਰ ਪਹਿਲ ਹੈ, ਇਕ ਮਸ਼ੀਨਰੀ ਸਥਾਪਤ ਕਰਨਾ, ਜਿਸ ਨੂੰ ਸੇਤੂ (ਸਵੈ ਰੁਜ਼ਗਾਰ ਅਤੇ ਯੋਗਤਾ ਵਰਤੋਂ) ਦਾ ਨਾਮ ਦਿਤਾ ਗਿਆ ਹੈ। ਇਹ ਨਵੇਂ ਕਿੱਤੇ ਸ਼ੁਰੂ ਕਰਨ ਦੇ ਹਰ ਪਹਿਲੂ ਦੀ ਮਦਦ ਲਈ ਤਕਨੀਕੀ ਵਿੱਤੀ, ਉਸ ਦੇ ਪੁੰਗਰਣ ਅਤੇ ਵਧਣ-ਫੁਲਣ ਦਾ ਪ੍ਰੋਗਰਾਮ ਹੈ। ਇਸ ਵਿਚ ਦੂਜੀਆਂ ਸਵੈ-ਰੁਜ਼ਗਾਰ ਸਰਗਰਮੀਆਂ, ਖ਼ਾਸ ਤੌਰ ਤੇ ਤਕਨਾਲੋਜੀ ਨਾਲ ਸੰਬੰਧਿਤ ਖੇਤਰਾਂ ਲਈ ਵੀ ਪ੍ਰੋਗਰਾਮ ਹੈ। ਇਹ ਭਾਰਤ ਵਿਚ ਰੁਜ਼ਗਾਰ ਵਧਾਉਣ ਦੇ ਨਵੇਂ ਤਰੀਕੇ ਹਨ।***

ਵਿੱਤ ਮੰਤਰੀ ਨੇ ਇਹ ਵੀ ਦੇਖਿਆ ਕਿ ਮਿਨਾਰ ਦੇ ਸਭ ਤੋਂ ਥੱਲੇ ਦੇ ਮਿਹਨਤਕਸ਼ ਉੱਦਮੀਆਂ ਲਈ ਰਸਮੀ ਕਰਜ਼ਿਆਂ ਤਕ ਪਹੁੰਚ ਕਰ ਸਕਣਾ ਜੇਕਰ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ। ਉਨ੍ਹਾਂ ਇਕ ਲਘੂ ਇਕਾਈ ਵਿਕਾਸ ਮੁੜ ਵਿੱਤ ਏਜੰਸੀ (ਮੁਦਰਾ) ਬੈਂਕ ਸ਼ੁਰੂ ਕਰਨ ਦਾ ਪ੍ਰਸਤਾਵ ਕੀਤਾ ਹੈ ਜੋ 20,000 ਕਰੋੜ ਰੁਪਏ ਦੇ ਆਧਾਰ ਵਾਲਾ ਹੋਵੇਗਾ ਅਤੇ 3000 ਕਰੋੜ ਰੁਪਏ ਦੀ ਕਰਜ਼ਾ ਜ਼ਾਮਨੀ ਦੇਵੇਗਾ। ਮੁਦਰਾ ਬੈਂਕ ਲਘੂ ਵਿੱਤ ਸੰਸਥਾਨਾਂ ਨੂੰ ਪ੍ਰਧਾਨ ਮੰਤਰੀ ਮੁਦਰਾ ਯੋਜਨਾ ਤਹਿਤ ਮੁੜ ਵਿੱਤ ਦੇਵੇਗਾ। ਕਰਜ਼ੇ ਲਈ ਪੱਟੀਦਰਜ ਜਾਤਾਂ ਅਤੇ ਪੱਟੀਦਰਜ ਕਬੀਲਿਆਂ ਦੇ ਉੱਦਮਾਂ ਨੂੰ ਪਹਿਲ ਦਿਤੀ ਜਾਵੇਗੀ। ਇਹ ਸਮਾਜ ਦੀਆਂ ਸਭ ਤੋਂ ਵੰਚਿਤ ਸ਼੍ਰੇਣੀਆਂ ਨੂੰ ਧਿਆਨ ਵਿਚ ਰਖਦੇ ਹੋਏ ਇਕ ਸੁਆਗਤਯੋਗ ਕਦਮ ਹੈ।

ਭਾਰਤ ਦੀ ਵਸੋਂ ਦਾ ਵੱਡਾ ਭਾਗ ਕਿਸੇ ਵੀ ਕਿਸਮ ਦੇ ਬੀਮੇ ਤੋਂ ਵੰਚਿਤ ਹੈ ਜਿਵੇਂ ਸਿਹਤ, ਦੁਰਘਟਨਾ ਜਾਂ ਜੀਵਨ ਬੀਮਾ। ਪ੍ਰਧਾਨ ਮੰਤਰੀ ਜਨਧਨ ਯੋਜਨਾ ਦੀ ਕਾਮਯਾਬੀ ਤੋਂ ਉਤਸ਼ਾਹਿਤ ਹੋ ਕੇ, ਵਿੱਤ ਮੰਤਰੀ ਨੇ ਸਭ ਭਾਰਤ ਵਾਸੀਆਂ ਲਈ ਇਕ ਸਰਵਵਿਆਪੀ ਸਮਾਜਿਕ ਸੁਰੱਖਿਆ ਪ੍ਰਣਾਲੀ, ਖ਼ਾਸ ਤੌਰ ਤੇ ਗਰੀਬਾਂ ਅਤੇ ਦਬੇ-ਕੁਚਲੇ ਵਰਗਾਂ ਲਈ, ਸ਼ੁਰੂ ਕਰਨ ਦਾ ਪ੍ਰਸਤਾਵ ਕੀਤਾ ਹੈ।

*ਬਾਕੀ ਸਫ਼ਾ 11 ਉੱਤੇ*

# ਆਰਥਿਕ ਸਿਹਤ ਦਾ ਵਿਸ਼ਲੇਸ਼ਣ

ਆਸ਼ਿਮਾ ਗੋਇਲ

ਆਰਥਿਕ ਸਰਵੇਖਣ ਇਹ ਦ੍ਰਿਸ਼ਟੀਕੋਨ ਲੈਂਦਾ ਹੈ ਕਿ ਛੋਟੀਆਂ-ਛੋਟੀਆਂ ਕਈ ਪਹਿਲ-ਕਦਮੀਆਂ ਵੱਡੇ ਸੁਧਾਰਾਂ ਦਾ ਸਬੱਬ ਬਣਨਗੀਆਂ। ਇਹ ਇਸ ਵਿਚਾਰ ਨਾਲ ਵੀ ਚੱਲਦਾ ਹੈ ਕਿ ਮੌਜੂਦਾ ਅਹਿਮ ਬੁਨਿਆਦੀ ਢਾਂਚਾ ਵਿਸ਼ੇਸ਼ ਕਰਕੇ ਉਸਾਰੀ ਖੇਤਰ, ਉਤਪਾਦਿਕਤਾ ਵਾਧੇ ਅਤੇ ਉਪਲਬਧ ਮਹਾਰਤ ਮੁਤਾਬਿਕ ਰੁਜ਼ਗਾਰ ਪੈਦਾ ਕਰਨ ਦੇ ਪ੍ਰਸੰਗ ਵਿਚ ਸਭ ਤੋਂ ਵੱਧ ਸੰਭਾਵਨਾ ਰੱਖਦਾ ਹੈ ਅਤੇ ਇਹ ਵੀ ਕਿ ਇਸ ਲਈ ਮਾਲੀ ਖ਼ਸਾਰੇ ਵਿਚ ਢਿੱਲ ਦਿੰਦਿਆਂ ਅਜਿਹੀ ਪੂੰਜੀਕਾਰੀ ਦੀ ਮਨਜ਼ੂਰੀ ਦੇਣਾ ਅਤੇ ਨਿੱਜੀ ਕੰਪਨੀਆਂ ਨੂੰ ਲੋੜੀਂਦਾ ਉਤਸ਼ਾਹ ਦੇਣਾ ਤਰਕਸੰਗਤ ਗੱਲ ਹੋਵੇਗੀ ਕਿਉਂਕਿ ਇਹ ਵਿਚਾਰ ਸਰਕਾਰ ਦੇ ਸਿਆਸੀ ਫ਼ਲਸਫ਼ੇ ਦੇ ਨੇੜੇ ਹਨ, ਹੈਰਾਨੀ ਵਾਲੀ ਗੱਲ ਹੈ ਕਿ ਇਨ੍ਹਾਂ ਵਿਚੋਂ ਕਈ ਮੁੱਦੇ ਬਜਟ ਵਿਚ ਦਰਸਾਏ ਗਏ ਹਨ।

8 ਪ੍ਰਤਿਸ਼ਤ ਵਿਕਾਸ ਟੀਚਾ ਤਸੱਲੀਬਖ਼ਸ਼ ਹੈ। ਸੀ ਐੱਸ ਓ ਸੋਧੀ ਹੋਈ ਘਰੇਲੂ ਉਤਪਾਦ ਦਰ ਲਈ ਕੰਪਨੀਆਂ ਦੇ ਵਿਆਪਕ ਸੁਧਰੇ ਹੋਏ ਅੰਕੜਿਆਂ 'ਤੇ ਦਾਰੋਮਦਾਰ ਰਖਦਾ ਹੈ। ਕਿਉਂਕਿ ਅਸਲ ਅੰਕੜੇ ਪਹਿਲੇ ਅਨੁਮਾਨਾਂ ਨੂੰ ਹਟਾ ਦਿੰਦੇ ਹਨ, ਨਵੀਨ ਅੰਕੜਿਆਂ ਦੇ ਵਧੇਰੇ ਭਰੋਸੇ ਵਾਲੇ ਹੋਣ ਦੀ ਸੰਭਾਵਨਾ ਹੈ। ਪਰ ਦਰਜੇ ਅਤੇ ਆਈ ਆਈ ਪੀ ਵਿਕਾਸ ਵਰਗੇ ਕਈ ਕਾਰਕਾਂ ਸੰਬੰਧੀ ਅੰਕੜੇ ਆਰਥਿਕਤਾ ਵਿਚ ਕਾਫ਼ੀ ਕਮੀ ਸੁਝਾਉਂਦੇ ਹਨ। ਇਸ ਲਈ ਇਹ ਲੱਗੇਗਾ ਕਿ ਸੰਭਾਵੀ ਵਿਕਾਸ ਨੂੰ ਪਹਿਲਾਂ ਘਟਾ ਕੇ ਵੇਖਿਆ ਗਿਆ ਸੀ।


ਵਿਕਾਸ ਦੀਆਂ ਸਥਿਤੀਆਂ ਅਸਲ ਵਿਚ ਆਰਥਿਕ ਸਰਵੇਖਣ ਦੀ ਪੇਸ਼ੀਨਗੋਈ ਤੋਂ ਬਿਹਤਰ ਹੋ ਸਕਦੀਆਂ ਹਨ ਕਿਉਂਕਿ ਨਾ ਤਾਂ ਕੰਪਨੀਆਂ ਦੀਆਂ ਬੈਲੇਂਸਸ਼ੀਟ ਸਮੱਸਿਆਵਾਂ ਅਤੇ ਨਾ ਹੀ ਬੈਂਕਾਂ ਦੇ ਮਾਲੀ ਦਬਾਅ ਦਾ ਇੰਨਾ ਵੱਧ ਪ੍ਰਭਾਵ ਪਵੇਗਾ ਜਿੰਨਾ ਕਿ ਸਰਵੇਖਣ ਵਿਚ ਸੁਝਾਇਆ ਗਿਆ ਲਗਦਾ ਹੈ। ਇਸ ਤੋਂ ਇਲਾਵਾ, ਜਾਮ (ਜੇ ਏ ਐੱਮ) ਤਿੱਕੜੀ ਕੋਲ ਮੁਸ਼ਕਿਲ ਵਾਲੀ ਸਥਿਤੀ ਵਿਚੋਂ ਨਿਕਲਣ ਅਤੇ ਉਤਪਾਦਿਕਤਾ ਵਿਚ ਸੁਧਾਰ ਲਿਆਉਣ ਦੀਆਂ ਸੰਭਾਵਨਾਵਾਂ ਹਨ। ਕੁਝ ਮਾਮਲਿਆਂ ਵਿਚ, ਪਰ ਵਿਕਾਸ ਦੀਆਂ ਸਥਿਤੀਆਂ ਪਹਿਲਾਂ ਤੋਂ ਮਾੜੀਆਂ ਹੋ ਸਕਦੀਆਂ ਹਨ ਕਿਉਂਕਿ 'ਲਾਗੂ ਕਰਨ' ਦੇ ਪੱਖ ਵਲ ਬਜਟ ਅਤੇ ਆਰਥਿਕ ਸਰਵੇਖਣ ਦੋਹਾਂ ਵਿਚ ਬਹੁਤਾ ਧਿਆਨ ਨਹੀਂ ਦਿਤਾ ਗਿਆ।

ਆਰਥਿਕ ਸਰਵੇਖਣ ਦੀ ਇਹ ਦਲੀਲ ਕਿ ਨਿੱਜੀ ਨਿਵੇਸ਼ ਨੂੰ ਚਲਾਉਣ ਲਈ ਵਧੇਰੇ ਸਰਕਾਰੀ ਨਿਵੇਸ਼ ਜ਼ਰੂਰੀ ਹੈ, ਜੇ ਸੱਚ ਹੈ ਤਾਂ ਨਿਰਾਸ਼ਾ ਵਾਲੀ ਗੱਲ ਹੈ, ਕਿਉਂਕਿ ਬਜਟ, ਪੂੰਜੀ ਖਰਚੇ ਨੂੰ ਕੁੱਲ ਘਰੇਲੂ ਉਤਪਾਦ ਦਾ 0.3 ਪ੍ਰਤਿਸ਼ਤ ਵਧਾਉਂਦਾ ਹੈ। ਖ਼ਾਸ ਕਰਕੇ ਜਦ ਪਹਿਲਾਂ ਮਾਲੀ ਖ਼ਸਾਰਾ, 4.1 ਪ੍ਰਤਿਸ਼ਤ ਮੰਨਿਆ ਜਾਵੇ ਕਿਉਂਕਿ ਤੈਅ ਕੀਤੀ ਦੋ ਅੰਕੀ ਵਿਕਾਸ ਦਰ ਦੇ ਮੁਕਾਬਲੇ ਸਿਰਫ਼ 2.5 ਪ੍ਰਤਿਸ਼ਤ ਦਰ ਹੀ ਹਾਸਿਲ ਕੀਤੀ ਜਾ ਸਕੀ ਸੀ। ਟੀਚਿਆਂ ਦੀ ਪ੍ਰਾਪਤੀ ਲਈ ਉਤਪਾਦਕ ਖਰਚਿਆਂ ਵਿਚ ਕਟੌਤੀ ਕੀਤੇ ਜਾਣ ਦੀ ਪੁਰਾਣੀ ਪਿਰਤ ਹੈ। ਪ੍ਰਸ਼ਾਸ਼ਨਿਕ ਬਦਲਾਵਾਂ ਤੋਂ ਬਿਨਾਂ ਸਰਕਾਰੀ ਨਿਵੇਸ਼ ਸਮਰੱਥਾ ਉਪਰ ਗੰਭੀਰ ਬੰਦਿਸ਼ਾਂ ਨਜ਼ਰ ਆਉਂਦੀਆਂ ਹਨ ਜੋ ਕਿ ਪਿਛਲੇ ਕੁਝ ਸਾਲਾਂ ਤੋਂ ਕੁੱਲ ਘਰੇਲੂ ਉਤਪਾਦ ਦੇ ਲਗਭਗ 1 ਪ੍ਰਤਿਸ਼ਤ ਦਰ 'ਤੇ ਰੁਕੀ ਹੋਈ ਹੈ।


ਪਰ, ਦੂਜੇ ਪਾਸੇ ਵਧੇਰੇ ਜਨਤਕ ਖਪਤ ਖਰਚਾ ਹਾਨੀਕਾਰਕ ਰਿਹਾ ਹੈ। ਇਸ ਲਈ ਸਰਕਾਰੀ ਖਰਚਿਆਂ ਦੀ ਬਣਤਰ ਵਿਚ ਰੱਦੋ-ਬਦਲ ਬਹੁਤ ਜ਼ਰੂਰੀ ਹੈ ਅਤੇ ਇਸ ਪਾਸੇ ਵੱਲ ਕੀਤੀਆਂ ਗਈਆਂ ਛੋਟੀਆਂ ਪਹਿਲਕਦਮੀਆਂ ਦਾ ਵੀ ਸਵਾਗਤ ਕੀਤਾ ਜਾਣਾ ਬਣਦਾ ਹੈ, ਪਰ ਸਰਕਾਰ ਦੇ ਨਿਵੇਸ਼ ਲਈ ਸਭ ਤੋਂ ਵੱਡਾ ਯੋਗਦਾਨ ਵਪਾਰ ਕਰਨ ਦੀਆਂ ਸਥਿਤੀਆਂ ਨੂੰ ਹੋਰ ਆਸਾਨ ਬਣਾਉਣਾ ਹੈ।

ਕੀ ਨਿੱਜੀ ਨਿਵੇਸ਼ ਉਪਰ ਵੀ ਕੁਝ ਪਾਬੰਦੀਆਂ ਹਨ? ਆਰਥਿਕ ਸਰਵੇਖਣ ਮੁਤਾਬਿਕ ਇਹ ਕੰਪਨੀਆਂ ਦਬਾਅ ਹੇਠ ਹਨ ਅਤੇ ਨਿਵੇਸ਼ ਨਹੀਂ ਕਰ ਸਕਦੀਆਂ ਜਦ ਕਿ ਇਹ ਗੱਲ ਸਹੀ ਨਹੀਂ ਲਗਦੀ। ਸੀ ਐੱਮ ਆਈ ਈ ਅੰਕੜਿਆਂ 'ਤੇ ਆਧਾਰਿਤ ਚਿੱਤਰ-1 ਅਤੇ 2 ਦਰਸਾਉਂਦੇ ਹਨ ਕਿ 2000ਵਿਆਂ ਦੇ ਮੱਧ ਵਿਚ ਜਦ ਇਹ

ਚਿੱਤਰ-1 ਇਕਵਿਟੀ ਅਨੁਪਾਤ ਕਰਜ਼ਾ (ਬੁਨਿਆਦੀ ਢਾਂਚਾ ਅਤੇ ਨਿਰਮਾਣ ਕੰਪਨੀਆਂ)



ਚਿੱਤਰ-2 ਇਕਵਿਟੀ ਅਨੁਪਾਤ ਕਰਜ਼ਾ (ਬੁਨਿਆਦੀ ਢਾਂਚਾ ਅਤੇ ਨਿਰਮਾਣ ਕੰਪਨੀਆਂ)




ਸਰਗਰਮੀ ਨਾਲ ਨਿਵੇਸ਼ ਕਰ ਰਹੀਆਂ ਸਨ, ਦੇ ਮੁਕਾਬਲੇ ਚੋਟੀ ਦੀਆਂ 50 ਨਿਰਮਾਣ ਕੰਪਨੀਆਂ ਦੀ ਕਰਜ਼ਾ ਦਰ ਵਿਚ ਕੋਈ ਵਾਧਾ (ਵਿਕਰੀ ਦੇ ਪ੍ਰਸੰਗ ਵਿਚ) ਨਹੀਂ ਹੋਇਆ। 2013 ਨੂੰ ਛੱਡ ਕੇ ਚੋਟੀ ਦੀਆਂ 50 ਬੁਨਿਆਦੀ ਢਾਂਚਾ ਕੰਪਨੀਆਂ ਦੀ ਇਸ ਦਰ ਵਿਚ ਵੀ ਕੋਈ ਵਾਧਾ ਨਹੀਂ ਹੋਇਆ (ਚਿੱਤਰ-2) ਸਗੋਂ ਕਈ ਕੰਪਨੀਆਂ ਨੇ 2000ਵਿਆਂ ਵਿਚ ਵੱਡੇ ਨਗਦ ਬਕਾਏ ਇਕੱਠੇ ਕੀਤੇ।

ਯਕੀਨਨ ਆਰਥਿਕ ਸਰਵੇਖਣ ਨੇ ਮੁੰਬਈ ਸ਼ੇਅਰ ਬਾਜ਼ਾਰ (ਬੀ ਐੱਸ ਈ) ਦੀਆਂ ਚੋਟੀ ਦੀਆਂ 50 ਕੰਪਨੀਆ ਦੇ ਵਿਸ਼ਾਲ ਅੰਕੜਿਆਂ ਨੂੰ ਵਰਤਦਿਆਂ ਦਿਖਾਇਆ ਕਿ ਕਰਜ਼ਾ ਇਕਵਿਟੀ ਦਰਾਂ ਅੰਤਰਰਾਸ਼ਟਰੀ ਮਾਨਕਾਂ ਮੁਤਾਬਿਕ ਉੱਚੀਆਂ ਹਨ। ਪਰ ਇਹ ਤੁਲਨਾ ਉਸ ਦੇਸ਼ ਲਈ ਵਾਜਿਬ ਨਹੀਂ ਹੈ ਜਿਥੇ ਬੈਂਕ ਕਰਜ਼ਾ ਨਿਵੇਸ਼ ਦੇ ਮੁੱਖ ਸਾਧਨ ਬਣੇ ਹੋਏ ਹਨ। ਇਸ ਤੋਂ ਇਲਾਵਾ, ਕਈ ਕੰਪਨੀਆਂ ਨੇ ਕਰਜ਼ਾ ਦਰਾਂ ਹੇਠ ਲਿਆਉਣ ਲਈ 2014 ਤੋਂ ਸ਼ੇਅਰ ਬਾਜ਼ਾਰ ਵਿਚ ਆਏ ਉਛਾਲ ਦੀ ਵਰਤੋਂ ਕੀਤੀ ਹੈ। ਆਰਥਿਕ ਸਰਵੇਖਣ ਦੀ ਇਹ ਟਿੱਪਣੀ ਕਿ ਇਹ ਕੰਪਨੀਆਂ ਕਰਜ਼ੇ ਦੀ ਮਾਰ ਹੇਠ ਆ ਕੇ ਨਿਘਾਰ ਵਲ ਜਾ ਰਹੀਆਂ ਹਨ, ਵੀ ਇਸ ਵਲੋਂ ਦਿਤੇ ਇਨ੍ਹਾਂ ਅੰਕੜਿਆਂ ਨਾਲ ਮੇਲ ਨਹੀਂ ਖਾਂਦੀ ਜਿਸ ਵਿਚ ਭਾਰਤੀ ਕਰਜ਼ਾ ਕੁੱਲ ਘਰੇਲੂ ਉਤਪਾਦ ਦਰ ਨੂੰ 2000 ਵਿਚ 35.5 ਪ੍ਰਤਿਸ਼ਤ ਦੇ ਮੁਕਾਬਲੇ 2013 ਵਿਚ 51 ਪ੍ਰਤਿਸ਼ਤ ਦਰਸਾਇਆ ਗਿਆ ਹੈ। ਚੀਨ ਦਾ 150 ਅਨੁਪਾਤ ਅਤੇ ਅਮਰੀਕਾ ਦੇ 190 ਦੇ ਮੁਕਾਬਲੇ ਭਾਰਤੀ ਕਰਜ਼ਾ ਵਿਕਾਸ ਦਰ ਹੇਠਲੇ ਮੱਧ ਆਮਦਨ ਵਾਲੇ ਦੇਸ਼ਾਂ ਦੇ ਕਰਜ਼ਾ ਵਿਕਾਸ ਰੁਝਾਨਾਂ ਦੇ ਪ੍ਰਸੰਗ ਵਿਚ ਅਜੇ ਵੀ ਘੱਟ ਹੈ। ਸਰਵੇਖਣ ਭਰੋਸਾ ਦੁਆਉਂਦਾ ਹੈ ਕਿ ਭਾਰਤ ਵਿਚ ਨਾ ਤਾਂ ਬੈਂਕਾਂ ਦੀ ਅਤਿ ਵਰਤੋਂ ਹੋਈ ਹੈ ਅਤੇ ਨਾ ਹੀ ਇਸ ਦੇ ਬਾਜ਼ਾਰ ਆਮਦਨ ਪੱਧਰ ਦੀ ਤੁਲਨਾ ਵਿਚ ਬਹੁਤ ਛੋਟੇ ਹਨ। ਕਰਜ਼ੇ ਦੇ ਖੇਤਰ ਵਿਚ ਭਾਰਤ ਨੇ ਕੋਈ ਬਹੁਤ ਤੇਜ਼ ਵਿਕਾਸ ਦਰ ਦਰਜ ਨਹੀਂ ਕਰਵਾਈ ਜਦ ਕਿ ਇਸੇ ਸਮੇਂ ਦੌਰਾਨ ਚੀਨ ਅਤੇ ਜਾਪਾਨ ਵਰਗੇ ਦੇਸ਼ਾਂ ਦੀ ਕਰਜ਼ਾ ਵਿਕਾਸ ਦਰ ਕਿਤੇ ਤੇਜ਼ ਰਹੀ ਹੈ।

ਐਮ ਸੀ ਏ 21 ਅੰਕੜਾ ਭੰਡਾਰ ਵਲੋਂ ਭਾਰਤੀ ਰਿਜ਼ਰਵ ਬੈਂਕ ਦੇ ਕੁਝ ਹਜ਼ਾਰ ਦੇ ਮੁਕਾਬਲੇ 5 ਲੱਖ ਕੰਪਨੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਆਰ ਬੀ ਆਈ ਦਾ ਨਮੂਨਾ ਵੈਸੇ ਵੀ ਹੁਣ ਢੁਕਵੀਂ ਨੁਮਾਇੰਦਗੀ ਵਾਲਾ ਨਹੀਂ ਰਿਹਾ। 2011-12 ਦੇ ਆਧਾਰ ਵਾਲੇ ਸੋਧੇ ਹੋਏ ਰਾਸ਼ਟਰੀ ਲੇਖਾ ਅੰਕੜੇ 2004-05 ਅਨੁਮਾਨਾਂ ਦੇ ਮੁਕਾਬਲੇ ਕੰਪਨੀ ਦੀ ਬਚਤ ਅਤੇ ਨਿਵੇਸ਼ ਵਿਚ ਵੱਡਾ ਵਾਧਾ ਦਰਸਾਉਂਦੇ ਹਨ ਜਿਸ ਤੋਂ ਇਹ ਨਹੀਂ ਲਗਦਾ ਕਿ ਕਾਰਪੋਰੇਟ ਸੈਕਟਰ ਨਿਵੇਸ਼ ਕਰਨ ਵਿਚ ਅਸਮਰਥ ਹੈ।

ਰੁਕੀਆਂ ਹੋਈਆਂ ਸਕੀਮਾਂ ਕਾਰਨ ਅਸਲ ਸਮੱਸਿਆ ਬਣੀ ਹੈ ਪਰ ਆਰਥਿਕ ਸਰਵੇਖਣ ਦਰਸਾਉਂਦਾ ਹੈ ਕਿ ਇਸ ਵਿਚ ਸੁਧਾਰ ਦੀ ਸੰਭਾਵਨਾ ਬਣੀ ਹੈ। ਇਸ ਤੋਂ ਇਲਾਵਾ, ਇਹ ਇਕ ਦਿਲਚਸਪੀ ਵਾਲਾ ਨੁਕਤਾ ਪੇਸ਼ ਕਰਦਾ ਹੈ ਕਿ ਨਿੱਜੀ ਖੇਤਰ ਵਿਚ ਰੁਕੀਆਂ ਹੋਈਆਂ ਸਕੀਮਾਂ ਦਾ ਕਾਰਨ ਮਾੜੀ ਵਪਾਰਕ ਮੰਗ ਵਧੇਰੇ ਹੈ ਅਤੇ ਨੇਮਬੰਦੀ ਕਾਰਨ ਘੱਟ। 2011 ਵਿਚ ਸੇਵਾ ਖੇਤਰ ਵਿਚ ਰੁਕੀਆਂ ਹੋਈਆਂ ਸਕੀਮਾਂ ਵਿਚ ਕਾਫ਼ੀ ਵਾਧਾ ਹੋਇਆ ਸੀ ਜਦ ਕਿ ਕਿਊ4 2012 ਅਤੇ ਕਿਊ1 2014 ਦੌਰਾਨ ਰੁਕੀਆਂ ਹੋਈਆਂ ਨਿਰਮਾਣ ਸਕੀਮਾਂ ਵਿਚ ਤੇਜ਼ ਵਾਧਾ ਹੋਇਆ ਸੀ। ਅਜਿਹੇ 2011 ਵਿਚ ਲਾਈਆਂ ਵਿੱਤੀ ਪਾਬੰਦੀਆਂ ਅਤੇ 2013 ਦੀ ਮਾਲੀ ਮੰਦੀ ਦੇ ਨਤੀਜੇ ਹੋਇਆ। ਇਨ੍ਹਾਂ ਪਾਬੰਦੀਆਂ ਦੇ ਅਮਲ ਨੂੰ ਪਰਤਾਇਆ ਜਾ ਰਿਹਾ ਹੈ ਅਤੇ ਨਿੱਜੀ ਨਿਵੇਸ਼ ਦੀ ਗੱਲ ਕੀਤੀ ਜਾ ਰਹੀ ਹੈ।

ਆਰਥਿਕ ਸਰਵੇਖਣ ਵਲੋਂ ਚੁੱਕਿਆ ਦੂਜਾ ਨੁਕਤਾ ਬੈਂਕਾਂ ਨੂੰ ਦਰਪੇਸ਼ ਦੂਹਰੇ ਮਾਲੀ ਦਬਾਅ ਦਾ ਹੈ। ਕੀ ਇਹ ਇਸ ਬਿਆਨ ਨਾਲ ਮੇਲ ਖਾਂਦਾ ਹੈ ਕਿ ਬੈਂਕਾਂ ਅਤੇ ਬਾਜ਼ਾਰਾਂ ਦਾ ਵਿਕਾਸ ਭਾਰਤ ਦੀ ਵਿਕਾਸ ਦਰ ਦੀ ਪੱਧਰ ਮੁਤਾਬਿਕ ਹੁੰਦਾ ਹੈ।

***ਸਰਵੇਖਣ ਇਹ ਵੀ ਦੱਸਦਾ ਹੈ ਕਿ ਨਿੱਜੀ ਖੇਤਰ ਬੈਂਕਾਂ ਦੀ ਕੁੱਲ ਪੇਸ਼ਗੀ ਅਤੇ ਜਮ੍ਹਾਂ ਭੰਡਾਰ ਅਸਾਸਿਆਂ ਉਪਰ ਉੱਚ ਵਾਪਸੀ ਦੇ ਬਾਵਜੂਦ 2007 ਤੋਂ ਲਗਾਤਾਰ ਇਕਸਾਰ 20 ਪ੍ਰਤਿਸ਼ਤ 'ਤੇ ਹਨ। ਇਹ ਸਰਕਾਰੀ ਬੈਂਕ ਸਨ ਜਿਨ੍ਹਾਂ ਨੇ ਬੁਨਿਆਦੀ ਢਾਂਚੇ ਦੇ ਖੇਤਰ ਵਿਚ ਆਪਣਾ ਝੁਕਾਅ ਦਰਸਾਇਆ ਅਤੇ ਸਕੀਮਾਂ ਦੇ ਰੁਕ ਜਾਣ ਕਾਰਨ ਨੁਕਸਾਨ ਉਠਾਇਆ। ਅੰਕੜਿਆਂ ਮੁਤਾਬਿਕ ਬੈਂਕਾਂ ਦੇ ਗ਼ੈਰ-ਉਤਪਾਦਕ ਅਸਾਸਿਆਂ ਵਿਚੋਂ 70 ਪ੍ਰਤਿਸ਼ਤ ਦਾ ਕਾਰਨ ਜ਼ਮੀਨ ਹਾਸਿਲ ਕਰਨ ਦੀ ਸਮੱਸਿਆ ਨਾਲ ਜੁੜਿਆ ਹੋਇਆ ਹੈ ਅਤੇ ਜਿਵੇਂ ਕਿ ਆਰਥਿਕ ਸਰਵੇਖਣ ਮੁਤਾਬਿਕ ਸਕੀਮਾਂ ਰੁਕਣ ਦੀ ਦਰ ਵਿਚ ਕਮੀ ਆ ਰਹੀ ਹੈ, ਇਨ੍ਹਾਂ ਮੁਸ਼ਕਿਲਾਂ ਵਿਚ ਵੀ ਕਮੀ ਆਵੇਗੀ। ਇਹ ਉਹ ਖੇਤਰ ਹੈ ਜਿਥੇ ਸਰਕਾਰ ਨੂੰ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਕੋਲਾ ਬਲਾਕਾਂ ਦੀ ਵੰਡ ਵਿਚ ਸਰਗਰਮੀ ਆਉਣ ਨਾਲ ਰੁਕੀਆਂ ਹੋਈਆਂ ਬਿਜਲੀ ਸਕੀਮਾਂ ਦੇ ਚਲਣ ਵਿਚ ਮਦਦ ਮਿਲੇਗੀ ਜੋ ਅੱਗੋ ਦੂਜੀ ਹਰ ਕਿਸਮ ਦੀ ਸਕੀਮ ਉਪਰ ਉਸਾਰੂ ਪ੍ਰਭਾਵ ਪਾਵੇਗੀ।***

ਸਰਕਾਰੀ, ਵਿਦੇਸ਼ੀ ਅਤੇ ਨਿੱਜੀ ਮਲਕੀਅਤ ਦੇ ਸੁਮੇਲ ਵਾਲੀ ਭਾਰਤੀ ਬੈਂਕਿੰਗ ਪ੍ਰਣਾਲੀ ਦੀ ਵੰਨ-ਸੁਵੰਨਤਾ ਆਰਥਿਕ ਖੇਤਰ ਦੀ ਮਜ਼ਬੂਤੀ ਦਾ

ਸਾਧਨ ਹੈ। ਜੇ ਅੱਜ ਨਿੱਜੀ ਬੈਂਕ ਚੰਗੀ ਸਥਿਤੀ ਵਿਚ ਹਨ ਤਾਂ ਵਿਸ਼ਵ ਆਰਥਿਕ ਮੰਦੀ ਦੌਰਾਨ ਸਰਕਾਰੀ ਬੈਂਕਾਂ ਦੀ ਚੜ੍ਹਤ ਸੀ। ਬੈਂਕਿੰਗ ਖੇਤਰ ਦੀ ਇਸੇ ਵਿਭਿੰਨਤਾ ਕਾਰਨ ਇਹ ਵਧੇਰੇ ਸਥਿਰਤਾ ਰੱਖਦਾ ਹੈ।

ਪਰ ਭਾਰਤ ਵਿਚ ਸਾਰੀ ਤਰ੍ਹਾਂ ਦੇ ਬੈਂਕ ਵਿਦੇਸ਼ੀ ਬੈਂਕਾਂ ਦੇ ਮੁਕਾਬਲੇ ਵਧੇਰੇ ਮਜ਼ਬੂਤ ਹਨ, ਜਿਸ ਦਾ ਕਾਰਨ ਵਿਆਪਕ ਢਾਂਚਾ ਨੇਮਬੰਦੀਆਂ ਹਨ। ਜਿਵੇਂ ਕਿ ਆਰਥਿਕ ਸਰਵੇਖਣ ਚੇਤਾਵਨੀ ਦਿੰਦਾ ਹੈ, ਵਿਸ਼ਵ ਦਸਤਾਵੇਜ਼ਾਂ ਵਿਚ ਲਚਕ ਸੀਮਾ ਤੈਅ ਕਰਨ ਲਈ ਸਿੱਧੇ ਉਪਾਵਾਂ ਦੀ ਮਹੱਤਤਾ 'ਤੇ ਜ਼ੋਰ ਦਿਤਾ ਗਿਆ ਹੈ ਕਿਉਂਕਿ ਬਾਸਿਲ (ਬੀ ਏ ਐੱਸ ਈ ਐੱਲ)-3 ਵਰਗੀਆਂ ਅੰਦਰੂਨੀ ਜੋਖ਼ਮ ਆਧਾਰਿਤ ਪੂੰਜੀ ਭਰਪੂਰਤਾ ਨੇਮਬੰਦੀਆਂ ਵਧੇਰੇ ਖੁੱਲ੍ਹ ਦੀ ਇਜਾਜ਼ਤ ਦਿੰਦੀਆਂ ਹਨ। ਲੇਹਮੈਨ ਬ੍ਰਦਰਜ਼ ਵਿਚ ਇਹ ਖੁੱਲ੍ਹ 30 ਅਤੇ ਬੀਅਰ ਸਟਰਨਜ਼ ਦੀ 33 ਸੀ ਜਿਸ ਤੋਂ ਬਾਅਦ ਉਹ ਢਹਿ ਕੇ ਬਾਸਿਲ-3 ਪਹਿਲੀ ਵਾਰ ਕੁੱਲ ਅਸਾਸਿਆਂ ਦੇ ਮੁਕਾਬਲੇ 3 ਪ੍ਰਤਿਸ਼ਤ ਇਕਵਿਟੀ ਦੀ ਲੋੜ ਦੱਸਦਿਆਂ ਕੁੱਲ ਲਚਕਤਾ 'ਤੇ ਬੰਦਸ਼ਾਂ ਲਾਉਂਦਾ ਹੈ, ਪਰ 33.3 ਗੁਣਾ ਲੀਵਰੇਜ਼ ਤੈਅ ਕਰਦਿਆਂ ਇਹ ਅਜੇ ਵੀ ਉਦਾਰ ਹੈ। ਭਾਰਤੀ ਰਿਜ਼ਰਵ ਬੈਂਕ ਉੱਚ ਲੀਵਰੇਜ਼ ਦਰ 4.5 ਪ੍ਰਤਿਸ਼ਤ ਦੀ ਸਿਫ਼ਾਰਿਸ਼ ਕਰਦਾ ਹੈ ਜਿਸ ਨਾਲ ਇਹ 22:1 'ਤੇ ਪਹੁੰਚ ਜਾਂਦੀ ਹੈ ਪਰ ਭਾਰਤੀ ਬੈਂਕਾਂ ਦੀ ਮੌਜੂਦਾ ਲੀਵਰੇਜ਼ 10:1 ਹੈ। ਵਿਕਸਤ ਆਰਥਿਕਤਾਵਾਂ ਦਰਮਿਆਨ ਲੀਵਰੇਜ਼ ਅਜੇ ਵੀ ਔਸਤਨ 25:1 ਹੈ। ਇੰਝ ਸਾਡੇ ਬੈਂਕ ਅਜੇ ਵੀ ਬਿਹਤਰ ਸਥਿਤੀ ਵਿਚ ਹਨ।

ਭਾਵੇਂ ਕੁਝ ਸਰਕਾਰੀ ਬੈਂਕਾਂ ਨੇ ਗ਼ੈਰ-ਵਪਾਰਕ ਫ਼ੈਸਲੇ ਲਏ ਪਰ ਬਾਹਰੀ ਝਟਕੇ ਵੀ ਮਾੜੇ ਨਤੀਜਿਆਂ ਲਈ ਜ਼ਿੰਮੇਵਾਰ ਹਨ। ਗਲਤੀਆਂ ਹੋ ਸਕਦੀਆਂ ਹਨ ਪਰ ਮਜ਼ਬੂਤ ਬੋਰਡ ਅਤੇ ਸੁਧਰਿਆ ਹੋਇਆ ਸ਼ਾਸਨ ਸਿਲਸਿਲਾ ਇਸ ਗੱਲ ਨੂੰ ਯਕੀਨੀ ਬਣਾ ਸਕਦਾ ਹੈ ਕਿ ਨਿਰੋਲ ਵਪਾਰਕ ਆਧਾਰ 'ਤੇ ਸੁਤੰਤਰ ਫ਼ੈਸਲੇ ਲਏ ਜਾਣ। ਨਿੱਜੀ ਧਿਰਾਂ ਨੂੰ ਯਕੀਨਨ ਸਿਲਸਿਲੇ ਨਾਲ ਖੇਡਣ ਅਤੇ ਆਪਣੇ ਦਿਵਾਲੀਏਪਨ ਨੂੰ ਕਰ ਭਰਨ ਵਾਲੀ ਜਨਤਾ ਦੇ ਮੱਥੇ ਮੜ੍ਹਨ ਤੋਂ ਰੋਕੇ ਜਾਣ ਦੀ ਲੋੜ ਹੈ। ਕਰਜ਼ਾ ਵਸੂਲੀ ਟ੍ਰਿਬਿਊਨਲਾਂ ਵਿਚਲੇ ਅਮਲਾਂ ਦੀ ਮੁੜ ਯੋਜਨਾਬੰਦੀ ਕੀਤੀ ਜਾਵੇ ਤਾਂ ਕਿ ਮਾਮਲਿਆਂ ਦੇ ਲਮਕਣ ਅਤੇ ਕਰਜ਼ਾਈ ਧਿਰਾਂ ਵਲੋਂ ਕਰਜ਼ੇ ਦੇ ਭੁਗਤਾਨ ਤੋਂ ਬਚੇ ਰਹਿਣ 'ਤੇ ਰੋਕ ਲੱਗੇ।

ਬਜਟ ਨੇ ਸਰਕਾਰੀ ਬੈਂਕਾਂ ਦੀ ਮੁੜ ਪੂੰਜੀਕਰਨ ਲਈ ਬਹੁਤ ਵੱਡੀਆਂ ਰਕਮਾਂ ਰਾਖਵੀਆਂ ਨਹੀਂ ਰੱਖੀਆਂ। ਇਹ ਦਲੀਲ ਦਿਤੀ ਜਾ ਸਕਦੀ ਹੈ ਕਿ ਜਿਵੇਂ ਹੋਰਨਾਂ ਨੇਮਬੰਦੀਆਂ ਪਹਿਲਾਂ ਹੀ ਆਪਣੇ ਲੀਵਰੇਜ਼ ਘਟਾ ਚੁੱਕੀਆਂ ਹਨ, ਬੈਂਕਾਂ ਉਪਰ ਇਸ ਨੂੰ ਘਟਾਉਣ ਲਈ ਵਿਸ਼ਾਲ ਪੂੰਜੀ ਰੱਖਣ ਲਈ ਜ਼ੋਰ ਪਾਉਣਾ ਬਹੁਤ ਹਾਨੀਕਾਰਕ ਹੋਵੇਗਾ। ਵਿਸ਼ਾਲ ਪੂੰਜੀ-ਭੰਡਾਰਾਂ ਅਤੇ ਹੋਰ ਵਧੇਰੇ ਸਿੱਧੇ ਉਪਾਅ, ਜੋ ਲੀਵਰੇਜ਼ 'ਤੇ ਪਾਬੰਦੀ ਲਾਉਂਦੇ ਹਨ, ਦਰਮਿਆਨ ਸੰਭਵ ਸੰਤੁਲਨ ਅਜਿਹਾ ਮੁੱਦਾ ਹੈ ਜਿਸ ਦੀਆਂ ਸੰਭਾਵਨਾਵਾਂ ਦਾ ਵਿਸ਼ਵ ਆਰਥਿਕ ਮੰਚ ਵਲੋਂ ਪਤਾ ਲਾਇਆ ਜਾਣਾ ਚਾਹੀਦਾ ਹੈ। ਅਜਿਹੇ ਸੂਝ ਵਾਲੇ ਉਪਾਅ ਅੰਤਰ-ਪ੍ਰਭਾਵੀ ਹੋਣਗੇ ਅਤੇ ਅੰਤਰਰਾਸ਼ਟਰੀ ਬੈਂਕਾਂ ਦੀ ਸਥਿਤੀ ਬਿਹਤਰ ਕਰਨਗੇ (ਗੋਇਲ, 2014)।

ਅਖੀਰ, ਦੂਹਰੇ ਮਾਲੀ ਦਬਾਅ ਦੀ ਦਲੀਲ ਵਾਜਿਬ ਨਹੀਂ ਹੈ ਕਿਉਂਕਿ 20 ਸਾਲ ਦੇ ਸੁਧਾਰਾਂ ਤੋਂ ਬਾਅਦ ਤੈਅਸ਼ੁਦਾ ਤਰਲਤਾ ਅਨੁਪਾਤ ਹੁਣ 21.5 ਪ੍ਰਤਿਸ਼ਤ 'ਤੇ ਹੈ। ਪਰ ਬੈਂਕ ਸਵੈ-ਇੱਛਕ ਤੌਰ ਤੇ ਵਪਾਰਕ ਫ਼ੈਸਲਾ ਲੈਂਦਿਆਂ ਇਸ ਨੂੰ 25 ਪ੍ਰਤਿਸ਼ਤ 'ਤੇ ਰੱਖੀ ਬੈਠੇ ਹਨ। ਕਈ ਸਾਲਾਂ ਤੋਂ ਬੈਂਕ ਮਿਥੀ ਹੋਈ ਦਰ ਮੁਤਾਬਿਕ ਲੋੜ ਤੋਂ ਵੱਧ ਮਾਲੀ ਰਕਮਾਂ ਲੈ ਕੇ ਚਲ ਰਹੇ ਹਨ। ਇਕ ਆਜ਼ਾਦਾਨਾ ਫ਼ੈਸਲੇ ਨਾਲ ਦਬਾਅ ਨਹੀਂ ਬਣ ਸਕਦਾ। ਵਿਆਜ ਦਰਾਂ ਇਸ ਵੇਲੇ ਉੱਚੀਆਂ ਹਨ ਅਤੇ ਉਨ੍ਹਾਂ ਦੇ ਘੱਟ ਹੋਣ 'ਤੇ ਵੱਡੇ ਪੂੰਜੀ ਲਾਭ ਹੋਣ ਦੀਆਂ ਸੰਭਾਵਨਾਵਾਂ ਹਨ।

ਆਖ਼ਿਰ, ਆਰਥਿਕ ਸਰਵੇਖਣ ਵਿਕਾਸ ਸੰਭਾਵਨਾਵਾਂ ਨੂੰ ਘਟਾ ਕੇ ਦੇਖਦਾ ਹੈ ਕਿਉਂਕਿ ਇਹ *ਜਾਮ* ਨੂੰ ਨਿਰੋਲ ਮੁੜ-ਵੰਡ ਪਹਿਲ ਕਦਮੀ ਵਜੋਂ ਲੈਂਦਾ ਹੈ। ਕਰਜ਼ੇ ਤੋਂ ਹਟ ਕੇ ਅਸਲ ਲੋੜਾਂ ਦੀ ਪੂਰਤੀ ਲਈ ਗਰੀਬਾਂ ਵੱਲ ਆਰਥਿਕ ਸੇਵਾਵਾਂ ਦੇ ਪਾਸਾਰ ਨਾਲ ਉਤਪਾਦਿਕਤਾ ਵਧੇਗੀ। ਇਹ ਲਗਾਤਾਰ ਬਰਕਰਾਰ ਵੀ ਰਹਿ ਸਕੇਗੀ ਕਿਉਂਕਿ ਬੈਂਕ ਸੇਵਾਵਾਂ ਤੋਂ ਸੱਖਣੀ ਵਸੋਂ ਵੱਡੀਆਂ ਸੰਭਾਵਨਾਵਾਂ ਵਾਲਾ ਬਾਜ਼ਾਰ ਹੈ।

*ਜਾਮ* ਤਿੱਕੜੀ ਦੇ ਇਹ ਨੁਕਤੇ ਇਸ ਲਈ ਸਾਹਮਣੇ ਹਨ ਕਿਉਂਕਿ ਇਹ ਗਾਹਕ ਦੀਆਂ ਲੋੜਾਂ ਨਾਲ ਨਜਿੱਠਣ ਲਈ ਭਾਂਤ-ਭਾਂਤ ਦੀਆਂ ਸੇਵਾਵਾਂ ਦਾ ਸੁਮੇਲ ਪੇਸ਼ ਕਰਦੀ ਹੈ। 'ਜਨ ਧਨ' ਵਿਚ ਸ਼ਰਤ ਨਾਲ ਜੁੜੀ ਵਾਧੂ ਵਸੂਲੀ, ਬੀਮਾ, ਸਿੱਧਾ ਲਾਭ ਤਬਾਦਲਾ ਅਤੇ ਰੂਪੇ ਕ੍ਰੈਡਿਟ ਕਾਰਡ ਜਿਹੀਆਂ ਸਹੂਲਤਾਂ ਸ਼ਾਮਿਲ ਹਨ। ਘੱਟ ਲਾਗਤ ਅਤੇ ਸਹਾਇਕ ਤਕਨਾਲੋਜੀਕਲ ਸੇਵਾਵਾਂ ਨਾਲ ਇਨ੍ਹਾਂ ਖਾਤਿਆਂ ਦੀ ਅਸਲ ਵਰਤੋਂ ਹੋ ਸਕਦੀ ਹੈ ਅਤੇ ਆਮਦਨ ਵਧ ਸਕਦੀ ਹੈ। ਬੈਂਕਾਂ ਦੀਆਂ ਵਨ-ਸੁਵੰਨਤਾ, ਸੌਖਾ ਦਾਖ਼ਲਾ, ਫ਼ਾਇਦੇ ਦੇਣ ਵਾਲੇ ਮੁਕਾਬਲੇ ਦੇ ਨਵੇਂ ਯੁਗ ਵੱਲ ਲਿਜਾ ਸਕਦੇ ਹਨ ਇਮਾਰਤਾਂ ਵਿਚ ਸਥਿਤ ਬੈਂਕਾਂ ਦੀ ਬਜਾਇ ਮੋਬਾਇਲ ਟੈਲੀਫ਼ੋਨ ਵਧੇਰੇ ਦੂਰ ਤਕ ਮਾਰ ਕਰਦੇ ਹਨ ਅਤੇ ਮੋਬਾਇਲ ਬੈਂਕਿੰਗ ਵੱਡੀਆਂ ਸੰਭਾਵਨਾਵਾਂ ਰਖਦੀ ਹੈ ਜਿਵੇਂ ਕਿ ਕਈ ਵਿਕਸਤ ਦੇਸ਼ਾਂ ਵਿਚ ਦੇਖਿਆ ਗਿਆ ਹੈ ਪਰ ਭਾਰਤ ਇਸ ਵਿਚ ਅਜੇ ਪਿੱਛੇ ਚੱਲ ਰਿਹਾ ਹੈ।

ਉਦਾਹਰਣ ਵਜੋਂ, ਭਾਰਤ ਤੇ ਪਾਕਿਸਤਾਨ ਦੋਹਾਂ ਨੇ 2008 ਵਿਚ ਮੋਬਾਇਲ ਬੈਂਕਿੰਗ ਸ਼ੁਰੂ ਕੀਤੀ ਸੀ। ਇਹ ਅਫ਼ਰੀਕੀ ਨਮੂਨੇ ਦੇ ਉਲਟ ਸੀ ਜਿਸ ਦੀ ਸਫਲਤਾ ਮੋਬਾਇਲ ਸੇਵਾ ਮੁਹੱਈਆਕਾਰ 'ਤੇ ਵੀ ਨਿਰਭਰ ਕਰਦੀ ਸੀ ਜਿਸ ਨੂੰ ਆਪਣੇ ਪੱਧਰ 'ਤੇ ਹੀ ਇਹ ਕਾਰਜ ਕਰਨ ਦੀ ਖੁੱਲ੍ਹ ਸੀ। ਦੱਖਣੀ ਏਸ਼ੀਆ ਵਿਚ ਮੋਬਾਇਲਾਂ ਵਿਚ ਪੈਸੇ ਨਹੀਂ ਰੱਖੇ ਜਾ ਸਕਦੇ ਸਨ। ਬੈਂਕ ਸੁਰੱਖਿਆ, ਸਥਿਰਤਾ ਅਤੇ ਅੰਕੜਾ ਭੰਡਾਰਨ ਲਈ ਜ਼ਿੰਮੇਵਾਰ ਸਨ। ਲੈਣ-ਦੇਣ ਦੀ ਹਰ ਕਾਰਵਾਈ ਗਾਹਕ ਦੇ ਖਾਤੇ ਰਾਹੀਂ ਹੁੰਦੀ ਸੀ।

ਫਿਰ ਵੀ ਭਾਰਤ ਦੇ ਮੁਕਾਬਲੇ ਪਾਕਿਸਤਾਨ ਵਿਚ ਇਸ ਸੇਵਾ ਦਾ ਪਾਸਾਰ ਕਿਤੇ ਵੱਧ ਤੇਜ਼ੀ ਨਾਲ ਹੋਇਆ। ਗੋਇਲ (2015 ਏ) ਨੇ ਦੋਹਾਂ ਵਿਚਲੇ ਲਚਕ ਅਤੇ ਅਮਲੀਕਰਨ ਸੰਬੰਧੀ ਫ਼ਰਕਾਂ ਜਿਵੇਂ ਕਿ ਉਚੇਰੇ ਸ਼ੁਰੂਆਤੀ ਪੱਧਰਾਂ ਅਤੇ ਪਾਬੰਦੀਆਂ, ਵਧੇਰੇ ਆਮਦਨ ਸ਼੍ਰੇਣੀਆਂ, ਵਿਆਪਕ ਵਪਾਰ ਪ੍ਰਸਾਰ ਖੇਤਰ, ਲੈਣ-ਦੇਣ ਕਾਰਵਾਈਆਂ 'ਤੇ ਘੱਟ ਲਾਗਤ ਅਤੇ ਗਾਹਕ ਰਜਿਸਟ੍ਰੇਸ਼ਨ ਲਈ ਉਸ ਦੀ ਨਿੱਜੀ ਹਾਜ਼ਰੀ ਲਾਜ਼ਮੀ ਨਾ ਹੋਣ ਆਦਿ ਦੀ ਗੱਲ ਕੀਤੀ ਹੈ। ਅਜਿਹੀਆਂ ਪਹਿਲਕਦਮੀਆਂ ਨਾਲ ਸਾਰੀਆਂ ਸ਼੍ਰੇਣੀਆਂ ਉਤਸ਼ਾਹਿਤ ਹੋ ਕੇ ਆਈਆਂ। ਬਾਜ਼ਾਰ ਦਾ ਪਾਸਾਰ ਹੋਇਆ ਅਤੇ ਸਮੁੱਚੇ ਤੌਰ ਤੇ ਨਵੀਨਤਾ ਦਾ ਮਾਹੌਲ ਬਣਿਆ ਜਿਸ ਲਈ ਸੁਰੱਖਿਆ ਅਤੇ ਸਥਿਰਤਾ ਨਾਲ ਵੀ

ਕੋਈ ਸਮਝੌਤਾ ਨਹੀਂ ਕਰਨਾ ਪਿਆ। ਕਿਉਂਕਿ ਅਜਿਹੇ ਨਮੂਨੇ ਨੂੰ ਉਤਸ਼ਾਹਿਤ ਕੀਤੇ ਜਾਣਾ ਬਹੁਤ ਜ਼ਰੂਰੀ ਸੀ, ਨਵੀਆਂ ਪਹਿਲਕਦਮੀਆਂ ਨਾਲ, ਅਖ਼ੀਰ ਵਿਚ, ਮੋਬਾਇਲ ਬੈਂਕਿੰਗ ਦੇ ਤੇਜ਼ੀ ਨਾਲ ਪਾਸਾਰ ਦੀ ਪੂਰੀ ਸੰਭਾਵਨਾ ਹੈ ਜਿਸ ਤਹਿਤ ਬੈਂਕ ਦੀ ਅਗਵਾਈ ਵਾਲੀ ਮੋਬਾਇਲ ਬੈਂਕਿੰਗ ਸੇਵਾ ਰਾਹੀਂ ਵਿਆਪਕ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ।

ਐੱਮ ਐੱਸ ਪੀਜ਼ ਅਤੇ ਬੈਂਕਾਂ ਦਰਮਿਆਨ ਮਿਲਵਰਤਨ ਨੂੰ ਪ੍ਰਚੂਨ ਖੇਤਰ ਵਿਚ ਡਿਜ਼ਿਟਲ ਪੈਸੇ ਦੀ ਵਰਤੋਂ, ਗਾਹਕਾਂ ਦਾ ਈ–ਵਣਜ ਵਲ ਜਾਣਾ, ਖੇਤਰ ਨੇੜੇ ਸੰਚਾਰ, 650 ਐੱਮ ਤੋਂ ਉਪਰ ਦੀ ਵਿਕਰੀ ਦੀ ਸੰਭਾਵਨਾ ਵਾਲੇ ਸਸਤੇ ਸਮਾਰਟ ਫ਼ੋਨ ਅਤੇ ਕਲਾਉਡ ਵਰਗੇ ਤਕਨਾਲੋਜੀਕਲ ਬਦਲਾਵਾਂ ਨਾਲ ਵੀ ਮਦਦ ਮਿਲ ਸਕਦੀ ਹੈ। ਗੂਗਲ ਅਤੇ ਐਪਲ ਵਰਗੇ ਵੱਡੇ ਗ਼ੈਰ–ਬੈਂਕਿੰਗ ਧਿਰਾਂ ਦੇ ਭੁਗਤਾਨ ਪ੍ਰਣਾਲੀ ਵਿਚ ਦਾਖ਼ਲੇ ਨਾਲ ਵੀ ਮੁਕਾਬਲੇਬਾਜ਼ੀ ਵਧੇਗੀ ਅਤੇ ਨਵੀਨਤਾ ਨੂੰ ਹੁਲਾਰਾ ਮਿਲੇਗਾ।

***ਚੌਦ੍ਹਵੇਂ ਮਾਲੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਵਿਕਾਸ ਲਈ ਉਸਾਰੂ ਰਵੱਈਏ ਵਾਲੀਆਂ ਹਨ। ਆਰਥਿਕ ਸਰਵੇਖਣ, ਕੇਂਦਰ ਨੂੰ ਉਪਲਬਧ ਮੁਕਾਬਲਤਨ ਘੱਟ ਆਰਥਿਕ ਸਪੇਸ ਦੇ ਦ੍ਰਿਸ਼ਟੀਕੋਣ ਤੋਂ, ਇਸ ਨੂੰ ਦੇਖਦਾ ਹੈ, ਪਰ ਸਰਕਾਰ ਵਲੋਂ ਪ੍ਰਵਾਨਿਤ ਕੀਤੀਆਂ ਕਮਿਸ਼ਨ ਦੀਆਂ ਸਿਫ਼ਾਰਿਸ਼ਾਂ ਦੇ ਦੂਰਗਾਮੀ ਪ੍ਰਭਾਵ ਹੋਣਗੇ। ਇਹ ਮਾਲੀ ਕਮਿਸ਼ਨ ਨੂੰ ਦਿਤੇ ਮੂਲ ਸੰਵਿਧਾਨਕ ਮੱਤ ਵਲ ਮੁੜਦਾ ਹੈ ਤਾਂ ਜੋ ਉਪਰੋਂ–ਹੇਠਾਂ ਯੋਜਨਾਬੰਦੀ ਦੇ ਉਲਟ, ਪੂਰੇ ਰਾਸ਼ਟਰ ਵਿਚ ਇਕਸਾਰਤਾ ਵਾਲੀਆਂ ਜਨਤਕ ਸੇਵਾਵਾਂ ਉਪਲਬਧ ਕਰਾਉਣਾ ਯਕੀਨੀ ਬਣਾਇਆ ਜਾ ਸਕੇ। ਇਹ ਪ੍ਰਸੰਗਿਕ ਅਤੇ ਢੁਕਵੇਂ ਅਨੁਭਵ 'ਤੇ ਵਧੇਰੇ ਭਰੋਸਾ ਕਰਨ ਦੀ ਚੋਣ ਕਰਦਿਆਂ ਰਾਜਾਂ ਨੂੰ ਅਖ਼ਤਿਆਰਾਂ ਨਾਲ ਲੈਸ ਕਰਦਾ ਹੈ।***

ਇਹ ਬਹੁ–ਪੱਖੀ ਅਤੇ ਅਕਸਰ ਮਨ–ਮਰਜ਼ੀਆਂ ਵਾਲੀਆਂ ਸ਼ਰਤਾਂ ਤੋਂ ਪਰੇ ਹਟਦਿਆਂ, ਖ਼ਾਸਕਰ, ਸਥਾਨਕ ਸਮਰੱਥਾਵਾਂ ਕਾਇਮ ਕਰਨ ਲਈ ਮਾਲੀ ਪਸਾਰਿਆਂ ਅਤੇ ਕਾਰਗੁਜ਼ਾਰੀ ਗਰਾਂਟਾਂ ਵਿਚ ਕਟੌਤੀ ਕਰਦਿਆਂ, ਸਥਾਨਕ ਪੱਧਰ 'ਤੇ ਮਾਲੀਆ ਇਕੱਠਾ ਕਰਨ ਨੂੰ ਉਤਸ਼ਾਹਿਤ ਕਰਦਿਆਂ, ਸਮੁੱਚੇ ਘਾਟੇ ਦੇ ਟੀਚਿਆਂ 'ਤੇ ਜ਼ੋਰ ਦਿੰਦਾ ਹੈ। ਇਹ ਉਪਲਬਧ ਕਰਵਾਈਆਂ ਗਈਆਂ ਅਸਲ ਸੇਵਾਵਾਂ ਦੇ ਨੇੜੇ ਜਾਂਦਾ ਹੈ ਅਤੇ ਇਸੇ ਲਈ ਲੋਕਾਂ ਵੱਲ ਵਧੇਰੇ ਜਵਾਬਦੇਹੀ ਹੋਵੇਗੀ। ਇਕ ਹੋਰ ਅਨੁਸ਼ਾਸਨ ਲਿਆਉਣ ਵਾਲਾ ਕਾਰਨ ਰਾਜ ਚੋਣਾਂ ਹੋਣਗੀਆਂ, ਜੋ ਦਿਖਾ ਚੁੱਕੀਆਂ ਹਨ ਕਿ ਵੋਟਰ ਚੰਗੇ ਸ਼ਾਸਨ ਅਤੇ ਬਿਹਤਰ ਸੇਵਾਵਾਂ ਨੂੰ ਵੱਧ ਚੜ੍ਹ ਕੇ ਵੋਟ ਦੇ ਹੱਕ ਨਾਲ ਨਿਵਾਜ਼ ਰਿਹਾ ਹੈ। ਪਿਛਲੇ ਸਾਲਾਂ ਵਿਚ ਰਾਜਾਂ ਨੇ ਮਾਲੀ ਮਜ਼ਬੂਤੀ ਵਿਚ ਕੇਂਦਰ ਤੋਂ ਬਿਹਤਰ ਕਾਰਗੁਜ਼ਾਰੀ ਦਿਖਾਈ ਹੈ। ਇਸ ਲਈ ਸਮੁੱਚੀ ਮਾਲੀ ਮਹਾਰਤ ਅਤੇ ਖਰਚਿਆਂ ਦੀ ਰੂਪਰੇਖਾ ਵਿਚ ਵੀ ਸੁਧਾਰ ਹੋਣਾ ਚਾਹੀਦਾ ਹੈ।

ਜਨਤਕ ਸੇਵਾਵਾਂ ਦੇ ਮਾੜੀਆਂ ਹੋਣ ਦਾ ਇਕ ਕਾਰਨ ਇਹ ਹੈ ਕਿ ਬਹੁ–ਪੱਖੀ ਏਜੰਸੀਆਂ ਕੇਂਦਰ, ਰਾਜ ਸਥਾਨਕ ਅਤੇ ਵਿਸ਼ੇਸ਼ ਉਦੇਸ਼ ਵਾਹਨ ਆਮ ਤੌਰ ਤੇ ਇਕ ਦੂਜੇ ਨਾਲ ਬਹੁਤ ਘੱਟ ਮਿਲਵਰਨ ਦਿਖਾਉਂਦੀਆਂ ਹਨ। ਚੌਦ੍ਹਵੇਂ ਮਾਲੀ ਕਮਿਸ਼ਨ ਵਿਚ ਇਸ ਭੰਬਲਭੂਸੇ ਵਾਲੀ ਸਥਿਤੀ ਨੂੰ ਦੂਰ ਕਰ ਕੇ, ਡਿਲੀਵਰੀ ਲਈ ਰਾਜਾਂ ਨੂੰ ਵਧੇਰੇ ਸੁਤੰਤਰਤਾ ਦਿਤੀ ਗਈ ਹੈ ਪਰ ਉਨ੍ਹਾਂ ਦੀ ਵਧੇਰੇ ਜ਼ਿੰਮੇਵਾਰੀ ਵੀ ਬਣਦੀ ਹੈ। ਸੰਵਿਧਾਨ ਤਹਿਤ ਜਨਤਕ ਸਿਹਤ, ਸਾਫ਼–ਸਫ਼ਾਈ ਤੇ ਪਾਣੀ ਦੇ ਖੇਤਰ ਰਾਜਾਂ ਹੇਠ ਆਉਂਦੇ ਹਨ। ਇਨ੍ਹਾਂ ਸਭਨਾਂ ਦਾ ਮਾੜਾ ਮਿਆਰ ਭਾਰਤ ਵਿਚ ਘੱਟ ਭਾਰ ਰਹਿ ਜਾਣ ਵਾਲੇ ਬੱਚਿਆਂ ਤੇ ਕੁਪੋਸ਼ਣ ਲਈ ਜ਼ਿੰਮੇਵਾਰ ਹੈ ਜਿਸ ਨਾਲ ਵੱਡੀ ਗਿਣਤੀ ਵਿਚ ਜਾਨਾਂ ਜਾਂਦੀਆਂ ਹਨ। ਰਾਜਾਂ ਨੂੰ ਹੁਣ ਇਨ੍ਹਾਂ ਮੁਸ਼ਕਿਲਾਂ ਦੇ ਖ਼ਾਤਮੇ ਲਈ ਹੱਲ ਲੱਭਣੇ ਪੈਣਗੇ।

ਭਾਵੇਂ ਬਜਟ ਨੇ ਕੁਝ ਕੇਂਦਰੀ ਸਹਾਇਤਾ ਪ੍ਰਾਪਤ ਸਕੀਮਾਂ ਨੂੰ ਬਣਾਈ ਰਖਿਆ ਹੈ, ਇਸ ਨੇ ਕੁਝ ਹੋਰਨਾਂ ਵਿਚ ਕਟੌਤੀ ਵੀ ਕੀਤੀ ਹੈ। ਕਰ–ਵਸੂਲੀ ਦੇ ਵਧੇ ਹੋਏ ਹਿੱਸੇ ਬਦਲੇ ਰਾਜਾਂ ਵਲ ਕੇਂਦਰੀ ਸਹਾਇਤਾ ਵਿਚ 20 ਤੋਂ 40 ਪ੍ਰਤਿਸ਼ਤ ਕਮੀ ਕੀਤੀ ਗਈ ਹੈ। ਸਿਹਤ ਅਤੇ ਵਿਦਿਅਕ ਖਰਚੇ ਦਾ ਬਹੁਤ ਹਿੱਸਾ ਰਾਜਾਂ ਦੇ ਜ਼ਿੰਮੇ ਛੱਡ ਦਿਤਾ ਗਿਆ ਹੈ। ਪਰ ਗਰੀਬਾਂ ਦੀ ਅਸਲ ਮਦਦ ਅਤੇ 'ਭਾਰਤ ਵਿਚ ਨਿਰਮਾਣ' ਪ੍ਰੋਗਰਾਮ ਦੀ ਸਫਲਤਾ ਲਈ ਉਨ੍ਹਾਂ ਨੂੰ ਮਹਾਰਤਾਂ ਨਾਲ ਭਰਪੂਰ ਕਰਨਾ ਬਹੁਤ ਜ਼ਰੂਰੀ ਹੈ। ਅੰਤਰਰਾਜੀ ਪਰਿਸ਼ਦ ਨੂੰ, ਜਿਸ ਵਿਚ ਨਵੀਂ ਰੂਹ ਫੂਕੀ ਗਈ ਹੈ, ਸੰਵਾਦ, ਮਿਲਵਤਨ ਅਤੇ ਆਪਸੀ ਤਾਲਮੇਲ ਵਧਾਉਣ ਲਈ ਵਰਤਿਆ ਜਾ ਸਕਦਾ ਹੈ ਤਾਂ ਕਿ ਸਿਹਤ, ਪਾਣੀ, ਸਿੱਖਿਆ, ਵਾਤਾਵਰਨ ਅਤੇ ਸਭਨਾਂ ਲਈ ਸਵੱਛਤਾ ਦੇ ਖੇਤਰਾਂ ਵਿਚ ਸੁਧਾਰ ਹੋਵੇ। ਕੇਂਦਰ ਨੂੰ ਬਹੁ–ਪੱਧਰੀ ਮਜਬੂਰੀਆਂ ਤੋਂ ਹਟ ਕੇ ਸਲਾਹਕਾਰੀ ਅਤੇ ਨਿਰੰਤਰ–ਪ੍ਰਵਾਹ ਦਾ ਰਾਹ ਫੜਦਿਆਂ, ਵਧੇਰੇ ਮੰਤਰਾਲਿਆਂ ਦਾ ਢਾਂਚਾਗਤ ਰੂਪਾਂਤਰਣ ਕਰਨਾ ਚਾਹੀਦਾ ਹੈ।

ਯਕੀਨਨ, ਸ਼ਾਸਨ ਅਦਾਰਿਆਂ ਦੀ ਮੁੜ ਯੋਜਨਾਬੰਦੀ ਪ੍ਰਭਾਵੀ ਢੰਗ ਨਾਲ ਪ੍ਰੋਗਰਾਮ ਲਾਗੂ ਕਰਨ ਲਈ ਲਾਜ਼ਮੀ ਹੈ। ਸਰਕਾਰ ਦੇ ਪਹਿਲੇ ਸ਼ਾਸਨ ਦੌਰਾਨ ਇਸ ਵੱਲ ਧਿਆਨ ਨਹੀਂ ਦਿਤਾ ਗਿਆ ਅਤੇ ਆਰਥਿਕ ਸਰਵੇਖਣ ਜਾਂ ਬਜਟ ਵਿਚ ਵੀ ਇਸ ਨਾਲ ਸੁਚੱਜੇ ਢੰਗ ਨਾਲ ਨਜਿੱਠਿਆ ਨਹੀਂ ਗਿਆ। ਆਰਥਿਕ ਸਰਵੇਖਣ ਨੇ ਏ ਪੀ ਐੱਮ ਸੀਜ਼ ਦੀਆਂ ਕਮੀਆਂ ਉਪਰ ਉਪਯੋਗੀ ਸੰਵਾਦ ਕੀਤਾ ਹੈ, ਪਰ ਬਜਟ ਵਿਚ ਇਸ ਨੂੰ ਅੱਗੇ ਨਹੀਂ ਲਿਜਾਇਆ ਗਿਆ ਸਗੋਂ ਇਕ ਖ਼ਤਰਨਾਕ ਸੁਝਾਅ ਮਿਲਿਆ ਹੈ ਕਿ ਅਸਲ ਦੇਹਾਤੀ ਉਜਰਤਾਂ ਦੇ ਡਿੱਗਣ ਕਾਰਨ ਇਹ ਜ਼ਰੂਰੀ ਹੈ ਕਿ ਪੇਂਡੂ ਹਲਕਿਆਂ ਵਿਚ ਵਧੇਰੇ ਖਰਚ ਕੀਤਾ ਜਾਵੇ। ਪਰ ਇਹ ਇਸ ਭਾਂਤ ਦਾ ਖਰਚਾ ਸੀ ਜੋ ਕਿ ਪਿਛਲੇ ਸਮੇਂ ਦੌਰਾਨ ਮਹਿੰਗਾਈ ਦਾ ਕਾਰਨ ਬਣਿਆ। ਪੇਂਡੂ ਉਜਰਤਾਂ ਤਾਂ ਹੀ ਸੁਰੱਖਿਅਤ ਢੰਗ ਨਾਲ ਵਧ ਸਕਦੀਆਂ ਹਨ ਜੇ ਉਤਪਾਦਿਕਤਾ ਵਿਚ ਵਾਧਾ ਹੋਵੇ ਅਤੇ ਇਸ ਉਦੇਸ਼ ਲਈ ਖਰਚੇ ਦੀ ਬਣਤਰ ਵਿਚ ਸੁਧਾਰ ਦੀਆਂ ਕਾਰਵਾਈਆਂ ਉਪਯੋਗੀ ਹੋਣਗੀਆਂ। ਮਿਸਾਲ ਦੇ ਤੌਰ ਤੇ ਤਜਵੀਜ਼ਸ਼ੁਦਾ ਨਵੀਨਤਾ ਵਾਲੇ ਮਾਲੀ ਪ੍ਰਬੰਧਾਂ ਰਾਹੀਂ ਰੇਲਵੇ ਸੇਵਾਵਾਂ ਦੇ ਮਿਆਰ ਅਤੇ ਸੁਰੱਖਿਆ ਵਿਚ ਸੁਧਾਰ ਨਾਲ ਪੇਂਡੂ ਭਾਰਤ ਅਤੇ ਆਮ ਆਦਮੀ ਨੂੰ ਫ਼ਾਇਦਾ ਪਹੁੰਚੇਗਾ।

ਸਰਕਾਰੀ ਉਸਾਰੀ ਖਰਚੇ ਨਾਲ ਪਿਛਲੇ ਸਮੇਂ ਦੌਰਾਨ, ਦਿਹਾਤੀ ਉਜਰਤਾਂ ਵਧੀਆਂ ਸਨ। ਆਰਥਿਕ ਸਰਵੇਖਣ ਵਿਚ ਸਰਕਾਰ ਨੂੰ ਇਸ ਕਾਰਜ 'ਤੇ ਮੁੜ ਕੇਂਦਰਿਤ ਹੋਣ ਦਾ ਸੁਝਾਅ ਦਿਤਾ ਗਿਆ ਹੈ। ਮਕਾਨਾਂ ਦੀ ਉਸਾਰੀ ਉਪਰ ਬਹੁਤ ਜ਼ਿਆਦਾ ਜ਼ੋਰ ਦਿਤਾ ਜਾ ਸਕਦਾ ਹੈ ਪਰ

ਆਧੁਨਿਕ ਸਹੂਲਤਾਂ ਨਾਲ ਭਰਪੂਰ ਸ਼ਹਿਰਾਂ (ਸਮਾਰਟ ਸਿਟੀਜ਼) ਦਾ ਭਾਵ ਖ਼ਾਲੀ ਫਲੈਟ ਨਹੀਂ ਹਨ। ਪੁਰਾਣੇ ਸ਼ਹਿਰਾਂ ਨੂੰ ਬਦਲਿਆ ਜਾਣਾ ਸੌਖੀ ਗੱਲ ਨਹੀਂ ਪਰ ਨਵਿਆਂ ਨੂੰ ਆਬਾਦ ਕਰਨਾ ਵੀ ਇਕ ਮੁਸ਼ਕਿਲ ਕੰਮ ਹੈ।

ਭਾਵੇਂ ਸਰਕਾਰ ਨੂੰ ਆਪਣੇ ਵਿਰੋਧੀ ਟੇਕ ਵਾਲੇ ਅਤੇ ਗ਼ੈਰ-ਪਾਰਦਰਸ਼ੀ ਕਰ ਨਿਜ਼ਾਮ ਦੇ ਪੁਰਾਣੇ ਅਕਸ ਨੂੰ ਬਦਲਣਾ ਹੋਵੇਗਾ, ਪਰ ਨਾਲ ਦੀ ਨਾਲ ਇਸ ਨੂੰ ਉਲਾਰ ਹੁੰਦਿਆਂ, ਕਾਰਪੋਰੇਟ ਕੰਪਨੀਆਂ ਅਤੇ ਐੱਫ ਆਈ ਆਈਜ਼ ਨੂੰ ਕਰ ਦੇਣਦਾਰੀਆਂ ਤੋਂ ਬਚਣ ਦੀ ਖੁੱਲ੍ਹ ਨਹੀਂ ਦੇਣੀ ਚਾਹੀਦੀ। ਦੋਹਰੇ ਕਰ ਨੇਮਾਂ ਨੂੰ ਰੋਕਣ ਲਈ ਬਣੇ ਕਰ ਸਮਝੌਤਿਆਂ ਨੂੰ ਦੋਹਰੇ ਕਰ ਨੇਮਾਂ ਤੋਂ ਬਚਣ ਲਈ ਵਰਤਿਆ ਜਾ ਰਿਹਾ ਹੈ। ਘਰੇਲੂ ਕੰਪਨੀਆਂ ਲਈ ਇਹ ਜਾਇਜ਼ ਗੱਲ ਨਹੀਂ ਹੈ ਅਤੇ ਇਸ ਨਾਲ ਕਈ ਤਰ੍ਹਾਂ ਦੇ ਸਰਕਾਰੀ ਖਰਚਿਆਂ 'ਤੇ ਵੀ ਜਰਬ ਆਉਂਦੀ ਹੈ ਜਿਨ੍ਹਾਂ ਤੋਂ ਰਾਸ਼ਟਰ ਨੂੰ ਲਾਭ ਪਹੁੰਚ ਸਕਦਾ ਸੀ।

ਤਾਜ਼ਾ ਓ ਈ ਸੀ ਡੀ ਸਰਵੇਖਣ ਦਰਸਾਉਂਦਾ ਹੈ ਕਿ ਭਾਰਤ ਵਿਚ ਖਪਤ ਕਰਾਂ ਦੀ ਦਰ ਦੁਨੀਆਂ ਵਿਚ ਸਭ ਤੋਂ ਉੱਚੀ ਹੈ। ਇਸ ਨੂੰ ਘਟਾਉਣ ਲਈ ਜੀ ਐੱਸ ਟੀ ਲਾਗੂ ਕਰਨਾ ਬਹੁਤ ਮਹੱਤਵਪੂਰਨ ਹੈ ਜੋ ਕਿ ਅਜੇ ਤਕ ਕੇਵਲ ਇਕ ਵਾਅਦਾ ਹੀ ਹੈ। ਪਹਿਲੀ ਸਰਕਾਰ ਦੀ ਗਲਤੀ ਵਿਦੇਸ਼ੀ ਮਾਲੀ ਆਮਦ 'ਤੇ ਬਹੁਤ ਜ਼ਿਆਦਾ ਨਿਰਭਰ ਕਰਨਾ, ਮਾਲੀ ਸਾਵੇਂਪਨ ਲਈ ਦਿਹਾਤੀ ਖਰਚੇ ਨੂੰ ਵਰਤਣਾ ਅਤੇ ਮੁਸ਼ਕਿਲ ਘਰੇਲੂ ਸੁਧਾਰਾਂ ਨੂੰ ਅੱਖੋਂ ਪਰੋਖੇ ਕਰਨਾ ਸੀ। ਨਵੀਂ ਸਰਕਾਰ ਕਈ ਮੌਕਿਆਂ 'ਤੇ ਇਸੇ ਗਲਤੀ ਨੂੰ ਦੁਹਰਾਉਣ ਵਲ ਤੁਰਦੀ ਲਗਦੀ ਹੈ।

ਆਸ ਕੀਤੀ ਜਾਂਦੀ ਹੈ ਕਿ ਆਉਣ ਵਾਲੇ ਨੇੜਲੇ ਸਮੇਂ ਵਿਚ ਸਕੀਮਾਂ ਨੂੰ ਬਿਹਤਰ ਢੰਗ ਨਾਲ ਲਾਗੂ ਕੀਤਾ ਜਾਵੇਗਾ ਤਾਂ ਕਿ ਅਜਿਹੀਆਂ ਤੁਲਨਾਵਾਂ ਸੰਭਵ ਨਾ ਹੋਣ। ਬਜਟ ਅਤੇ ਆਰਥਿਕ ਸਰਵੇਖਣ ਵਿਚਲੇ ਕਈ ਦਿਲਚਸਪੀ ਵਾਲੇ ਸੁਧਾਰ ਸੰਬੰਧੀ ਸੁਝਾਵਾਂ ਨੂੰ ਯਕੀਨਨ ਮੌਕਾ ਮਿਲਣਾ ਚਾਹੀਦਾ ਹੈ ਅਤੇ ਜੇ ਅਜਿਹਾ ਹੋਇਆ ਤਾਂ ਵੱਡੇ ਬਦਲਾਅ ਅਤੇ ਫ਼ਾਇਦੇ ਸੰਭਵ ਹੋ ਸਕਣਗੇ।

*(ਲੇਖਿਕਾ ਪ੍ਰੋਫੈਸਰ, ਆਈ ਜੀ ਆਈ ਡੀ ਆਰ ਅਤੇ ਉੱਘੀ ਅਰਥਸ਼ਾਸਤਰੀ ਹੈ।)*

*e-mail :ashima@igidr.ac.in*

***ਸਫ਼ਾ 6 ਦੀ ਬਾਕੀ***

ਇਸ ਤੋਂ ਇਲਾਵਾ, ਵਿੱਤ ਮੰਤਰੀ ਨੇ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਦਾ ਵੀ ਜ਼ਿਕਰ ਕੀਤਾ ਹੈ ਜਿਸ ਤਹਿਤ ਦੁਰਘਟਨਾ ਨਾਲ ਮੌਤ ਹੋ ਜਾਣ ਦੀ ਸੂਰਤ ਵਿਚ 2 ਲੱਖ ਰੁਪਏ ਦਾ ਬੀਮਾ ਸਿਰਫ਼ 12 ਰੁਪਏ ਪ੍ਰਤਿ ਸਾਲ ਪ੍ਰੀਮੀਅਮ 'ਤੇ ਮਿਲ ਸਕੇਗਾ। ਸਰਕਾਰ ਅਟਲ ਪੈਨਸ਼ਨ ਯੋਜਨਾ ਵੀ ਲਾਗੂ ਕਰੇਗੀ ਜਿਸ ਤਹਿਤ ਹਿੱਸਾ ਪਾਉਣ ਅਤੇ ਉਸ ਦੀ ਮਿਆਦ ਅਨੁਸਾਰ ਪੈਨਸ਼ਨ ਮਿਲੇਗੀ। ਲੋਕਾਂ ਨੂੰ ਇਸ ਸਕੀਮ ਨੂੰ ਅਪਨਾਉਣ ਨੂੰ ਉਤਸ਼ਾਹਤ ਕਰਨ ਲਈ, ਲਾਭਕਾਰਾਂ ਦੇ ਪ੍ਰੀਮੀਅਮ ਦਾ 50 ਪ੍ਰਤਿਸ਼ਤ ਹਿੱਸਾ ਜੋ 1,000 ਰੁਪਏ ਤਕ ਸੀਮਤ ਰਹੇਗਾ, 31 ਦਸੰਬਰ 2015 ਤਕ ਖੋਲ੍ਹੇ ਗਏ ਨਵੇਂ ਖਾਤਿਆਂ ਲਈ ਪਹਿਲੇ 5 ਸਾਲ ਸਰਕਾਰ ਵਲੋਂ ਯੋਗਦਾਨ ਹੋਵੇਗਾ। ਵਿੱਤ ਮੰਤਰੀ ਵਲੋਂ ਐਲਾਨੀ ਤੀਸਰੀ ਸਮਾਜਿਕ ਸੁਰੱਖਿਆ ਸਕੀਮ ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ ਜੋ ਕੁਦਰਤੀ ਅਤੇ ਦੁਰਘਟਨਾ ਵਿਚ ਹੋਣ ਵਾਲੀ ਮੌਤ ਦੀ ਸੂਰਤ ਵਿਚ 2 ਲੱਖ ਰੁਪਏ ਦੇ ਬੀਮੇ ਵਾਲੀ ਹੈ। ਇਸ ਦਾ ਪ੍ਰੀਮੀਅਮ 18–50 ਸਾਲ ਦੀ ਉਮਰ ਲਈ ਸਾਲ ਵਿਚ 330 ਰੁਪਏ, ਜਾਂ ਹਰ ਰੋਜ਼ ਇਕ ਰੁਪਏ ਤੋਂ ਵੀ ਘੱਟ, ਹੋਵੇਗਾ। ਇਹ ਸਭ ਸਕੀਮਾਂ ਮਿਲ ਕੇ ਇਕ ਸ਼ਸ਼ਕਤ ਅਤੇ ਨਵੀਂ ਕਿਸਮ ਦਾ ਸਮਾਜਿਕ ਸੁਰੱਖਿਆ ਨੈੱਟ ਦਿੰਦੀਆਂ ਹਨ।

ਸਭ ਗਰੀਬ ਅਤੇ ਮੱਧ ਵਰਗ ਦੇ ਵਿਦਿਆਰਥੀਆਂ ਨੂੰ ਆਪਣੀ ਪਸੰਦ ਦੀ ਉੱਚ ਸਿੱਖਿਆ ਬਿਨਾਂ ਫ਼ੰਡਾਂ ਦੀ ਘਾਟ ਦੇ ਲੈਣ ਲਈ, ਸਰਕਾਰ ਨੇ ਪੂਰੀ ਤਰ੍ਹਾਂ ਇਕ ਸੂਚਨਾ ਤਕਨਾਲੋਜੀ ਆਧਾਰਤ ਵਿਦਿਆਰਥੀ ਵਿੱਤ ਸਹਾਇਤਾ ਅਥਾਰਿਟੀ ਸਥਾਪਤ ਕਰਨ ਦੀ ਵਚਨਬੱਧਤਾ ਦੁਹਰਾਈ ਹੈ ਜੋ ਪ੍ਰਧਾਨ ਮੰਤਰੀ ਵਿੱਦਿਆ ਲਕਸ਼ਮੀ ਕਾਰਜਕ੍ਰਮ ਰਾਹੀਂ ਸਭ ਕਿਸਮ ਦੇ ਵਜ਼ੀਫਿਆਂ ਅਤੇ ਸਿੱਖਿਆ ਕਰਜ਼ਾ ਸਕੀਮਾਂ ਦੀ ਨਿਗਰਾਨੀ ਕਰੇਗੀ। ਇਹ ਪਹਿਲ ਸਮਾਜ ਦੀਆਂ ਰਾਹਤ ਤੋਂ ਵਾਂਝੀਆਂ ਸ਼੍ਰੇਣੀਆਂ ਦੀ ਫ਼ੰਡ ਉਪਲਬਧੀ ਦੀ ਮੁਸ਼ਕਿਲ ਦੂਰ ਕਰੇਗੀ।

ਵਿੱਤ ਮੰਤਰੀ ਨੇ ਇਕ ਰਾਸ਼ਟਰੀ ਨਿਵੇਸ਼ ਅਤੇ ਬੁਨਿਆਦੀ ਢਾਂਚਾ ਫ਼ੰਡ (ਐੱਨ ਆਈ ਆਈ ਐੱਫ) ਸਥਾਪਤ ਕਰਨ ਦਾ ਪ੍ਰਸਤਾਵ ਵੀ ਕੀਤਾ ਹੈ ਅਤੇ ਇਸ ਲਈ ਸਾਲਾਨਾ 20,000 ਕਰੋੜ ਰੁਪਏ ਜੁਟਾਉਣ ਦਾ ਵਿਸ਼ਵਾਸ ਦਿਵਾਇਆ ਹੈ। ਇਹ ਟਰਸਟ ਬੁਨਿਆਦੀ ਢਾਂਚਾ ਵਿੱਤ ਕੰਪਨੀਆਂ ਜਿਵੇਂ ਕਿ ਭਾਰਤੀ ਪੇਂਡੂ ਵਿੱਤ ਕੰਪਨੀ ਅਤੇ ਰਾਸ਼ਟਰੀ ਮਕਾਨ ਉਸਾਰੀ ਬੋਰਡ ਆਦਿ ਦੇ ਸ਼ੇਅਰਾਂ ਵਿਚ ਨਿਵੇਸ਼ ਕਰੇਗਾ ਅਤੇ ਕਰਜ਼ਾ ਰਾਸ਼ੀ ਪੈਦਾ ਕਰੇਗਾ। ਬੁਨਿਆਦੀ ਢਾਂਚਾ ਵਿੱਤ ਕੰਪਨੀਆਂ ਫਿਰ ਇਨ੍ਹਾਂ ਵਾਧੂ ਸ਼ੇਅਰਾਂ ਨੂੰ ਕਈ ਗੁਣਾ ਵਧਾ ਸਕਦੀਆਂ ਹਨ। ਉਨ੍ਹਾਂ ਰੇਲਵੇ, ਸੜਕਾਂ ਅਤੇ ਸਿੰਜਾਈ ਪ੍ਰਾਜੈਕਟਾਂ ਲਈ ਕਰ ਮੁਕਤ ਆਧਾਰਿਕ ਢਾਂਚਾ ਬੌਂਡ ਜਾਰੀ ਕਰਨ ਦੀ ਇੱਛਾ ਵੀ ਜ਼ਾਹਰ ਕੀਤੀ ਹੈ। ਇਸ ਤੋਂ ਇਲਾਵਾ ਬੁਨਿਆਦੀ ਢਾਂਚਾ ਵਿਕਾਸ ਦੇ ਜਨਤਕ-ਨਿੱਜੀ ਭਾਈਵਾਲੀ ਮੋਡ ਉਪਰ ਮੁੜ ਤੋਂ ਵਿਚਾਰ ਕੀਤਾ ਜਾਵੇਗਾ ਤਾਂ ਕਿ ਇਸ ਨੂੰ ਮਜ਼ਬੂਤ ਕੀਤਾ ਜਾ ਸਕੇ ਅਤੇ ਇਸ ਸਾਹਮਣੇ ਆਉਣ ਵਾਲੇ ਖ਼ਤਰਿਆਂ ਨੂੰ ਸਾਵਾਂ ਕੀਤਾ ਜਾ ਸਕੇ। ਉਨ੍ਹਾਂ ਨੇ ਇਹ ਮੰਨਿਆ ਹੈ ਕਿ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਵਿਚ, ਸਰਕਾਰ ਨੂੰ ਬਹੁਤੇ ਖ਼ਤਰਿਆਂ ਦਾ ਭਾਰ ਖੁਦ ਝੱਲਣਾ ਹੋਵੇਗਾ ਪਰ ਇਹ ਸਮੁੱਚਾ ਭਾਰ ਉਹ ਨਹੀਂ ਝੱਲੇਗੀ। ਡਿਜ਼ੀਟਲ ਭਾਰਤ ਦੀ ਪਹਿਲ ਨੂੰ ਅੱਗੇ ਵਧਾਉਂਦੇ ਹੋਏ ਸਰਕਾਰ ਨੇ ਰਾਸ਼ਟਰੀ ਓਪਟੀਕਲ ਫਾਈਬਰ ਨੈੱਟਵਰਕ ਪ੍ਰੋਗਰਾਮ ਨੂੰ 7.5 ਲੱਖ ਕਿਲੋਮੀਟਰ ਨੈੱਟਵਰਕਿੰਗ ਤਕ ਕਰਕੇ 2.5 ਲੱਖ ਪਿੰਡਾਂ ਨੂੰ ਇਸ ਦੇ ਪਸਾਰ ਹੇਠ ਲਿਆਉਣ ਦਾ ਪ੍ਰਸਤਾਵ ਕੀਤਾ ਹੈ।

ਇਹ ਪਹਿਲਾਂ, ਸਿੱਖਿਆ ਅਤੇ ਰੁਜ਼ਗਾਰ ਦੇ ਮੌਕਿਆਂ ਵਿਚ, ਖ਼ਾਸ ਤੌਰ ਤੇ ਸਮਾਜ ਦੀਆਂ ਗਰੀਬ ਸ਼੍ਰੇਣੀਆਂ ਲਈ ਇਕ ਵਧੇਰੇ ਮਜ਼ਬੂਤ ਢਾਂਚਾ ਖੜ੍ਹਾ ਕਰਨ ਵਿਚ ਸਹਾਈ ਹੋਣਗੇ। ਬਜਟ ਇਹ ਦਰਸਾਉਂਦਾ ਹੈ ਕਿ ਵਿੱਤ ਦੀ ਕਮੀ ਦੇ ਚਲਦਿਆਂ ਵੀ ਸਭ ਸੰਬੰਧਿਤ ਧਿਰਾਂ ਜਿਨ੍ਹਾਂ ਵਿਚ ਰਾਜ ਸਰਕਾਰਾਂ, ਜਨਤਕ ਅਦਾਰੇ, ਬਾਹਰੀ ਨਿਵੇਸ਼ਕ, ਬੈਂਕਿੰਗ ਅਤੇ ਵਿੱਤੀ ਸੰਸਥਾਨ, ਉਦਯੋਗ ਅਤੇ ਸਭ ਤੋਂ ਉਪਰ ਆਮ ਲੋਕ ਸ਼ਾਮਿਲ ਹਨ, ਮਿਲ ਕੇ ਸਾਂਝੀਆਂ ਕੋਸ਼ਿਸ਼ਾਂ ਨਾਲ ਭਾਰਤ ਦੀ ਵਿਕਾਸ ਕਹਾਣੀ ਨੂੰ ਕਾਮਯਾਬ ਬਣਾ ਸਕਦੇ ਹਨ।

*(ਲੇਖਕ ਈ.ਵਾਈ. ਇੰਡੀਆ ਵਿਚ ਮੁੱਖ ਨੀਤੀ ਸਲਾਹਕਾਰ ਅਤੇ ਮਦਰਾਸ ਸਕੂਲ ਆਫ਼ ਇਕਨਾਮਿਕਸ ਵਿਚ ਆਨਰੇਰੀ ਪ੍ਰੋਫੈਸਰ ਹੈ।)*

*e-mail :dkscloud@gmail.com*

# ਵਿਸ਼ਵੀ ਨਿਰਮਾਣਸਾਜ਼ੀ ਹੱਬ ਦੇ ਰੂਪ ਵਿਚ ਭਾਰਤ

ਅਮਿਤਾਭ ਕਾਂਤ

'ਭਾਰਤ ਵਿਚ ਬਣਾਓ' ਪ੍ਰੋਗਰਾਮ ਦਾ ਆਗਾਜ਼ ਸਤੰਬਰ 2014 ਵਿਚ ਰਾਸ਼ਟਰ ਨਿਰਮਾਣ ਪਹਿਲਕਦਮੀਆਂ ਦੇ ਇਕ ਵੱਡੇ ਸਮੂਹ ਵਜੋਂ ਕੀਤਾ ਗਿਆ। ਭਾਰਤ ਨੂੰ ਵਿਸ਼ਵ ਨਿਰਮਾਣ ਧੁਰਾ ਬਣਾਉਣ ਦੇ ਇਰਾਦੇ ਨਾਲ ਬਣਾਇਆ ਗਿਆ, 'ਭਾਰਤ ਵਿਚ ਬਣਾਓ' ਇਕ ਗੰਭੀਰ ਹਾਲਾਤ ਪ੍ਰਤਿ ਵੇਲੇ ਦਾ ਹੋਕਾ ਸੀ : 2013 ਤਕ ਵਧਾ-ਚੜ੍ਹਾ ਕੇ ਪੇਸ਼ ਕੀਤਾ ਉੱਭਰਦੇ ਬਾਜ਼ਾਰ ਦਾ ਗੁਬਾਰਾ ਫਟ ਚੁੱਕਾ ਸੀ ਅਤੇ ਭਾਰਤ ਦੀ ਵਿਕਾਸ ਦਰ ਦਹਾਕੇ ਵਿਚ ਸਭ ਤੋਂ ਹੇਠਲੇ ਪੱਧਰ ਤਕ ਡਿਗ ਚੁੱਕੀ ਸੀ। *ਬ੍ਰਿਕਸ* ਦੇਸ਼ਾਂ ਦੇ ਵਾਅਦੇ ਕਾਫੂਰ ਹੋ ਚੁੱਕੇ ਸਨ ਅਤੇ ਭਾਰਤ ਨੂੰ ਤਥਾਕਥਿਤ 'ਪੰਜ ਦੁਰਬਲ' ਵਿਚੋਂ ਇਕ ਦੱਸਿਆ ਗਿਆ, ਵਿਸ਼ਵ ਦੇ ਨਿਵੇਸ਼ਕ ਚਰਚਾ ਕਰਦੇ ਹਨ ਕਿ ਕੀ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਇਕ ਜੋਖ਼ਮ ਹੈ ਜਾਂ ਮੌਕਾ। ਭਾਰਤ ਦੇ 1.2 ਬਿਲੀਅਨ ਨਾਗਰਿਕ ਸਵਾਲ ਕਰਦੇ ਕਿ ਸਫਲ ਹੋਣ ਲਈ ਕੀ ਭਾਰਤ ਬਹੁਤ ਵੱਡਾ ਹੈ ਜਾਂ ਅਸਫਲ ਹੋਣ ਲਈ ਬਹੁਤ ਵੱਡਾ। ਭਾਰਤ ਜਬਰਦਰਸਤ ਆਰਥਿਕ ਸੰਕਟ ਦੀ ਕਗਾਰ 'ਤੇ ਖੜ੍ਹਾ ਸੀ।

### ਪ੍ਰਕਿਰਿਆ

'ਭਾਰਤ ਵਿਚ ਬਣਾਓ' ਸੰਕਟ ਦੀ ਇਸੇ ਪਿੱਠਭੂਮੀ ਵਿਚ ਜਾਰੀ ਕੀਤਾ ਗਿਆ ਅਤੇ ਛੇਤੀ ਹੀ ਇਹ ਭਾਰਤ ਦੀਆਂ ਬੇਸ਼ੁਮਾਰ ਧਿਰਾਂ ਅਤੇ ਭਾਈਵਾਲਾਂ ਲਈ ਇਕੱਠੇ ਹੋਣ ਦੀ ਲਲਕਾਰ ਬਣ ਗਿਆ। ਇਹ ਭਾਰਤ ਦੇ ਨਾਗਰਿਕਾਂ ਅਤੇ ਵਪਾਰਕ ਆਗੂਆਂ ਲਈ ਬਹੁਤ ਹੀ ਸ਼ਕਤੀਸ਼ਾਲੀ ਅਤੇ ਉਤੇਜਨਾ ਭਰੀ ਹੁੰਕਾਰ ਸੀ ਅਤੇ ਦੁਨੀਆਂ ਭਰ ਦੇ ਸੰਭਾਵਤ ਭਾਈਵਾਲਾਂ ਅਤੇ ਨਿਵੇਸ਼ਕਾਂ ਲਈ ਹਾਰਦਿਕ ਸੱਦਾ। ਪਰ, 'ਭਾਰਤ ਵਿਚ ਬਣਾਓ' ਇਕ ਪ੍ਰੇਰਨਾਦਾਇਕ ਨਾਅਰੇ ਤੋਂ ਕਿਤੇ ਵੱਡਾ ਹੈ। ਇਹ ਵੇਲਾ ਵਿਹਾ ਚੁੱਕੀਆਂ ਪ੍ਰਕਿਰਿਆਵਾਂ ਅਤੇ ਨੀਤੀਆਂ ਦੀ ਬੇਮਿਸਾਲ ਮੁਰੰਮਤ (ਓਵਰਹਾਲ) ਦੀ ਪ੍ਰਤਿਨਿਧਤਾ ਕਰਦਾ ਹੈ। ਸਭ ਤੋਂ ਅਹਿਮ, ਇਹ ਸਰਕਾਰ ਦੇ ਸੋਚਣ ਦੇ ਤਰੀਕੇ ਵਿਚ ਪੂਰਨ ਬਦਲਾਅ ਦੀ ਪ੍ਰਤਿਨਿਧਤਾ ਕਰਦਾ ਹੈ – ਜਾਰੀ ਕਰਨ ਵਾਲੀ ਸੱਤਾ ਤੋਂ ਵਪਾਰਕ ਭਾਈਵਾਲ ਵਲ ਬਦਲਾਅ, ਜੋ ਸਰਕਾਰ ਦੇ 'ਘੱਟ ਤੋਂ ਘੱਟ ਸਰਕਾਰ, ਵੱਧ ਤੋਂ ਵੱਧ ਸ਼ਾਸਨ' ਦੇ ਸਿਧਾਂਤ ਦੇ ਅਨੁਸਾਰ ਹੈ।

### ਯੋਜਨਾ

ਕੋਈ ਲਹਿਰ ਸ਼ੁਰੂ ਕਰਨ ਲਈ ਤੁਹਾਨੂੰ ਇਕ ਰਣਨੀਤੀ ਦੀ ਲੋੜ ਹੁੰਦੀ ਹੈ ਜੋ ਬਰਾਬਰ ਪ੍ਰੇਰਿਤ ਕਰੇ, ਸਸ਼ਕਤੀਕਰਨ ਕਰੇ ਅਤੇ ਸਮਰੱਥਾ ਪ੍ਰਦਾਨ ਕਰੇ। 'ਭਾਰਤ ਵਿਚ ਬਣਾਓ' ਨੂੰ ਇਕ ਵੱਖਰੀ ਤਰ੍ਹਾਂ ਦੇ ਅਭਿਆਨ ਦੀ ਲੋੜ ਸੀ : ਬਜਾਇ ਕਿ ਰਵਾਇਤੀ ਅੰਕੜਿਆਂ ਨਾਲ ਅਖ਼ਬਾਰੀ ਇਸ਼ਤਿਹਾਰਾਂ ਦੇ, ਇਸ ਕਾਰਜ ਲਈ ਜਾਣਕਾਰੀ ਭਰਪੂਰ ਸੁਨੇਹਾ ਲੋੜੀਂਦਾ ਸੀ ਜੋ ਚੰਗੀ ਤਰ੍ਹਾਂ ਲਪੇਟਿਆ ਹੋਇਆ ਅਤੇ ਸਭ ਤੋਂ ਅਹਿਮ, ਭਰੋਸੇ ਯੋਗ ਹੋਵੇ। ਇਸ ਵਿਚ (ੳ) ਸੰਭਾਵਤ ਵਿਦੇਸ਼ੀ ਭਾਈਵਾਲਾਂ, ਭਾਰਤੀ ਵਪਾਰਕ ਭਾਈਚਾਰਾ, ਖ਼ਾਸ ਕਰਕੇ ਨਾਗਰਿਕਾਂ ਦੇ ਮਨਾਂ ਵਿਚ ਭਾਰਤ ਦੀਆਂ ਸਮਰੱਥਾਵਾਂ ਪ੍ਰਤਿ ਵਿਸ਼ਵਾਸ ਉਤਪੰਨ ਕਰਨਾ (ਅ) 25 ਉਦਯੋਗਿਕ ਖੇਤਰਾਂ ਲਈ ਵਿਸ਼ਾਲ ਤਕਨੀਕੀ ਜਾਣਕਾਰੀ ਦਾ ਢਾਂਚਾ ਮੁਹੱਈਆ ਕਰਵਾਉਣਾ, ਅਤੇ (ੲ) ਵੱਡੇ ਸਥਾਨਕ ਅਤੇ ਵਿਸ਼ਵ ਸਰੋਤਿਆਂ ਤਕ ਸੋਸ਼ਲ ਮੀਡੀਆ ਰਾਹੀਂ ਪਹੁੰਚ ਕਰਨਾ ਅਤੇ ਉਨ੍ਹਾਂ ਨੂੰ ਮੌਕਿਆਂ, ਸੁਧਾਰਾਂ ਬਾਰੇ ਖ਼ਬਰਦਾਰ ਰੱਖਣਾ, ਸ਼ਾਮਿਲ ਸੀ।

ਉਦਯੋਗਿਕ ਨੀਤੀ ਅਤੇ ਉੱਨਤ ਵਿਭਾਗ (ਡੀ ਆਈ ਪੀ ਪੀ) ਨੇ ਉੱਚ ਮਾਹਰ ਏਜੰਸੀਆਂ ਨਾਲ ਮਿਲ ਕੇ ਬਿਲਕੁਲ ਨਵਾਂ ਢਾਂਚਾ ਬਣਾਉਣ ਲਈ ਕੰਮ ਕੀਤਾ ਇਸ ਵਿਚ ਇਕ ਸਮਰਪਿਤ ਸਹਾਇਤਾ ਮੰਚ ਅਤੇ ਮੋਬਾਇਲ-ਪਹਿਲਾਂ ਦੀ ਵੈੱਬਾਈਟ ਸ਼ਾਮਿਲ ਸੀ ਜਿਸ 'ਤੇ ਵੱਖ-ਵੱਖ ਜਾਣਕਾਰੀ ਬਹੁਤ ਹੀ ਸਾਦੇ ਢੰਗ ਨਾਲ ਸ਼ਾਮਿਲ ਕੀਤੀ ਗਈ ਸੀ। 25 ਸਤੰਬਰ 2014 ਨੂੰ ਘਰੇਲੂ ਅਤੇ ਵਿਸ਼ਵ ਦੇ ਵਪਾਰਕ ਨੇਤਾਵਾਂ, ਨੀਤੀ ਕਰਨ ਵਾਲਿਆਂ ਅਤੇ ਮੀਡੀਆ ਕਰਮੀਆਂ ਦੇ ਸਾਹਮਣੇ ਹੋਏ ਇਕ ਪ੍ਰਭਾਵਸ਼ਾਲੀ ਸਮਾਗਮ ਵਿਚ ਨਵੀਂ ਦਿੱਲੀ ਵਿਖੇ 'ਭਾਰਤ ਵਿਚ ਬਣਾਓ' ਅਭਿਆਨ ਦੀ ਸ਼ੁਰੂਆਤ ਕੀਤੀ ਗਈ। ਇਸ ਸਮਾਗਮ ਦੇ ਨਾਲ ਹੀ ਵਿਆਪਕ ਡਿਜ਼ੀਟਲ ਰਣਨੀਤੀ ਚਲਾਈ ਗਈ ਜਿਸ ਦੇ ਸਿੱਟੇ ਵਜੋਂ ਸੋਸ਼ਲ ਮੀਡੀਆ, ਟੈਲੀਵੀਜ਼ਨ ਤੇ ਅਖ਼ਬਾਰਾਂ 'ਚ ਇਸ ਬਾਰੇ ਜ਼ਬਰਦਸਤੀ ਦਿਲਚਸਪੀ ਦਾ ਪ੍ਰਗਟਾਵਾ ਕੀਤਾ ਗਿਆ।

ਜਾਰੀ ਹੋਣ ਸਮੇਂ *ਮੇਕ ਇਨ ਇੰਡੀਆ* ਦਾ ਦੁਨੀਆਂ ਭਰ ਵਿਚ ਇਕ ਘੰਟੇ ਲਈ ਖ਼ੂਬ ਦੌਰ-ਦੌਰਾ ਰਿਹਾ। 48 ਤੋਂ ਵੱਧ ਘੰਟਿਆਂ ਲਈ ਇਸ ਬਾਰੇ 99,000 ਤੋਂ ਵੱਧ ਜ਼ਿਕਰ ਅਤੇ 1.08 ਬਿਲੀਅਨ ਟਿੱਪਣੀਆਂ ਕੀਤੀਆਂ ਗਈਆਂ ਅਤੇ ਇਹ 94 ਮਿਲੀਅਨ ਲੋਕਾਂ ਤਕ ਪਹੁੰਚਾਇਆ। 31 ਜਨਵਰੀ 2015 ਤਕ ਫੇਸਬੁਕ 'ਤੇ ਮੇਕ ਇਨ ਇੰਡੀਆ ਦੇ 3 ਮਿਲੀਅਨ ਤੋਂ ਵੱਧ ਦਰਸ਼ਕ ਸਨ, ਜਿਥੇ ਟਵਿੱਟਰ 'ਤੇ ਹਰ ਤਿੰਨ ਸਕਿੰਟ ਪਿੱਛੇ ਇਕ ਦਰਸ਼ਕ ਜੁੜ ਰਿਹਾ ਸੀ, ਮੇਕ ਇਨ ਇੰਡੀਆ 'ਤੇ ਹਰ 32 ਸਕਿੰਟ ਪਿੱਛੇ ਇਕ ਨਵਾਂ ਦਰਸ਼ਕ ਜੁੜ ਰਿਹਾ ਸੀ, ਅਤੇ ਮੇਕ ਇਨ ਇੰਡੀਆ ਡਾਟ ਕਾਮ ਵੈੱਬਸਾਈਟ ਨੂੰ 5.67 ਮਿਲੀਅਨ ਵਾਰ ਵੇਖਿਆ ਗਿਆ।

### ਭਾਈਵਾਲੀਆਂ

ਮੇਕ ਇਨ ਇੰਡੀਆ ਪ੍ਰੋਗਰਾਮ ਸਹਿਯੋਗ ਵਾਲੀਆਂ ਕੋਸ਼ਿਸ਼ਾਂ 'ਤੇ ਉਸਾਰਿਆ ਗਿਆ ਹੈ। ਡੀ ਆਈ ਪੀ ਪੀ ਵਲੋਂ ਇਹ ਪ੍ਰਕਿਰਿਆ ਕੇਂਦਰੀ ਮੰਤਰੀਆਂ, ਭਾਰਤ ਸਰਕਾਰ ਦੇ ਸਕੱਤਰਾਂ, ਉਦਯੋਗਿਕ

ਆਗੂਆਂ ਅਤੇ ਵੱਖ-ਵੱਖ ਜਾਣਕਾਰੀ ਭਾਈਵਾਲਾਂ ਨੂੰ ਸੱਦਾ ਦੇ ਕੇ ਸ਼ੁਰੂ ਕੀਤਾ ਗਿਆ ਹੈ।

ਅੱਗੇ, ਦਸੰਬਰ 2014 ਵਿਚ ਹੋਈ ਖੇਤਰ ਵਿਸ਼ੇਸ਼ ਉਦਯੋਗਾਂ ਬਾਰੇ ਇਕ ਰਾਸ਼ਟਰੀ ਕਾਰਜਸ਼ਾਲਾ ਨੇ ਭਾਰਤ ਸਰਕਾਰ ਦੇ ਸਕੱਤਰਾਂ ਅਤੇ ਉਦਯੋਗਿਕ ਆਗੂਆਂ ਨੂੰ ਅਗਲੇ ਤਿੰਨ ਸਾਲਾਂ ਲਈ ਇਕ ਕਾਰਜ ਯੋਜਨਾ ਬਣਾਉਣ ਲਈ ਸੰਵਾਦ ਕਰਨ ਵਾਸਤੇ ਇਕੱਠਿਆਂ ਕੀਤਾ ਜਿਸ ਦਾ ਨਿਸ਼ਾਨਾ 2020 ਤਕ ਨਿਰਮਾਣ ਖੇਤਰ ਦਾ ਕੁੱਲ ਘਰੇਲੂ ਉਤਪਾਦ ਵਿਚ ਯੋਗਦਾਨ 25 ਪ੍ਰਤਿਸ਼ਤ ਤਕ ਵਧਾਉਣਾ ਹੈ। ਇਹ ਯੋਜਨਾ ਪ੍ਰਧਾਨ ਮੰਤਰੀ, ਕੇਂਦਰੀ ਮੰਤਰੀਆਂ, ਉਦਯੋਗਿਕ ਸਭਾਵਾਂ ਅਤੇ ਉਦਯੋਗਿਕ ਆਗੂਆਂ ਸਾਹਮਣੇ ਭਾਰਤ ਸਰਕਾਰ ਦੇ ਸਕੱਤਰਾਂ ਅਤੇ ਰਾਜ ਸਰਕਾਰਾਂ ਦੀ ਤਰਫ਼ੋਂ ਮੁੱਖ ਸਕੱਤਰ ਵਲੋਂ ਪੇਸ਼ ਕੀਤੀ ਗਈ।

ਇਨ੍ਹਾਂ ਸਰਗਰਮੀਆਂ ਦੇ ਨਤੀਜੇ ਵਜੋਂ ਕਿਸੇ ਦੇਸ਼ ਦੇ ਇਤਿਹਾਸ ਵਿਚ ਇਕੱਲੀ ਸਭ ਤੋਂ ਵੱਡੀ ਨਿਰਮਾਣ ਪਹਿਲਕਦਮੀ ਦੇ ਰੂਪ ਵਿਚ ਖ਼ਾਕੇ ਦਾ ਬਣਨਾ ਸੀ। ਇਨ੍ਹਾਂ ਨੇ ਜਨਤਕ ਨਿੱਜੀ ਭਾਈਵਾਲੀ ਦੀ ਬਦਲਾਅ ਕਰਨ ਦੀ ਸ਼ਕਤੀ ਨੂੰ ਵੀ ਦਰਸਾਇਆ, ਜੋ ਮੇਕ ਇਨ ਇੰਡੀਆ ਪ੍ਰੋਗਰਾਮ ਦਾ ਪ੍ਰਤੀਕ ਬਣ ਗਿਆ ਹੈ। ਇਹ ਸਹਿਯੋਗੀ ਮਾਡਲ ਭਾਰਤ ਦੇ ਵਿਸ਼ਵ ਭਾਈਵਾਲਾਂ ਨੂੰ ਸ਼ਾਮਿਲ ਕਰਨ ਲਈ ਵੀ ਕਾਰਨ ਬਣਿਆ ਹੈ, ਜਿਵੇਂ ਕਿ ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਵਿਚਾਲੇ ਹੋਏ ਹਾਲੀਆ ਗੰਭੀਰ ਸੰਵਾਦ ਤੋਂ ਪ੍ਰਤੱਖ ਹੈ।

## ਪ੍ਰਗਤੀ

ਥੋੜ੍ਹੇ ਜਿਹੇ ਸਮੇਂ ਵਿਚ ਹੀ, ਅਪ੍ਰਚਲਿਤ ਅਤੇ ਰੁਕਾਵਟ ਪਾਉਣ ਵਾਲੇ ਪਿਛਲੇ ਸਮੇਂ ਦੇ ਢਾਂਚੇ ਨੂੰ ਖਤਮ ਕਰਕੇ ਪਾਰਦਰਸ਼ੀ ਅਤੇ ਵਰਤੋਂਕਾਰ ਪੱਖੀ ਪ੍ਰਣਾਲੀ ਨਾਲ ਬਦਲ ਦਿਤਾ ਗਿਆ ਹੈ ਜੋ ਨਿਵੇਸ਼ ਲਿਆਉਣ, ਨਵੀਨਤਾ ਨੂੰ ਹੁਲਾਰਾ ਦੇਣ, ਹੁਨਰ ਦੇ ਵਿਕਾਸ, ਆਈ ਪੀਜ਼ ਦੀ ਸੁਰੱਖਿਆ ਅਤੇ ਸ਼ਾਨਦਾਰ ਨਿਰਮਾਣ ਢਾਂਚਾ ਵਿਕਸਤ ਕਰਨ ਵਿਚ ਮਦਦਗਾਰ ਹੋ ਰਿਹਾ ਹੈ। ਪ੍ਰਗਤੀ ਦਾ ਸਭ ਤੋਂ ਉਭਰਵਾਂ ਪੱਖ ਪ੍ਰਮੁੱਖ ਹੱਦ ਤਕ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਗਿਆ ਦੇਣਾ ਹੈ। ਇਕ ਕਾਰਜਸ਼ਾਲਾ ਜਿਸ ਦਾ ਵਿਸ਼ਾ ''ਭਾਰਤ ਵਿਚ ਬਣਾਓ' ਖੇਤਰ ਪੱਖ ਅਤੇ ਪਹਿਲਕਦਮੀਆਂ'' 29 ਦਸੰਬਰ 2014 ਨੂੰ ਆਯੋਜਿਤ ਕੀਤੀ ਗਈ, ਜਿਸ ਤਹਿਤ 25 ਖੇਤਰਾਂ ਵਿਚ ਨਿਵੇਸ਼ ਨੂੰ ਹੁਲਾਰਾ ਦੇਣ ਲਈ 1 ਅਤੇ 3 ਸਾਲ ਦੀਆਂ ਕਾਰਜ ਯੋਜਨਾਵਾਂ ਬਣਾਈਆਂ ਗਈਆਂ। ਮੰਤਰਾਲਾ ਨੇ ਵਿਸ਼ਵ ਬੈਂਕ ਦੇ ਸਮੂਹ ਨਾਲ ਮਿਲ ਕੇ, ਵਿਸ਼ਵ ਬੈਂਕ ਦੇ 'ਵਪਾਰ ਕਰਨ' ਦੇ ਤਰੀਕੇ ਮੁਤਾਬਕ ਸੁਧਾਰ ਦੇ ਖੇਤਰਾਂ ਦੀ ਪਛਾਣ ਦਾ ਕੰਮ ਆਰੰਭਿਆ ਹੈ।

ਮੇਕ ਇਨ ਇੰਡੀਆ ਅਭਿਆਨ ਨੂੰ ਸਮਰਪਿਤ ਇਕ ਅੱਠ ਮੈਂਬਰੀ ਨਿਵੇਸ਼ਕ ਸਹਾਇਤਾ ਸੈੱਲ (ਆਈ ਐੱਫ ਸੀ) ਦਾ ਸਤੰਬਰ 2014 ਵਿਚ ਗਠਨ ਕੀਤਾ ਗਿਆ ਜਿਸ ਦਾ ਮਕਸਦ ਨਿਵੇਸ਼ਕਾਂ ਨੂੰ ਨਿਯਮਨ ਮਨਜ਼ੂਰੀਆਂ ਲੈਣ, ਨਿਵੇਸ਼ ਤੋਂ ਪਹਿਲੇ ਪੜਾਅ ਦੀਆਂ ਸੇਵਾਵਾਂ ਲੈਣਾ, ਅਮਲ ਅਤੇ ਬਰਾਮਦ ਵਿਚ ਸਹਾਇਤਾ ਦੇਣਾ ਹੈ।

ਭਾਰਤੀ ਦੂਤਘਰਾਂ ਅਤੇ ਕੌਂਸਲੇਟਾਂ ਨੂੰ ਵੀ ਸੁਨੇਹਾ ਦਿਤਾ ਗਿਆ ਹੈ ਕਿ ਉਹ ਪਛਾਣੇ ਗਏ ਖੇਤਰਾਂ ਵਿਚ ਨਿਵੇਸ਼ ਦੀਆਂ ਸੰਭਾਵਨਾਵਾਂ ਬਾਰੇ ਜਾਣਕਾਰੀ ਨੂੰ ਫ਼ੈਲਾਉਣ/ਡੀ ਆਈ ਪੀ ਪੀ ਵਲੋਂ ਜਾਪਾਨ ਤੋਂ ਪ੍ਰਾਪਤ ਨਿਵੇਸ਼ ਪ੍ਰਸਤਾਵਾਂ ਵਿਚ ਤੇਜ਼ੀ ਲਿਆਉਣ ਲਈ ਇਕ ਵਿਸ਼ੇਸ਼ ਪ੍ਰਬੰਧਨ ਟੀਮ ਦਾ ਗਠਨ ਕੀਤਾ ਹੈ ਜੋ 'ਜਾਪਾਨ ਪਲੱਸ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਨੇ ਅਕਤੂਬਰ 2014 ਤੋਂ ਕੰਮ ਕਰਨਾ ਸ਼ੁਰੂ ਕਰ ਦਿਤਾ ਹੈ।

ਵੱਖ-ਵੱਖ ਖੇਤਰ ਨਿਵੇਸ਼ ਲਈ ਖੋਲ੍ਹੇ ਗਏ ਹਨ, ਜਿਵੇਂ ਰੱਖਿਆ, ਰੇਲਵੇ, ਪੁਲਾੜ ਆਦਿ। ਨਿਯਮਨ ਨੀਤੀਆਂ ਵਿਚ ਵੀ ਛੋਟ ਦਿਤੀ ਗਈ ਹੈ ਤਾਂ ਕਿ ਨਿਵੇਸ਼ ਅਤੇ ਵਪਾਰ ਕਰਨ ਵਿਚ ਸਹੂਲਤ ਹੋ ਸਕੇ। ਦੇਸ਼ ਦੇ ਵੱਖ-ਵੱਖ ਖਿੱਤਿਆਂ ਵਿਚ ਛੇ ਉਦਯੋਗਿਕ ਸ਼ਹਿਰ ਵੀ ਬਣਨਗੇ।

***ਮੇਕ ਇਨ ਇੰਡੀਆ ਦੇ 100 ਦਿਨ :*** • ਜਨ ਧਨ ਯੋਜਨਾ ਪਹਿਲਕਦਮੀ ਤਹਿਤ 90 ਮਿਲੀਅਨ ਬੈਂਕ ਖਾਤੇ ਖੋਲ੍ਹੇ ਗਏ ਹਨ। ਆਉਣ ਜਾਣ ਦੇ ਨਿਯਮਨ ਨੂੰ ਆਸਾਨ ਬਣਾਇਆ ਗਿਆ ਹੈ, ਨਿਰਯਾਤ-ਆਯਾਤ ਦੇ ਨਿਯਮਾਂ ਨੂੰ ਬਹੁਤ ਸਰਲ ਕੀਤਾ ਗਿਆ ਹੈ, ਜਨਤਕ ਖੇਤਰ ਦੇ ਛੇ ਨਿਗਮਾਂ ਨੂੰ ਮੰਦਹਾਲੀ ਤੋਂ ਬਾਹਰ ਕੱਢਿਆ ਗਿਆ ਹੈ ਅਤੇ ਪੰਜ ਨੂੰ ਬੰਦ ਕਰ ਦਿਤਾ ਗਿਆ ਹੈ। • ਉਦਯੋਗਿਕ ਲਾਇਸੰਸ ਲੈਣ (ਆਈ ਐੱਲ) ਅਤੇ ਉਦਯੋਗਿਕ ਉੱਦਮੀ ਮੈਮੋਰੰਡਮ (ਆਈ ਈ ਐੱਮ) ਲਈ ਪ੍ਰਾਰਥਨਾ ਪੱਤਰ ਦੇਣ ਦੀ ਪ੍ਰਕਿਰਿਆ ਨੂੰ ਆਨ ਲਾਈਨ ਕਰ ਦਿਤਾ ਗਿਆ ਹੈ। ਇਹ ਵੈੱਬਸਾਈਟ, ਈ ਬੀ ਆਈ ਜ਼ੈੱਡ 24 ਘੰਟੇ ਉਪਲਬਧ ਹੈ ਜਿਸ ਨਾਲ ਪ੍ਰਾਰਥਨਾ ਪੱਤਰ ਦੇਣਾ ਅਤੇ ਸੇਵਾ ਕਰ ਦੀ ਆਨ ਲਾਈਨ ਅਦਾਇਗੀ ਸੌਖੀ ਹੋ ਗਈ ਹੈ। • ਉਦਯੋਗਿਕ ਲਾਇਸੰਸ ਦੀ ਸ਼ੁਰੂਆਤੀ ਉੱਚਿਤਤਾ 2 ਤੋਂ ਵਧਾ ਕੇ 3 ਸਾਲ ਕਰ ਦਿਤੀ ਗਈ ਹੈ, ਜਿਸ ਨਾਲ ਲਾਇਸੰਸ ਧਾਰਕਾਂ ਨੂੰ ਜ਼ਮੀਨ ਪ੍ਰਾਪਤ ਕਰਨ ਅਤੇ ਜ਼ਰੂਰੀ ਮਨਜ਼ੂਰੀਆਂ ਲੈਣ ਲਈ ਢੁੱਕਵਾਂ ਸਮਾਂ ਮਿਲ ਜਾਂਦਾ ਹੈ। ਗ੍ਰਹਿ ਮੰਤਰਾਲਾ ਨੇ ਨਿਰਧਾਰਤ ਕੀਤਾ ਹੈ ਕਿ ਇਸ ਵਲੋਂ ਉਦਯੋਗਿਕ ਲਾਇਸੰਸ ਲਈ ਜ਼ਰੂਰੀ ਸੁਰੱਖਿਆ ਮਨਜ਼ੂਰੀ 12 ਹਫ਼ਤਿਆਂ ਦੇ ਅੰਦਰ ਦੇ ਦਿਤੀ ਜਾਵੇਗੀ। • ਇੰਪਲਾਈਜ਼ ਪ੍ਰਾਵੀਡੈਂਟ ਫ਼ੰਡ ਆਰਗੇਨਾਈਜ਼ੇਸ਼ਨ ਅਤੇ ਇੰਪਲਾਈਜ਼ ਸਟੇਟ ਇਨਸ਼ੋਰੈਂਸ ਕਾਰਪੋਰੇਸ਼ਨ ਦੇ ਸੰਬੰਧ ਵਿਚ ਲੱਗਣ ਵਾਲਾ ਸਮਾਂ ਇਕ ਰੁਕਾਵਟ ਸੀ। ਹੁਣ ਦੋਵਾਂ ਪ੍ਰਕਿਰਿਆਵਾਂ ਨੂੰ ਸਵੈ-ਚਾਲਿਤ ਬਣਾ ਦਿਤਾ ਗਿਆ ਹੈ ਅਤੇ ਈ ਐੱਸ ਆਈ ਸੀ ਪੰਜੀਕਰਨ ਸੰਖਿਆ ਵੀ ਹੁਣ ਅਸਲੀ ਸਮੇਂ ਦੇ ਆਧਾਰ 'ਤੇ ਦਿਤੀ ਜਾ ਰਹੀ ਹੈ। • ਲਾਇਸੰਸ ਧਾਰਕ ਰੱਖਿਆ ਉਦਯੋਗ ਲਈ ਇਕ ਸੁਰੱਖਿਆ ਮੈਨੂਅਲ ਹਾਲ ਹੀ ਵਿਚ ਜਾਰੀ ਕੀਤਾ ਗਿਆ ਹੈ।

***ਆਟੋਮੋਬਾਇਲ:*** • ਸਭ ਤੋਂ ਵੱਡਾ ਟ੍ਰੈਕਟਰ ਨਿਰਮਾਤਾ; ਦੂਜਾ ਸਭ ਤੋਂ ਵੱਡਾ ਦੋ ਪਹੀਆ ਨਿਰਮਾਤਾ; ਦੂਜਾ ਸਭ ਤੋਂ ਵੱਡਾ ਬੱਸ ਨਿਰਮਾਤਾ; 5ਵਾਂ ਸਭ ਤੋਂ ਵੱਡਾ ਭਾਰੀ ਟਰੱਕ ਨਿਰਮਾਤਾ; ਛੇਵਾਂ ਸਭ ਤੋਂ ਵੱਡਾ ਕਾਰ ਨਿਰਮਾਤਾ; ਸਭ ਤੋਂ ਵੱਡਾ ਵਪਾਰਕ ਵਾਹਨ ਨਿਰਮਾਤਾ • ਭਾਰਤ ਦੇ ਕਾਰ ਬਾਜ਼ਾਰ ਦੀ ਸੰਭਾਵਨਾ : 2020 ਤਕ 6 ਮਿਲੀਅਨ ਤੋਂ ਵੱਧ ਇਕਾਈਆਂ ਦਾ ਸਾਲਾਨਾ ਨਿਰਮਾਣ।

***ਮੋਟਰ ਗੱਡੀਆਂ ਦੇ ਹਿੱਸੇ-ਪੁਰਜ਼ੇ :*** • ਵਿਸ਼ਵ ਓ ਈ ਐੱਮ ਅਤੇ ਪੜਾਅ 1 ਦੇ 35 ਤੋਂ ਵੱਧ ਆਈ ਪੀ ਓ ਐੱਸ ਭਾਰਤ ਤੋਂ ਪ੍ਰਾਪਤ ਕਰ ਰਹੇ ਹਨ।•ਸਟੀਲ ਦਾ ਚੌਥਾ ਸਭ ਤੋਂ ਵੱਡਾ ਉਤਪਾਦਕ ਜਿਸ ਦਾ ਗੁਆਂਢੀ ਦੇਸ਼ਾਂ ਦੇ ਮੁਕਾਬਲੇ ਬਾਜ਼ੀ ਵਾਲਾ ਅਧਿਕਾਰ ਹੈ। • ਪ੍ਰਮੁੱਖ ਬਾਜ਼ਾਰਾਂ ਦੇ ਨੇੜੇ – ਏਸ਼ੀਆਨ, ਜਾਪਾਨ, ਕੋਰੀਆ ਅਤੇ ਯੋਰਪ।

***ਹਵਾਬਾਜ਼ੀ :*** • ਦੁਨੀਆਂ ਦੀ 9ਵੀਂ ਸਭ ਤੋਂ ਵੱਡੀ ਹਵਾਬਾਜ਼ੀ ਦਾ ਬਾਜ਼ਾਰ, ਜਿਸ ਦੀ ਕੀਮਤ 12 ਬਿਲੀਅਨ ਡਾਲਰ ਦੇ ਲਗਭਗ ਹੈ। • 2020 ਤਕ ਦੁਨੀਆਂ ਦਾ ਤੀਜਾ ਵੱਡਾ ਹਵਾਬਾਜ਼ੀ ਬਾਜ਼ਾਰ ਬਣਨ ਦੀਆਂ ਸੰਭਾਵਨਾਵਾਂ ਅਤੇ 2030 ਤਕ ਪਹਿਲੇ ਦਰਜੇ 'ਤੇ ਆਉਣ ਦੀ ਆਸ।

***ਬਾਇਓਟੈਕਨਾਲੋਜੀ :*** • ਦੁਨੀਆਂ ਵਿਚ ਲਗਭਗ 12 ਉੱਚ ਦਰਜੇ ਦੇ ਬਾਇਓਟੈਕ ਦੇ ਸਥਾਨ, ਏਸ਼ੀਆ ਪ੍ਰਸ਼ਾਂਤ ਖਿੱਤੇ ਵਿਚ ਤੀਜਾ ਸਥਾਨ। • ਸਰਕਾਰੀ ਖਰਚ ਦੀਆਂ ਯੋਜਨਾਵਾਂ : 2012-17 ਦਰਮਿਆਨ 3.7 ਬਿਲੀਅਨ ਅਮਰੀਕੀ ਡਾਲਰ, ਬਾਇਓਟੈਕ ਪਾਰਕਾਂ 'ਤੇ ਜ਼ਿਆਦਾ ਜ਼ੋਰ ਤਾਂ ਜੋ ਉਤਪਾਦ ਵਿਕਾਸ, ਖੋਜ ਅਤੇ ਨਵੀਨੀਕਰਨ ਵਿਚ ਸਹੂਲਤ ਹੋ ਸਕੇ।

***ਰਸਾਇਣ :*** • ਏਸ਼ੀਆ ਵਿਚ ਤੀਜਾ ਸਭ ਤੋਂ ਵੱਡਾ ਅਤੇ ਉਤਪਾਦਨ ਪੱਖੋਂ ਵਿਸ਼ਵ ਵਿਚ 6ਵਾਂ ਸਭ ਤੋਂ ਵੱਡਾ। • ਭਾਰਤ ਦਾ ਰੰਗ ਉਦਯੋਗ ਜਿਸ ਦੀ ਕੀਮਤ 6.8 ਬਿਲੀਅਨ ਅਮਰੀਕੀ ਡਾਲਰ ਹੈ, ਲਗਭਗ 75 ਪ੍ਰਤਿਸ਼ਤ ਨਿਰਯਾਤ। • ਵਿਕਾਸ ਦੇ ਮੁੱਖ ਪੱਖ : ਵੱਡੀ ਜਨਸੰਖਿਆ + ਖੇਤੀਬਾੜੀ 'ਤੇ ਨਿਰਭਰਤਾ + ਮਜ਼ਬੂਤ ਨਿਰਯਾਤ ਦੀ ਮੰਗ।

***ਉਸਾਰੀ :*** • ਅਗਲੇ 20 ਸਾਲਾਂ ਵਿਚ ਸ਼ਹਿਰੀ ਢਾਂਚਾਗਤ ਵਿਕਾਸ ਲਈ 650 ਬਿਲੀਅਨ ਅਮਰੀਕੀ ਡਾਲਰ ਦੇ ਲਗਭਗ ਜ਼ਰੂਰਤ ਪਵੇਗੀ। • ਨਿਵੇਸ਼ ਦੇ ਮੌਕੇ : ਰਿਹਾਇਸ਼ੀ, ਵਪਾਰਕ, ਪ੍ਰਚੂਨ ਅਤੇ ਪ੍ਰਾਹੁਣਚਾਰੀ। • ਸਥਾਈ ਸ਼ਹਿਰਾਂ ਤੇ ਸੰਗਠਿਤ ਕਸਬਿਆਂ ਨੂੰ ਉਤਸ਼ਾਹ ਦੇਣ ਲਈ ਤਕਨੀਕਾਂ; ਹਰੀਆਂ ਇਮਾਰਤਾਂ ਦਾ ਹੱਲ। • ਭਾਰਤ ਦੇ ਉਸਾਰੀ ਖੇਤਰ ਵਿਚ ਵਿਦੇਸ਼ੀ ਨਿਵੇਸ਼ ਦੇ ਨਿਯਮ ਨਰਮ ਕਰ ਦਿਤੇ ਗਏ ਹਨ – ਉਸਾਰੇ ਹੋਏ ਖੇਤਰ ਦੀ ਲੋੜ ਅਤੇ ਘੱਟੋ-ਘੱਟ ਲੋੜੀਂਦੀ ਪੂੰਜੀ ਦੀ ਸ਼ਰਤ ਘਟਾ ਦਿਤੀ ਗਈ ਹੈ।

***ਰੱਖਿਆ ਨਿਰਮਾਣ :*** • ਸਿੱਧਾ ਵਿਦੇਸ਼ੀ ਨਿਵੇਸ਼ : ਹੁਣ ਸਰਕਾਰ ਰਾਹੀਂ 49 ਪ੍ਰਤਿਸ਼ਤ ਤਕ ਸਿੱਧਾ ਵਿਦੇਸ਼ੀ ਨਿਵੇਸ਼ ਕਰਨ ਦੀ ਆਗਿਆ ਹੈ ਤੇ 49 ਪ੍ਰਤਿਸ਼ਤ ਤੋਂ ਵੱਧ ਸੁਰੱਖਿਆ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਦੀ ਮਨਜ਼ੂਰੀ ਨਾਲ, ਜਿਥੇ ਵੀ ਇਸ ਨਾਲ ਦੇਸ਼ ਵਿਚ ਆਧੁਨਿਕ ਅਤੇ ਲਾਮਿਸਾਲ ਤਕਨੀਕ ਆਉਣ ਦੀ ਉਮੀਦ ਹੋਵੇ। • ਨਿੱਜੀ ਖੇਤਰ ਦੁਆਰਾ ਨਿਰਮਾਣ ਕੀਤੀਆਂ ਜਾਣ ਵਾਲੀਆਂ 53 ਪ੍ਰਤਿਸ਼ਤ ਰੱਖਿਆ ਵਸਤਾਂ ਤੋਂ ਲਾਇਸੰਸ ਲੈਣ ਦੀ ਜ਼ਰੂਰਤ ਖਤਮ ਕਰ ਦਿਤੀ ਗਈ ਹੈ ਤੇ ਦੋਹਰੀ ਵਰਤੋਂ ਵਾਲੀਆਂ ਫੌਜੀ ਅਤੇ ਸ਼ਹਿਰੀ ਕਾਰਜਾਂ ਨੂੰ ਨਿਯਮਨ ਰਹਿਤ ਕਰ ਦਿਤਾ ਗਿਆ ਹੈ। • ਵਿਸ਼ੇਸ਼ ਨਿਵੇਸ਼ ਅਤੇ ਐੱਫ ਵੀ ਸੀ ਆਈ ਦੁਆਰਾ ਨਿਵੇਸ਼ ਸਵੈਚਾਲਿਤ ਮਾਰਗ ਤਹਿਤ 24 ਪ੍ਰਤਿਸ਼ਤ ਤਕ ਸਵੀਕ੍ਰਿਤ।

***ਬਿਜਲਈ ਮਸ਼ੀਨਰੀ:*** • ਮੰਗ ਦੇ ਕਾਰਕ – ਢਾਂਚਾਗਤ ਖੇਤਰ ਊਰਜਾ, ਖਦਾਨ, ਤੇਲ ਅਤੇ ਗੈਸ, ਤੇਲ ਸੋਧ ਕਾਰਖ਼ਾਨੇ, ਸਟੀਲ, ਮੋਟਰ ਵਾਹਨ ਤੇ ਖਪਤਕਾਰੀ ਵਸਤਾਂ ਦੇ ਖੇਤਰ ਵਿਚ ਸਮਰੱਥਾ ਦਾ ਨਿਰਮਾਣ। •2022 ਤਕ ਭਾਰਤ 'ਚ ਉਤਪਾਦਨ ਸਾਮਾਨ ਉਦਯੋਗ ਦੇ ਵਧ ਕੇ 25-30 ਬਿਲੀਅਨ ਅਮਰੀਕੀ ਡਾਲਰ ਹੋਣ ਦੀ ਆਸ ਹੈ।

ਇਲੈਕਟ੍ਰਾਨਿਕ ਪ੍ਰਣਾਲੀਆਂ: • 2020 ਤਕ ਅਨੁਮਾਨਿਤ ਮੰਗ 400 ਬਿਲੀਅਨ ਅਮਰੀਕੀ ਡਾਲਰ ਤਕ ਪਹੁੰਚਣ ਦੀ ਆਸ, ਜਿਸ ਵਿਚ ਰਾਸ਼ਟਰੀ ਜਾਣਕਾਰੀ ਨੈੱਟਵਰਕ, ਰਾਸ਼ਟਰੀ ਆਪਟੀਕਲ ਫਾਈਬਰ ਨੈੱਟਵਰਕ ਜਿਹੀਆਂ ਸਰਕਾਰੀ ਸਕੀਮਾਂ ਸਹਾਈ ਹੋਣਗੀਆਂ। • ਆਕਰਸ਼ਕ ਪ੍ਰੋਤਸਾਹਨ ਪੈਕੇਜਿੰਗ ਸਕੀਮ ਜੋ 10 ਸਾਲਾਂ ਲਈ 25 ਪ੍ਰਤਿਸ਼ਤ ਤਕ ਪੂੰਜੀ ਸਬਸਿਡੀ ਮੁਹੱਈਆ ਕਰਵਾਏਗੀ।

***ਖੁਰਾਕ ਡੱਬਾਬੰਦੀ:*** • ਅਮੀਰ ਖੇਤੀਬਾੜੀ ਸਰੋਤ ਦਾ ਆਧਾਰ। • ਫੂਡ ਪਾਰਕਾਂ ਦੀ ਸਥਾਪਨਾ-ਜੋ ਉੱਦਮੀਆਂ ਜਿਨ੍ਹਾਂ ਵਿਚ ਵਿਦੇਸ਼ੀ ਨਿਵੇਸ਼ਕ ਵੀ ਹੋਣਗੇ, ਲਈ ਇਕ ਵਿਸ਼ੇਸ਼ ਮੌਕਾ ਹੋਵੇਗਾ। • ਨਿਵੇਸ਼ ਦੇ ਮੌਕੇ : ਫਲ ਅਤੇ ਸਬਜ਼ੀਆਂ, ਪੀਣ ਵਾਲੇ ਪਦਾਰਥ, ਡੇਅਰੀ, ਅੰਨ ਯੋਜਕ ਅਤੇ ਨਿਊਟ੍ਰਾਸਿਊਟੀਕਲਜ਼, ਮਾਸ ਅਤੇ ਪੋਲਟਰੀ, ਮੱਛੀ, ਸਮੁੰਦਰੀ ਭੋਜਨ ਅਤੇ ਮੱਛੀ ਡੱਬਾਬੰਦੀ; ਖਾਣੇ ਦੀ ਸੁਰੱਖਿਆ ਅਤੇ ਡੱਬਾਬੰਦੀ ਆਦਿ।

***ਆਈ ਟੀ ਅਤੇ ਬੀ ਪੀ ਐੱਮ :*** • ਆਈ ਟੀ – ਬੀ ਪੀ ਐੱਮ ਖੇਤਰ ਕੁੱਲ ਘਰੇਲੂ ਉਤਪਾਦ ਦਾ 8.1 ਪ੍ਰਤਿਸ਼ਤ ਬਣਦਾ ਹੈ ਅਤੇ ਜਨਤਕ ਭਲਾਈ ਲਈ ਭਰਵਾਂ ਯੋਗਦਾਨ ਪਾਉਂਦਾ ਹੈ। • 60 ਪ੍ਰਤਿਸ਼ਤ ਫਰਮਾਂ ਭਾਰਤ ਨੂੰ ਪਰਖ ਸੇਵਾਵਾਂ ਲਈ ਇਸਤੇਮਾਲ ਕਰਦੀਆਂ ਹਨ। • 2012 ਦੀ ਜਾਣਕਾਰੀ ਤੇ ਤਕਨੀਕ ਬਾਰੇ ਰਾਸ਼ਟਰੀ ਨੀਤੀ ਦਾ ਮੰਤਵ ਆਈ ਟੀ ਅਤੇ ਬੀ ਪੀ ਐੱਮ ਉਦਯੋਗ ਦੀ ਆਮਦਨ 2020 ਤਕ ਵਧਾ ਕੇ 300 ਬਿਲੀਅਨ ਅਮਰੀਕੀ ਡਾਲਰ ਕਰਨਾ ਤੇ ਨਿਰਯਾਤ ਨੂੰ 2020 ਤਕ ਵਧਾ ਕੇ 200 ਬਿਲੀਅਨ ਡਾਲਰ ਤਕ ਲਿਜਾਉਣਾ ਹੈ।

***ਚਮੜਾ :*** ਇਸ ਦੀ ਕੁੱਲ ਉਤਪਾਦਨ ਕੀਮਤ 11 ਬਿਲੀਅਨ ਅਮਰੀਕੀ ਡਾਲਰ ਹੈ ਜਿਸ ਵਿਚ ਨਿਰਯਾਤ ਅਤੇ ਵਿਸ਼ਾਲ ਘਰੇਲੂ ਬਾਜ਼ਾਰ ਦੀਆਂ ਅਸੀਮ ਸੰਭਾਵਨਾਵਾਂ ਹਨ। • ਸਾਲਾਨਾ 24 ਪ੍ਰਤਿਸ਼ਤ ਵਿਕਾਸ ਦਾ ਟੀਚਾ। • ਵਿਸ਼ਾਲ ਚਮੜਾ ਸਮੂਹ ਉਪ-ਯੋਜਨਾ ਦਾ ਮੰਤਵ ਚਮੜਾ ਉਦਯੋਗ ਲਈ ਨਵੇਂ ਉਤਪਾਦਨ ਕੇਂਦਰ ਬਣਾਉਣਾ ਜਿਥੇ ਸਾਰਾ ਲੋੜੀਂਦਾ ਢਾਂਚਾ ਅਤੇ ਸੇਵਾਵਾਂ ਹੋਣ।

***ਮੀਡੀਆ ਅਤੇ ਮਨੋਰੰਜਨ :*** • ਇਸ ਉਦਯੋਗ ਦੇ ਸੀ ਏ ਜੀ ਆਰ ਦੀ 14.2 ਪ੍ਰਤਿਸ਼ਤ ਦਰਜ ਕਰਨ ਦੀ ਸੰਭਾਵਨਾ ਹੈ ਜੋ 2018 ਤਕ 1785.8 ਬਿਲੀਅਨ ਰੁਪਏ ਤਕ ਪੁੱਜ ਜਾਵੇਗੀ। • ਭਾਰਤੀ ਫ਼ਿਲਮ ਉਦਯੋਗ ਦਾ ਆਕਾਰ 2018 ਤਕ 219.8 ਬਿਲੀਅਨ ਰੁਪਏ ਹੋਣ ਦੀ ਸੰਭਾਵਨਾ ਹੈ ਜੋ 2013 ਵਿਚ 125.3 ਬਿਲੀਅਨ ਸੀ।

***ਖਦਾਨ :*** • ਭਾਰਤ ਕੋਲ ਖਣਿਜਾਂ ਦੀਆਂ ਅਪਾਰ ਸੰਭਾਵਨਾਵਾਂ ਹਨ ਜਿਸ ਵਾਸਤੇ ਖਣਨ ਦਾ ਪਟਾ 20 ਤੋਂ 30 ਸਾਲਾਂ ਲਈ ਦਿਤਾ ਜਾਂਦਾ ਹੈ। • ਸੰਭਾਵਿਤ ਵਿਕਾਸ ਦਰ 7 ਪ੍ਰਤਿਸ਼ਤ।

***ਮੇਕ ਇਨ ਇੰਡੀਆ – ਬਜਟ 2015-16***

*• ਘਰੇਲੂ ਨਿਰਮਾਣ ਅਤੇ ਨੌਕਰੀਆਂ ਪੈਦਾ ਕਰਨ ਲਈ ਵਿਕਾਸ ਅਤੇ ਨਿਵੇਸ਼ ਨੂੰ ਮੁੜ ਜੀਵਤ ਕਰਨਾ। • ਵਪਾਰ ਦੀ ਸੌਖ ਲਈ ਕਰ ਪ੍ਰਣਾਲੀ ਦਾ ਸਰਲੀਕਰਨ। • ਮਾਹਰ ਕਮੇਟੀ ਦਾ ਗਠਨ ਜੋ ਸੰਭਾਵਨਾ ਦਾ ਮੁੱਲੰਕਣ ਕਰਕੇ ਕਾਨੂੰਨੀ ਖਰੜਾ ਤਿਆਰ ਕਰੇਗੀ। • 22 ਨਿਵੇਸ਼ਾਂ/ਕੱਚੇ ਮਾਲ 'ਤੇ ਬੁਨਿਆਦੀ ਕਸਟਮ ਡਿਊਟੀ ਘਟਾਈ ਗਈ ਤਾਂ ਕਿ ਡਿਊਟੀ ਦੇ ਪਲਟਾਅ ਨੂੰ ਘੱਟ ਤੋਂ ਘੱਟ ਕਰਕੇ ਵੱਖ-ਵੱਖ ਖੇਤਰਾਂ ਵਿਚ ਨਿਰਮਾਣ ਲਾਗਤ ਨੂੰ ਘਟਾਇਆ ਜਾ ਸਕੇ। • ਸਥਾਪਤੀ ਦੇ ਪੱਕੇ ਨਿਯਮਾਂ ਵਿਚ ਸੋਧ ਤਾਂ ਕਿ ਵਿੱਤੀ ਪ੍ਰਬੰਧਕ ਭਾਰਤ ਵਿਚ ਵਸ ਸਕਣ। • ਗਾਰ ਨੂੰ ਦੋ ਸਾਲਾਂ ਲਈ ਮੁਲਤਵੀ ਕਰਨਾ। ਇਸ ਨੂੰ 1.4.2017 ਜਾਂ ਉਸ ਤੋਂ ਬਾਅਦ ਹੋਣ ਵਾਲੇ ਨਿਵੇਸ਼ 'ਤੇ ਲਾਗੂ ਕੀਤਾ ਜਾਵੇਗਾ। • ਤਕਨੀਕੀ ਸੇਵਾਵਾਂ ਤੇ ਰਾਇਲਟੀ 'ਤੇ ਫੀਸ ਆਦਿ ਉਤੇ ਆਮਦਨ ਕਰ ਦੀ ਦਰ 25 ਪ੍ਰਤਿਸ਼ਤ ਤੋਂ ਘਟਾ ਕੇ 10 ਪ੍ਰਤਿਸ਼ਤ ਕਰਨਾ ਤਾਂ ਕਿ ਤਕਨੀਕ ਦੀ ਆਮਦ ਨੂੰ ਹੁਲਾਰਾ ਮਿਲ ਸਕੇ। • 22 ਨਿਵੇਸ਼ਾਂ/ਕੱਚੇ ਮਾਲ 'ਤੇ ਮੁਢਲੀ ਕਸਟਮ ਡਿਊਟੀ ਅਤੇ ਕੁੱਝ ਦੂਜੇ ਨਿਵੇਸ਼ਾਂ/ਕੱਚੇ ਮਾਲ 'ਤੇ ਵੀ ਘਟਾ ਦਿਤੀ ਗਈ ਹੈ ਤਾਂ ਕਿ ਡਿਊਟੀ ਦੇ ਪਲਟਾਅ ਅਤੇ ਵੱਖ-ਵੱਖ ਨਿਰਮਾਣ ਖੇਤਰਾਂ ਵਿਚ ਨਿਰਮਾਣ ਲਾਗਤ ਨੂੰ ਘੱਟ ਕੀਤਾ ਜਾ ਸਕੇ। • ਆਰ ਈ ਆਈ ਟੀ ਐੱਸ ਨੂੰ ਆਪਣੇ ਅਸਾਸਿਆਂ ਤੋਂ ਪ੍ਰਾਪਤ ਕਿਰਾਏ ਵਜੋਂ ਆਮਦਨ ਨੂੰ ਸਹੂਲਤ ਦੇ ਮਾਧਿਅਮ ਦੀ ਸਹੂਲਤ। • ਵਰਗ 1 ਅਤੇ ਵਰਗ 2 ਵਿਕਲਪਿਕ ਨਿਵੇਸ਼ ਫ਼ੰਡਾਂ ਲਈ ਕਰ ਜ਼ਰੀਏ ਗੁਜ਼ਰਨ ਦੀ ਆਗਿਆ।*

***ਤੇਲ ਅਤੇ ਗੈਸ :*** • ਉਦਯੋਗ ਵਿਚ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਨਵੀਂ ਖੋਜ ਲਾਇਸੰਸ ਨੀਤੀ ਅਤੇ ਕੋਲਾ ਬੈੱਡ ਮੀਥੇਨ ਨੀਤੀ। • ਦੇਸ਼ ਦਾ 48 ਪ੍ਰਤਿਸ਼ਤ ਤਲਛਟੀ ਵਾਲਾ ਖੇਤਰ ਹਾਲੇ ਖੋਜ ਤੋਂ ਸੱਖਣਾ ਹੈ। ਸ਼ਹਿਰੀ ਗੈਸ ਅਤੇ ਵੰਡ ਖੇਤਰ ਵਰਤਮਾਨ ਅਤੇ ਨਵੀਆਂ ਕੰਪਨੀਆਂ ਲਈ ਮੌਕੇ ਪੇਸ਼ ਕਰਦਾ ਹੈ।

***ਦਵਾਈਆਂ ਦੀ ਸੱਨਅਤ:*** • 2020 ਤਕ ਵਾਧੇ ਦੇ ਵਿਕਾਸ ਸਦਕਾ ਦਵਾਈ ਬਾਜ਼ਾਰ ਦੇ ਤੀਜੇ ਸਥਾਨ 'ਤੇ ਪੁੱਜਣ ਦੀ ਉਮੀਦ। • ਸਕ੍ਰਿਅ ਦਵਾਈ ਤੱਤਾਂ ਲਈ 2016 ਤਕ, 7.2 ਪ੍ਰਤਿਸ਼ਤ ਬਾਜ਼ਾਰੀ ਹਿੱਸੇ ਵਿਚ ਵਾਧੇ ਨਾਲ ਵਿਸ਼ਵ ਦਾ ਤੀਜਾ ਵੱਡਾ ਬਾਜ਼ਾਰ ਬਣਨ ਦੀ ਸੰਭਾਵਨਾ।

***ਬੰਦਰਗਾਹਾਂ :*** • ਮਾਲ-ਸਾਮਾਨ ਨਾਲ ਨਜਿੱਠਣ ਦੀ ਸਮਰੱਥਾ 2009 ਦੀ 575 ਐੱਮ ਐੱਮ ਟੀ ਤੋਂ ਵਧ ਕੇ 2014 ਵਿਚ 800 ਐੱਮ ਐੱਮ ਟੀ ਹੋ ਗਈ। • ਬੰਦਰਗਾਹ ਢਾਂਚੇ ਦੇ ਵਿਕਾਸ ਵਿਚ ਵਪਾਰਕ ਸਰਗਰਮੀਆਂ ਅਤੇ ਨਿੱਜੀ ਭਾਗੀਦਾਰੀ ਵਿਚ ਵਾਧਾ। • ਸਾਗਰਮਾਲਾ ਯੋਜਨਾ ਤੱਟੀ ਰਾਜਾਂ ਵਿਚ ਬੰਦਰਗਾਹੀ ਵਿਕਾਸ ਨੂੰ ਵਧਾਉਣ ਲਈ ਬਣਾਈ ਗਈ। • ਅਨੇਕ ਬੰਦਰਗਾਹਾਂ ਦੇ ਲਾਗੇ ਵਿਸ਼ੇਸ਼ ਆਰਥਿਕ ਖੇਤਰ ਵਿਕਸਤ ਕੀਤੇ ਜਾ ਰਹੇ ਹਨ ਜਿਨ੍ਹਾਂ ਵਿਚ ਕੋਲਾ ਆਧਾਰਿਤ ਊਰਜਾ ਪਲਾਂਟ, ਸਟੀਲ ਪਲਾਂਟ ਅਤੇ ਤੇਲ ਸੋਧਕ ਕਾਰਖ਼ਾਨੇ ਸ਼ਾਮਿਲ ਹਨ।

***ਰੇਲਵੇ :*** • ਸਵੈਚਾਲਿਤ ਰਸਤੇ ਰਾਹੀਂ ਰੇਲਵੇ ਢਾਂਚਾਗਤ ਖੇਤਰ ਵਿਚ 100 ਪ੍ਰਤਿਸ਼ਤ ਵਿਦੇਸ਼ੀ ਪੂੰਜੀ ਨਿਵੇਸ਼। • ਤਰਜੀਹ : ਬੰਦਰਗਾਹਾਂ ਨੂੰ ਜੋੜਨਾ।

***ਢਾਂਚਾਗਤ ਯੋਜਨਾਵਾਂ :*** • ਉੱਚ ਗਤੀ ਰੇਲ ਯੋਜਨਾਵਾਂ, ਕੋਲਾ ਖਾਨਾਂ ਅਤੇ ਬੰਦਰਗਾਹਾਂ ਤੋਂ ਰਸਤੇ ਵੱਲ ਰੇਲ ਪਟੜੀਆਂ, ਸਮਰਪਿਤ ਮਾਲ ਭਾੜੇ ਦੇ ਲਾਂਘੇ।

***ਸੜਕਾਂ ਤੇ ਜਰਨੈਲੀ ਸੜਕਾਂ :*** • 4.86 ਮਿਲੀਅਨ ਕਿਲੋਮੀਟਰ ਦਾ ਵਿਸ਼ਾਲ ਸੜਕੀ ਜਾਲ : ਦੁਨੀਆਂ ਵਿਚ ਦੂਜਾ ਸਭ ਤੋਂ ਵੱਡਾ। • ਨਿੱਜੀ ਖੇਤਰ : ਸੜਕ ਢਾਂਚੇ ਦੇ ਵਿਕਾਸ ਵਿਚ ਮੁੱਖ ਭੂਮਿਕਾ। • ਭਾਰਤ ਸਰਕਾਰ ਦੀ ਵੱਖ-ਵੱਖ ਪ੍ਰੋਗਰਾਮਾਂ ਤਹਿਤ ਕੁੱਲ 66,117 ਕਿਲੋਮੀਟਰ ਸੜਕਾਂ ਵਿਕਸਤ ਕਰਨ ਦੀ ਯੋਜਨਾ ਹੈ।

***ਨਵਿਆਉਣਯੋਗ ਊਰਜਾ :*** • ਕੁੱਲ ਨਵਿਆਉਣਯੋਗ ਊਰਜਾ ਸਮਰੱਥਾ ਸਥਾਪਨ ਵਿਚ 2014 ਦੇ ਅਖੀਰ ਤਕ 33,792 ਮੈਗਾਵਾਟ ਦੀ ਸਥਾਪਿਤ ਸਮਰੱਥਾ ਨਾਲ ਭਾਰਤ ਦਾ ਦੁਨੀਆਂ ਵਿਚ ਪੰਜਵਾਂ ਨੰਬਰ ਹੈ। • ਭਾਰਤ ਦੀ ਯੋਜਨਾ ਨਵਿਆਉਣਯੋਗ ਊਰਜਾ ਨੂੰ 165 ਮੈਗਾਵਾਟ ਤਕ ਲਿਜਾਉਣ ਦੀ ਹੈ, ਇਸ ਵਿਚੋਂ 2019-20 ਤਕ ਸੌਰ ਊਰਜਾ 100 ਗੀਗਾਵਾਟ ਹੋਵੇਗੀ। • ਸਰਕਾਰ ਵਲੋਂ ਪ੍ਰਦਾਨ ਕੀਤੇ ਗਏ ਮੁੱਖ ਨੀਤੀ ਉਤਸ਼ਾਹ, ਜਿਸ ਵਿਚ ਤੇਜ਼ ਅਵਮੁੱਲਣ, ਉਤਪਾਦਨ ਆਧਾਰਿਤ ਪ੍ਰੋਤਸਾਹਨ; ਸ਼ੁਲਕ ਅਤੇ ਗੁੰਜਾਇਸ਼ ਖੱਪੇ ਲਈ ਫ਼ੰਡ ਆਦਿ ਨਾਲ ਨਵਿਆਉਣਯੋਗ ਊਰਜਾ ਦੇ ਖੇਤਰ ਵਿਚ ਵੱਡੇ ਨਿਵੇਸ਼ ਹੋਣ ਦੀ ਸੰਭਾਵਨਾ।

***ਪੁਲਾੜ :*** • ਭਾਰਤ ਘੱਟ ਕੀਮਤ ਦੀ ਪੁਲਾੜੀ ਖੋਜ ਵਿਚ ਵਿਸ਼ਵ ਭਰ ਵਿਚ ਮੋਹਰੀ ਹੈ ਅਤੇ ਭਾਰਤੀ ਪੁਲਾੜ ਪ੍ਰੋਗਰਾਮ ਦੁਨੀਆਂ ਭਰ ਵਿਚ ਸਭ ਤੋਂ ਘੱਟ ਲਾਗਤ ਲਈ ਜਾਣਿਆ ਜਾਂਦਾ ਹੈ। ਮੰਗਲ ਆਰਬਿਟਰ ਮਿਸ਼ਨ ਦੀ 74 ਮਿਲੀਅਨ ਡਾਲਰ ਦੀ ਲਾਗਤ ਦੂਜੇ ਦੇਸ਼ਾਂ ਵਲੋਂ ਅਜਿਹੇ ਮਿਸ਼ਨਾਂ ਦੀ ਲਾਗਤ ਦਾ ਇਕ ਛੋਟਾ ਜਿਹਾ ਮਾਤਰ ਹੈ। • 30 ਭਾਰਤੀ 40 ਵਿਦੇਸ਼ੀ ਉਪਗ੍ਰਹਿ ਹਾਲੇ ਤਕ ਪੁਲਾੜ ਵਿਚ ਭੇਜ ਕੇ, ਭਾਰਤ ਵਿਚ ਦੁਨੀਆਂ ਦਾ ਉਪਗ੍ਰਹਿ ਭੇਜਣ ਦੀ ਸੇਵਾ ਦੇਣ ਵਾਲਾ ਦੇਸ਼ ਬਣਨ ਦੀ ਕਾਬਲੀਅਤ ਹੈ। ਭਾਰਤ ਨੇ 19 ਦੇਸ਼ਾਂ ਦੇ 40 ਉਪਗ੍ਰਹਿ ਪੁਲਾੜ ਵਿਚ ਭੇਜੇ ਹਨ।

***ਕੱਪੜਾ ਅਤੇ ਵਸਤਰ :*** • ਦੁਨੀਆਂ ਭਰ ਵਿਚ ਭਾਰਤ ਕੋਲ ਦੂਜੀ ਸਭ ਤੋਂ ਵੱਡੀ ਉਤਪਾਦਨ ਸਮਰੱਥਾ ਹੈ। • ਭਾਰਤ ਕੋਲ ਸਭ ਤੋਂ ਵੱਡੀ ਖੱਡੀ ਸਮਰਥਾ ਹੈ (ਜਿਸ ਵਿਚ ਹੱਥ ਖੱਡੀ ਸ਼ਾਮਿਲ ਹੈ) ਜਿਸ ਦੀ ਵਿਸ਼ਵ ਬਾਜ਼ਾਰ ਵਿਚ 63 ਪ੍ਰਤਿਸ਼ਤ ਭਾਗੀਦਾਰੀ ਹੈ। • ਹੁਨਰਮੰਦ ਕਾਮੇ ਅਤੇ ਵੱਡੇ ਕੱਪੜਾ ਉਤਪਾਦਕਾਂ ਦੇ ਮੁਕਾਬਲੇ ਉਤਪਾਦਨ ਲਾਗਤ ਦੇ ਮਾਮਲੇ ਵਿਚ ਭਾਰਤ ਕੋਲ ਤੁਲਨਾਤਮਕ ਫ਼ਾਇਦਾ ਹੈ। • ਭਾਰਤ ਤੋਂ ਕੱਪੜੇ ਦਾ ਨਿਰਯਾਤ 2025 ਤਕ 300 ਬਿਲੀਅਨ ਅਮਰੀਕੀ ਡਾਲਰ ਹੋਣ ਦੀ ਸੰਭਾਵਨਾ ਹੈ।

***ਤਾਪ ਬਿਜਲੀ :*** • ਸਰਕਾਰ ਨੇ 2012-17 ਤਕ 88.5 ਗੀਗਾਵਾਟ ਅਤੇ 2017-22 ਤਕ 86.4 ਗੀਗਾਵਾਟ ਸਮਰੱਥਾ ਦਾ ਵਾਧਾ ਕਰਨ ਦਾ ਟੀਚਾ ਰੱਖਿਆ ਹੋਇਆ ਹੈ। • ਵਧਦੀ ਵਸੋਂ ਕਾਰਨ ਊਰਜਾ ਦੀ ਮੰਗ ਵਿਚ ਵੀ ਵਾਧਾ ਹੋਵੇਗਾ। • ਨਿਵੇਸ਼ ਦੇ ਮੌਕੇ : ਊਰਜਾ ਉਤਪਾਦਨ, ਪ੍ਰਸਾਰਨ ਅਤੇ ਵੰਡ, ਊਰਜਾ ਵਪਾਰ ਅਤੇ ਊਰਜਾ ਵਟਾਂਦਰਾ।

***ਸੈਰ-ਸਪਾਟਾ :*** • 2014 ਵਿਚ ਭਾਰਤ ਅੰਦਰ ਵਿਦੇਸ਼ੀ ਯਾਤਰੀਆਂ ਦੀ ਆਮਦ 7.1 ਪ੍ਰਤਿਸ਼ਤ ਤੋਂ ਵਧ ਕੇ 7.5 ਪ੍ਰਤਿਸ਼ਤ ਹੋ ਗਈ। • ਸੈਰ-ਸਪਾਟੇ ਦੇ ਵਿਕਾਸ ਨੂੰ ਹੁਲਾਰਾ ਦੇਣ ਵਾਲੇ ਤੱਤਾਂ ਵਿਚ ਧਿਆਨ ਕੇਂਦਰਿਤ ਬਾਜ਼ਾਰੀਕਰਨ ਅਤੇ ਪ੍ਰੋਤਸਾਹਨ ਦੀਆਂ ਕੋਸ਼ਿਸ਼ਾਂ ਹਵਾਈ ਯਾਤਰਾ ਦਾ ਉਦਾਰੀਕਰਨ, ਆਨਲਾਈਨ ਯਾਤਰੀ ਪੋਰਟਲ ਦਾ ਵਿਕਾਸ, ਵਧਦਾ ਅੰਤਰ-ਖੇਤਰੀ ਸਹਿਯੋਗ ਅਤੇ ਜ਼ਿਆਦਾ ਪ੍ਰਭਾਵੀ ਜਨਤਕ-ਨਿੱਜੀ ਭਾਈਵਾਲੀਆਂ ਸ਼ਾਮਿਲ ਹਨ। • ਸੈਰ-ਸਪਾਟਾ ਮੰਤਰਾਲੇ ਦਾ ਅੱਧਿਉਂ ਵੱਧ ਯੋਜਨਾਕ੍ਰਿਤ ਬਜਟ ਸੈਰ-ਸਪਾਟੇ ਦੇ ਸਥਾਨਾਂ, ਸਰਕਟਾਂ ਅਤੇ ਵਿਸ਼ਾਲ ਪ੍ਰਾਜੈਕਟਾਂ ਅਤੇ ਨਾਲ ਹੀ ਨਾਲ ਪੇਂਡੂ ਸੈਰ-ਸਪਾਟਾ ਢਾਂਚਾਗਤ ਯੋਜਨਾਵਾਂ ਨੂੰ ਪੈਸਾ ਦੇਣ ਲਈ ਵਰਤਿਆ ਜਾਂਦਾ ਹੈ।

## ਮੇਕ ਇਨ ਇੰਡੀਆ ਡਾਟ ਕਾਮ

• ਇਹ ਖੇਤਰ ਸਾਲ ਦਰ ਸਾਲ 20 ਪ੍ਰਤਿਸ਼ਤ ਦੀ ਦਰ ਨਾਲ ਵਿਕਸਤ ਹੋ ਰਿਹਾ ਹੈ ਤੇ 2014 ਤਕ ਇਸ ਦੀ ਰਕਮ 162 ਬਿਲੀਅਨ ਰੁਪਏ ਹੋਣ ਦੀ ਸੰਭਾਵਨਾ ਹੈ। • ਭਾਰਤ ਸਰਕਾਰ ਨੇ ਆਯੁਰਵੇਦ, ਯੋਗਾ ਅਤੇ ਨੈਚਰੋਪੈਥੀ, ਯੂਨਾਨੀ, ਸਿੱਧਾ ਅਤੇ ਹੋਮਿਓਪੈਥੀ ਮੰਤਰਾਲਾ ਦੀ ਸਥਾਪਨਾ ਕੀਤੀ ਹੈ ਜਿਸ ਦਾ ਮਕਸਦ ਇਨ੍ਹਾਂ ਪ੍ਰਾਚੀਨ ਸਿਹਤ ਸੰਭਾਲ ਪ੍ਰਣਾਲੀਆਂ ਨੂੰ ਸੇਧਿਤ ਵਿਕਾਸ ਦਿਸ਼ਾ ਨਾਲ ਇਕਮਿਕ ਕਰਨਾ ਹੈ।

ਅੱਜ ਭਾਰਤ ਦੀ ਭਰੋਸੇਯੋਗਤਾ ਪਹਿਲਾਂ ਨਾਲੋਂ ਕਿਤੇ ਮਜ਼ਬੂਤ ਹੈ। ਗਤੀਸ਼ੀਲਤਾ, ਊਰਜਾ ਅਤੇ ਆਸ਼ਾਵਾਦ ਨਜ਼ਰ ਆ ਰਿਹਾ ਹੈ। ਮੇਕ ਇਨ ਇੰਡੀਆ ਨਿਵੇਸ਼ ਦੇ ਬੂਹੇ ਖੋਲ੍ਹ ਰਿਹਾ ਹੈ। ਬਹੁਤ ਸਾਰੇ ਉੱਦਮ ਇਸ ਦਾ ਮੰਤਰ ਅਪਣਾ ਰਹੇ ਹਨ। ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਦੁਨੀਆਂ ਦੀ ਸਭ ਤੋਂ ਤਾਕਤਵਰ ਆਰਥਿਕਤਾ ਬਣਨ ਦੇ ਰਾਹ 'ਤੇ ਪੱਕੇ ਪੈਰੀਂ ਤੁਰ ਪਿਆ ਹੈ।

*(ਲੇਖਕ ਭਾਰਤੀ ਪ੍ਰਸ਼ਾਸਨਿਕ ਸੇਵਾ ਦਾ ਮੈਂਬਰ ਅਤੇ ਸਕੱਤਰ, ਉਦਯੋਗਿਕ ਨੀਤੀ ਤੇ ਉੱਨਤੀ ਵਿਭਾਗ, ਭਾਰਤ ਸਰਕਾਰ ਹੈ।)*

*e-mail :amitabh.kant@nic.in*

# 14ਵੇਂ ਵਿੱਤ ਆਯੋਗ ਦੀਆਂ ਸਿਫ਼ਾਰਸ਼ਾਂ : ਸੰਘਵਾਦ ਦੀ ਭਾਵਨਾ ਅਨੁਸਾਰ

ਪ੍ਰਭਾਕਰ ਸਾਹੂ

ਭਾਰਤ ਸਰਕਾਰ ਦੇ ਐਕਟ- 1935 ਦੇ ਲਾਗੂ ਹੋਣ ਤੋਂ ਹੀ ਕੇਂਦਰ, ਰਾਜਾਂ ਅਤੇ ਦੋਵੇਂ ਕੇਂਦਰ ਅਤੇ ਰਾਜਾਂ ਅਧੀਨ ਆਉਣ ਵਾਲੇ ਵਿਸ਼ਿਆਂ ਦੀ ਸਪੱਸ਼ਟ ਨਿਸ਼ਾਨਦੇਹੀ ਦੀ ਸਥਾਪਨਾ ਹੋਈ ਹੈ। ਇਸ ਵਿਚ ਵੱਖ-ਵੱਖ ਸੰਵਿਧਾਨਿਕ ਸੋਧਾਂ, ਸਰੋਤਾਂ ਦੀ ਵੰਡ ਦੀ ਕਸੌਟੀ ਆਦਿ ਵਿਚ ਅਸੰਤੁਲਨ ਨੂੰ ਘਟਾਉਣਾ ਅਤੇ ਜਨਤਕ ਸੇਵਾਵਾਂ ਜਿਵੇਂ ਸਿੱਖਿਆ, ਸਿਹਤ ਆਦਿ ਨੂੰ ਸਾਰੇ ਰਾਜਾਂ ਵਿਚ ਬਰਾਬਰ ਕਰ ਦੀ ਦਰ ਤੇ ਦੇਣ ਨੂੰ ਯਕੀਨੀ ਬਣਾਉਣਾ ਆਦਿ ਨੂੰ ਪੂਰਾ ਕੀਤਾ ਜਾ ਸਕੇ। ਜ਼ਿਆਦਾਤਰ ਸੰਘਾਂ ਵਾਂਗ ਜਿਥੇ ਅਸਥਿਰਤਾ ਅਤੇ ਫ਼ੰਡ ਦੇ ਉਦੇਸ਼ਾਂ ਨੂੰ ਹਾਸਲ ਕਰਨ ਲਈ ਸਰੋਤ ਕੇਂਦਰ ਸਰਕਾਰ ਦੇ ਹੱਕ ਵਿਚ ਹਨ, ਭਾਰਤੀ ਸੰਘਵਾਦ ਵਿੱਤੀ ਅਸੰਤੁਲਨ (ਉਤੋਂ ਹੇਠਾਂ ਨੂੰ) ਦਾ ਸ਼ਿਕਾਰ ਹੈ ਜਿਥੇ ਸਰਕਾਰ ਦੇ ਵੱਖ-ਵੱਖ ਪੱਧਰਾਂ ਤੇ ਸਰੋਤਾਂ ਅਤੇ ਖਰਚ ਜ਼ਿੰਮੇਵਾਰੀਆਂ ਦਾ ਅਸਾਵਾਂਪਨ ਹੈ। ਭਾਵੇਂ ਕਿ ਕੇਂਦਰੀ ਵਿੱਤ ਆਯੋਗ, ਯੋਜਨਾ ਆਯੋਗ (ਹੁਣ ਨੀਤੀ ਆਯੋਗ) ਅਤੇ ਕੇਂਦਰੀ ਮੰਤਰਾਲਿਆਂ ਦੁਆਰਾ ਅੰਤਰ-ਸਰਕਾਰ ਤਬਦੀਲੀਆਂ ਵਾਪਰਦੀਆਂ ਹਨ ਤਾਂ ਕਿ ਦੇਸ਼ ਭਰ ਵਿਚ ਲੋਕ-ਸਹੂਲਤਾਂ ਦੇਣ ਲਈ ਉਤੋਂ ਹੇਠਾਂ ਨੂੰ ਹੋ ਰਹੇ ਵਿੱਤੀ ਅਸੰਤੁਲਨ ਅਤੇ ਖੇਤਰੀ ਅਬਰਾਬਰੀ ਨੂੰ ਘੱਟ ਕੀਤਾ ਜਾ ਸਕੇ। ਪਰ ਸਮੱਸਿਆਵਾਂ ਹਾਲੇ ਵੀ ਮੌਜੂਦ ਹਨ। ਹਰੇਕ ਵਿੱਤ ਆਯੋਗ ਵਾਂਗ 14ਵਾਂ ਵਿੱਤ ਆਯੋਗ ਵਿੱਤੀ ਸੰਘਵਾਦ ਤੇ ਨਾਲ ਹੀ ਇਕ ਸਹੀ ਅਰਥਾਂ ਵਿਚ ਸਹਿਯੋਗੀ ਅਤੇ ਮੁਕਾਬਲੇ ਦਾ ਸੰਘਵਾਦ ਬਣਾਉਣ ਦੀ ਇੱਛਾ ਨਾਲ ਵਿੱਤੀ ਸੰਘਵਾਦ ਦੇ ਉਦੇਸ਼ਾਂ ਦੀ ਪੂਰਤੀ ਕਰਦਾ ਨਜ਼ਰ ਆ ਰਿਹਾ ਹੈ।

ਪਿਛਲੇ ਸਾਲਾਂ ਵਿਚ ਕੇਂਦਰ ਤੋਂ ਰਾਜਾਂ ਨੂੰ ਵਿੱਤੀ ਤਬਦੀਲੀਆਂ ਦੀ ਬਣਤਰ ਵਿਚ ਬਦਲਾਅ ਆਏ ਹਨ, ਜਦ ਕਿ ਵਿੱਤ ਆਯੋਗ ਰਾਹੀਂ ਕਾਨੂੰਨੀ ਤਬਦੀਲੀਆਂ ਦਾ ਹਿੱਸਾ ਥੋੜ੍ਹਾ ਘਟਿਆ ਹੈ, ਯੋਜਨਾ ਅਨੁਦਾਨ ਜਿਨ੍ਹਾਂ ਵਿਚ ਅਖ਼ਤਿਆਰੀ ਹਿੱਸਾ ਹੁੰਦਾ ਹੈ, ਵਧਿਆ ਹੈ। ਕੇਂਦਰ ਵਲੋਂ ਪ੍ਰਾਯੋਜਿਤ ਸਕੀਮਾਂ (ਸੀ ਐੱਸ ਐੱਸ) ਦੁਆਰਾ ਹੋਣ ਵਾਲੀਆਂ ਤਬਦੀਲੀਆਂ ਦੀ ਹਿੱਸੇਦਾਰੀ, ਰਾਜਾਂ ਦਾ ਬਜਟ 2013-14 ਤਕ ਪਾਸ ਕਰਨ ਨਾਲ ਵਧਿਆ ਹੈ ਜਿਸ ਨੂੰ ਰਾਜਾਂ ਵਲੋਂ ਉਨ੍ਹਾਂ ਦੇ ਸਮਾਜਿਕ-ਆਰਥਿਕ ਉਦੇਸ਼ਾਂ ਬਾਰੇ ਕੇਂਦਰ ਵਲੋਂ ਫ਼ੈਸਲਾ ਕਰਨ ਨੂੰ ਆਪਣੇ ਅਧਿਕਾਰ ਖੇਤਰ 'ਤੇ ਸਿੱਧਾ ਵਾਰ ਸਮਝਿਆ ਜਾ ਰਿਹਾ ਹੈ। ਰਾਜਾਂ ਦੇ ਵਿਸ਼ਿਆਂ ਅਤੇ ਸਮਵਰਤੀ ਸੂਚੀ ਵਿਚ ਸੀ ਐੱਸ ਐੱਸ ਦਾ ਦਾਇਰਾ ਵਧਾਉਣ ਦੇ ਨਰਮ ਤੇ ਕੇਂਦਰ ਸਰਕਾਰ ਵਲੋਂ ਕੀਤਾ ਜਾ ਰਿਹਾ ਦਖ਼ਲ ਰਾਜਾਂ ਦੀ ਮੁੱਖ ਸ਼ਿਕਾਇਤ ਰਹੀ ਹੈ। ਕੁਝ ਮੁੱਦੇ ਹਨ ਜੋ ਕੇਂਦਰ ਰਾਜਾਂ ਦੇ ਵਿੱਤੀ ਅਧਿਕਾਰ ਖੇਤਰ ਵਿਚ ਰਹਿੰਦੇ ਹਨ ਜਿਵੇਂ ਤਬਦੀਲੀ ਦੇ ਇਕ ਤੋਂ ਵੱਧ ਰਸਤੇ; ਵਿੱਤ ਆਯੋਗ ਦੀਆਂ ਤਬਦੀਲੀਆਂ ਦਾ ਸੀਮਤ ਦਾਇਰਾ; ਕੰਮ ਦੇ ਤਰੀਕੇ ਦੀ ਕਮਜ਼ੋਰੀ ਅਤੇ ਕੰਮ ਚਲਾਊ, ਸੋਚ ਤੇ ਲੋੜ ਤੋਂ ਵੱਧ ਨਿਰਭਰਤਾ ਅਤੇ ਉਦੇਸ਼ ਦੀ ਬਹੁਤਾਤ, ਅਬਰਾਬਰੀ ਘਟਾਉਣ ਦੇ ਮੁੱਖ ਮੁੱਦੇ 'ਤੇ ਧਿਆਨ ਕੇਂਦਰਿਤ ਕਰਨ ਵਿਚ ਅਸਫਲ ਹੋ ਰਹੀ ਹੈ।

ਵਿੱਤੀ, ਆਰਥਿਕ ਅਤੇ ਸਮਾਜਿਕ ਖੇਤਰਾਂ ਵਿਚ ਚੌਦ੍ਹਵੇਂ ਵਿੱਤ ਆਯੋਗ ਦੀ ਭੂਮਿਕਾ ਔਖੀਆਂ ਜ਼ਿੰਮੇਵਾਰੀਆਂ ਵਾਲੀ ਸੀ। ਚੌਦ੍ਹਵੇਂ ਵਿੱਤ ਆਯੋਗ ਨੂੰ ਕੇਂਦਰ ਅਤੇ ਰਾਜ ਸਰਕਾਰਾਂ ਦੇ ਕਰ ਅਨੁਪਾਤ ਨੂੰ ਵਧਾਉਣ, ਵਿੱਤੀ ਖ਼ੁਦਮੁਖ਼ਤਿਆਰੀ ਵਾਸਤੇ ਯੋਜਨਾ, ਜਨਤਕ ਖੇਤਰ ਦੇ ਉਦਯੋਗਾਂ ਦੀ ਕਾਰਗੁਜ਼ਾਰੀ ਸੁਧਾਰਨ, ਰਾਜਾਂ ਵਿਚ ਸਰਕਾਰੀ ਖਰਚਿਆਂ ਵਿਚ ਅਬਰਾਬਰੀ ਦੇ ਵਧਦੇ ਰੁਝਾਨ ਨੂੰ ਰੋਕਣ, ਪ੍ਰਸਥਿਤੀ ਵਾਤਾਵਰਨ ਅਤੇ ਮੌਸਮ ਵਿਚ ਬਦਲਾਅ ਨਾਲ ਨਜਿੱਠਣ ਲਈ ਸੁਝਾਅ ਦੇਣ ਵਾਸਤੇ ਆਖਿਆ ਗਿਆ ਸੀ। ਹੋਰ, ਇਸ ਤੋਂ ਜੀ ਐੱਸ ਟੀ ਦੇ ਪ੍ਰਭਾਵ ਦੀ ਸਮੀਖਿਆ ਕਰਨ ਅਤੇ ਰਾਜਾਂ ਲਈ ਸਹਾਇਤਾ ਰਾਸ਼ੀ ਤੰਤਰ ਬਣਾਉਣ ਅਤੇ ਵਿੱਤੀ ਸਥਿਰਤਾ ਅਤੇ ਨਿਰੰਤਰਤਾ ਲਈ ਜਨਤਕ ਸੇਵਾਵਾਂ ਅਤੇ ਜਨਤਕ ਖੇਤਰ ਆਦਰਿਆਂ ਦੀ ਕੀਮਤ ਨਿਰਧਾਰਨ ਲਈ ਸਿਫ਼ਾਰਸ਼ਾਂ ਦੇਣ ਨੂੰ ਆਖਿਆ ਗਿਆ ਸੀ।

## ਕੇਂਦਰ ਅਤੇ ਰਾਜਾਂ ਦੇ ਵਿੱਤ

ਚੌਦ੍ਹਵਾਂ ਵਿੱਤ ਆਯੋਗ ਹਵਾਲਿਆਂ ਦੀਆਂ ਸ਼ਰਤਾਂ (ਟੀ ਓ ਆਰਜ਼) ਦੇ ਹੁਕਮ ਅਨੁਸਾਰ ਕੇਂਦਰ ਅਤੇ ਰਾਜਾਂ ਦੇ ਵਿੱਤੀ ਆਮਦਨ ਦੀ ਸਮੀਖਿਆ ਨਾਲ ਸ਼ੁਰੂਆਤ ਕਰੇਗਾ ਤਾਂ ਜੋ ਰਾਜਾਂ ਨੂੰ ਉਤੋਂ ਹੇਠਾਂ ਅਤੇ ਸੱਜਿਉਂ ਖੱਬੇ ਨੂੰ ਵੰਡ ਦਾ ਹਿੱਸਾ ਨਿਰਧਾਰਤ ਕਰਨ ਤੋਂ ਪਹਿਲਾਂ 13ਵੇਂ ਵਿੱਤ ਆਯੋਗ ਵਲੋਂ ਸਿਫ਼ਾਰਸ਼ ਕੀਤੇ ਵਿੱਤੀ ਸੁਦ੍ਰਿੜੀਕਰਨ ਦੇ ਰਸਤੇ 'ਤੇ ਚੱਲਣ ਨੂੰ ਸੌਖਾਲਾ ਬਣਾਇਆ ਜਾ ਸਕੇ। ਕਿਉਂਕਿ ਕੇਂਦਰ ਸਰਕਾਰ ਦਾ ਕਰ ਕੁੱਲ ਘਰੇਲੂ ਉਤਪਾਦ ਦਾ ਅਨੁਪਾਤ 2007-08 ਦੇ 11.9 ਪ੍ਰਤਿਸ਼ਤ ਤੋਂ ਘਟ ਕੇ 2012-13 ਵਿਚ 10.2 ਪ੍ਰਤਿਸ਼ਤ ਹੋ ਗਿਆ ਹੈ ਜਿਸ ਦਾ ਕਾਰਨ ਭਾਰਤੀ ਆਰਥਿਕਤਾ ਵਿਚ ਆਈ ਮੰਦੀ ਅਤੇ ਵਿਸ਼ਵ ਵਿੱਤੀ ਸੰਕਟ ਦੇ ਚਲਦਿਆਂ ਕੇਂਦਰੀ ਐਕਸਾਈਜ਼ ਡਿਊਟੀਆਂ 'ਚ ਕਟੌਤੀ ਹੈ, 14ਵੇਂ ਵਿੱਤ ਆਯੋਗ ਨੇ ਨੋਟ ਕੀਤਾ ਕਿ ਕਰ ਕੁੱਲ ਘਰੇਲੂ ਉਤਪਾਦ ਅਨੁਪਾਤ ਨੂੰ ਵਧਾਉਣ ਦੀਆਂ ਕਾਫ਼ੀ ਸੰਭਾਵਨਾਵਾਂ ਹਨ। ਪਏ ਹੋਏ ਕਰ ਕੁੱਲ ਘਰੇਲੂ ਉਤਪਾਦ ਅਨੁਪਾਤ ਦੇ ਨਾਲ-ਨਾਲ, ਗ਼ੈਰ ਕਰ ਆਮਦਨ ਅਤੇ ਗ਼ੈਰ ਕਰਜ਼ ਪੂੰਜੀ ਦੀ ਆਮਦ ਵੀ ਰਾਜ ਸਰਕਾਰਾਂ ਵੱਲ ਖੁੱਲ੍ਹੇ ਕਰਜ਼ਿਆਂ ਦੀ ਅਦਾਇਗੀ ਘੱਟ ਹੋਣ ਕਾਰਨ ਘੱਟ ਹੋ ਗਈ ਹੈ। ਜਨਤਕ ਖੇਤਰ ਅਦਾਰਿਆਂ ਦੇ ਘਟਦੇ ਲਾਭਅੰਸ਼ ਅਤੇ ਅਪਨੇਵੇਸ਼ ਤੋਂ ਘੱਟ ਆਮਦਨ

ਪ੍ਰਾਪਤੀ ਵੀ ਇਸ ਦਾ ਇਕ ਕਾਰਨ ਹੈ। ਕੁੱਲ ਮਿਲਾ ਕੇ, ਕੇਂਦਰੀ ਸਰਕਾਰ ਦੀ ਆਮਦਨੀ ਵਿਚ ਕੋਈ ਸੁਧਾਰ ਨਹੀਂ ਹੋਇਆ। ਹੋਰ ਅਹਿਮ, ਆਯੋਗ ਨੇ ਨੋਟ ਕੀਤਾ ਕਿ ਆਮਦਨੀ ਦਾ ਵੱਡਾ ਹਿੱਸਾ ਕੁੱਲ ਘਰੇਲੂ ਉਤਪਾਦ ਦਾ 5 ਪ੍ਰਤਿਸ਼ਤ ਜਾਂ ਕੁੱਲ ਕਰ ਆਮਦਨ ਦਾ 50 ਪ੍ਰਤਿਸ਼ਤ ਪਿਛਲੇ ਦਹਾਕੇ ਦੇ ਹਰੇਕ ਸਾਲ ਕਰ ਛੋਟਾਂ ਅਤੇ ਰਿਆਇਤਾਂ ਵਿਚ ਚਲਾ ਗਿਆ। ਦੂਜੇ ਪਾਸੇ, ਸਾਲ 2013-14 ਦਾ ਕੁੱਲ ਖਰਚ ਕੁੱਲ ਘਰੇਲੂ ਉਤਪਾਦ ਦਾ 13.94 ਪ੍ਰਤਿਸ਼ਤ ਹੈ ਜਦ ਕਿ ਕੇਂਦਰ ਸਰਕਾਰ ਦੀ ਕਰ ਤੋਂ ਕੁੱਲ ਆਮਦਨ ਕੁੱਲ ਘਰੇਲੂ ਉਤਪਾਦ ਦਾ 10.2 ਪ੍ਰਤਿਸ਼ਤ ਸੀ। ਇਸ ਤੋਂ ਕੇਂਦਰੀ ਪੱਧਰ 'ਤੇ ਵਿੱਤੀ ਅਸੰਤੁਲਨ ਘਰੇਲੂ ਉਤਪਾਦ ਦਾ ਸਪੱਸ਼ਟ ਪਤਾ ਲਗਦਾ ਹੈ। ਖਰਚੇ ਦੀ ਬਣਤਰ ਵੀ ਸਮੇਂ-ਸਮੇਂ ਪੂੰਜੀਗਤ ਖਰਚ (ਸੀ ਈ) ਦੇ ਵਿਰੁੱਧ ਰਹੀ ਹੈ। ਮਿਸਾਲ ਵਜੋਂ, ਪ੍ਰਤਿਸ਼ਤ ਦੇ ਤੌਰ ਤੇ ਸੀ ਈ 2001-02 ਦੇ 16.79 ਪ੍ਰਤਿਸ਼ਤ ਤੋਂ ਘਟ ਕੇ 2013-14 'ਚ 12 ਪ੍ਰਤਿਸ਼ਤ ਰਹਿ ਗਿਆ। ਰਾਜਾਂ ਨੂੰ ਕਰਾਂ ਦੀ ਵੰਡ ਕਰਨ ਤੋਂ ਪਹਿਲਾਂ ਆਯੋਗ ਨੂੰ ਕੇਂਦਰ ਸਰਕਾਰ ਦੀ ਵਿੱਤੀ ਹਾਲਾਤ ਨੂੰ ਧਿਆਨ ਵਿਚ ਰੱਖਣਾ ਹੋਵੇਗਾ।

ਜਿਵੇਂ ਕਿ ਤਾਲਿਕਾ-1 ਵਿਚ ਦਰਸਾਇਆ ਗਿਆ ਹੈ, ਰਾਜਾਂ ਦੀ ਵਿੱਤੀ ਹਾਲਾਤ ਵਿਚ ਸੁਧਾਰ ਆਇਆ ਹੈ ਕਿਉਂਕਿ ਕੁੱਲ ਵਿੱਤੀ ਘਾਟਾ (ਜੀ ਐੱਫ ਡੀ) ਅਤੇ ਆਮਦਨ ਘਾਟਾ (ਆਰ ਡੀ) 2004-05 ਤੋਂ 2012-13 ਦੇ ਵਿਚਕਾਰ ਘਟਿਆ ਹੈ। ਇਸ ਸੁਧਾਰ ਵਿਚ ਮੁੱਖ ਯੋਗਦਾਨ ਰਾਜਾਂ ਦੀ ਆਪਣੀ ਕਰ ਆਮਦਨ ਵਿਚ ਵਾਧੇ ਅਤੇ ਉੱਚ ਕਰ ਵੰਡ ਤੋਂ ਪ੍ਰਾਪਤ ਹੋਈ ਆਮਦਨ ਦਾ ਹੀ ਆਮਦਨ ਖਰਚੇ ਵਿਚ 2010-11 ਤੋਂ ਮਾਮੂਲੀ ਸੰਜਮ ਹੈ ਜਿਸ ਦਾ ਕਾਰਨ ਵਿਆਜ ਅਦਾਇਗੀ ਵਿਚ ਚੋਖਾ ਘਾਟਾ (ਕੁੱਲ ਘਰੇਲੂ ਉਤਪਾਦ ਦਾ 1.2 ਪ੍ਰਤਿਸ਼ਤ ਹੈ) ਹੈ ਭਾਵੇਂ ਕਿ ਸਮਾਜਿਕ ਅਤੇ ਆਰਥਿਕ ਸੇਵਾਵਾਂ ਵਿਚ ਵਧੇ ਹੋਏ ਖਰਚੇ ਨੇ ਵਿੱਤੀ ਸੁਧਾਰ ਨੂੰ ਕਾਫ਼ੀ ਹੱਦ ਤਕ ਖਤਮ ਕਰ ਦਿਤਾ ਹੈ। ਹੋਰ, ਰਾਜਾਂ ਦੇ ਪੂੰਜੀਗਤ ਖਰਚੇ ਵਿਚ ਜਾਂ ਤਾਂ ਖੜੋਤ ਆ ਗਈ ਜਾਂ ਹਾਲੀਆ ਸਾਲਾਂ ਦੌਰਾਨ ਇਹ ਮਾਮੂਲੀ ਜਿਹਾ ਘਟਿਆ ਹੈ। 14ਵੇਂ ਵਿੱਤ ਆਯੋਗ ਨੇ ਇਹ ਨੋਟ ਕੀਤਾ ਕਿ ਭਾਵੇਂ ਰਾਜਾਂ ਦੇ ਵਿੱਤੀ ਹਾਲਾਤ ਸੁਧਰੇ ਹਨ, ਪਰ ਹਾਲੇ ਵੀ ਰਾਜ ਸਰਕਾਰ ਦੇ ਪੱਧਰ 'ਤੇ ਵਿੱਤੀ ਅਸੰਤੁਲਨ ਬਰਕਰਾਰ ਹਨ।

ਕੇਂਦਰ ਅਤੇ ਰਾਜ ਸਰਕਾਰਾਂ ਦੇ ਵਿੱਤ ਦਾ ਮੁੱਲੰਕਣ ਕਰਨ ਉਪਰੰਤ, 14ਵੇਂ ਵਿੱਤ ਆਯੋਗ ਨੇ 2015-2020 ਦੇ ਸਮੇਂ ਲਈ ਕੇਂਦਰ ਅਤੇ ਰਾਜ ਸਰਕਾਰਾਂ ਦੀ ਆਮਦਨ ਅਤੇ ਖਰਚੇ ਦੇ ਮਨਸੂਬੇ ਦੱਸੇ ਹਨ। ਰਾਜਾਂ ਦੇ ਆਮਦਨ ਤੇ ਖਰਚੇ ਦੀਆਂ ਸੰਭਾਵਨਾਵਾਂ ਦੇ ਮੱਦੇਨਜ਼ਰ, ਜਿਨ੍ਹਾਂ ਨੂੰ ਆਮ ਤੌਰ ਤੇ ਘਟਾ-ਵਧਾ ਕੇ ਵੇਖਿਆ ਜਾਂਦਾ ਹੈ, ਵਿੱਤ ਆਯੋਗ ਦੀ ਸੀਮੀਖਿਆ ਦਰਸਾਉਂਦੀ ਹੈ ਕਿ ਆਪਣੀ ਆਮਦਨ ਪ੍ਰਾਪਤੀ/ਜੀ ਡੀ ਪੀ ਦਾ ਰਾਜਾਂ ਦਾ ਅਨੁਪਾਤ 2015-16 ਅਤੇ 2019-20 ਦਰਮਿਆਨ 8.58 ਪ੍ਰਤਿਸ਼ਤ ਹੋਵੇਗਾ ਅਤੇ ਖਰਚੇ ਦੀਆਂ ਜ਼ਰੂਰਤਾਂ ਕੁੱਲ ਘਰੇਲੂ ਉਪਤਪਾਦ ਦਾ 11.12 ਪ੍ਰਤਿਸ਼ਤ ਹੋਣਗੀਆਂ ਜਿਸ ਦਾ ਨਤੀਜਾ ਵੰਡ ਤੋਂ ਪਹਿਲਾਂ 2.7 ਦਾ ਘਾਟਾ ਹੋਵੇਗਾ। ਇਸ ਕਰਕੇ, 14ਵਾਂ ਵਿੱਤ ਆਯੋਗ ਇਸ 2.7 ਪ੍ਰਤਿਸ਼ਤ ਦੇ ਘਾਟੇ ਨੂੰ ਕਰ ਵੰਡ ਅਤੇ ਆਮਦਨ ਘਾਟਾ ਅਨੁਦਾਨ ਦੁਆਰਾ ਪੂਰਾ ਕਰਨ ਦਾ ਇਰਾਦਾ ਰੱਖਦਾ ਹੈ। ਕੇਂਦਰ ਸਰਕਾਰ ਵਾਸਤੇ, ਵਿੱਤ ਆਯੋਗ ਦਾ ਅਨੁਮਾਨ ਹੈ ਕਿ ਕੁੱਲ ਆਮਦਨ 2015-16 ਵਿਚ ਕੁੱਲ ਘਰੇਲੂ ਉਤਪਾਦ ਦੇ 12.25 ਪ੍ਰਤਿਸ਼ਤ ਦੇ ਮੁਕਾਬਲੇ 2019-20 ਵਿਚ ਕੁੱਲ ਘਰੇਲੂ ਉਤਪਾਦ ਦਾ 12.92 ਪ੍ਰਤਿਸ਼ਤ ਹੋ ਜਾਵੇਗਾ ਅਤੇ ਰਾਜਾਂ ਨੂੰ ਕਰ ਵੰਡ ਉਪਰੰਤ ਸਰਕਾਰ ਦੀ ਨਿਰੋਲ ਆਮਦਨ 2015-16 ਦੇ 8.25 ਪ੍ਰਤਿਸ਼ਤ ਤੋਂ ਵਧਾ ਕੇ 2019-20 ਵਿਚ 8.62 ਪ੍ਰਤਿਸ਼ਤ ਹੋ ਜਾਵੇਗੀ।

14ਵੇਂ ਵਿੱਤ ਆਯੋਗ ਨੇ ਨੋਟ ਕੀਤਾ ਹੈ ਕੇਂਦਰ ਵਲੋਂ ਰਾਜਾਂ ਨੂੰ ਅਦਾਇਗੀ ਵਿਚ ਚੋਖਾ ਵਾਧਾ ਹੋਇਆ ਹੈ ਪਰ ਅਖ਼ਤਿਆਰੀ ਹਿੱਸੇ ਵੀ ਵਧ ਗਏ ਹਨ ਜਿਨ੍ਹਾਂ ਨਾਲ ਵਿੱਤ ਆਯੋਗ ਦੀ ਭੂਮਿਕਾ ਨੂੰ ਢਾਅ ਲੱਗੀ ਹੈ। ਜਿਵੇਂ ਕਿ ਤਾਲਿਕਾ-2 ਵਿਚ ਦਿਖਾਇਆ ਗਿਆ ਹੈ, ਵਿੱਤ ਆਯੋਗ ਦੇ ਰਾਹੀਂ ਕਾਨੂੰਨੀ ਅਦਾਇਗੀਆਂ ਅੱਠਵੇਂ ਵਿੱਤ ਆਯੋਗ ਦੇ 60 ਪ੍ਰਤਿਸ਼ਤ ਦੇ ਮੁਕਾਬਲੇ 11ਵੇਂ ਵਿੱਤ ਆਯੋਗ ਸਮੇਂ ਵਧ ਕੇ 69 ਪ੍ਰਤਿਸ਼ਤ ਹੋ ਗਈਆਂ ਪਰ ਇਹ ਪਿਛਲੇ ਦੋ ਆਯੋਗਾਂ ਦੇ ਕਾਰਜਕਾਲ ਦੌਰਾਨ ਥੋੜ੍ਹੀ ਮੱਠੀ ਹੋ ਗਈ ਹੈ। ਜਿਵੇਂ ਕਿ ਦੱਸਿਆ ਗਿਆ ਹੈ, ਵਿੱਤੀ ਆਯੋਗ ਦੀਆਂ ਜ਼ਿਆਦਾਤਰ ਅਦਾਇਗੀਆਂ ਮੁੱਖ ਤੌਰ ਤੇ ਕਰਾਂ ਦੀ ਵੰਡ ਅਤੇ ਕਿਸੇ ਹੱਦ ਤਕ ਅਨੁਦਾਨ ਦੇ ਰੂਪ ਵਿਚ ਹੁੰਦੀਆਂ ਹਨ ਜਿਸ ਵਿਚ ਰਾਜਾਂ ਦੇ ਆਮਦਨ-ਘਾਟੇ ਲਈ ਅਨੁਦਾਨ ਆਫ਼ਤ ਪ੍ਰਬੰਧਨ ਅਤੇ ਖੇਤਰ-ਰਾਜ ਵਿਸ਼ੇਸ਼ ਅਨੁਦਾਨ ਸ਼ਾਮਿਲ ਹੁੰਦੇ ਹਨ।

ਪਿਛਲੇ ਕੁੱਲ ਦਹਾਕਿਆਂ ਵਿਚ ਕੁੱਲ ਕੇਂਦਰੀ ਅਦਾਇਗੀਆਂ ਵਿਚ ਜ਼ਿਆਦਾ ਗ਼ੈਰ ਵਿੱਤ ਆਯੋਗ ਅਦਾਇਗੀਆਂ ਦੇਖੀਆਂ ਗਈਆਂ ਹਨ। ਉਦਾਹਰਣ ਲਈ, ਗ਼ੈਰ ਵਿੱਤ ਆਯੋਗ ਅਦਾਇਗੀਆਂ 2007-08 ਦੇ 42.6 ਪ੍ਰਤਿਸ਼ਤ ਦੇ ਮੁਕਾਬਲੇ 2010-11 ਵਿਚ ਵਧ ਕੇ 49.3 ਪ੍ਰਤਿਸ਼ਤ ਹੋ ਗਈਆਂ ਜੋ ਜ਼ਿਆਦਾਤਰ ਕੇਂਦਰ ਪ੍ਰਾਯੋਜਿਤ ਸਕੀਮਾਂ ਅਤੇ ਰਾਜਾਂ ਦੀਆਂ ਯੋਜਨਾਵਾਂ ਦੇ ਲਈ ਕੇਂਦਰੀ ਸਹਾਇਤਾ ਦੇ ਰੂਪ ਵਿਚ ਸਨ। ਯੋਜਨਾ ਅਦਾਇਗੀਆਂ ਦੇ ਅੰਦਰ ਹੀ ਸਾਧਾਰਨ ਯੋਜਨਾ ਸਹਾਇਤਾ, ਜੋ ਗਾਡਗਿਲ-ਮੁਖਰਜੀ ਫਾਰਮੂਲੇ ਤਹਿਤ ਦਿਤੀ ਜਾਂਦੀ

ਤਾਲਿਕਾ-1 ਰਾਜਾਂ ਦੇ ਕੁੱਲ ਪ੍ਰਾਪਤੀਆਂ ਅਤੇ ਖਰਚੇ ਦੇ ਰੁਝਾਨ

| | 2004-05 | 2007-08 | 2009-10 | 2010-11 | 2011-12 | 2012-13 | 2013-14 (ਆਰ ਈ) |
|---|---|---|---|---|---|---|---|
| ਆਪਣੀ ਕੁੱਲ ਆਮਦਨ ਪ੍ਰਾਪਤੀ (ਕਰ ਅਤੇ ਗ਼ੈਰ-ਕਰ) | 7.0 | 7.3 | 7.0 | 7.1 | 7.3 | 7.6 | 7.8 |
| ਕੁੱਲ ਤਬਦੀਲੀਆਂ (ਕਰ ਅਤੇ ਅਨੁਦਾਨ) | 4.1 | 5.2 | 5.1 | 4.9 | 4.9 | 4.8 | 5.4 |
| ਆਮਦਨ ਖਰਚਾ | 12.4 | 11.6 | 12.3 | 12.0 | 11.9 | 12.2 | 13.2 |
| ਪੂੰਜੀਗਤ ਖਰਚਾ | 2.3 | 2.6 | 2.5 | 2.2 | 2.3 | 2.2 | 2.6 |
| ਕੁੱਲ ਖਰਚ | 14.7 | 14.2 | 14.9 | 14.1 | 14.3 | 14.4 | 15.8 |
| ਕੁੱਲ ਵਿੱਤੀ ਘਾਟਾ/ਜੀ ਡੀ ਪੀ | 3.3 | 1.4 | 3.0 | 2.1 | 1.9 | 1.9 | 2.5 |
| ਆਮਦਨ ਘਾਟਾ/ਜੀ ਪੀ ਡੀ | 1.2 | -0.9 | 0.6 | 0.0 | -0.3 | -0.2 | 0.0 |
| ਮੁੱਖ ਘਾਟਾ/ਜੀ ਡੀ ਪੀ | 0.6 | -0.6 | 1.2 | 0.5 | 0.4 | 0.4 | 1.0 |
| ਆਮਦਨ ਘਾਟਾ/ਜੀ ਐੱਫ ਡੀ | 36.8 | -62.4 | 19.2 | -1.9 | -14.1 | -10.4 | -1.0 |

*ਸਰੋਤਾਂ : 14ਵਾਂ ਵਿੱਤ ਆਯੋਗ ਰਿਪੋਰਟ, 2015*

ਹੈ, ਵਿਚ ਵੀ ਗਿਰਾਵਟ ਦਾ ਰੁਝਾਨ ਦੇਖਿਆ ਗਿਆ ਹੈ ਜਦ ਕਿ ਸੀ ਐੱਸ ਐੱਸ ਰਾਹੀਂ ਅਖ਼ਤਿਆਰੀ ਅਨੁਮਾਨ ਵਧੇ ਹਨ।

## 14ਵੇਂ ਵਿੱਤ ਆਯੋਗ ਦੀਆਂ ਸਿਫ਼ਾਰਿਸ਼ਾਂ

14ਵੇਂ ਵਿੱਤ ਆਯੋਗ ਕੋਲ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਵਲੋਂ ਕਰ ਵੰਡ ਅਤੇ ਸਹਾਇਤਾ ਅਨੁਦਾਨ ਵੱਖ-ਵੱਖ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਗਿਆ। ਰਾਜਾਂ ਦੀ ਆਮ ਮੰਗ ਉਤੇ ਹੇਠਲੀ ਵੰਡ ਵਿਚ ਹਿੱਸਾ ਅਤੇ ਸੱਜਿਉਂ ਖੱਬੇ ਵੰਡ ਲਈ ਮਾਪਦੰਡ ਸੰਬੰਧੀ ਸੀ। ਉਤੇ ਤੋਂ ਹੇਠਾਂ ਨੂੰ ਵੰਡ ਬਾਰੇ ਰਾਜਾਂ ਵਲੋਂ ਦਿਤੇ ਪ੍ਰਮੁੱਖ ਸੁਝਾਵਾਂ ਵਿਚ, ਹਮੇਸ਼ਾ ਵਾਂਗ ਕਰ ਵੰਡ ਹਿੱਸੇਦਾਰੀ ਵਿਚ ਵਾਧਾ, ਗ਼ੈਰ ਵੰਡਣਯੋਗ ਸੈੱਸ, ਸਰਚਾਰਜ ਅਤੇ ਗ਼ੈਰ ਕਰ ਆਮਦਨ (ਜਿਵੇਂ ਟੈਲੀਕਾਮ ਤੇ ਕੋਲਾ ਖਾਣਾਂ ਦੀ ਨਿਲਾਮੀ) ਨੂੰ ਸ਼ਾਮਿਲ ਕਰ ਕੇ ਵੰਡ ਭੰਡਾਰ ਦਾ ਫੈਲਾਅ, ਘੱਟੋ-ਘੱਟ ਕਰ ਵੰਡ ਦੀ ਜ਼ਾਮਨੀ ਅਤੇ ਸੀ ਐੱਸ ਐੱਸ ਦੀ ਭੂਮਿਕਾ ਘੱਟ ਕਰਨ ਦੀ ਸੀ। ਜੋ ਠੋਸ ਮੁੱਦਾ ਉਠਾਇਆ ਗਿਆ ਕਿ ਰਾਜਾਂ ਨੂੰ ਮਿਲਣ ਵਾਲੀਆਂ ਜ਼ਿਆਦਾਤਰ ਅਦਾਇਗੀਆਂ ਖੁੱਲ੍ਹੀਆਂ ਤਬਦੀਲੀਆਂ (ਕਰ ਵੰਡ) ਦੇ ਰੂਪ ਵਿਚ ਹੋਣ ਦੀ ਬਜਾਇ ਕਿ ਅਨੁਦਾਨ ਦੇ ਅਤੇ ਯੋਜਨਾ ਅਦਾਇਗੀਆਂ ਗ਼ੈਰ ਅਖ਼ਤਿਆਰੀ ਕਿਸਮ ਦੀਆਂ ਹੋਣ। ਮਿਸਾਲ ਦੇ ਲਈ, ਜਦ ਕਿ ਕਰ ਵੰਡ ਦਾ ਮੁਕਾਬਲਤਨ ਹਿੱਸਾ 2009-10 ਤੋਂ 2014-15 ਦੇ ਸਮੇਂ ਦੀਆਂ ਕੁੱਲ ਤਬਦੀਲੀਆਂ ਦਾ 46.8 ਪ੍ਰਤਿਸ਼ਤ ਬਣਦਾ ਹੈ, ਯੋਜਨਾ ਅਨੁਦਾਨ, ਜਿਸ ਵਿਚ ਸੀ ਐੱਸ ਐੱਸ ਸ਼ਾਮਿਲ ਹੈ, ਦਾ ਕੁੱਲ ਅਦਾਇਗੀਆਂ ਦੇ 54 ਪ੍ਰਤਿਸ਼ਤ ਦੇ ਲਗਭਗ ਵੱਡਾ ਹਿੱਸਾ ਹੈ। ਸੀ ਐੱਸ ਐੱਸ ਦੀਆਂ ਸ਼ਰਤਾਂ ਅਤੇ ਰਾਜਾਂ ਵਲੋਂ ਬਰਾਬਰ ਦੇ ਅਨੁਦਾਨਾਂ ਦਾ ਬਹੁਤੇ ਰਾਜਾਂ ਵਲੋਂ ਵਿਰੋਧ ਕੀਤਾ ਜਾ ਰਿਹਾ ਹੈ ਕਿਉਂਕਿ ਬਹੁਤ ਸਾਰੇ ਰਾਜ ਸੀ ਐੱਸ ਐੱਸ ਫ਼ੰਡਾਂ ਦੀ ਪ੍ਰਾਪਤੀ ਲਈ ਬਰਾਬਰ ਦਾ ਅਨੁਦਾਨ ਕਰਨ ਦੇ ਵੀ ਸਮਰੱਥ ਨਹੀਂ ਹਨ। ਹੋਰ ਰਾਜ ਇਹ ਮਹਿਸੂਸ ਕਰਦੇ ਹਨ ਕਿ ਸੀ ਐੱਸ ਐੱਸ ਉਨ੍ਹਾਂ ਦੀ ਵਿੱਤੀ ਖ਼ੁਦਮੁਖ਼ਤਿਆਰੀ 'ਤੇ ਡਾਕਾ ਮਾਰਦੀ ਹੈ ਅਤੇ ਇਨ੍ਹਾਂ ਸਕੀਮਾਂ ਨੂੰ ਬਣਾਉਣ ਅਤੇ ਲਾਗੂ ਕਰਨ ਵਿਚ ਉਨ੍ਹਾਂ ਦੀ ਬਹੁਤ ਘੱਟ ਭੂਮਿਕਾ ਹੁੰਦੀ ਹੈ। ਕਦੇ-ਕਦੇ, ਵਿੱਤੀ ਸਾਲ ਦੇ ਐਨ ਵਿਚਕਾਰ ਸੀ ਐੱਸ ਐੱਸ ਦਾ ਐਲਾਨ ਰਾਜਾਂ ਦੀ ਵਿੱਤੀ ਯੋਜਨਾ ਅਤੇ ਪਹਿਲਾਂ ਨੂੰ ਲੀਹੋਂ ਲਾਹ ਦਿੰਦਾ ਹੈ। ਕੁੱਲ ਮਿਲਾ ਕੇ, ਵਿੱਤ ਆਯੋਗ ਨੇ ਕੇਂਦਰ ਸਰਕਾਰ ਵਲੋਂ ਰਾਜਾਂ ਦੇ ਵਿਸ਼ਿਆਂ 'ਤੇ ਖਰਚ ਵਧਾਏ ਜਾਣ ਦਾ ਨੋਟਿਸ ਲੈਣਾ ਹੈ ਜੋ ਮੁੱਖ ਤੌਰ ਤੇ ਰਾਜਾਂ ਦੇ ਅਧਿਕਾਰ ਖੇਤਰ ਵਿਚ ਹੋਣਾ ਚਾਹੀਦਾ ਹੈ।

ਪਰ, 14ਵਾਂ ਵਿੱਤ ਆਯੋਗ ਇਹ ਸਵੀਕਾਰ ਕਰਦਾ ਹੈ ਕਿ ਰਾਜਾਂ ਨੂੰ ਕੀਤੀਆਂ ਜਾਣ ਵਾਲੀਆਂ ਕੁੱਲ ਅਦਾਇਗੀਆਂ ਕੁੱਲ ਆਮਦਨ ਪ੍ਰਾਪਤੀਆਂ ਦਾ ਲਗਭਗ 50 ਪ੍ਰਤਿਸ਼ਤ ਬਣਦੀਆਂ ਹਨ ਅਤੇ ਇਨ੍ਹਾਂ ਨੂੰ ਹੋਰ ਵਧਾਉਣ ਦੀ ਗੁੰਜਾਇਸ਼ ਬਹੁਤ ਘੱਟ ਹੈ। ਆਯੋਗ ਕਹਿੰਦਾ ਹੈ ਕਿ ਕੁੱਲ ਅਦਾਇਗੀਆਂ/ਤਬਦੀਲੀਆਂ (ਕਰ ਵੰਡ, ਗ਼ੈਰ ਯੋਜਨਾ ਅਨੁਦਾਨ, ਯੋਜਨਾ ਅਨੁਦਾਨ, ਜਿਸ ਵਿਚ ਸੀ ਐੱਸ ਐੱਸ ਸ਼ਾਮਿਲ ਹੈ) ਹਾਲੀਆ ਸਾਲਾਂ ਵਿਚ ਕੁੱਲ ਵੰਡਣਯੋਗ ਪੂਲ ਦਾ 60 ਪ੍ਰਤਿਸ਼ਤ ਤੋਂ ਵੱਧ ਰਹੀਆਂ ਹਨ, ਇਸ ਕਰਕੇ ਸਿਵਾਏ ਤਬਦੀਲੀਆਂ ਦੀ ਬਣਤਰ ਵਿਚ ਬਦਲਾਅ ਕਰਨ ਦੇ, ਇਨ੍ਹਾਂ ਦਾ ਹਿੱਸਾ ਵਧਾਉਣਾ ਸੰਭਵ ਨਹੀਂ। ਇਸ ਕਰਕੇ ਧਿਆਨ ਦਾ ਕੇਂਦਰ ਅਦਾਇਗੀਆਂ/ਤਬਦੀਲੀਆਂ ਦੀ ਬਣਤਰ 'ਤੇ ਹੈ ਜਿਸ ਨਾਲ ਰਾਜਾਂ ਨੂੰ ਆਪਣੇ ਵਿਕਾਸ ਟੀਚੇ ਬਣਾਉਣ ਲਈ ਹੋਰ ਜ਼ਿਆਦਾ ਵਿੱਤੀ ਸਥਾਨ ਪ੍ਰਾਪਤ ਹੋਵੇਗਾ, ਬਜਾਇ ਕਿ ਕੁੱਲ ਅਦਾਇਗੀਆਂ ਵਧਾਉਣ ਦੇ। ਪਿਛਲੇ ਵਿੱਤ ਆਯੋਗਾਂ ਤੋਂ ਪਰਾਂ ਹਟਦਿਆਂ, 14ਵਾਂ ਵਿੱਤ ਆਯੋਗ ਆਮ ਅਤੇ ਵਿਸ਼ੇਸ਼ ਦਰਜਾ ਪ੍ਰਾਪਤ ਰਾਜਾਂ ਵਿਚ ਫ਼ਰਕ ਨਹੀਂ ਕਰਦਾ ਸਗੋਂ ਵਿਸ਼ੇਸ਼ ਦਰਜੇ ਵਾਲੇ ਰਾਜਾਂ ਦੀ ਵਿੱਤੀ ਅਤੇ ਲਾਗਤ ਅਸਮਰਥਾ ਅਤੇ ਖਰਚ ਦੀਆਂ ਜ਼ਿੰਮੇਵਾਰੀਆਂ 'ਤੇ ਗੌਰ ਕਰੇਗਾ ਤਾਂ ਕਿ ਕਰ ਵੰਡ ਦੁਆਰਾ ਸਰੋਤਾਂ ਦੇ ਖੱਪੇ ਨੂੰ ਭਰਿਆ ਜਾ ਸਕੇ। ਹੋਰ, ਆਯੋਗ ਵਲੋਂ ਵੰਡ ਤੋਂ ਬਾਅਦ ਆਮਦਨ ਘਾਟਾ ਅਨੁਦਾਨ ਦਾ ਸੁਝਾਅ ਦਿਤਾ ਗਿਆ ਹੈ ਜੇ ਕਿਤੇ ਕਰ ਵੰਡ ਤੋਂ ਬਾਅਦ ਵੀ ਵਿੱਤੀ ਖੱਪਾ ਹੋਵੇ। ਵਿੱਤੀ ਸੁਦ੍ਰਿੜੀਕਰਨ ਲਈ ਯੋਜਨਾ ਬਣਾਉਣ ਦੇ ਸੰਬੰਧ ਵਿਚ, 14ਵੇਂ ਵਿੱਤ ਆਯੋਗ ਦਾ 2016-17 ਵਿਚ 3 ਪ੍ਰਤਿਸ਼ਤ ਵਿੱਤੀ ਘਾਟੇ ਦਾ ਸੁਝਾਅ ਹੈ। ਵਿੱਤ ਆਯੋਗ ਦਾ ਅੰਦਾਜ਼ਾ ਹੈ ਕਿ ਆਮਦਨ ਘਾਟਾ 2019-20 ਤੋਂ ਪਹਿਲਾਂ ਲਗਾਤਾਰ ਘੱਟ ਹੋਵੇਗਾ। ਸਰਕਾਰ ਦੀਆਂ ਜ਼ਾਮਨੀਆਂ ਤੋਂ ਪੈਦਾ ਹੋਣ ਵਾਲੇ ਜੋਖ਼ਮਾਂ ਦੀ ਅਹਿਮੀਅਤ ਨੂੰ ਧਿਆਨ ਵਿਚ ਰੱਖਦਿਆਂ, ਬਜਟ ਤੋਂ ਬਾਹਰਲੇ ਉਧਾਰ ਅਤੇ ਵਿੱਤੀ ਤੌਰ ਤੇ ਕਮਜ਼ੋਰ ਜਨਤਕ ਖੇਤਰ ਦੇ ਅਦਾਰਿਆਂ ਦੇ ਨੁਕਸਾਨ ਕੁੱਲ ਵਧਾਏ ਹੋਏ ਜਨਤਕ ਖਰਚ ਦਾ ਹਿੱਸਾ ਹੋਣੇ ਚਾਹੀਦੇ ਹਨ (ਉਨ੍ਹਾਂ ਦੇ ਆਪਣੇ-ਆਪਣੇ ਬਜਟ ਵਿਚ) ਜੋ ਬਜਟ ਦਸਤਾਵੇਜ਼ ਦਾ ਪੂਰਕ ਹੋਵੇਗਾ।

ਸੰਘੀ ਵਿੱਤੀ ਅਦਾਇਗੀਆਂ ਕਰਨ ਵੇਲੇ ਵਿੱਤ ਆਯੋਗ ਤੇ ਯੋਜਨਾ ਆਯੋਗ ਬਰਾਬਰੀ ਨੂੰ ਸਭ ਤੋਂ ਅਹਿਮ ਉਦੇਸ਼ ਮੰਨਦੇ ਹਨ। ਇਸ ਲਈ, ਜਿਵੇਂ ਸਮੇਂ-ਸਮੇਂ 'ਤੇ ਲੋੜ ਹੁੰਦੀ ਹੈ, ਵੱਖ-ਵੱਖ ਵਿੱਤ ਆਯੋਗ ਤੇ ਯੋਜਨਾ ਆਯੋਗ ਸੰਘੀ ਵਿੱਤੀ ਅਦਾਇਗੀਆਂ/ਤਬਦੀਲੀਆਂ ਦਾ ਢੰਗ ਬਣਾਏ ਰੱਖਦੇ ਹਨ ਤਾਂ ਕਿ ਬਰਾਬਰੀ ਦਾ ਮੰਤਵ ਪੂਰਾ ਕੀਤਾ ਜਾ ਸਕੇ। ਸੱਤਵੇਂ ਵਿੱਤ ਆਯੋਗ ਤੋਂ ਬਾਅਦ, ਜਨਸੰਖਿਆ ਨੂੰ ਦਿਤਾ ਗਿਆ ਉੱਚ ਮਹੱਤਵ (ਲਗਭਗ 90 ਪ੍ਰਤਿਸ਼ਤ) ਹੌਲੀ-ਹੌਲੀ ਘੱਟ ਕਰ ਦਿਤਾ ਗਿਆ ਅਤੇ ਵਿਕਲਪਿਕ ਤਰੀਕੇ ਜਿਵੇਂ ਕਿ ਉਲਟਾ ਫਾਰਮੂਲਾ ਅਤੇ ਦੂਰ ਦੇ ਫਾਰਮੂਲੇ ਨੂੰ, ਆਮਦਨ ਅਤੇ ਕੇਂਦਰੀ ਐਕਸਾਈਜ਼ ਡਿਊਟੀਆਂ ਵੰਡਣ ਲਈ, ਜ਼ਿਆਦਾ ਮਹੱਤਵ ਦਿਤਾ ਗਿਆ। ਸਾਰੇ ਪਿਛਲੇ ਵਿੱਤ ਆਯੋਗਾਂ ਨੇ ਕਰਾਂ ਦੀ ਵੰਡ ਲਈ ਜਨਸੰਖਿਆ ਅਤੇ ਇਸ ਦੀ

ਤਾਲਿਕਾ-2 : ਕੁੱਲ ਆਮਦਨ ਪ੍ਰਾਪਤੀਆਂ ਦੇ ਪ੍ਰਤਿਸ਼ਤ ਵਜੋਂ ਕੇਂਦਰ ਤੋਂ ਰਾਜਾਂ ਨੂੰ ਅਦਾਇਗੀਆਂ

| ਆਯੋਗ | ਵਿੱਤ ਆਯੋਗ ਅਦਾਇਗੀ | | | ਦੂਜੀਆਂ ਅਦਾਇਗੀਆਂ | | | ਕੁੱਲ ਅਦਾਇਗੀਆਂ |
|---|---|---|---|---|---|---|---|
| | ਕੇਂਦਰੀ ਕਰਾਂ ਵਿਚ ਹਿੱਸੇਦਾਰੀ | ਅਨੁਦਾਨ | ਵਿੱਤ ਆਯੋਗ ਦੀਆਂ ਕੁੱਲ ਅਦਾਇਗੀਆਂ | ਯੋਜਨਾ ਅਨੁਦਾਨ | ਗ਼ੈਰ ਯੋਜਨਾ ਅਨੁਦਾਨ | ਦੂਜੀਆਂ ਕੁੱਲ ਅਦਾਇਗੀਆਂ (5+6) | |
| ਐੱਫ਼ ਸੀ-8 (1984-89) | 53.48 | 6.65 | 60.13 | 35.8 | 4.07 | 39.87 | 100 |
| ਐੱਫ਼ ਸੀ-9(1989-95) | 52.98 | 8.48 | 61.46 | 35.91 | 2.63 | 38.54 | 100 |
| ਐੱਫ਼ ਸੀ-10(1995-2000) | 62.06 | 6.55 | 68.61 | 29.52 | 1.87 | 31.39 | 100 |
| ਐੱਫ਼ ਸੀ-11(2000-2005) | 58.38 | 11.00 | 69.38 | 28.65 | 1.97 | 30.62 | 100 |
| ਐੱਫ਼ ਸੀ-12 (2005-10) | 56.79 | 12.12 | 68.91 | 28.34 | 2.75 | 31.09 | 100 |
| ਐੱਫ਼ ਸੀ-13 (2010-15) | 57.94 | 9.51 | 67.44 | 31.14 | 1.42 | 32.56 | 100 |

*ਸਰੋਤਾਂ : 14ਵਾਂ ਵਿੱਤ ਆਯੋਗ ਰਿਪੋਰਟ, 2015*

ਬਣਤਰ ਦੇ ਮਾਪਦੰਡਾਂ 'ਤੇ ਧਿਆਨ ਕੇਂਦ੍ਰਿਤ ਕੀਤਾ; ਵਿੱਤੀ ਸਮਰੱਥਾ ਨੂੰ ਪ੍ਰਤਿ ਵਿਅਕਤੀ ਆਮਦਨ ਜਾਂ ਉੱਚ ਪ੍ਰਤਿ ਵਿਅਕਤੀ ਆਮਦਨ ਵਾਲੇ ਰਾਜ ਤੋਂ ਆਮਦਨ ਦਾ ਫ਼ਾਸਲਾ ਜਾਂ ਇਸ ਤੋਂ ਉਲਟ ਨਾਲ ਨਾਪਿਆ ਗਿਆ, ਖੇਤਰ ਦੇ ਮਾਮਲੇ ਵਿਚ ਲਾਗਤ ਅਸਮਰਥਤਾ; ਅਤੇ ਵਿੱਤੀ ਨਿਪੁੰਨਤਾ ਜਾਂ ਅਨੁਸ਼ਾਸਨ; ਪਛੜੇ, ਗਰੀਬੀ ਅਨੁਪਾਤ, ਆਮਦਨੀ ਦਾ ਖੱਪਾ ਆਦਿ। ਪਰ, ਇਨ੍ਹਾਂ ਵਿਚ ਜ਼ਿਆਦਾਤਰ ਮਾਪਦੰਡਾਂ ਨੂੰ ਜਨਸੰਖਿਆ ਦੇ ਆਕਾਰ ਦੇ ਕਾਰਕ ਨਾਲ ਗੁਣਾ ਕੀਤਾ ਗਿਆ, ਜਿਸ ਦੇ ਸਿੱਟੇ ਵਜੋਂ ਜਨਸੰਖਿਆ ਨੂੰ ਜ਼ਿਆਦਾ ਮਹੱਤਵ ਦਿਤਾ ਗਿਆ। 14ਵਾਂ ਵਿੱਤ ਆਯੋਗ ਵੀ ਆਪਣੀ ਪਹੁੰਚ ਅਤੇ ਕੰਮ ਦੇ ਢੰਗ ਤਰੀਕੇ ਵਿਚ ਮਾਮੂਲੀ ਬਦਲਾਅ ਕਰਕੇ ਤਕਰੀਬਨ ਪਹਿਲਾਂ ਵਾਲੇ ਆਯੋਗਾਂ ਦੇ ਰਸਤੇ 'ਤੇ ਹੀ ਚੱਲ ਰਿਹਾ ਹੈ, ਪਰ ਇਸ ਦੇ ਧਿਆਨ ਦਾ ਮੁੱਖ ਕੇਂਦਰ ਕਰਾਂ ਦੀ ਵੰਡ ਹੈ। ਆਯੋਗ ਨੇ, 13ਵੇਂ ਵਿੱਤ ਆਯੋਗ ਵਾਂਗ ਅਗਾਂਹਵਧੂ ਪ੍ਰੋਤਸਾਹਨ ਦੇ ਕੇ, ਜਿਵੇਂ ਪ੍ਰਸਥਿਤੀ ਪ੍ਰਬੰਧਨ, ਵਾਤਾਵਰਨ ਆਦਿ – ਸਥਿਰ ਆਰਥਿਕ ਵਿਕਾਸ ਦੇ ਆਦੇਸ਼ਸ਼ਾਤਮਕ 'ਤੇ ਚੱਲਣ ਦੀ ਕੋਸ਼ਿਸ਼ ਕੀਤੀ ਹੈ। ਕੇਂਦਰ ਅਤੇ ਰਾਜ ਸਰਕਾਰਾਂ ਦੇ ਵਿਚਾਰਾਂ 'ਤੇ ਗੌਰ ਕਰਕੇ ਅਤੇ ਦੋਹਾਂ ਪੱਧਰਾਂ ਦੀਆਂ ਸਰਕਾਰਾਂ ਦੀ ਖਰਚੇ ਦੀਆਂ ਜ਼ਿੰਮੇਵਾਰੀਆਂ ਨੂੰ ਧਿਆਨ ਵਿਚ ਰੱਖਦੇ ਹੋਏ, 14ਵੇਂ ਵਿੱਤ ਆਯੋਗ ਦੀਆਂ ਸਿਫ਼ਾਰਿਸ਼ਾਂ ਵਿਚ ਸ਼ਾਮਿਲ ਹੈ : (1) ਰਾਜਾਂ ਦੀਆਂ ਵਿੱਤੀ ਖ਼ੁਦਮੁਖ਼ਤਿਆਰੀ ਅਤੇ ਆਮਦਨ ਖਰਚੇ ਦੀਆਂ ਲੋੜਾਂ 'ਤੇ ਗੌਰ ਕਰਦੇ ਹੋਏ, ਆਯੋਗ ਨੇ ਵੰਡਣਯੋਗ ਪੂਲ ਵਿਚੋਂ 42 ਪ੍ਰਤਿਸ਼ਤ ਹਿੱਸਾ ਰਾਜਾਂ ਨੂੰ ਦੇਣ ਦੀ ਸਿਫ਼ਾਰਿਸ਼ ਕੀਤੀ ਹੈ। ਇਹ 10 ਪ੍ਰਤਿਸ਼ਤ ਦਾ ਵਾਧਾ 13ਵੇਂ ਵਿੱਤ ਆਯੋਗ ਦੀਆਂ ਸਿਫ਼ਾਰਿਸ਼ਾਂ ਨਾਲੋਂ ਵੱਧ ਹੈ, ਮਤਲਬ ਕੁੱਲ ਵੰਡਣਯੋਗ ਪੂਲ ਵਿਚੋਂ 32 ਪ੍ਰਤਿਸ਼ਤ ਹਿੱਸੇਦਾਰੀ; (2) ਰਾਜਾਂ ਦੀ ਇੱਛਾ ਦੇ ਉਲਟ, ਸੈੱਸ ਅਤੇ ਸਰਚਾਰਜ, ਜੋ ਕੇਂਦਰ ਦੀ ਕੁੱਲ ਆਮਦਨ ਦਾ 13.14 ਪ੍ਰਤਿਸ਼ਤ ਬਣਦੇ ਹਨ, ਸੰਵਿਧਾਨਕ ਪ੍ਰਾਵਧਾਨਾਂ ਅਤੇ ਇਸ ਕਰਕੇ ਕਿ ਇਹ ਵਸੂਲੀ ਖ਼ਾਸ ਮੰਤਵਾਂ ਲਈ ਹੈ – ਵੰਡਣਯੋਗ ਪੂਲ ਦਾ ਹਿੱਸਾ ਨਹੀਂ ਬਣ ਸਕੇ ਅਤੇ (3) ਜਿਵੇਂ ਕਿ ਰਾਜਾਂ ਨੇ ਚਾਹਿਆ ਸੀ, ਵਿੱਤ ਆਯੋਗ ਵਲੋਂ ਕਿਸੇ ਘੱਟੋ-ਘੱਟ ਵੰਡ ਦੀ ਜ਼ਾਮਨੀ ਦੀ ਸਿਫ਼ਾਰਿਸ਼ ਨਹੀਂ ਕੀਤੀ ਗਈ।

ਰਾਜਾਂ ਵਿਚ ਸੱਜਿਓਂ-ਖੱਬੇ ਕਰਾਂ ਦੀ ਵੰਡ ਲਈ, 14ਵਾਂ ਵਿੱਤ ਆਯੋਗ ਜ਼ਿਆਦਾਤਰ ਪਿਛਲੇ ਆਯੋਗਾਂ ਦੇ ਪਦ ਚਿੰਨ੍ਹਾਂ 'ਤੇ ਚੱਲ ਰਿਹਾ ਹੈ ਜਿਸ ਤਹਿਤ ਜਨਸੰਖਿਆ, ਆਮਦਨ ਜਾਂ ਵਿੱਤੀ ਸਮਰੱਥਾ (ਫ਼ਾਸਲੇ ਦਾ ਫਾਰਮੂਲਾ), ਖੇਤਰ, ਵਾਤਾਵਰਨ ਅਤੇ ਪ੍ਰਸਥਿਤੀ ਅਤੇ ਸਮਾਜਿਕ-ਆਰਥਿਕ ਸੂਚਕਾਂ 'ਤੇ (ਵਜ਼ਨ ਵਿਚ ਬਦਲਾਅ ਨਾਲ) 'ਤੇ ਜ਼ਿਆਦਾ ਧਿਆਨ ਦਿਤਾ ਗਿਆ। ਸਭ ਤੋਂ ਜ਼ਿਆਦਾ ਵਜ਼ਨ (50 ਪ੍ਰਤਿਸ਼ਤ) ਫਾਸਲੇ ਦੇ ਫਾਰਮੂਲੇ ਨੂੰ ਦਿਤਾ ਗਿਆ ਹੈ, ਰਾਜ ਦੀ ਅਸਲ ਪ੍ਰਤਿ ਵਿਅਕਤੀ ਆਮਦਨ ਤੋਂ ਸਭ ਤੋਂ ਵੱਧ ਪ੍ਰਤਿ ਵਿਅਕਤੀ ਆਮਦਨ ਵਾਲਾ ਰਾਜ ਤੋਂ, ਸਹਾਇਕ ਰਾਜਾਂ ਤਕ ਜਿਨ੍ਹਾਂ ਦੀ ਵਿੱਤੀ ਸਮਰੱਥਾ ਘੱਟ ਹੈ। ਵਜਹ ਸਭ ਤੋਂ ਉੱਚਾ ਵਜ਼ਨ ਜਨਸੰਖਿਆ ਨੂੰ ਦਿਤਾ ਗਿਆ ਹੈ –1971 ਦੀ ਜਨਗਣਨਾ ਨੂੰ 17.5 ਪ੍ਰਤਿਸ਼ਤ ਅਤੇ 2011 ਦੀ ਜਨਸੰਖਿਆ ਨੂੰ 10 ਪ੍ਰਤਿਸ਼ਤ। 2011 ਦੀ ਜਨਸੰਖਿਆ ਨੂੰ ਵਜ਼ਨ ਦਿੰਦਿਆਂ, ਜਿਵੇਂ ਕਿ ਜ਼ਿਆਦਾਤਰ ਰਾਜਾਂ ਦੀ ਇੱਛਾ ਸੀ, ਰਾਜ ਵਿਚ ਜਨਸੰਖਿਆ ਦੇ ਬਦਲਾਵਾਂ ਨੂੰ ਪਕੜ ਵਿਚ ਲਿਆਉਣ ਲਈ ਮਦਦ ਮਿਲੀ ਜੋ ਪਰਵਾਸ ਅਤੇ 1971 ਦੀ ਜਨਗਣਨਾ ਮੁਤਾਬਕ, ਉਮਰ ਵਿਚ ਹੋਏ। 12ਵੇਂ ਵਿੱਤ ਆਯੋਗ ਦੇ ਕਦਮਾਂ 'ਤੇ ਚਲਦਿਆਂ ਉਮਰ ਨੂੰ ਵਜ਼ਨ 15 ਪ੍ਰਤਿਸ਼ਤ 'ਤੇ ਨਿਰਧਾਰਤ ਕੀਤਾ ਗਿਆ ਹੈ ਪਰ ਛੋਟੇ ਰਾਜਾਂ ਵਾਸਤੇ 2 ਪ੍ਰਤਿਸ਼ਤ ਹੇਠਲੀ ਸੀਮਾ ਵੀ ਹੈ। ਆਖ਼ਰ ਵਿਚ, ਜੰਗਲਾਂ ਦੀ ਸੁਰੱਖਿਆ ਲਈ ਰਾਜਾਂ ਨੂੰ ਪ੍ਰੋਸਾਹਨ ਦੇਣ ਲਈ, ਜੋ ਰਾਸ਼ਟਰੀ ਸੰਪਦਾ ਹੈ ਅਤੇ ਜਿਸ ਦੇ ਵਿਸ਼ਾਲ ਵਾਤਾਵਰਣਿਕ ਲਾਭ ਹਨ, (ਭਾਵੇਂ ਕਿ ਰਾਜਾਂ ਲਈ ਆਰਥਿਕ ਸਰਗਰਮੀਆਂ ਦੀ ਕੀਮਤ 'ਤੇ) ਨੂੰ 7.5 ਪ੍ਰਤਿਸ਼ਤ ਵਜ਼ਨ ਦਿਤਾ ਗਿਆ ਹੈ। ਵਿੱਤ ਆਯੋਗ ਨੇ ਰਾਜਾਂ ਦੀਆਂ ਖਰਚੇ ਦੀਆਂ ਲੋੜਾਂ, ਕਰ ਵੰਡ ਅਤੇ ਆਮਦਨ ਇਕੱਤਰ ਕਰਨ ਲਈ ਲਾਮਬੰਦੀ ਦੇ ਮੁੱਦੇ 'ਤੇ, ਗਿਆਰਾਂ ਰਾਜਾਂ ਨੂੰ 1,94,821 ਕਰੋੜ ਰੁਪਏ ਦੀ 'ਵੰਡ ਮਗਰੋਂ ਆਮਦਨ ਘਾਟਾ ਗਰਾਂਟ' ਦੇਣ ਦੀ ਸਿਫ਼ਾਰਿਸ਼ ਕੀਤੀ ਹੈ।

ਹਵਾਲਿਆਂ ਦੀਆਂ ਸ਼ਰਤਾਂ ਮੁਤਾਬਕ, 14ਵਾਂ ਵਿੱਤੀ ਆਯੋਗ ਸਥਾਨਕ ਸਭਾਵਾਂ ਦੇ ਸਰੋਤਾਂ ਵਿਚ ਵਾਧਾ ਕਰਨ ਲਈ ਤਰੀਕੇ ਸੁਝਾਉਂਦਾ ਹੈ (ਅਨੁਦਾਨ) ਅਤੇ ਰਾਜਾਂ ਦੇ ਵਿੱਤ ਆਯੋਗਾਂ (ਐੱਸ ਐੱਫ ਸੀ) ਨੂੰ ਪ੍ਰਭਾਵੀ ਵਿੱਤੀ ਵਿਕੇਂਦਰੀਕਰਨ ਲਈ ਮਜ਼ਬੂਤੀ ਪ੍ਰਦਾਨ ਕਰਨ ਦੀ ਗੱਲ ਕਰਦਾ ਹੈ। ਇਸ ਸੰਦਰਭ ਵਿਚ 14ਵੇਂ ਵਿੱਤ ਆਯੋਗ ਨੇ 2,87,436 ਕਰੋੜ ਰੁਪਏ ਦਾ ਅਨੁਦਾਨ (2,00,292 ਕਰੋੜ ਰੁਪਏ ਪੰਚਾਇਤਾਂ ਲਈ ਅਤੇ 87,143 ਕਰੋੜ ਰੁਪਏ ਨਗਰ ਨਿਗਮਾਂ ਲਈ) ਜੋ ਭਾਰਤ ਦੀਆਂ 2.5 ਲੱਖ ਸਥਾਨਕ ਸਰਕਾਰਾਂ ਲਈ ਸਿਫ਼ਾਰਿਸ਼ ਕੀਤੀ ਹੈ ਜਿਨ੍ਹਾਂ ਦੇ ਤਿੰਨ ਮਿਲੀਅਨ ਤੋਂ ਵੱਧ ਚੁਣੇ ਹੋਏ ਨੁਮਾਇੰਦੇ ਹਨ। 2015-20 ਦੇ ਸਮੇਂ ਲਈ, ਜੋ 13ਵੇਂ ਵਿੱਤ ਆਯੋਗ ਦੀਆਂ ਵੰਡਣਯੋਗ ਪੂਲ ਵਿਚੋਂ 1.93 ਪ੍ਰਤਿਸ਼ਤ ਦੀ ਸਿਫ਼ਾਰਿਸ਼ ਦੀ ਤੁਲਨਾ ਵਿਚ ਹੈ ਜਿਸ ਦੀ ਰਾਸ਼ੀ 87,519 ਕਰੋੜ ਰੁਪਏ ਸੀ। 13ਵੇਂ ਵਿੱਤ ਆਯੋਗ ਦੀ ਆਲੋਚਨਾ ਸਥਾਨਕ ਅਨੁਦਾਨਾਂ ਦਾ ਹਿਸਾਬ ਲਾਉਣ ਲਈ 2001 ਦੀ ਜਨਗਣਨਾ ਦੇ ਅੰਕੜਿਆਂ ਦਾ ਸਹਾਰਾ ਲੈਣ ਕਰਕੇ ਹੋ ਰਹੀ ਹੈ ਜਦ ਕਿ 14ਵੇਂ ਵਿਤ ਆਯੋਗ ਨੇ ਅਨੁਦਾਨ ਦੀ ਵੰਡ ਲਈ 2011 ਦੀ ਜਨਸੰਖਿਆ ਦੇ ਵਸੋਂ ਦੇ ਅੰਕੜਿਆਂ ਨੂੰ ਆਧਾਰ ਬਣਾਇਆ ਹੈ। ਅਨੁਦਾਨ ਦੇ ਦੋ ਹਿੱਸੇ ਹਨ : ਬੁਨਿਆਦੀ ਅਤੇ ਕਾਰਗੁਜ਼ਾਰੀ ਆਧਾਰਿਤ ਅਨੁਦਾਨ – ਜਿਸ ਦੀ ਪੰਚਾਇਤਾਂ ਅਤੇ ਨਗਰ ਨਿਗਮਾਂ ਲਈ 90-10 ਅਤੇ 80-20 ਦਾ ਬੱਝਿਆ ਅਨੁਪਾਤ ਹੈ। ਕਾਰਗੁਜ਼ਾਰੀ ਦੇ ਆਧਾਰ 'ਤੇ ਅਨੁਦਾਨ ਦੀ ਅਦਾਇਗੀ ਕਾਫ਼ੀ ਨਵੀਂ ਗੱਲ ਹੈ ਜਿਸ ਨੂੰ ਢੁਕਵੇਂ ਹਿਸਾਬ-ਕਿਤਾਬ, ਸੇਵਾਵਾਂ ਦੇਣ ਤੇ ਸਥਾਨਕ ਸਰਕਾਰਾਂ ਦੇ ਆਪਣੇ ਆਮਦਨ ਵਸੀਲੇ ਜੁਟਾਉਣ ਦੇ ਆਧਾਰ 'ਤੇ ਮੁੱਲੰਕਣ ਕੀਤਾ ਜਾਵੇਗਾ। ਆਸ ਕੀਤੀ ਜਾਂਦੀ ਹੈ ਕਿ ਅਨੁਦਾਨ ਦਾ ਇਹ ਹਿੱਸਾ ਸਥਾਨਕ ਸਭਾਵਾਂ ਨੂੰ ਹੋਰ ਜ਼ਿਆਦਾ ਪ੍ਰਭਾਵੀ ਤੇ ਜ਼ਿੰਮੇਵਾਰ ਬਣਾਵੇਗਾ।

ਆਫ਼ਤ ਸਹਾਇਤਾ ਦੇ ਸੰਬੰਧ ਵਿਚ 14ਵੇਂ ਵਿੱਤ ਆਯੋਗ ਨੇ ਸੁਝਾਅ ਦਿਤਾ ਕਿ ਰਾਜਾਂ ਦੀ ਪ੍ਰਤਿਸ਼ਤ ਹਿੱਸੇਦਾਰੀ ਪਹਿਲਾਂ ਵਾਲੀ ਹੀ ਰਹੇਗੀ ਅਤੇ ਵਰਤਮਾਨ ਤੰਤਰ ਦੇ ਮੁਤਾਬਕ ਹੀ ਚੱਲੇਗੀ। ਇਹ 55,907 ਕਰੋੜ ਰੁਪਏ ਹੋਵੇਗੀ। ਵਿੱਤ ਆਯੋਗ ਨੇ ਅੱਗੇ ਸੁਝਾਅ ਦਿੰਦਿਆਂ ਰਾਸ਼ਟਰੀ ਆਫ਼ਤ ਕੋਸ਼ (ਐੱਨ ਡੀ ਆਰ ਐੱਫ) ਲਈ ਕੇਂਦਰ ਵਲੋਂ ਨਿਸ਼ਚਿਤ ਵਿੱਤੀ ਮਦਦ ਦੇਣ ਦੇ ਤਰੀਕੇ ਸਾਹਮਣੇ ਲਿਆਂਦੇ ਹਨ, ਜੇ ਕੱਲ੍ਹ ਨੂੰ ਕੇਂਦਰ ਸਰਕਾਰ ਵਲੋਂ ਇਸ ਮੰਤਵ ਲਈ ਲਗਾਏ ਸੈੱਸ ਨੂੰ ਖਤਮ ਕਰ ਦਿਤਾ ਜਾਵੇ। ਹੋਰ ਵਿੱਤ ਆਯੋਗ ਵਲੋਂ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਦਾ ਹਵਾਲਾ ਦਿੰਦਿਆਂ ਐੱਨ ਡੀ ਆਰ ਐੱਫ ਵਿਚ ਯੋਗਦਾਨ ਲਈ ਨਿੱਜੀ ਖੇਤਰ ਨੂੰ ਕਰ ਛੋਟ ਦੇਣ ਦਾ ਸੁਝਾਅ ਦਿਤਾ ਹੈ, ਜਿਸ ਨਾਲ ਜਨਤਕ ਸਰੋਤਾਂ ਅਤੇ ਦੂਜਿਆਂ ਨੂੰ ਐੱਨ ਡੀ ਆਰ ਐੱਫ ਦੀ ਵਿੱਤੀ

ਹਾਲਾਤ ਮਜ਼ਬੂਤ ਕਰਨ ਲਈ ਉਤਸ਼ਾਹ ਮਿਲ ਸਕੇ। ਇਹ ਵੀ ਸੁਝਾਅ ਦਿਤਾ ਗਿਆ ਕਿ ਰਾਜ ਸਰਕਾਰਾਂ ਆਫ਼ਤ ਕੋਸ਼ ਵਿਚ 10 ਪ੍ਰਤਿਸ਼ਤ ਹਿੱਸਾ ਪਾਉਣ ਜਦ ਕਿ ਬਾਕੀ ਦਾ 90 ਪ੍ਰਤਿਸ਼ਤ ਕੇਂਦਰ ਸਰਕਾਰ ਦੇਵੇਗੀ।

## ਪ੍ਰਭਾਵ ਅਤੇ ਨਿਚੋੜ

ਪਹਿਲਾ, ਕੁੱਲ ਵੰਡਣਯੋਗ ਪੂਲ ਵਿਚੋਂ ਰਾਜਾਂ ਦਾ ਹਿੱਸਾ 32 ਪ੍ਰਤਿਸ਼ਤ ਤੋਂ ਵਧਾ ਕੇ 42 ਪ੍ਰਤਿਸ਼ਤ ਕਰਨ ਦੀ ਵਿੱਤ ਆਯੋਗ ਵਲੋਂ ਸਿਫ਼ਾਰਸ਼ ਇਕ ਇਤਿਹਾਸਕ ਕਦਮ ਹੈ ਅਤੇ ਇਕ ਵੱਡਾ ਉਛਾਲ ਹੈ। ਮਿਸਾਲ ਦੇ ਲਈ, 2014-15 ਦੇ ਮੁਕਾਬਲੇ 2015-16 ਵਿਚ ਰਾਜਾਂ ਨੂੰ ਕੁੱਲ ਵੰਡ 45 ਪ੍ਰਤਿਸ਼ਤ ਤੋਂ ਉਪਰ ਵਧ ਜਾਵੇਗੀ। ਜੇ ਕੁੱਲ ਵੰਡਣਯੋਗ ਪੂਲ ਵਿਚੋਂ ਰਾਜਾਂ ਨੂੰ ਕੁੱਲ ਅਦਾਇਗੀ 60 ਪ੍ਰਤਿਸ਼ਤ ਦੇ ਲਗਭਗ ਹੈ, ਤਾਂ ਇਸ ਵਿਚੋਂ 42 ਪ੍ਰਤਿਸ਼ਤ ਕਰ ਫ਼ੰਡ ਰਾਹੀਂ ਕੁੱਲ ਅਦਾਇਗੀਆਂ ਦਾ ਲਗਭਗ 70 ਪ੍ਰਤਿਸ਼ਤ ਬਣ ਜਾਵੇਗਾ ਜੋ ਰਾਜਾਂ ਨੂੰ ਸਰੋਤਾਂ ਦੀ ਤਬਦੀਲ ਕਰਨ ਦਾ ਪ੍ਰਮੁੱਖ ਸਰੋਤ ਬਣਾ ਦੇਵੇਗਾ। ਅਜਿਹਾ ਕਰਨ ਨਾਲ, 14ਵੇਂ ਵਿੱਤ ਆਯੋਗ ਨੇ ਇਕ ਤੀਰ ਨਾਲ ਕਈ ਸ਼ਿਕਾਰ ਕਰ ਲਏ ਹਨ। ਇਸ ਨਾਲ ਕੇਂਦਰ ਦਾ ਵਿੱਤੀ ਸਥਾਨ ਘੱਟ ਹੋਵੇਗਾ। ਜਿਸ ਨਾਲ ਇਹ ਰਾਜਾਂ ਦੇ ਮੁੱਦਿਆਂ 'ਤੇ ਫੈਲਾਅ ਵਾਲੀ ਵਿੱਤੀ ਪਹੁੰਚ ਅਪਣਾਉਣ ਤੋਂ ਗੁਰੇਜ਼ ਕਰੇਗਾ। ਅਸਲ ਵਿਚ, ਯੋਜਨਾ ਅਦਾਇਗੀਆਂ, ਖ਼ਾਸ ਕਰਕੇ ਸ਼ਰਤਾਂ ਤਹਿਤ ਸੀ ਐੱਸ ਐੱਸ ਦੇ ਰਾਹੀਂ, ਰਾਜਾਂ ਦੇ ਅਧਿਕਾਰ ਖੇਤਰ ਵਿਚ ਕੇਂਦਰ ਦੀ ਘੁਸਪੈਠ ਨੂੰ ਇਹ ਯਕੀਨਨ ਘੱਟ ਕਰੇਗਾ। ਖੁੱਲ੍ਹੇ ਕਰਾਂ ਦੀ ਵੰਡ ਵਿਚ ਵੱਡਾ ਵਾਧਾ ਰਾਜਾਂ ਨੂੰ ਆਪਣੀ ਲੋੜ ਮੁਤਾਬਕ ਵਿਕਾਸ ਯੋਜਨਾਵਾਂ ਬਣਾਉਣ ਲਈ ਵਿੱਤੀ ਸਥਾਨ ਪ੍ਰਦਾਨ ਕਰੇਗਾ। ਸਥਾਨਕ ਸਰਕਾਰਾਂ ਵਿਚ ਅਨੁਦਾਨ ਦੇ ਨਾਲ-ਨਾਲ ਗਿਆਰਾਂ ਰਾਜਾਂ ਵਾਸਤੇ ਆਮਦਨ ਘਾਟੇ ਲਈ ਅਨੁਦਾਨ ਅਤੇ ਕੋਲਾ ਖਾਣਾਂ ਦੀ ਨਿਲਾਮੀ ਵਿਚ ਹਿੱਸੇਦਾਰੀ ਦਾ ਮਤਲਬ ਹੈ ਰਾਜਾਂ ਨੂੰ ਵਿੱਤੀ ਤਬਦੀਲੀਆਂ ਵਿਚ ਭਾਰੀ ਵਾਧਾ। ਇਹ ਵਿਕਾਸ ਪ੍ਰਾਜੈਕਟਾਂ ਲਈ ਕੇਂਦਰ 'ਤੇ ਨਿਰਭਰਤਾ ਦੀ ਰਾਜਾਂ ਦੀ ਪੁਰਾਣੀ ਸਮੱਸਿਆ ਦਾ ਹੱਲ ਕਰ ਦੇਵੇਗਾ। ਹੋਰ, ਵਿੱਤ ਆਯੋਗ ਨੇ ਕੇਂਦਰ ਤੋਂ ਰਾਜਾਂ ਅਤੇ ਰਾਜਾਂ ਤੋਂ ਸਥਾਨਕ ਸਭਾਵਾਂ ਤਕ ਸ਼ਰਤਾਂ ਅਤੇ ਪ੍ਰੋਤਸਾਹਨਾਂ ਨੂੰ ਘੱਟ ਤੋਂ ਘੱਟ ਕਰ ਦਿਤਾ ਹੈ ਜਿਸ ਨਾਲ ਸਰਕਾਰ ਦੇ ਹਰੇਕ ਪੱਧਰ 'ਤੇ ਵਿਸ਼ਵਾਸ ਦੀ ਵੱਡੀ ਜ਼ਿੰਮੇਵਾਰੀ ਪਾ ਦਿਤੀ ਗਈ ਤੇ ਜੋ ਸੱਚੇ ਸਹਿਯੋਗ ਅਤੇ ਮੁਕਾਬਲੇ ਦੇ ਸੰਘਵਾਦ ਦਾ ਚਿੰਨ੍ਹ ਹੈ। ਹੁਣ ਰਾਜਾਂ ਲਈ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਅਤੇ ਨਤੀਜੇ ਦੇਣ ਦਾ ਸਮਾਂ ਹੈ। ਵਿੱਤ ਆਯੋਗ ਦੀਆਂ ਸਾਰੀਆਂ ਦੂਜੀਆਂ ਸਿਫ਼ਾਰਸ਼ਾਂ ਸੋਚੀਆਂ ਸਮਝੀਆਂ ਅਤੇ ਦੇਸ਼ ਦੀ ਵਿੱਤੀ ਸਥਿਰਤਾ ਅਤੇ ਵਿੱਤੀ ਪ੍ਰਣਾਲੀ ਦੀ ਕੁਸ਼ਲਤਾ ਵਿਚ ਸੁਧਾਰ ਲਈ ਹਨ।

ਪਰ, ਜਿਵੇਂ ਕਿ ਪੈਨਲ ਦੇ ਮੈਂਬਰ ਪ੍ਰੋ. ਅਭੀਜੀਤ ਸੇਨ ਦੇ ਸਹਿਮਤੀ ਨੋਟ ਵਿਚ ਦਰਸਾਇਆ ਗਿਆ ਹੈ, ਕਰ ਵੰਡ ਨੂੰ 42 ਪ੍ਰਤਿਸ਼ਤ ਤਕ ਵਧਾਉਣਾ ਯੋਜਨਾ ਅਦਾਇਗੀਆਂ ਵਿਚ ਗੜਬੜ ਪੈਦਾ ਕਰੇਗਾ। ਕੇਂਦਰ ਵਜੋਂ ਪ੍ਰਾਯੋਜਿਤ ਕੁੱਝ ਖ਼ਾਸ ਸਮਾਜਿਕ ਆਰਥਿਕ ਪ੍ਰੋਗਰਾਮਾਂ ਲਈ ਜਾਂ ਤਾਂ ਘੱਟ ਪੈਸਾ ਮਿਲੇਗਾ ਜਾਂ ਫਿਰ ਇਹ ਬੰਦ ਹੋ ਜਾਣਗੇ। ਪਹਿਲਾਂ ਹੀ, 2015-16 ਦੇ ਬਜਟ ਵਿਚ 66 ਸੀ ਐੱਸ ਐੱਸ ਸਕੀਮਾਂ ਨੂੰ ਕੇਂਦਰ ਤੋਂ ਪੈਸਾ ਮਿਲਣਾ ਬੰਦ ਹੋ ਚੁੱਕਾ ਹੈ। ਹੋਰ 24 ਸਕੀਮਾਂ ਨੂੰ ਕੇਂਦਰ ਤੋਂ ਘੱਟ ਪੈਸਾ ਪ੍ਰਾਪਤ ਹੋਵੇਗਾ ਅਤੇ ਰਾਜਾਂ ਤੋਂ ਵੱਧ ਹਿੱਸਾ ਮਿਲੇਗਾ। ਹੁਣ ਤੋਂ 34 ਸਕੀਮਾਂ ਨੂੰ ਕੇਂਦਰ ਪਾਸੋਂ ਪੂਰਾ ਪੈਸਾ ਪ੍ਰਾਪਤ ਹੋਵੇਗਾ। ਇਹ ਸਪੱਸ਼ਟ ਨਹੀਂ ਕਿ ਕੀ ਰਾਜ ਸਰਕਾਰਾਂ ਕੇਂਦਰ ਵਲੋਂ ਹੱਥ ਖਿੱਚਣ ਤੋਂ ਬਾਅਦ ਇਸ ਦੀ ਪੂਰਤੀ ਕਰਨਗੀਆਂ। ਉਸ ਹਾਲਾਤ ਵਿਚ ਇਨ੍ਹਾਂ ਸਕੀਮਾਂ ਦੇ ਲਾਭ ਪਾਤਰੀਆਂ 'ਤੇ ਪ੍ਰਤਿਕੂਲ ਅਸਰ ਪਵੇਗਾ। ਕੁਝ ਸਕੀਮਾਂ, ਜਿਵੇਂ ਪਛੜਿਆ ਖੇਤਰ ਅਨੁਦਾਨ ਕੋਸ਼, ਜੋ ਜ਼ਿਆਦਾਤਰ ਗਰੀਬ ਰਾਜਾਂ ਲਈ ਹੁੰਦਾ, ਯੋਜਨਾ ਅਦਾਇਗੀਆਂ ਦੀ ਇਸ ਛਾਂਟੀ ਤੋਂ ਬੁਰੀ ਤਰ੍ਹਾਂ ਪ੍ਰਭਾਵਤ ਹੋਣਗੇ। ਕਿਉਂਕਿ ਪੰਚਾਇਤੀ ਰਾਜ ਮੰਤਰਾਲਾ ਅਜਿਹੇ ਬਹੁਤ ਸਾਰੇ ਪ੍ਰੋਗਰਾਮਾਂ ਨੂੰ ਅਮਲ ਵਿਚ ਲਿਆਉਣ ਦਾ ਕੰਮ ਕਰਦਾ ਹੈ, ਇਸ ਮੰਤਰਾਲਾ ਵਾਸਤੇ ਫ਼ੰਡ ਦੀ ਆਮਦ 'ਤੇ ਬਹੁਤ ਬੁਰਾ ਅਸਰ ਪਵੇਗਾ। ਅਜਿਹਾ 2015-16 ਦੇ ਬਜਟ ਵਿਚ ਪਹਿਲਾਂ ਹੀ ਵਾਪਰ ਚੁੱਕਾ ਹੈ ਜਿਥੇ ਪਿਛਲੇ ਬਜਟ ਦੇ ਮੁਕਾਬਲੇ ਪੰਚਾਇਤੀ ਰਾਜ ਮੰਤਰਾਲਾ ਨੂੰ ਬਹੁਤ ਨਿਗੂਣੀ ਰਾਸ਼ੀ ਪ੍ਰਾਪਤ ਹੋਈ ਹੈ। ਹੋਰ ਰਾਜਾਂ ਦੁਆਰਾ ਪੈਸੇ ਦੀ ਵਰਤੋਂ ਬਾਰੇ ਵੀ ਸ਼ੰਕੇ ਪਾਏ ਜਾ ਰਹੇ ਹਨ ਜਦ ਕਿ ਯੋਜਨਾ ਆਯੋਗ ਵਰਗੇ ਸੰਸਥਾਨ ਦਾ ਕੋਈ ਦਖਲ ਨਹੀਂ ਹੋਵੇਗਾ। ਰਾਜਾਂ ਦੇ ਪ੍ਰਬੰਧਨ ਦੀ ਗੁਣਵੱਤਾ ਅਤੇ ਸਮਰੱਥਾ ਵੱਖ-ਵੱਖ ਹੈ ਅਤੇ ਇਸ ਕਾਰਨ ਵਧੀਆਂ ਹੋਈਆਂ ਖੁੱਲ੍ਹੀਆਂ ਵਿੱਤੀ ਅਦਾਇਗੀਆਂ ਅਤੇ ਵਿਕਾਸ ਯੋਜਨਾ ਸਕੀਮਾਂ ਘੱਟ ਕਰਨ ਨਾਲ ਪੈਸੇ ਦੀ ਦੁਰਵਰਤੋਂ ਵਧੇਗੀ। ਬੇਸ਼ੱਕ, ਸੁਸ਼ਾਸਨ ਵਾਲੇ ਰਾਜ ਜਿਥੇ ਢੁਕਵੇਂ ਸੰਸਥਾਨ ਅਤੇ ਦ੍ਰਿਸ਼ਟੀ ਹੈ, ਜ਼ਿਆਦਾ ਫ਼ੰਡਾਂ ਨਾਲ ਫਲ-ਫੁਲ ਸਕਦੇ ਹਨ।

***ਕੁੱਲ ਮਿਲਾ ਕੇ, 14ਵੇਂ ਵਿੱਤ ਆਯੋਗ ਦੀਆਂ ਸਿਫ਼ਾਰਿਸ਼ਾਂ ਰਾਜਾਂ ਨੂੰ ਵੱਧ ਵਿੱਤੀ ਖ਼ੁਦਮੁਖ਼ਤਿਆਰੀ ਦੇਣ ਵਾਲੀਆਂ ਹਨ ਤਾਂ ਕਿ ਉਹ ਆਪਣੇ ਵਿਕਾਸ ਮੁਖੀ ਟੀਚਿਆਂ ਅਨੁਸਾਰ ਯੋਜਨਾਵਾਂ ਬਣਾ ਸਕਣ। ਇਹ ਆਸ ਕੀਤੀ ਜਾਂਦੀ ਹੈ ਕਿ ਜ਼ਿਆਦਾ ਸਰੋਤ ਮਿਲਣ ਨਾਲ ਰਾਜ ਆਪਣੇ ਨਾਗਰਿਕਾਂ ਨੂੰ ਜਨਤਕ ਸੇਵਾਵਾਂ ਦੇਣ ਵਿਚ ਜ਼ਿਆਦਾ ਜ਼ਿੰਮੇਵਾਰੀ ਅਤੇ ਪ੍ਰਭਾਵੀ ਸਾਬਤ ਹੋਣਗੇ ਜੋ ਸਹੀ ਅਰਥਾਂ ਵਿਚ ਭਾਰਤ ਅੰਦਰ ਮੁਕਾਬਲੇ ਦੇ ਸੰਘਵਾਦ ਨੂੰ ਜਨਮ ਦੇਣਗੇ। ਵਿੱਤ ਆਯੋਗ ਦਾ ਵਿਆਪਕ ਟੀਚਿਆਂ ਦੇ ਇਕਸਾਰ ਨਵਾਂ ਸੰਸਥਾਗਤ ਪ੍ਰਬੰਧ ਬਣਾਉਣ ਅਤੇ ਸਹਿਕਾਰੀ ਸੰਘਵਾਦ ਦੇ ਮਜ਼ਬੂਤ ਕਰਨ ਦਾ ਸੁਝਾਅ ਸਵਾਗਤਯੋਗ ਹੈ ਜੋ ਉਨ੍ਹਾਂ ਖੇਤਰਾਂ ਲਈ ਅਨੁਦਾਨ ਦੀ ਪਛਾਣ ਕਰੇਗਾ ਜਿਨ੍ਹਾਂ ਦੇ ਸਾਰੇ ਰਾਜਾਂ ਵਿਚ ਪ੍ਰਭਾਵ ਪੈਂਦੇ ਹਨ।***

14ਵੇਂ ਵਿੱਤ ਆਯੋਗ ਦੀਆਂ ਸਿਫ਼ਾਰਿਸ਼ਾਂ ਠੀਕ ਸਮੇਂ 'ਤੇ ਆਈਆਂ ਹਨ ਜਦੋਂ ਸ੍ਰੀ ਮੋਦੀ ਦੀ ਅਗਵਾਈ ਵਾਲਾ ਨਵਾਂ ਨਿਜ਼ਾਮ ਰਾਜਾਂ ਨੂੰ ਵੱਧ ਵਿੱਤੀ ਖ਼ੁਦਮੁਖ਼ਤਿਆਰੀ ਦੇਣ ਵਿਚ ਯਕੀਨ ਰੱਖਦਾ ਹੈ। ਅਸਲ ਵਿਚ, ਜੋ ਪਹਿਲਾ ਕੰਮ ਮੋਦੀ ਸਰਕਾਰ ਨੇ ਸੱਤਾ ਵਿਚ ਆਉਣ 'ਤੇ ਕੀਤਾ, ਉਹ ਸੀ ਯੋਜਨਾ ਆਯੋਗ ਨੂੰ ਖਤਮ ਕਰਨਾ ਜੋ ਅਜਿਹੀਆਂ ਵਿਕਾਸ ਯੋਜਨਾਵਾਂ ਬਣਾ ਰਿਹਾ ਸੀ ਜਿਨ੍ਹਾਂ ਦਾ ਨਤੀਜਾ ਅਖ਼ਤਿਆਰੀ ਯੋਜਨਾ ਅਦਾਇਗੀਆਂ ਵਿਚ ਵਾਧੇ ਦੇ ਰੂਪ ਵਿਚ ਨਿਕਲਿਆ। ਕਿਉਂਕਿ ਯੋਜਨਾ ਆਯੋਗ ਖਤਮ ਕਰ ਦਿਤਾ ਗਿਆ ਹੈ, ਚੰਗਾ ਇਹੀ ਹੋਵੇਗਾ ਕਿ ਉਹ ਆਪਣੇ ਵਾਸਤੇ ਖੁਦ ਸਰੋਤ ਜੁਟਾਉਣ ਅਤੇ ਆਜ਼ਾਦਾਨਾ ਤੌਰ ਤੇ ਵਿਕਸਤ ਹੋਣ।

*(ਲੇਖਕ ਐਸੋਸ਼ੀਏਟ ਪ੍ਰੋਫੈਸਰ, ਇੰਸਟੀਚਿਊਟ ਆਫ਼ ਇਕਨਾਮਿਕ ਗ੍ਰੋਥ, ਦਿੱਲੀ ਯੂਨੀਵਰਸਿਟੀ ਹੈ।)*

*e-mail :pravakarfirst@gmail.com*

# ਜਵਾਬਦੇਹੀ ਦੀ ਤਬਦੀਲੀ?

## ਇਸਤਰੀਆਂ ਦੇ ਪਰਿਪੇਖ ਤੋਂ ਬਜਟ ਦਾ ਅਧਿਐਨ

ਨੀਤਾ ਐਂਨ

2015–16 ਦੇ ਬਜਟ ਦੀ ਬਹੁਤ ਦੇਰ ਤੋਂ ਉਡੀਕ ਸੀ, ਇਸ ਕਰਕੇ ਨਹੀਂ ਕਿ ਇਹ ਵਰਤਮਾਨ ਸਰਕਾਰ ਦਾ ਪਹਿਲਾ ਸੰਪੂਰਨ ਬਜਟ ਹੈ, ਸਗੋਂ ਇਸ ਕਾਰਨ ਵੀ ਕਿ ਜਿਹੜੀ ਤੇਜ਼ੀ ਨਾਲ ਰਣਨੀਤਕ ਆਰਥਿਕ ਬਦਲਾਅ ਕੀਤੇ ਜਾ ਰਹੇ ਹਨ। ਸਮੂਹਿਕ ਵਿਕਾਸ ਪਹੁੰਚ ਵਿਚ ਕੋਈ ਤਬਦੀਲੀ ਜਾਂ ਇਸ ਦੀ ਰਫ਼ਤਾਰ, ਪਰਿਵਾਰਾਂ ਅੰਦਰ ਪਿਤਰੀ ਸ਼ਕਤੀ ਸੰਬੰਧੀ ਅਤੇ ਸਮਾਜਿਕ ਤੇ ਆਰਥਿਕ ਖੇਤਰਾਂ ਨੂੰ ਵੇਖਦਿਆਂ ਮਰਦਾਂ ਨਾਲੋਂ ਔਰਤਾਂ 'ਤੇ ਜ਼ਿਆਦਾ ਅਸਰ ਪਾਵੇਗੀ। ਪਿਛਲੇ ਸਾਲਾਂ ਅੰਦਰ ਔਰਤਾਂ ਨਾਲ ਜੁੜੇ ਸਰੋਕਾਰਾਂ ਅਤੇ ਮੁੱਦਿਆਂ ਨੂੰ ਬੇਮਿਸਾਲ ਮਹੱਤਵ ਮਿਲਿਆ ਹੈ, ਖ਼ਾਸ ਕਰਕੇ ਔਰਤਾਂ ਖ਼ਿਲਾਫ਼ ਵਧ ਰਹੀ ਹਿੰਸਾ ਦੇ ਮੱਦੇ ਨਜ਼ਰ। ਇਸੇ ਅਨੁਸਾਰ, ਔਰਤਾਂ ਖ਼ਿਲਾਫ਼ ਹਿੰਸਾ ਸਾਰੀਆਂ ਵਿਚਾਰ ਚਰਚਾਵਾਂ ਦਾ ਕੇਂਦਰ ਬਿੰਦੂ ਬਣ ਗਈ, ਇੰਨੀ ਜ਼ਿਆਦਾ ਕਿ ਹਾਲ ਹੀ ਵਿਚ ਹੋਈਆਂ ਚੋਣਾਂ ਦੌਰਾਨ ਵੱਖ-ਵੱਖ ਰਾਜਸੀ ਦਲਾਂ ਦੇ ਚੋਣ ਐਲਾਨਨਾਮੇ ਵਿਚ ਇਸ ਬਾਰੇ ਗੰਭੀਰ ਫ਼ਿਕਰ ਜ਼ਾਹਰ ਕੀਤਾ ਗਿਆ।

ਔਰਤਾਂ ਖ਼ਿਲਾਫ਼ ਹਿੰਸਾ ਦਾ ਮੂਲ ਕਾਰਨ ਉਨ੍ਹਾਂ ਦਾ ਸਮਾਜ ਵਿਚ ਨਿਮਨ ਦਰਜਾ ਹੈ ਜੋ ਵੱਖ-ਵੱਖ ਵਿਕਾਸ ਸੂਚਕਾਂ ਤੋਂ ਸਪੱਸ਼ਟ ਨਜ਼ਰ ਆਉਂਦਾ ਹੈ। ਭਾਵੇਂ ਕਿ ਸਾਖਰਤਾ ਦਰ ਵਿਚ ਸਮੇਂ ਨਾਲ ਸੁਧਾਰ ਆਇਆ ਹੈ, ਪਰ ਇਹ ਹਾਲੇ ਵੀ ਬਹੁਤ ਘੱਟ ਹੈ ਜਿਥੇ ਇਕ ਤਿਹਾਈ ਔਰਤਾਂ ਹਾਲੇ ਵੀ ਅਨਪੜ੍ਹ ਹਨ। ਲਿੰਗ ਅਨੁਪਾਤ ਕਈ ਦਹਾਕਿਆਂ ਤੋਂ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। 2011 ਦੀ ਮਰਦਮਸ਼ੁਮਾਰੀ ਵਿਚ 1000 ਪੁਰਸ਼ਾਂ ਪਿੱਛੇ ਸਿਰਫ਼ 914 ਔਰਤਾਂ ਦਰਸਾਈਆਂ ਗਈਆਂ ਹਨ। ਇਕ ਹੋਰ ਅਹਿਮ ਅਤੇ ਚਿੰਤਾ ਵਾਲਾ ਰੁਝਾਨ ਰੁਜ਼ਗਾਰ ਵਿਚ ਔਰਤਾਂ ਦੀ ਲਗਾਤਾਰ ਘਟਦੀ ਹੋਈ ਭਾਗੀਦਾਰੀ ਹੈ। ਐਨ ਐਸ ਐਸ ਦੇ 2011–12 ਦੇ ਅੰਕੜਿਆਂ ਅਨੁਸਾਰ ਔਰਤਾਂ ਦੀ ਕੰਮ ਵਿਚ ਹਿੱਸੇਦਾਰੀ 22 ਪ੍ਰਤਿਸ਼ਤ ਦੇ ਲਗਭਗ ਹੈ ਜਿਸ ਵਿਚ ਪਿਛਲੇ ਸਾਲਾਂ ਅੰਦਰ ਗਿਰਾਵਟ ਆਈ ਹੈ, ਖ਼ਾਸ ਕਰਕੇ ਪੇਂਡੂ ਖੇਤਰਾਂ ਵਿਚ ਜਿਥੇ ਇਹ ਲਗਭਗ 8 ਪ੍ਰਤਿਸ਼ਤ ਅੰਕ ਦਰ ਨਾਲ ਘਟੀ ਹੈ। ਇਹ ਵਿਤਕਰੇ ਵਾਲਾ ਲਿੰਗ ਵਿਕਾਸ ਸੰਯੁਕਤ ਰਾਸ਼ਟਰ ਦੀ ਲਿੰਗ ਅਬਰਾਬਰੀ ਸੂਚੀ ਵਿਚ ਵੀ ਦਰਸਾਇਆ ਗਿਆ ਹੈ ਜਿਸ ਵਿਚ 2011 ਵਿਚ ਭਾਰਤ ਦੀ ਕੀਮਤ 0.617 ਹੈ ਅਤੇ ਵਿਸ਼ਵ ਦੇ 149 ਦੇਸ਼ਾਂ ਵਿਚੋਂ ਇਸ ਦਾ 129ਵਾਂ ਸਥਾਨ ਹੈ। ਇਸੇ ਪਿੱਠਭੂਮੀ ਵਿਚ ਸਾਨੂੰ ਵਰਤਮਾਨ ਬਜਟ ਦਾ ਮੁੱਲੰਕਣ ਅਤੇ ਔਰਤਾਂ 'ਤੇ ਇਸ ਦੇ ਪੈਣ ਵਾਲੇ ਪ੍ਰਭਾਵਾਂ ਨੂੰ ਵਾਚਣਾ ਹੋਵੇਗਾ। ਬਜਟ ਦੀ ਲਿੰਗ ਸੰਵੇਦਨਸ਼ੀਲਤਾ ਦਾ ਤਿੰਨ ਪੱਧਰਾਂ 'ਤੇ ਅਧਿਐਨ ਕੀਤਾ ਜਾ ਸਕਦਾ ਹੈ। ਸਮਾਜਿਕ ਖੇਤਰ ਦਾ ਖਰਚਾ, ਲਿੰਗ ਬਰਾਬਰੀ ਨੂੰ ਉਤਸ਼ਾਹਿਤ ਕਰਨ ਲਈ ਅਹਿਮ ਹੈ, ਭਾਵੇਂ ਕਿ ਇਸ ਮਦ ਤਹਿਤ ਵੰਡ ਅਤੇ ਖਰਚਾ ਵਿਸ਼ੇਸ਼ ਕਰਕੇ ਔਰਤਾਂ ਵਾਸਤੇ ਨਹੀਂ ਹਨ। ਦੂਜਾ ਹੈ ਔਰਤਾਂ ਵਾਸਤੇ ਖ਼ਾਸ ਤੌਰ ਤੇ ਬਣਾਈਆਂ ਯੋਜਨਾਵਾਂ/ਵੰਡ 'ਤੇ ਝਾਤ ਪਾਉਣੀ। ਵੱਖ-ਵੱਖ ਮੰਤਰਾਲਿਆਂ ਅਤੇ ਵਿਭਾਗਾਂ ਦੀ ਲਿੰਗ ਬਜਟ ਸਟੇਟਮੈਂਟ ਤਹਿਤ ਵੰਡ (ਔਰਤਾਂ ਵਾਸਤੇ ਯੋਜਨਾ ਅਤੇ ਪ੍ਰੋਗਰਾਮਾਂ ਨੂੰ ਛੱਡ ਕੇ), ਵੱਖ-ਵੱਖ ਯੋਜਨਾਵਾਂ/ਪ੍ਰੋਗਰਾਮਾਂ ਦੇ ਲਿੰਗੀਕਰਨ ਨੂੰ ਸਮਝਣ ਦਾ ਇਕ ਹੋਰ ਤਰੀਕਾ ਹੈ।

ਵਰਤਮਾਨ ਬਜਟ ਦਾ ਮੁੱਲੰਕਣ ਕਰਦਿਆਂ ਇਕ ਮਹੱਤਵਪੂਰਨ ਵਿੱਤੀ ਬਦਲਾਅ ਨੂੰ ਧਿਆਨ ਵਿਚ ਰੱਖਣਾ ਹੋਵੇਗਾ। ਇਹ ਹੈ ਰਾਜਾਂ ਨੂੰ ਦਿਤੀ ਜਾਣ ਵਾਲੀ ਸਹਾਇਤਾ ਦਾ ਪੁਨਰਗਠਨ – ਵਧੀ ਹੋਈ ਵੰਡ – ਜੋ ਚੌਦ੍ਹਵੇਂ ਵਿੱਤ ਆਯੋਗ ਦੀਆਂ ਸਿਫ਼ਾਰਸ਼ਾਂ ਮੁਤਾਬਕ ਹੈ। ਕਰ ਆਮਦਨੀ ਵਿਚ ਰਾਜਾਂ ਦੇ ਵਧੇ ਹੋਏ ਹਿੱਸੇ (32 ਪ੍ਰਤਿਸ਼ਤ ਤੋਂ 42 ਪ੍ਰਤਿਸ਼ਤ) ਨਾਲ ਕੇਂਦਰ ਸਰਕਾਰ ਨੇ ਆਪਣੇ ਖਰਚ ਦੀਆਂ ਪੱਧਤੀਆਂ ਦਾ ਵੀ ਪੁਨਰਗਠਨ ਕੀਤਾ ਹੈ। ਇਸ ਤਰ੍ਹਾਂ, ਕੁਝ ਸਕੀਮਾਂ ਬੰਦ ਕੀਤੀਆਂ ਗਈਆਂ ਹਨ; ਕੁਝ ਦਾ ਕੇਂਦਰ ਰਾਜ ਹਿੱਸੇਦਾਰੀ ਦਾ ਹੁਣ ਬਦਲਿਆ ਸਰੂਪ ਹੈ ਜਦ ਕਿ ਕੁਝ ਹਾਲੇ ਵੀ ਕੇਂਦਰ ਅਧੀਨ ਹਨ। ਇਸੇ ਨਾਲ ਹੀ ਜੋੜ ਕੇ ਇਹ ਦੇਖਿਆ ਜਾਣਾ ਚਾਹੀਦਾ ਹੈ ਕਿ ਕਰ ਵਿਚ ਕੁੱਲ ਜੋੜ ਜਮ੍ਹਾਂ ਵਾਧਾ ਨਹੀਂ ਕੀਤਾ ਗਿਆ, ਜਿਸ ਕਾਰਨ ਕੇਂਦਰ ਸਰਕਾਰ ਕੋਲ ਖਰਚ ਕਰਨ ਵਾਲੀ ਰਕਮ ਘਟ ਗਈ ਹੈ ਜੋ ਘਟੇ ਹੋਏ ਵਿੱਤੀ ਘਾਟੇ ਦੇ ਉਦੇਸ਼ ਅਨੁਸਾਰ ਹੀ ਹੈ।

### ਸਮਾਜਿਕ ਖੇਤਰ ਖਰਚ : ਲਿੰਗ ਬਰਾਬਰੀ ਦੀ ਰੀੜ੍ਹ ਦੀ ਹੱਡੀ


ਸਮਾਜਿਕ ਅਤੇ ਆਰਥਿਕ ਬਰਾਬਰੀ ਲਈ ਸਮਾਜਿਕ ਖੇਤਰ ਦੇ ਖਰਚ ਅਹਿਮ ਅਤੇ ਵਸੋਂ ਦੇ ਸਾਰੇ ਵਰਗਾਂ ਲਈ ਮਹੱਤਵਪੂਰਨ ਹਨ। ਪਰ ਇਹ ਵੰਚਿਤ ਵਰਗਾਂ, ਖ਼ਾਸ ਕਰਕੇ ਸਾਰੇ ਵਰਗਾਂ ਦੀਆਂ ਔਰਤਾਂ ਲਈ ਜ਼ਿਆਦਾ ਅਹਿਮ ਹਨ ਕਿਉਂਕਿ ਇਹ ਸਿੱਧਾ ਉਨ੍ਹਾਂ ਦੇ ਕੰਮ ਦੇ ਬੋਝ ਅਤੇ ਸਮੇਂ ਦੀ ਵੰਡ 'ਤੇ ਅਸਰ ਪਾਉਂਦਾ ਹੈ। ਔਰਤਾਂ ਦਾ ਜ਼ਿਆਦਾ ਜਮਾਵੜਾ ਗ਼ੈਰ-ਰਸਮੀ ਖੇਤਰ ਵਿਚ ਹੈ ਜਿਥੇ ਮੁਢਲੀ ਸਮਾਜਿਕ, ਸੁਰੱਖਿਆ ਦੇ ਉਪਾਵਾਂ ਦੀ ਕਮੀ ਹੁੰਦੀ ਹੈ, ਜਦ ਤਕ ਕਿ ਰਾਜ ਸਿੱਖਿਆ,

ਸਿਹਤ, ਘਰ ਉਸਾਰੀ ਅਤੇ ਸਾਫ਼-ਸਫ਼ਾਈ 'ਤੇ ਜ਼ਿਆਦਾ ਨਿਵੇਸ਼ ਨਾ ਕਰੇ, ਜ਼ਿਮੀਦਾਰ ਪਰਿਵਾਰਾਂ ਦਾ ਜੀਵਨ ਪੱਧਰ ਨੀਵੇਂ ਤੋਂ ਨੀਵਾਂ ਹੁੰਦਾ ਜਾਣਾ ਤੈਅ ਹੈ ਜੋ ਪਰਿਵਾਰ ਵਿਚ ਲਿੰਗ ਆਧਾਰਿਤ ਸ਼ਕਤੀ ਦੇ ਅਬਰਾਬਰੀ ਵਾਲੇ ਸੰਬੰਧਾਂ ਦੇ ਚਲਦਿਆਂ ਔਰਤ ਦੇ ਰੁਤਬੇ 'ਤੇ ਬੁਰਾ ਅਸਰ ਪਾਵੇਗਾ। ਹੋਰ, ਇਨ੍ਹਾਂ ਵਿਚੋਂ ਕੁਝ ਪ੍ਰਾਵਧਾਨਾਂ ਦਾ ਔਰਤਾਂ ਵਲੋਂ ਬਿਨਾਂ ਕਿਸੇ ਮਿਹਨਤਾਨੇ ਦੇ ਕੀਤੇ ਜਾਣ ਵਾਲੇ ਘਰੇਲੂ ਕੰਮਾਂ 'ਤੇ ਸਿੱਧਾ ਅਸਰ ਪਵੇਗਾ। ਪੀਣ ਵਾਲੇ ਸਾਫ਼ ਪਾਣੀ ਦੀ ਉਪਲਬਧਤਾ ਔਰਤ ਨੂੰ ਦੂਰ ਦੁਰਾਡੇ ਤੋਂ ਪਾਣੀ ਢੋਣ ਵਾਲੀ ਕਠੋਰ ਮਿਹਨਤ ਤੋਂ ਬਚਾ ਲੈਂਦੀ ਹੈ। ਇਸੇ ਤਰ੍ਹਾਂ ਹੀ, ਮੁਢਲੀਆਂ ਸਿਹਤ ਸਹੂਲਤਾਂ ਦੇ ਪ੍ਰਾਵਧਾਨ ਔਰਤਾਂ ਦੇ ਸਾਂਭ-ਸੰਭਾਲ ਦੇਣ ਵਾਲੇ ਵਜੋਂ ਮੰਗਾਂ ਦਾ ਹੱਲ ਕਰਦੇ ਹਨ। ਇਹ ਵੀ ਮੰਨਿਆ ਗਿਆ ਹੈ ਕਿ ਢੁਕਵੀਂ ਅਤੇ ਸੁਰੱਖਿਅਤ ਸਾਫ਼-ਸਫ਼ਾਈ ਦੀਆਂ ਸਹੂਲਤਾਂ ਦੀ ਅਣਹੋਂਦ ਬਾਲੜੀਆਂ ਦੇ ਸਕੂਲ ਛੱਡਣ ਦਾ ਇਕ ਵੱਡਾ ਕਾਰਨ ਹੈ। ਮਾੜੀ ਵੰਡ ਅਤੇ ਸਮਾਜਿਕ ਖੇਤਰ ਖਰਚ ਵਿਚ ਕਟੌਤੀ ਪਿਛਲੇ ਅਨੇਕ ਸਾਲਾਂ ਤੋਂ ਜਨਤਕ ਬਹਿਸ ਦਾ ਮੁੱਦਾ ਰਿਹਾ ਹੈ। ਸਮਾਜਿਕ ਖੇਤਰ ਖਰਚ ਵਿਚ ਕਈ ਸਾਲਾਂ ਤੋਂ ਉਤਾਰ-ਚੜ੍ਹਾਅ ਆ ਰਹੇ ਹਨ। ਸੈਂਟਰ ਫਾਰ ਗਵਰਨੈਂਸ ਐਂਡ ਬਜਟ ਅਕਾਊਂਟੇ-ਬਿਲਿਟੀ ਵਲੋਂ ਇਕੱਤਰ ਅੰਕੜਿਆਂ ਮੁਤਾਬਕ ਕੁੱਲ ਘਰੇਲੂ ਉਤਪਾਦ ਵਿਚ ਸਮਾਜਿਕ ਖੇਤਰ ਖਰਚੇ ਦਾ ਹਿੱਸਾ 3.40 ਪ੍ਰਤਿਸ਼ਤ ਤੋਂ ਘਟ ਕੇ 2.57 ਪ੍ਰਤਿਸ਼ਤ ਰਹਿ ਗਿਆ ਹੈ ਜਿਸ ਵਿਚ ਅੰਨ ਸਬਸਿਡੀ ਵੀ ਸ਼ਾਮਿਲ ਹੈ। ਬਦਲੇ ਹੋਏ ਵਿੱਤੀ ਸੰਦਰਭ ਵਿਚ, ਜਿਸ ਵਿਚ ਆਸ ਮੁਤਾਬਕ ਰਾਜ ਸਮਾਜਿਕ ਖੇਤਰ ਦੇ ਖਰਚ ਵਿਚ ਜ਼ਿਆਦਾ ਹਿੱਸਾ ਪਾਉਂਦੇ ਹਨ, ਕਟੌਤੀਆਂ ਦੇ ਪ੍ਰਭਾਵ ਦਾ ਧਿਆਨ ਪੂਰਬਕ ਮੁੱਲੰਕਣ ਕੀਤਾ ਜਾਣਾ ਚਾਹੀਦਾ ਹੈ। ਜੇ ਵਿਸ਼ੇਸ਼ ਸਕੀਮਾਂ ਦੇ ਵਿੱਤ ਲਈ ਕੇਂਦਰ ਸਰਕਾਰ ਦੀਆਂ ਪੱਧਤੀਆਂ 'ਤੇ ਝਾਤ ਮਾਰੀਏ ਤਾਂ ਕੇਂਦਰ ਸਰਕਾਰ ਦੀ ਪ੍ਰਤਿਬਧਤਾ ਪੂੰਜੀਗਤ ਖਰਚਿਆਂ ਲਈ ਨਜ਼ਰ ਆਉਂਦੀ ਹੈ ਨਾ ਕਿ ਵਾਰ-ਵਾਰ ਹੋਣ ਵਾਲੇ ਖਰਚਿਆਂ ਲਈ। ਬਹੁਤ ਸਾਰੀਆਂ ਸਕੀਮਾਂ ਪਹਿਲਾਂ ਹੀ ਚਲਦੀਆਂ ਹੋਣ ਕਾਰਨ ਇਨ੍ਹਾਂ ਸਕੀਮਾਂ 'ਤੇ ਪੂੰਜੀਗਤ ਖਰਚ ਘੱਟ ਹੋਣਾ ਲਾਜ਼ਮੀ ਹੈ ਅਤੇ ਸਾਲ ਦਰ ਸਾਲ ਹੋਰ ਘਟੇਗਾ ਜਿਸ ਦਾ ਮਤਲਬ ਹੈ ਕਿ ਆਖ਼ਰ ਨੂੰ ਇਨ੍ਹਾਂ ਯੋਜਨਾਵਾਂ ਨੂੰ ਲਾਗੂ ਕਰਨ ਦਾ ਵਿੱਤੀ ਬੋਝ ਰਾਜ ਸਰਕਾਰਾਂ ਨੂੰ ਝੱਲਣਾ ਪਵੇਗਾ। ਮੁੱਦਾ ਰਾਜ ਸਰਕਾਰਾਂ ਵਲੋਂ ਇਨ੍ਹਾਂ ਸਕੀਮਾਂ ਦੀ ਜ਼ਿੰਮੇਵਾਰੀ ਲੈਣ ਦਾ ਨਹੀਂ ਸਗੋਂ ਇਹ ਕੁੱਲ ਖਰਚ ਅਤੇ ਇਸ ਦੀ ਪੱਧਤੀ ਨੂੰ ਕਿਵੇਂ ਪ੍ਰਭਾਵਤ ਕਰੇਗਾ। ਜੇ ਵਰਤਮਾਨ ਸਮਾਜਿਕ ਖੇਤਰ ਦੇ ਪ੍ਰੋਗਰਾਮਾਂ ਵੱਲ ਵੇਖੀਏ ਤਾਂ ਰਾਜਾਂ ਅੰਦਰ ਵੱਡੇ ਫ਼ਰਕ ਨਜ਼ਰ ਆਉਂਦੇ ਹਨ ਜੋ ਰਾਜਾਂ ਦੀ ਪ੍ਰਤਿਬਧਤਾ ਅਤੇ ਅਜਿਹੇ ਪ੍ਰੋਗਰਾਮਾਂ ਵਿਚ ਦਿਲਚਸਪੀ ਦਰਸਾਉਂਦੇ ਹਨ। ਕਿਉਂਕਿ ਰਾਜਾਂ ਵਾਸਤੇ ਵਿੱਤ ਹੋਰ ਖੁੱਲ੍ਹਾ ਅਤੇ ਲਚਕਦਾਰ ਹੁੰਦਾ ਜਾਵੇਗਾ, ਔਰਤਾਂ ਦੇ ਮੁੱਦਿਆਂ ਬਾਰੇ ਰਾਜਨੀਤਕ ਇੱਛਾ ਸ਼ਕਤੀ ਨੂੰ ਵੇਖਦਿਆਂ, ਰਾਜ ਕੁੱਲ ਪੱਧਰ 'ਤੇ ਘੱਟ ਤੋਂ ਘੱਟ ਸਾਧਨ ਵੰਡੇ ਜਾ ਸਕਦੇ ਹਨ ਅਤੇ ਵੰਡ ਦੀ ਪੱਧਤੀ ਵੀ ਬਦਲ ਸਕਦੇ ਹਨ। ਵੰਡ ਦੀ ਪੱਧਤੀ ਵਿਚ ਕੋਈ ਕਟੌਤੀ ਜਾਂ ਬਦਲਾਅ ਦੇ ਲਿੰਗਕ ਪ੍ਰਭਾਵ ਪੈਣਗੇ ਕਿਉਂਕਿ ਸਮਾਜਿਕ ਖੇਤਰ ਵਿਚ ਸਿਹਤ, ਪੀਣ ਵਾਲਾ ਪਾਣੀ ਅਤੇ ਸਾਫ਼-ਸਫ਼ਾਈ ਬੇਹੱਦ ਲਿੰਗ ਸੰਵੇਦਨਸ਼ੀਲਤਾ ਵਾਲੇ ਨਿਵੇਸ਼ ਹਨ। ਇਸ ਵਿਚ ਮਿਲਾ ਕੇ, ਵਧੇ ਹੋਏ ਮਾਲ ਭਾੜੇ ਅਤੇ ਡੀਜ਼ਲ ਦੀਆਂ ਕੀਮਤਾਂ ਮੁਢਲੀਆਂ ਵਸਤਾਂ ਦੀਆਂ ਕੀਮਤਾਂ ਵਿਚ ਯਕੀਨਨ ਵਾਧਾ ਕਰਨਗੀਆਂ। ਸਿੱਟੇ ਵਜੋਂ, ਔਰਤਾਂ ਦਾ ਬਿਨਾਂ ਉਜਰਤ ਵਾਲੇ ਕੰਮ ਦਾ ਬੋਝ ਹੋਰ ਵਧੇਗਾ। ਔਰਤ ਦੀ ਕਠੋਰ ਮਿਹਨਤ ਪਰਿਵਾਰ ਦੇ ਮੈਂਬਰਾਂ ਦਾ ਗੁਜ਼ਾਰਾ ਤਾਂ ਚਲਦਾ ਰੱਖੇਗੀ ਪਰ ਉਸ ਦੀਆਂ ਪੌਸ਼ਟਿਕਤਾ ਦੀਆਂ ਲੋੜਾਂ ਨਜ਼ਰਅੰਦਾਜ਼ ਹੁੰਦੀਆਂ ਰਹਿਣਗੀਆਂ।

## ਔਰਤਾਂ ਵਾਸਤੇ ਖ਼ਾਸ ਸਕੀਮਾਂ : ਸੁਰੱਖਿਆ ਨਾਲ ਕਲਿਆਣ

ਸਿਰਫ਼ ਔਰਤਾਂ ਵਾਸਤੇ ਸਕੀਮਾਂ ਦਾ ਮਕਸਦ ਉਨ੍ਹਾਂ ਦੇ ਕੁੱਝ ਖ਼ਾਸ ਸਰੋਕਾਰਾਂ ਦਾ ਹੱਲ ਕਰਨਾ ਅਤੇ ਬਰਾਬਰੀ ਯਕੀਨੀ ਬਣਾਉਣਾ ਹੈ, ਭਾਵੇਂ ਕਿ ਇਨ੍ਹਾਂ ਦਾ ਗਠਨ ਔਰਤ ਦੇ ਰੁਤਬੇ ਸੰਬੰਧੀ ਪਿਤਰੀ ਸੋਚ ਮੁਤਾਬਕ ਹੀ ਕੀਤਾ ਗਿਆ ਹੈ। ਜੈਂਡਰ ਬਜਟ ਸਟੇਟਮੈਂਟ ਜੋ ਖਰਚੇ ਦੇ ਬਜਟ ਦਾ ਹਿੱਸਾ ਹੁੰਦੀ ਹੈ, ਔਰਤ ਮੁਖੀ ਸਕੀਮਾਂ ਅਤੇ ਪ੍ਰੋਗਰਾਮਾਂ ਬਾਰੇ ਅੰਕੜੇ ਮੁਹੱਈਆ ਕਰਵਾਉਂਦੀ ਹੈ ਜਿਸ ਵਿਚ 30 ਪ੍ਰਤਿਸ਼ਤ ਜਾਂ ਵੱਧ ਵੰਡ ਔਰਤਾਂ ਵਾਸਤੇ ਰਾਖਵੇਂ ਰੱਖੇ ਜਾਂਦੇ ਹਨ। 2015-16 ਦੇ ਬਜਟ ਵਿਚ 17 ਕਰੋੜ ਰੁਪਏ ਦੇ ਲਗਭਗ ਸਿਰਫ਼ ਔਰਤਾਂ ਦੀਆਂ ਸੀਕਮਾਂ/ਪ੍ਰੋਗਰਾਮਾਂ ਲਈ ਦਿਤੇ ਗਏ ਹਨ। ਪਰ, ਸਾਲ ਦਰ ਸਾਲ ਇਸ ਵੰਡ ਰਕਮਾਂ ਵਿਚ ਗਿਰਾਵਟ ਆਈ ਹੈ, ਨਾ ਸਿਰਫ਼ ਸੰਪੂਰਨ ਅਰਥਾਂ ਵਿਚ ਪਰ ਕੁੱਲ ਬਜਟ ਅਤੇ ਕੁੱਲ ਘਰੇਲੂ ਉਤਪਾਦ ਦੇ ਅਨੁਪਾਤ ਦੇ ਮਾਮਲੇ ਵਿਚ ਵੀ (ਚਿੱਤਰ-1)।

ਸਿਰਫ਼ ਔਰਤਾਂ ਵਾਸਤੇ ਪ੍ਰੋਗਰਾਮਾਂ ਲਈ ਵੰਡ ਵਿਚ ਕੁੱਲ ਗਿਰਾਵਟ ਦੇ ਸੰਦਰਭ ਵਿਚ ਵੇਖੀਏ ਤਾਂ ਔਰਤ ਅਤੇ ਬਾਲ ਵਿਕਾਸ ਮੰਤਰਾਲਾ ਦੇ ਵੰਡਾਰੇ ਵਿਚ ਵੱਡੇ ਬਦਲਾਅ ਹੋਏ ਹਨ ਜੋ ਔਰਤਾਂ ਦੇ ਵਿਕਾਸ ਅਤੇ ਭਲਾਈ ਲਈ ਨੋਡਲ ਮੰਤਰਾਲਾ ਹੈ। ਪਿਛਲੇ ਦੋ ਬਜਟਾਂ ਦੀ ਤੁਲਨਾ



ਚਿੱਤਰ-1 : ਔਰਤਾਂ ਵਾਸਤੇ ਵਿਸ਼ੇਸ਼ ਸਕੀਮਾਂ/ਪ੍ਰੋਗਰਾਮ ਲਈ ਵੰਡ-ਵੰਡਾਰਾ

ਸਰੋਤ : ਸੀ ਬੀ ਜੀ ਏ (2015) : *ਆਫ਼ ਬੋਲਡ ਸਟਰੋਕਸ ਐਂਡ ਫਾਈਨ ਪ੍ਰਿੰਟਸ : ਐਨ ਅਨੈਲੇਸਿਸ ਆਫ਼ ਯੂਨੀਅਨ ਬਜਟ 2015-16*, ਸੈਂਟਰ ਫਾਰ ਬਜਟ ਐਂਡ ਗਵਰਨੈਂਸ ਅਕਾਊਂਟਿਬਿਲਟੀ, ਨਵੀਂ ਦਿੱਲੀ।

ਵਿਚ ਨਜ਼ਰ ਆਉਂਦਾ ਹੈ ਕਿ ਕਈ ਪ੍ਰੋਗਰਾਮਾਂ ਲਈ ਵੰਡਾਰਾ ਬਹੁਤ ਮਾੜਾ ਰਿਹਾ ਹੈ ਅਤੇ ਮਾਮਲਾ ਹੋਰ ਗੜਬੜ ਕਰਨ ਲਈ, ਇਹ ਵੰਡਾਰਾ ਘਟਿਆ ਹੈ। ਵਰਤਮਾਨ ਬਜਟ ਵਿਚ ਚਾਰ ਸਕੀਮਾਂ/ਪ੍ਰੋਗਰਾਮਾਂ ਲਈ ਕਿਸੇ ਵੰਡ ਦਾ ਪ੍ਰਾਵਧਾਨ ਨਹੀਂ ਜਿਵੇਂ ਕਿ ਹੇਠਾਂ ਤਾਲਿਕਾ-1 ਵਿਚ ਵਿਖਾਇਆ ਗਿਆ ਹੈ। ਦੋ ਸਕੀਮਾਂ – ਆਸਰਾ-ਘਰਾਂ ਲਈ ਸਹਾਇਤਾ (ਕਮਜ਼ੋਰ ਔਰਤਾਂ ਵਾਸਤੇ) ਅਤੇ ਘਰੇਲੂ ਹਿੰਸਾ ਐਕਟ (2005) ਲਾਗੂ ਕਰਨ ਲਈ ਰਾਜਾਂ ਨੂੰ ਸਹਾਇਤਾ ਦੇ ਵੱਡੇ ਲਿੰਗ ਪ੍ਰਭਾਵ ਹਨ। 2011 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਮੁਤਾਬਕ, ਵਿਧਵਾ ਜਾਂ ਤਲਾਕਸ਼ੁਦਾ ਔਰਤਾਂ ਦਾ ਅਨੁਪਾਤ ਵਧ ਰਿਹਾ ਹੈ ਜਿਸ ਦਾ ਮਤਲਬ ਹੈ ਕਿ ਹੋਰ ਜ਼ਿਆਦਾ ਔਰਤਾਂ ਨੂੰ ਆਸਰਾ-ਘਰਾਂ ਦੀ ਲੋੜ ਪਵੇਗੀ। ਇਹ ਸੱਚ ਹੈ ਕਿ ਪਿਛਲੇ ਸਾਲਾਂ ਵਿਚ ਘਰੇਲੂ ਹਿੰਸਾ ਐਕਟ ਲਾਗੂ ਕਰਨ ਲਈ ਵੰਡ-ਵੰਡਾਰਾ ਜ਼ਿਆਦਾਤਰ ਅਣਵਰਤਿਆ ਰਿਹਾ ਹੈ ਜੋ ਇਸ ਵਾਰੀ ਇਸ ਸਕੀਮ ਨੂੰ ਹਟਾਏ ਜਾਣ ਦਾ ਕਾਰਨ ਬਣਿਆ ਹੋਵੇ। ਇਹ ਵੀ ਆਸ ਹੈ ਕਿ ਰਾਜ ਸਰਕਾਰਾਂ ਰਾਸ਼ਟਰੀ ਕਰ ਆਮਦਨ ਵਿਚੋਂ ਪ੍ਰਾਪਤ ਵਧੇ ਹੋਏ ਹਿੱਸੇ ਵਿਚੋਂ ਸਰੋਤ ਵੰਡ ਕਰਨ ਦੇ ਸਮਰੱਥ ਹੋਣਗੀਆਂ। ਪਰ, ਇਹ ਸਚਾਈ ਕਿ ਪਿਛਲੇ ਸਾਲਾਂ ਵਿਚ ਵੰਡਿਆ ਪੈਸਾ ਵਰਤਿਆ ਨਹੀਂ ਗਿਆ, ਇਹ ਫ਼ੈਸਲਾ ਲੈਣ ਲਈ ਕਾਫ਼ੀ ਹੈ ਕਿ ਰਾਜ ਪੱਧਰ 'ਤੇ ਇਸ ਮੁੱਦੇ ਨੂੰ ਕਿਹੜੀ ਪਹਿਲ ਦਿਤੀ ਗਈ। ਇਸ ਪ੍ਰਕਾਰ, ਇਸ ਅਹਿਮ ਖੇਤਰ ਬਾਰੇ ਰਾਜ ਸਰਕਾਰਾਂ ਦੀ ਵੱਡੀ ਭੂਮਿਕਾ ਅਸਲ ਵਿਚ ਚਿੰਤਾ ਦਾ ਕਾਰਨ ਹੈ।

ਵੰਡ ਵਿਚ ਸਭ ਤੋਂ ਵੱਧ ਗਿਰਾਵਟ ਕਿਸ਼ੋਰ ਬਾਲੜੀਆਂ ਲਈ ਰਾਜੀਵ ਗਾਂਧੀ ਸਕੀਮ ਫਾਰ ਐਮਪਾਵਰਮੈਂਟ ਵਿਚ ਆਈ ਹੈ। ਉਹ ਸਕੀਮ ਜੋ ਕਿਸ਼ੋਰ ਬਾਲੜੀਆਂ ਦੇ ਪੋਸ਼ਣ ਅਤੇ ਹੋਰ ਸਿਹਤ ਸਰੋਕਾਰਾਂ ਦਾ ਹੱਲ ਕਰਦੀ ਹੈ, ਵਿਚ ਵੱਡੀ ਕਟੌਤੀ ਦਿਖਾਈ ਦੇ ਰਹੀ ਹੈ। ਕੇਂਦਰੀ ਵੰਡ-ਰਕਮ ਘਟਾ ਕੇ 10 ਕਰੋੜ ਰੁਪਏ ਕਰ ਦਿਤੀ ਗਈ ਹੈ ਅਤੇ ਬਜਟ ਦਸਤਾਵੇਜ਼ਾਂ ਮੁਤਾਬਕ ਰਾਜਾਂ ਨੂੰ ਪੈਸਾ ਹੁਣ ਨਿਰਭੈਯ ਫ਼ੰਡ ਦੁਆਰਾ ਦਿਤਾ ਜਾਵੇਗਾ। ਰਾਜਾਂ ਲਈ ਕੋਈ ਸਪੱਸ਼ਟ ਵੰਡ ਨਾ ਹੋਣ ਕਰਕੇ, ਇਸ ਸਕੀਮ ਦਾ ਕੀ ਬਣੇਗਾ, ਇਹ ਫ਼ਿਕਰ ਵਾਲੀ ਗੱਲ ਹੈ। ਭਾਵੇਂ ਕਿ ਔਰਤਾਂ ਖ਼ਿਲਾਫ਼ ਹਿੰਸਾ ਨੂੰ ਆਮ ਤੌਰ ਤੇ ਕੇਂਦਰ ਦਾ ਵਿਸ਼ਾ ਦੱਸਿਆ ਗਿਆ ਹੈ। ਇਕ ਕਦਮ ਸੰਕਟ ਕੇਂਦਰਾਂ ਲਈ ਵੰਡ ਵਿਚ ਵੱਡੀ ਗਿਰਾਵਟ ਵੇਖੀ ਜਾ ਸਕਦੀ ਹੈ ਜੋ ਹਿੰਸਾ ਦੀ ਹਾਲਤ ਵਿਚ ਔਰਤਾਂ ਦੀ ਸਹਾਇਤਾ ਕਰਨ ਲਈ ਬਣਾਏ ਗਏ ਸਨ। ਭਾਵੇਂ ਕਿ ਬਜਟ ਦਸਤਾਵੇਜ਼ ਦੇ ਵਿਸਥਾਰ ਵਿਚ ਇਹ ਆਖਿਆ ਗਿਆ ਹੈ ਕਿ 2.5 ਮਿਲੀਅਨ ਤੋਂ ਵੱਧ ਵਸੋਂ ਵਾਲੇ ਸ਼ਹਿਰਾਂ ਵਿਚ ਅਜਿਹੇ ਕੇਂਦਰ ਖੋਲ੍ਹੇ ਜਾਣਗੇ, ਵਿੱਤ ਦੇ ਸਰੋਤ ਦੀ ਕੋਈ ਜਾਣਕਾਰੀ ਨਹੀਂ ਦਿਤੀ ਗਈ। ਹੋਰ, ਅਜਿਹੇ ਕੇਂਦਰ ਸੰਕਟ ਸਮੇਂ ਹੁੰਗਾਰਾ ਪ੍ਰਣਾਲੀ ਦਾ ਹਿੱਸਾ ਹਨ ਜੋ ਸਿਰਫ਼ ਹਿੰਸਾ ਦੀ ਸੂਰਤ ਵਿਚ ਹੀ ਵਰਤੇ ਜਾ ਸਕਦੇ ਹਨ। ਉਨ੍ਹਾਂ ਸਕੀਮਾਂ 'ਤੇ ਜ਼ਿਆਦਾ ਜ਼ੋਰ ਦੇਣ ਦੀ ਲੋੜ ਹੈ ਜੋ ਸੰਸਥਾਗਤ ਸਹਾਇਤਾ ਪ੍ਰਦਾਨ ਕਰਦੀਆਂ ਹਨ, ਜਿਵੇਂ ਕਿ ਆਸਰਾ-ਘਰ, ਜਿਨ੍ਹਾਂ ਦਾ ਬਜਟ ਵਿਚ ਕੋਈ ਜ਼ਿਕਰ ਨਹੀਂ।

ਉੱਪਰ ਦਿੱਤੀਆਂ ਸਕੀਮਾਂ/ਪ੍ਰੋਗਰਾਮਾਂ ਤੋਂ ਇਲਾਵਾ ਦੋ ਸਕੀਮਾਂ ਜੋ ਐੱਮ ਡਬਲਯੂ ਸੀ ਡੀ ਤਹਿਤ ਔਰਤਾਂ ਦੀ ਬਰਾਬਰੀ ਵਾਸਤੇ ਖ਼ਾਸ ਮਾਅਨੇ ਰੱਖਦੀਆਂ ਹਨ – ਉਹ ਹਨ ਰਾਜੀਵ ਗਾਂਧੀ ਰਾਸ਼ਟਰੀ ਬਾਲ ਘਰ ਸਕੀਮ ਅਤੇ ਬੇਟੀ ਬਚਾਉ, ਬੇਟੀ ਪੜ੍ਹਾਉ ਅਭਿਆਨ। ਰਾਜੀਵ ਗਾਂਧੀ ਰਾਸ਼ਟਰੀ ਬਾਲ ਘਰ ਸਕੀਮ, ਜੋ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਲਈ ਬਾਲ ਘਰ ਸਹੂਲਤ ਮੁਹੱਈਆ ਕਰਵਾਉਂਦੀ ਹੈ, ਲਈ ਵਿਤਰਣ 2014-15 ਦੇ 62.50 ਕਰੋੜ ਰੁਪਏ ਤੋਂ ਵਧਾ ਕੇ 102.97 ਕਰੋੜ ਰੁਪਏ ਕਰ ਦਿਤਾ ਗਿਆ ਹੈ। ਇਹ ਸਵਾਗਤਯੋਗ ਬਦਲਾਅ ਹੈ ਕਿਉਂਕਿ ਕਿਸੇ ਦੂਸਰੇ ਸਾਂਭ-ਸੰਭਾਲ ਦੇ ਕੰਮ ਵਾਂਗ ਬਾਲ ਸੰਭਾਲ ਦਾ ਕੰਮ ਵੀ ਬਹੁਤ ਲਿੰਗਕ ਹੈ ਅਤੇ ਇਸ ਨੂੰ

ਤਾਲਿਕਾ-1 : ਔਰਤ ਤੇ ਬਾਲ ਵਿਕਾਸ ਮੰਤਰਾਲਾ ਦੇ ਔਰਤਾਂ ਲਈ ਵਿਸ਼ੇਸ਼ ਪ੍ਰੋਗਰਾਮਾਂ ਵਾਸਤੇ ਵੰਡ

| ਪ੍ਰੋਗਰਾਮ/ ਸਕੀਮ | 2014-15 (ਬੀ ਈ) | 2015-16 (ਬੀ ਈ) | ਵੰਡ 'ਚ ਫ਼ਰਕ |
|---|---|---|---|
| ਕੰਮਕਾਜੀ ਔਰਤਾਂ ਲਈ ਹੋਸਟਲ | 25 | 30 | 5 |
| ਐੱਸ ਟੀ ਈ ਪੀ | 20 | 30 | 10 |
| ਸੀ ਐੱਸ ਡਬਲਿਯੂ ਬੀ | 80.91 | 73.57 | -7.34 |
| ਰਾਸ਼ਟਰੀ ਮਹਿਲਾ ਕੋਸ਼ | 20 | 0 | -20 |
| ਇਕ ਕਦਮ ਸੰਕਟ ਕੇਂਦਰ | 20 | 2 | -18 |
| ਸਵਾਦਾਰ | 115 | 50 | -65 |
| ਬਲਾਤਕਾਰ ਪੀੜਤਾਂ ਲਈ ਨਿਆਂ | 30.00 | 0 | -30 |
| ਰਾਸ਼ਟਰੀ ਮਹਿਲਾ ਆਯੋਗ | 19.5 | 25.15 | 5.65 |
| ਲਿੰਗ ਬਜਟੀਕਰਨ | 1.00 | 2.00 | 1 |
| ਬੱਚੀਆਂ ਲਈ ਸ਼ਰਤਾਂ ਸਹਿਤ ਨਗਦ ਅਦਾਇਗੀ | 5.00 | 0 | -5 |
| ਬੀਮਾ ਕਵਰ ਸਮੇਤ (ਧਨ ਲਕਸ਼ਮੀ) | | | |
| ਮਾਨਵ ਤਸਕਰੀ ਨੂੰ ਰੋਕਣ ਲਈ ਵਿਆਪਕ ਸਕੀਮ (ਉੱਜਵਾਲਾ) | 16.00 | 20.00 | 4 |
| ਪ੍ਰਿਆਦਰਸ਼ਨੀ ਸਕੀਮ | 15.00 | 5.00 | -10 |
| ਕਿਸ਼ੋਰ ਬਾਲੜੀਆਂ ਲਈ ਰਾਜੀਵ ਗਾਂਧੀ ਸ਼ਕਤੀਕਰਨ ਸਕੀਮ (ਸਾਬਲਾ) ਆਸਰਾ-ਘਰਾਂ ਦੀ ਉਸਾਰੀ ਲਈ ਸਹਾਇਤਾ | 700 | 10 | -690 |
| ਇਕੱਲੀਆਂ/ਬੇਸਹਾਰਾ/ਵਿਧਵਾ ਔਰਤਾਂ ਲਈ | 20.00 | 0 | -20 |
| ਔਰਤਾਂ ਨੂੰ ਘਰੇਲੂ ਹਿੰਸਾ ਤੋਂ ਬਚਾਉਣ ਲਈ ਘਰੇਲੂ ਹਿੰਸਾ ਐਕਟ ਲਾਗੂ ਕਰਨ ਲਈ ਰਾਜ ਸਰਕਾਰਾਂ ਨੂੰ ਸਹਾਇਤਾ | 50.00 | 0 | -50 |
| ਔਰਤਾਂ ਲਈ ਹੈਲਪ ਲਾਈਨ | 10.00 | 1.00 | -9 |
| ਇੰਦਰਾ ਗਾਂਧੀ ਮਾਤਰਿਤਵ ਸਹਿਯੋਗ ਯੋਜਨਾ | 400.00 | 438.00 | 38 |
| ਐੱਨ ਐੱਮ ਈ ਡਬਲਿਯੂ | 90 | 25 | -65 |

*ਸਰੋਤ: ਕੇਂਦਰੀ ਬਜਟ 2015-16, ਖਰਚਾ ਬਜਟ, ਜਿਲਦ 1, ਭਾਗ ਏ, ਜੈਂਡਰ ਬਜਟ ਸਟੇਟਮੈਂਟ*

| ਤਾਲਿਕਾ-2 : ਮੰਤਰਾਲਿਆਂ ਜ਼ਰੀਏ ਸਿਰਫ਼ ਔਰਤਾਂ ਲਈ ਪ੍ਰੋਗਰਾਮਾਂ ਵਾਸਤੇ ਵੰਡ | | | |
|---|---|---|---|
| | 2014-15 (ਬੀ ਈ) | 2015-16 (ਬੀ ਈ) | ਵੰਡ 'ਚ ਫ਼ਰਕ |
| ਖੇਤੀਬਾੜੀ ਮੰਤਰਾਲਾ - ਸਿੱਖਿਆ ਤੇ ਖੋਜ | 14.95 | 44.23 | 29.28 |
| ਵਿੱਤ ਮੰਤਰਾਲਾ - ਨਿਰਭੈਯ ਫ਼ੰਡ | 1000 | 1000 | 0 |
| ਸਿਹਤ ਅਤੇ ਪਰਿਵਾਰ ਕਲਿਆਣ | 3788.44 | 3852.11 | 63.67 |
| ਪੇਂਡੂ ਵਿਕਾਸ - ਇੰਦਰਾ ਆਵਾਸ ਯੋਜਨਾ (ਪੇਂਡੂ ਘਰ) | 16000 | 10025 | -5975 |
| ਦੂਜੇ ਮੰਤਰਾਲੇ (ਐੱਮ ਡਬਲਿਯੂ ਤੋਂ ਬਿਨਾਂ) | 533.06 | 1124.62 | 591.56 |
| ਐੱਮ ਡਬਲਿਯੂ ਤੋਂ ਬਿਨਾਂ ਸਿਰਫ਼ ਔਰਤਾਂ ਲਈ ਵਿਸ਼ੇਸ਼ ਵੰਡ ਦਾ ਜੋੜ | 21321.5 | 16001.73 | -5319.77 |

*ਸਰੋਤ: ਕੇਂਦਰੀ ਬਜਟ 2015-16, ਖਰਚਾ ਬਜਟ, ਜਿਲਦ 1, ਭਾਗ ਏ, ਜੈਂਡਰ ਬਜਟ ਸਟੇਟਮੈਂਟ*

| ਤਾਲਿਕਾ-3 : ਮੰਤਰਾਲਿਆਂ/ਵਿਭਾਗਾਂ ਜ਼ਰੀਏ 30 ਪ੍ਰਤਿਸ਼ਤ ਜਾਂ ਵੱਧ ਔਰਤ ਲਾਭ ਪਾਤਰਾਂ ਲਈ ਪ੍ਰੋਗਰਾਮ ਵਾਸਤੇ ਵੰਡ | | | |
|---|---|---|---|
| ਮੰਤਰਾਲੇ/ਵਿਭਾਗ | 2014-15 (ਬੀ ਈ) | 2015-16 (ਬੀ ਈ) | ਵੰਡ 'ਚ ਫ਼ਰਕ |
| ਖੇਤੀਬਾੜੀ ਤੇ ਸਹਿਕਾਰਤਾ | 750 | 3539.06 | 2789.06 |
| ਸਿਹਤ ਤੇ ਪਰਿਵਾਰ ਕਲਿਆਣ | 11824.01 | 9977.82 | -1846.19 |
| ਸਕੂਲੀ ਸਿੱਖਿਆ ਤੇ ਸਾਖਰਤਾ | 16208.16 | 12472.07 | -3736.09 |
| ਉੱਚ ਸਿੱਖਿਆ | 7621.57 | 7446.34 | -175.23 |
| ਕਿਰਤ ਤੇ ਰੁਜ਼ਗਾਰ | 175 | 250 | 75 |
| ਲਘੂ, ਛੋਟੇ ਤੇ ਦਰਮਿਆਨੇ ਉਦਯੋਗ | 515.09 | 412.37 | -102.72 |
| ਘੱਟ ਗਿਣਤੀਆਂ ਦੇ ਮਾਮਲੇ | 2151.5 | 2262.68 | 111.18 |
| ਪੰਚਾਇਤੀ ਰਾਜ | 6906 | 0 | -6906 |
| ਪੇਂਡੂ ਵਿਕਾਸ | 13332 | 12817.68 | -514.32 |
| ਸਮਾਜਿਕ ਨਿਆਂ ਤੇ ਸਸ਼ਕਤੀਕਰਨ | 1821.02 | 1997.08 | 176.06 |
| ਕਬਾਇਲੀ ਮਾਮਲੇ | 1361.6 | 1487.2 | 125.6 |
| ਇਸਤਰੀਆਂ ਤੇ ਬਾਲ ਵਿਕਾਸ | 11300.54 | 8072.36 | -3228.18 |
| ਯੁਵਾ ਮਾਮਲੇ ਤੇ ਖੇਡਾਂ | 99.49 | 99.37 | -0.12 |
| ਦੂਜੇ ਮੰਤਰਾਲੇ/ਵਿਭਾਗ | 1848.55 | 1510.94 | -337.61 |
| ਕੁੱਲ | 75914.53 | 62344.97 | -13569.6 |

*ਸਰੋਤ: ਕੇਂਦਰੀ ਬਜਟ 2015-16, ਖਰਚਾ ਬਜਟ, ਜਿਲਦ 1, ਭਾਗ ਬੀ, ਜੈਂਡਰ ਬਜਟ ਸਟੇਟਮੈਂਟ*

ਔਰਤਾਂ ਦੀ ਕੰਮ ਦੀ ਮਾੜੀ ਭਾਗੀਦਾਰੀ ਦੇ ਮੁੱਦੇ ਲਈ ਵੱਧ ਤੋਂ ਵੱਧ ਕਾਰਨ ਦੱਸਿਆ ਜਾ ਰਿਹਾ ਹੈ। ਗਰੀਬ ਔਰਤਾਂ, ਜਿਨ੍ਹਾਂ ਕੋਲ ਪੈਸੇ ਮਿਲਣ ਵਾਲੇ ਰੁਜ਼ਗਾਰ ਦੀ ਚੋਣ ਨਾ ਹੋਵੇ, ਇਹ ਵਧੀਕ ਵੰਡ ਰਕਮ, ਭਾਵੇਂ ਨਿਗੂਣਾ ਹੀ ਸਹੀ, ਬੇਹਤਰ ਚੋਣ ਕਰਨ ਵਿਚ ਮਦਦ ਕਰੇਗੀ। ਹੋਰ, ਅਜਿਹੇ ਪ੍ਰੋਗਰਾਮਾਂ ਲਈ ਵੱਡੀ ਰਕਮ ਦੇਣੀ ਯਕੀਨਨ ਬਿਨਾਂ ਉਜਰਤ ਵਾਲੇ ਕੰਮ ਬਾਰੇ ਸੰਵਾਦ ਨੂੰ ਅੱਗੇ ਵਧਾਉਣ ਵਿਚ ਅਤੇ ਰਾਜ ਦੇ ਪ੍ਰਾਵਧਾਨਾਂ ਦੀ ਮਹੱਤਤਾ ਵਧਾਉਣ ਵਿਚ ਸਹਾਈ ਹੋਵੇਗੀ। ਪਿਛਲੇ ਸਾਲ ਸ਼ੁਰੂ ਕੀਤਾ ਗਿਆ *ਬੇਟੀ ਬਚਾਉ, ਬੇਟੀ ਪੜ੍ਹਾਉ* ਅਭਿਆਨ, ਜਿਸ ਦਾ ਮੁੱਖ ਮੰਤਵ ਅਸੰਤੁਲਿਤ ਲਿੰਗ ਅਨੁਪਾਤ ਨੂੰ ਠੀਕ ਕਰਨਾ ਹੈ, ਇਕ ਹੋਰ ਅਜਿਹਾ ਪ੍ਰੋਗਰਾਮ ਹੈ ਜੋ ਔਰਤਾਂ ਬਾਰੇ ਪ੍ਰੋਗਰਾਮਾਂ 'ਤੇ ਲੱਗੀਆਂ ਕਟੌਤੀਆਂ ਦੇ ਮੱਦੇਨਜ਼ਰ ਧਿਆਨ ਦੀ ਮੰਗ ਕਰਦਾ ਹੈ। ਇਹ ਪ੍ਰੋਗਰਾਮ ਐੱਮ ਡਬਲਯੂ ਸੀ ਡੀ ਦਾ ਹਿੱਸਾ ਨਹੀਂ ਹੈ ਪਰ ਸਿੱਖਿਆ ਮੰਤਰਾਲਾ ਨੇ ਪਹਿਲੇ ਸਾਲ ਇਸ ਲਈ 100 ਕਰੋੜ ਰੁਪਏ ਰਾਖਵੇਂ ਰੱਖੇ ਸਨ।

ਨਾ ਸਿਰਫ਼ ਐੱਮ ਡਬਲਯੂ ਸੀ ਡੀ ਦੇ ਵੰਡ-ਵੰਡਾਰੇ ਵਿਚ ਗਿਰਾਵਟ ਆਈ ਹੈ ਸਗੋਂ ਔਰਤ ਵਿਸ਼ੇਸ਼ ਪੇਂਡੂ ਵਿਕਾਸ ਲਈ ਦਿਤੀ ਰਕਮ ਵਿਚ ਵੀ ਗਿਰਾਵਟ ਦੇਖੀ ਗਈ ਹੈ ਜਿਸ ਦਾ ਕਾਰਨ ਪੇਂਡੂ ਘਰਾਂ ਲਈ ਘੱਟ ਕੀਤਾ ਗਿਆ ਵੰਡਾਰਾ ਹੈ। ਇਸ ਲਈ ਦਿਤਾ ਜਾ ਰਿਹਾ ਤਰਕ ਲਿੰਗਕ ਅਤੇ ਜਾਇਦਾਦ ਦੀ ਵੰਡ ਦੇ ਹੱਕਾਂ ਦੀ ਅਸਾਵੀਂ ਵੰਡ, ਬਹੁਤ ਹੀ ਦੁਵਿਧਾ ਵਾਲਾ ਹੈ। ਨਿਰਭੈਯ ਫ਼ੰਡ ਜੋ 2013-14 ਦੌਰਾਨ 1000 ਕਰੋੜ ਰੁਪਏ ਦੇ ਵੰਡਾਰੇ ਨਾਲ ਔਰਤਾਂ ਦੀ ਸੁਰੱਖਿਆ ਵਾਸਤੇ ਸ਼ੁਰੂ ਕੀਤਾ ਗਿਆ ਸੀ, ਨੂੰ ਆਉਣ ਵਾਲੇ ਬਜਟਾਂ ਵਿਚ ਇੰਨਾ ਹੀ ਫ਼ੰਡ ਮਿਲਦਾ ਰਿਹਾ। ਇਹ ਫ਼ੰਡ ਜਿਸ ਵਿਚ ਵਰਤਮਾਨ ਰਕਮ ਸਮੇਂ 3000 ਕਰੋੜ ਰੁਪਏ ਇਕੱਠੇ ਹੋ ਚੁੱਕੇ ਹਨ, ਵਾਸਤੇ ਸਿਵਾਏ ਕੁੱਝ ਲੰਮੇ ਚੌੜੇ ਬਿਆਨਾਂ ਦੇ, ਇਸ ਦੀ ਵਰਤੋਂ ਲਈ ਕੋਈ ਯੋਜਨਾਵਾਂ ਨਹੀਂ ਹਨ। ਇਸ ਕਰਕੇ, ਇਹ ਪੈਸਾ ਕਿਵੇਂ ਇਸਤੇਮਾਲ ਕੀਤਾ ਜਾਵੇਗਾ, ਦੋ ਪ੍ਰੋਗਰਾਮਾਂ ਨੂੰ ਛੱਡ ਕੇ, ਇਸ ਬਾਰੇ ਹਾਲੇ ਅਨਿਸ਼ਚਿਤਤਾ ਬਣੀ ਹੋਈ ਹੈ। ਪਹਿਲਾ, ਰੇਲਵੇ ਬਜਟ ਵਿਚ ਐਲਾਨ ਮੁਤਾਬਕ ਚੁਣੇ ਹੋਏ ਡੱਬਿਆਂ ਅਤੇ ਔਰਤਾਂ ਵਾਸਤੇ ਡੱਬਿਆਂ ਵਿਚ ਪਹਿਲ ਦੇ ਆਧਾਰ 'ਤੇ ਚੌਕਸੀ ਕੈਮਰੇ ਲਾਉਣਾ। ਦੂਜਾ, ਜੋ ਔਰਤਾਂ ਦੀ ਸੁਰੱਖਿਆ 'ਤੇ ਕੇਂਦਰਿਤ ਹੈ (ਜਨਤਕ ਸੜਕੀ ਪਰਿਵਹਨ) ਲਈ 653 ਕਰੋੜ ਰੁਪਏ ਦਾ ਬਜਟ ਖਰਚਾ ਰਖਿਆ ਗਿਆ ਹੈ।

ਜੇ ਅਸੀ ਔਰਤਾਂ ਖ਼ਿਲਾਫ਼ ਹਿੰਸਾ ਦੇ ਮੁੱਦੇ ਬਾਰੇ ਵੇਖੀਏ, ਸਾਰੇ ਹੀ ਸੰਭਾਵਿਤ ਦਖ਼ਲ ਅਤੇ ਵੰਡ-ਫ਼ੰਡ ਆਈ ਟੀ ਆਧਾਰਿਤ ਵਧੇਰੇ ਚੌਕਸੀ ਦੀ ਗੱਲ ਕਰਦੇ ਹਨ। ਅੰਤਰਰਾਸ਼ਟਰੀ ਖੋਜਾਂ ਨੇ ਦਿਖਾਇਆ ਹੈ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਸੀ ਸੀ ਟੀ ਵੀ ਕੈਮਰੇ ਜਾਂ ਵੇਖੇ ਜਾਣ ਦੇ ਡਰ ਨੇ ਜੁਰਮ ਘਟਾਇਆ ਹੋਵੇ। ਦੂਜੇ ਪਾਸੇ ਇਸ ਨਾਲ ਔਰਤਾਂ 'ਤੇ ਵਧੇਰੇ ਨਿਗਰਾਨੀ ਰੱਖੀ ਜਾ ਸਕਦੀ ਹੈ ਜਿਸ ਨਾਲ ਉਨ੍ਹਾਂ ਦੀ ਆਜ਼ਾਦੀ ਨੂੰ ਸੀਮਤ ਕੀਤਾ ਜਾਵੇਗਾ। ਲੋੜ ਹੈ ਜ਼ਰੂਰੀ ਸੇਵਾਵਾਂ ਨੂੰ ਜਨਤਕ ਪੱਧਰ 'ਤੇ ਮੁਹੱਈਆ ਕਰਵਾਇਆ ਜਾਵੇ ਕਿਉਂਕਿ ਔਰਤਾਂ ਨੂੰ ਹਮੇਸ਼ਾ ਹੀ ਜਨਤਕ

ਸੇਵਾਵਾਂ 'ਤੇ ਨਿਰਭਰ ਕਰਨਾ ਪੈਂਦਾ ਹੈ ਜਿਸ 'ਤੇ ਇਸ ਬਜਟ ਵਿਚ ਢੁੱਕਵਾਂ ਧਿਆਨ ਨਹੀਂ ਦਿਤਾ ਗਿਆ।

## ਪੂਰੇ ਦਾ ਹਿੱਸਾ : ਅੱਧਾ ਨਹੀਂ, ਤਾਂ ਵੀ ਕਟੌਤੀ

ਔਰਤਾਂ ਲਈ ਵਿਸ਼ੇਸ਼ ਸਕੀਮਾਂ/ਪ੍ਰੋਗਰਾਮਾਂ ਤੋਂ ਇਲਾਵਾ, ਜੀ ਬੀ ਐੱਸ ਉਨ੍ਹਾਂ ਸਕੀਮਾਂ ਬਾਰੇ ਵੀ ਦੱਸਦਾ ਹੈ ਜਿਨ੍ਹਾਂ ਤੋਂ ਫ਼ਾਇਦਾ ਚੁੱਕਣ ਵਾਲਿਆਂ ਵਿਚ 30 ਪ੍ਰਤਿਸ਼ਤ ਜਾਂ ਇਸ ਤੋਂ ਵੱਧ ਔਰਤਾਂ ਹਨ। ਇਥੇ ਫਿਰ ਵੰਡ ਵਿਚ ਕਈ ਮੰਤਰਾਲਿਆਂ ਅਤੇ ਵਿਭਾਗਾਂ ਵਿਚ ਕਟੌਤੀ ਹੈ, ਜਿਵੇਂ ਕਿ ਔਰਤਾਂ ਦੀ ਬਰਾਬਰੀ ਦੇ ਨੁਕਤਾ ਨਿਗਾਹ ਤੋਂ 13 ਪ੍ਰਮੁੱਖ ਵੰਡਾਰਿਆਂ ਵਿਚੋਂ ਸਿਰਫ਼ 5 ਦੇ ਵੰਡਾਰੇ ਵਿਚ ਵਾਧਾ ਦਿਖਾਈ ਦੇ ਰਿਹਾ ਹੈ। ਲਿੰਗ ਖਾਕੇ ਵਿਚ ਸਭ ਤੋਂ ਮੁੱਖ ਵਾਧਾ ਖੇਤੀਬਾੜੀ ਅਤੇ ਸਹਿਕਾਰਤਾ ਵਿਭਾਗ ਵਿਚ ਹੈ ਜੋ ਚਿਰਾਂ ਤੋਂ ਉਡੀਕਿਆ ਜਾ ਰਿਹਾ ਬਦਲਾਅ ਹੈ। ਖੇਤੀਬਾੜੀ ਵਿਚ ਔਰਤਾਂ ਦੀ ਭੂਮਿਕਾ, ਜਿਵੇਂ ਕਿ ਆਖ਼ਰ ਨੂੰ ਬਜਟ ਦਸਤਾਵੇਜ਼ ਵਿਚ ਸਵੀਕਾਰ ਕੀਤਾ ਗਿਆ ਹੈ, ਇਕ ਮਹੱਤਵਪੂਰਨ ਘਟਨਾ ਹੈ।

ਇਸ ਤੋਂ ਇਲਾਵਾ, ਵੰਡ ਤੋਂ ਖ਼ੁਸ਼ ਹੋਣ ਦਾ ਕੋਈ ਦੂਜਾ ਕਾਰਨ ਨਜ਼ਰ ਨਹੀਂ ਆਉਂਦਾ। ਇਸਤਰੀ ਤੇ ਬਾਲ ਵਿਕਾਸ ਲਈ ਘਟਦੀ ਵੰਡ ਤੋਂ ਦੁਵਿਧਾ ਪੈਦਾ ਹੁੰਦੀ ਹੈ, ਖ਼ਾਸ ਕਰਕੇ ਸੰਗਠਿਤ ਬਾਲ ਵਿਕਾਸ ਸਕੀਮ (ਆਈ ਸੀ ਡੀ ਐੱਸ) ਲਈ ਵੰਡ-ਰਕਮ ਵਿਚ ਕਮੀ ਨੂੰ ਵੇਖਦਿਆਂ। ਆਈ ਸੀ ਡੀ ਐੱਸ ਦਾ ਬਜਟ 16,000 ਕਰੋੜ ਰੁਪਏ ਤੋਂ ਘਟਾ ਕੇ ਅੱਧਾ, 8000 ਕਰੋੜ ਰੁਪਏ ਕਰ ਦਿਤਾ ਗਿਆ ਹੈ ਜਿਸ ਦਾ ਸਿੱਧਾ ਅਸਰ ਗਰਭਵਤੀ ਔਰਤਾਂ ਦੇ ਪੋਸ਼ਣ ਅਤੇ ਸਿਹਤ ਦੇ ਹਾਲਾਤ 'ਤੇ ਪਵੇਗਾ। ਇਸ ਤੋਂ ਬਿਨਾਂ, ਪ੍ਰੋਗਰਾਮ ਵਾਸਤੇ ਘਟਾਈ ਗਈ ਬਜਟ ਸਹਾਇਤਾ ਤੋਂ ਇਹ ਸਿੱਧ ਹੁੰਦਾ ਹੈ ਕਿ 'ਭੱਤੇ' ਤੇ ਇਸ ਪ੍ਰੋਗਰਾਮ ਵਿਚ ਰੁਜ਼ਗਾਰ ਪ੍ਰਾਪਤ ਕਾਮਿਆਂ ਦੀ ਉਜਰਤ ਜਾਂ ਕੰਮ ਦੇ ਦੂਜੇ ਹਾਲਾਤ ਵਿਚ ਕੋਈ ਸੁਧਾਰ ਨਹੀਂ ਹੋਵੇਗਾ। ਇਹ ਵਰਤਮਾਨ ਸਰਕਾਰ ਦੇ ਚੋਣ ਘੋਸ਼ਣਾ ਪੱਤਰ ਦੇ ਬਿਲਕੁਲ ਉਲਟ ਹੈ ਜਿਸ ਵਿਚ ਆਂਗਨਵਾੜੀ ਕਾਮਿਆਂ ਅਤੇ ਸਹਾਇਕਾਂ ਦੀ ਹਾਲਤ ਵਿਚ ਸੁਧਾਰ ਕਰਨ ਦਾ ਵਾਅਦਾ ਕੀਤਾ ਗਿਆ ਸੀ ਜੋ ਇਸ ਪ੍ਰੋਗਰਾਮ ਦੇ ਥੰਮ੍ਹ ਹਨ। ਕਿਉਂਕਿ ਕੇਂਦਰੀ ਸਰਕਾਰ ਲਗਾਤਾਰ ਉਸ ਪ੍ਰੋਗਰਾਮ ਦੀ ਪੂੰਜੀਗਤ ਕੀਮਤ ਪੂਰੀ ਕਰਨ ਵਿਚ ਪ੍ਰਤਿਬਧ ਰਹੇਗੀ ਜੋ ਕਟੌਤੀ ਵਿਚ ਦਰਸਾਇਆ ਗਿਆ ਹੈ, ਬੇਹਤਰ ਉਜਰਤ ਅਤੇ ਕੰਮ ਦੇ ਹਾਲਾਤ ਨਿਸ਼ਚਿਤ ਕਰਨ ਦਾ ਜ਼ਿੰਮਾ ਰਾਜ ਸਰਕਾਰਾਂ 'ਤੇ ਪਵੇਗਾ। ਬਹੁਤ ਸਾਰੀਆਂ ਰਾਜ ਸਰਕਾਰਾਂ, ਜਿਵੇਂ ਤਮਿਲਨਾਡੂ ਅਤੇ ਕੇਰਲ ਪਹਿਲਾਂ ਹੀ ਕੇਂਦਰੀ ਵੰਡ ਤੋਂ ਉੱਚੀ ਦਰ ਅਦਾ ਕਰ ਰਹੀਆਂ ਹਨ ਅਤੇ ਉਨ੍ਹਾਂ ਦੇ ਅਜਿਹਾ ਕਰਦੇ ਰਹਿਣ ਦੀ ਆਸ ਹੈ। ਪਰ ਉਨ੍ਹਾਂ ਰਾਜਾਂ ਦਾ ਕੀ ਜਿਨ੍ਹਾਂ ਵਾਸਤੇ ਇਹ ਮੁੱਦਾ ਤਰਜੀਹ ਹੀ ਨਹੀਂ ਰੱਖਦਾ? ਇਸ ਵੱਲ ਧਿਆਨ ਦਿਤੇ ਜਾਣ ਦੀ ਲੋੜ ਹੈ।

ਰਕਮ ਵੰਡ ਵਿਚ ਇਕ ਹੋਰ ਕਟੌਤੀ ਜੋ ਔਰਤਾਂ ਦੇ ਪੱਖ ਤੋਂ ਪਰੇਸ਼ਾਨ ਕਰਨ ਵਾਲੀ ਹੈ, ਉਹ ਸਿਹਤ ਮੰਤਰਾਲਾ ਦੀ ਹੈ ਜੋ ਲਗਭਗ 1850 ਕਰੋੜ ਰੁਪਏ ਦੀ ਗਿਰਾਵਟ ਦਿਖਾ ਰਹੀ ਹੈ। ਔਰਤਾਂ ਦੀ ਸਿਹਤ ਦੇ ਸਾਰੇ ਸੂਚਕ ਚਿੰਤਾ ਦਾ ਵਿਸ਼ਾ ਹਨ ਜੋ ਔਰਤਾਂ ਦੇ ਖ਼ੂਨ ਦੀ ਕਮੀ ਦੇ ਅਨੁਪਾਤ ਤੋਂ ਪ੍ਰਗਟਾਵਾ ਹੋਇਆ ਹੈ। ਇਥੋਂ ਤਕ ਕਿ ਪੇਂਡੂ ਖੇਤਰ ਦੀਆਂ 75 ਪ੍ਰਤਿਸ਼ਤ ਔਰਤਾਂ ਖ਼ੂਨ ਦੀ ਕਮੀ ਦਾ ਸ਼ਿਕਾਰ ਹਨ। ਇਕ ਅਹਿਮ ਸੰਬੰਧਿਤ ਪ੍ਰਤਿਬਧਤਾ ਜਿਸ ਦਾ ਲਿੰਗਕ ਪ੍ਰਭਾਵ ਹੈ, ਇਹ ਵੇਖਦਿਆਂ ਕਿ ਔਰਤਾਂ ਦਾ ਇਕ ਵੱਡਾ ਵਰਗ ਅਸੰਗਠਿਤ ਖੇਤਰ ਵਿਚ ਹੈ, ਉਹ ਹੈ ਇਕ ਸਮਾਨ ਸਮਾਜਿਕ ਸੁਰੱਖਿਆ ਜਿਸ ਵਿਚ ਭਾਗੀਦਾਰੀ ਵਾਲੀ ਪੈਨਸ਼ਨ, ਦੁਰਘਟਨਾ ਅਤੇ ਜੀਵਨ ਬੀਮਾ ਸਕੀਮਾਂ ਸ਼ਾਮਿਲ ਹਨ। ਇਸ ਵਾਸਤੇ 1200 ਕਰੋੜ ਰੁਪਏ ਰੱਖੇ ਗਏ ਹਨ। ਇਸ ਦਾ ਕੋਈ ਵੇਰਵਾ ਨਹੀਂ, ਕੋਈ ਸੀਮਾ ਸਮਾਂ ਨਹੀਂ, ਰਕਮ ਵੰਡ ਬਹੁਤ ਹੀ ਘੱਟ ਹੈ ਅਤੇ ਇਸ ਦੇ ਦਾਇਰੇ ਵਿਚ 3 ਪ੍ਰਤਿਸ਼ਤ ਕੰਮਕਾਜੀ ਵਸੋਂ ਵੀ ਨਹੀਂ ਆਉਂਦੀ। ਕਾਮਿਆਂ ਦੇ ਸਵੀਕ੍ਰਿਤ ਖੇਤਰ ਵਿਚ ਔਰਤਾਂ ਦੇ ਨਿਗੂਣੇ ਹਿੱਸੇ ਨੂੰ ਵੇਖਦਿਆਂ, ਔਰਤਾਂ ਦਾ ਬਹੁਤ ਹੀ ਛੋਟਾ ਜਿਹਾ ਵਰਗ ਇਨ੍ਹਾਂ ਸਕੀਮਾਂ ਤੋਂ ਸਿੱਧਾ ਲਾਭ ਲੈ ਸਕੇਗਾ। ਇਸ ਤੋਂ ਇਲਾਵਾ, ਇਸ ਸਕੀਮ ਵਿਚ ਚਿਤਵਿਆ ਗਿਆ ਭਾਗੀਦਾਰੀ ਵਾਲਾ ਅੰਸ਼ ਔਰਤਾਂ ਲਈ ਇਕ ਰੁਕਾਵਟ ਹੋਵੇਗਾ, ਇਨ੍ਹਾਂ ਸੇਵਾਵਾਂ ਦਾ ਲਾਭ ਲੈਣ ਲਈ, ਜਿਸ ਦੇ ਕਾਰਨਾਂ ਬਾਰੇ ਸਾਰੇ ਜਾਣਦੇ ਹਨ। ਸਿਹਤ ਬੀਮਾ ਯੋਜਨਾਵਾਂ ਦਾ ਪੂਰਾ ਲਿੰਗਕ ਅਸਰ ਅਤੇ ਦੂਜੀਆਂ ਸਕੀਮਾਂ ਜਿਵੇਂ ਅਟਲ ਪੈਨਸ਼ਨ ਯੋਜਨਾ ਬਾਰੇ ਕੁੱਝ ਨਹੀਂ ਆਖਿਆ ਜਾ ਸਕਦਾ ਜਦੋਂ ਤਕ ਇਨ੍ਹਾਂ ਨੂੰ ਲਾਗੂ ਕਰਨ ਦੇ ਵੇਰਵੇ ਉਪਲਬਧ ਨਾ ਕਰਵਾਏ ਜਾਣ। ਲਿੰਗਕ ਦ੍ਰਿਸ਼ਟੀਕੋਨ ਤੋਂ ਇਕ ਮਹੱਤਵਪੂਰਨ ਯੋਜਨਾ *ਮਨਰੇਗਾ* ਹੈ ਕਿਉਂਕਿ ਇਸ ਦੇ ਲਾਭਪਾਤਰਾਂ ਵਿਚ ਔਰਤਾਂ ਦੀ ਵੱਡੀ ਗਿਣਤੀ ਹੈ। ਕਟੌਤੀ ਦੇ ਡਰ ਤੋਂ ਉਲਟ, *ਮਨਰੇਗਾ* ਵਾਸਤੇ ਰੱਖੀ ਰਕਮ ਨੂੰ 34000 ਕਰੋੜ ਰੁਪਏ ਬਣਾਈ ਰੱਖਿਆ ਗਿਆ ਹੈ। ਇਸ ਯੋਜਨਾ ਦੇ ਜਾਰੀ ਰਹਿਣ ਨਾਲ ਯਕੀਨਨ ਹੀ ਅਨੇਕ ਗਰੀਬ ਔਰਤਾਂ ਨੂੰ ਲਾਭ ਪੁੱਜੇਗਾ ਅਤੇ ਪੇਂਡੂ ਖੇਤਰਾਂ ਵਿਚ ਔਰਤਾਂ ਦੀ ਕੰਮ ਵਿਚ ਘਟਦੀ ਹਿੱਸੇਦਾਰੀ ਨੂੰ ਠੱਲ੍ਹਿਆ ਜਾ ਸਕੇਗਾ। ਢਾਂਚਾਗਤ ਵਿਕਾਸ ਲਈ ਵੰਡ, ਜੋ ਉਸਾਰੀ ਉਦਯੋਗ ਨੂੰ ਹੁਲਾਰਾ ਦੇਣਗੇ, ਜਿਥੋਂ ਤਕ ਗਰੀਬ ਔਰਤਾਂ ਦਾ ਸਵਾਲ ਹੈ, ਸਿਰਫ਼ ਇਹੀ ਇਕ ਆਸ ਹੈ ਜਿਥੋਂ ਤਕ ਰੁਜ਼ਗਾਰ ਦੇ ਮੌਕਿਆਂ ਦਾ ਸਵਾਲ ਹੈ। ਇਥੇ ਫਿਰ, ਵਿਸ਼ਾਲ ਸੰਗਠਿਤ ਉਸਾਰੀ ਉਦਯੋਗ ਵਿਚ ਔਰਤਾਂ ਦੀ ਮਾੜੀ ਭਾਗੀਦਾਰੀ ਨੂੰ ਵੇਖਦਿਆਂ, ਕੋਈ ਬਹੁਤੀ ਆਸ ਨਹੀਂ ਕੀਤੀ ਜਾ ਸਕਦੀ।

## ਸਿੱਟਾ

ਸਮਾਪਤੀ ਸ਼ਬਦਾਂ ਵਿਚ, ਕੇਂਦਰੀ ਬਜਟ ਬਾਰੇ ਉਪਰ ਕੀਤੀ ਚਰਚਾ ਸੁਝਾਉਂਦੀ ਹੈ ਕਿ ਲਿੰਗ ਸੰਵੇਦਨਸ਼ੀਲਤਾ ਵਾਲੇ ਪ੍ਰੋਗਰਾਮਾਂ ਲਈ ਘਟਦੇ ਕੇਂਦਰੀ ਵੰਡ-ਵੰਡਾਰੇ ਦੇ ਚਲਦਿਆਂ, ਰਾਜ ਸਰਕਾਰਾਂ ਦੀ ਭੂਮਿਕਾ ਔਰਤ ਦੀ ਬਰਾਬਰੀ ਅਤੇ ਵਿਕਾਸ ਦੇ ਪੱਖੋਂ ਅਹਿਮ ਬਣ ਜਾਂਦੀ ਹੈ। ਅਜਿਹੇ ਦ੍ਰਿਸ਼ ਵਿਚ, ਜਦ ਤਕ ਹਰੇਕ ਰਾਜ ਔਰਤਾਂ ਵਾਸਤੇ ਸੇਵਾਵਾਂ ਪ੍ਰਦਾਨ ਨਾ ਕਰੇ ਅਤੇ ਉਨ੍ਹਾਂ ਦੀ ਬੇਹਤਰੀ ਲਈ ਕਦਮ ਨਾ ਚੁੱਕੇ, ਲਿੰਗ ਬਰਾਬਰੀ ਪ੍ਰਾਪਤ ਕਰਨ ਦਾ ਉਦੇਸ਼ ਸੁਪਨਾ ਬਣਿਆ ਰਹੇਗਾ। ਇਸ ਸਚਾਈ ਦੇ ਚਲਦਿਆਂ ਕਿ ਔਰਤਾਂ ਨੇ ਹਾਲੇ ਇਕ ਅਹਿਮ ਰਾਜਸੀ ਅੰਗ ਬਣਨਾ ਹੈ ਅਤੇ ਉਨ੍ਹਾਂ ਦੇ ਮੁੱਦਿਆਂ ਨੇ ਰਾਜਸੀ ਲਾਮਬੰਦੀ ਵਿਚ ਕੇਂਦਰੀ ਸਥਾਨ ਹਾਸਲ ਨਹੀਂ ਕੀਤਾ, ਰਾਜਾਂ ਤੋਂ ਅਗਾਂਹ ਵਧੇਰੇ ਬਦਲਾਵਾਂ ਦੀ ਆਸ ਨਹੀਂ ਕੀਤੀ ਜਾ ਸਕਦੀ, ਭਾਵੇਂ ਕਿ ਰਾਜਾਂ ਅੰਦਰ ਵਿਸ਼ਾਲ ਭਿੰਨਤਾਵਾਂ ਬਾਰੇ ਸੋਚਿਆ ਜਾ ਸਕਦਾ ਹੈ।

*(ਲੇਖਿਕਾ ਸੀਨੀਅਰ ਫੈਲੋ, ਸੈਂਟਰ ਫਾਰ ਵੋਮੈਨਜ਼ ਡਿਵੈਲਪਮੈਂਟ ਸਟੱਡੀਜ਼, ਨਿਵੀ ਦਿੱਲੀ ਹੈ।)*

*e-mail :neethapillai@gmail.com*

# ਆਮ ਬਜਟ - ਸਮਾਜਿਕ ਵਿਸਤਾਰ

ਮਨੀਸ਼ ਗੋਵਿਲ

2015-16 ਦੇ ਬਜਟ ਵਿਚ ਰੱਖਿਆ ਅਤੇ ਅੰਦਰੂਨੀ ਸੁਰੱਖਿਆ ਲਈ ਪੂੰਜੀ ਵਧਾਉਣ ਤੋਂ ਇਲਾਵਾ ਸਮਾਜਿਕ ਅਤੇ ਕਲਿਆਣਕਾਰੀ ਲੋੜਾਂ ਲਈ ਵੀ ਵਧੇਰੇ ਪੂੰਜੀ ਰਾਖਵੀਂ ਕੀਤੀ ਗਈ ਹੈ। ਸਮਾਜਿਕ ਏਜੰਡੇ ਦਾ ਵਿਸ਼ਾ-ਵਸਤੂ ਪਹਿਲਾਂ ਹੀ ਵਿਆਪਕ ਮੁਹਿੰਮ ਦੇ ਤੌਰ ਤੇ ਸਰਕਾਰ ਦੇ ਪ੍ਰਮੁੱਖ ਪ੍ਰੋਗਰਾਮ ਜਿਵੇਂ ਕਿ ਬੈਂਕਾਂ ਦੇ ਸਮਾਵੇਸ਼ ਲਈ ਜਨਧਨ ਯੋਜਨਾ, ਸਾਫ਼-ਸਫ਼ਾਈ ਲਈ ਸਵੱਛ ਭਾਰਤ ਅਤੇ ਵਿਕਾਸ ਲਈ 'ਭਾਰਤ ਵਿਚ ਬਣਾਓ' ਪ੍ਰੋਗਰਾਮ ਆਦਿ ਰਾਹੀਂ ਤੈਅ ਕਰ ਦਿਤਾ ਗਿਆ ਹੈ। ਇਨ੍ਹਾਂ ਸਾਰੇ ਪ੍ਰੋਗਰਾਮਾਂ ਦਾ ਬਜਟ ਵਿਚ ਬਹੁਤ ਚੰਗੀ ਤਰ੍ਹਾਂ ਜ਼ਿਕਰ ਕੀਤਾ ਗਿਆ ਹੈ ਅਤੇ ਇਨ੍ਹਾਂ ਦੀ ਲੋਕ ਕਲਿਆਣ ਅਤੇ ਸਮਾਜਿਕ ਸੁਧਾਰ ਦੀ ਬਹੁਤ ਸਮਰੱਥਾ ਹੈ। ਵਿੱਤ ਮੰਤਰੀ ਦੇ ਬਜਟ ਭਾਸ਼ਨ ਵਿਚ ਸਰਕਾਰ ਦੀ ਇਨ੍ਹਾਂ ਬਾਰੇ ਚਿੰਤਾ ਅਤੇ ਇੱਛਾ ਸ਼ਕਤੀ ਨੂੰ ਬਾਖ਼ੂਬੀ ਬਿਆਨ ਕੀਤਾ ਗਿਆ ਹੈ :-

*"ਸਮਾਜਿਕ ਅਤੇ ਆਰਥਿਕ ਸੰਕੇਤਕਾਂ ਨੂੰ ਅਸੀਂ ਸੱਤ ਦਹਾਕਿਆਂ ਤੋਂ ਪ੍ਰਤਿਸ਼ਤ ਵਿਚ ਅਤੇ ਲਾਭਪਾਤਰਾਂ ਦੀ ਗਿਣਤੀ ਵਿਚ ਅੰਗਦੇ ਆ ਰਹੇ ਹਾਂ। ਇਹ ਸਪੱਸ਼ਟ ਹੈ ਕਿ ਇਨ੍ਹਾਂ ਵਿਚ ਥੋੜ੍ਹੀ ਬਹੁਤ ਤਬਦੀਲੀ ਸਾਨੂੰ ਕਿਤੇ ਨਹੀਂ ਲੈ ਜਾ ਸਕਦੀ। ਸਾਨੂੰ ਇਕ ਵੱਡੀ ਛਾਲ ਲਾਉਣ ਬਾਰੇ ਸੋਚਣਾ ਪਵੇਗਾ।"*

ਇਹ ਵੀ ਤੱਥ ਹੈ ਕਿ ਜਨਤਕ ਨਿਵੇਸ਼ ਵਿਚ ਸੋਧੇ ਅਨੁਮਾਨਾਂ ਨਾਲੋਂ 1.25 ਲੱਖ ਕਰੋੜ ਰੁਪਏ ਵਧੇਰੇ ਰਾਖਵੇਂ ਕਰਨੇ ਪਏ ਹਨ। ਚਾਲੂ ਖਾਤਾ ਘਾਟੇ ਨੂੰ 3 ਪ੍ਰਤਿਸ਼ਤ ਤਕ ਲਿਆਉਣ ਨੂੰ ਤਿੰਨ ਸਾਲ ਤਕ ਵਧਾਇਆ ਗਿਆ ਹੈ। 2015-16 ਲਈ 3.9 ਪ੍ਰਤਿਸ਼ਤ, 2016-17 ਲਈ 3.5 ਪ੍ਰਤਿਸ਼ਤ ਅਤੇ 2017-18 ਲਈ 3 ਪ੍ਰਤਿਸ਼ਤ। ਇਸ ਮਕਸਦ ਲਈ ਐਫ਼ ਆਰ ਬੀ ਐੱਮ ਕਾਨੂੰਨ ਵਿਚ ਤਰਮੀਮ ਵੀ ਕਰਨੀ ਪਵੇਗੀ। ਬਜਟ ਅਨੁਮਾਨਾਂ ਵਿਚ ਸਮਾਜਿਕ ਮਦਾਂ ਹੇਠ ਕੀਤੇ ਜਾਣ ਵਾਲੇ ਕੁੱਝ ਮਹੱਤਵਪੂਰਨ ਉਪਰਾਲੇ ਹੇਠਾਂ ਦਿਤੇ ਜਾ ਰਹੇ ਹਨ ਅਤੇ ਉਨ੍ਹਾਂ ਦੀ ਪੜਚੋਲ ਕੀਤੀ ਜਾ ਰਹੀ ਹੈ।

### ਖੇਤੀ ਅਤੇ ਖੇਤੀਬਾੜੀ ਸੰਬੰਧਿਤ ਖੇਤਰ

ਦੇਸ਼ ਦੀ ਵੱਡੀ ਆਬਾਦੀ ਪੇਂਡੂ ਇਲਾਕਿਆਂ ਵਿਚ ਰਹਿ ਰਹੀ ਹੈ ਅਤੇ ਖੇਤੀਬਾੜੀ ਅਤੇ ਖੇਤੀਬਾੜੀ ਨਾਲ ਸੰਬੰਧਿਤ ਕਿੱਤਿਆਂ ਉਪਰ ਨਿਰਭਰ ਹੈ। ਦੋ ਮੁੱਖ ਮੁੱਦੇ ਜਿਨ੍ਹਾਂ ਦਾ ਬਜਟ ਵਿਚ ਜ਼ਿਕਰ ਕੀਤਾ ਗਿਆ ਹੈ, ਉਹ ਹਨ ਭੂਮੀ ਅਤੇ ਪਾਣੀ। ਇਨ੍ਹਾਂ ਵਿਚੋਂ ਇਕ ਹੈ ਤਾਂਘਵਾਨ 'ਭੂਮੀ ਸਿਹਤ ਕਾਰਡ ਸਕੀਮ' ਜਿਸ ਦਾ ਉਦੇਸ਼ ਲਗਾਤਾਰ ਭੂਮੀ ਦੀ ਉਪਜਾਇਕਤਾ ਵਧਾਉਣਾ ਹੈ ਅਤੇ ਇਸ ਨੂੰ *ਪਰੰਪਰਾਗਤ ਕ੍ਰਿਸ਼ੀ ਵਿਕਾਸ ਯੋਜਨਾ* ਦੀ ਮਦਦ ਲਈ ਵਿਚਾਰਿਆ ਗਿਆ ਹੈ। ਪਾਣੀ ਲਈ ਪ੍ਰਧਾਨ ਮੰਤਰੀ ਗ੍ਰਾਮ ਸਿੰਜਾਈ ਯੋਜਨਾ ਦਾ ਪ੍ਰਸਤਾਵ ਹੈ ਜਿਸ ਦਾ ਉਦੇਸ਼ ਪਾਣੀ ਦੀ ਕੁਸ਼ਲ ਵਰਤੋਂ ਅਤੇ ਹਰ ਕਿਸਾਨ ਦੇ ਖੇਤ ਤਕ ਪਾਣੀ ਪਹੁੰਚਾਉਣਾ ਹੈ ਅਤੇ ਹਰ ਪਾਣੀ ਦੇ ਤੁਪਕੇ ਤੋਂ ਵਧੇਰੇ ਫ਼ਸਲ ਉਪਜਾਉਣਾ ਹੈ। ਬਜਟ ਵਿਚ 5,300 ਕਰੋੜ ਰੁਪਏ ਦੀ ਰਕਮ ਸੂਖਮ ਸਿੰਜਾਈ, ਵਾਟਰਸ਼ੈੱਡ ਵਿਕਾਸ ਅਤੇ *ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ* ਲਈ ਰਾਖਵੀਂ ਕੀਤੀ ਗਈ ਹੈ।

ਕਿਸਾਨਾਂ ਨੂੰ ਪੂੰਜੀ ਮੁਹੱਈਆ ਕਰਾਉਣ ਲਈ ਹੇਠ ਦਿਤੇ ਪ੍ਰਸਤਾਵ ਕੀਤੇ ਗਏ ਹਨ : ਪੇਂਡੂ ਬੁਨਿਆਦੀ ਢਾਂਚਾ ਵਿਕਾਸ ਫ਼ੰਡ (ਆਰ ਆਈ ਡੀ ਐੱਫ਼) ਲਈ 2015-16 ਦੇ ਬਜਟ ਵਿਚ 25,000 ਕਰੋੜ ਰੁਪਏ ਜੋ *ਨਾਬਾਰਡ* ਵਿਚ ਸਥਾਪਤ ਕੀਤਾ ਗਿਆ ਹੈ, ਲੰਬੀ ਮਿਆਦ ਦੇ ਪੇਂਡੂ ਕਰਜ਼ਾ ਫ਼ੰਡ ਲਈ 15,000 ਕਰੋੜ ਰੁਪਏ, ਛੋਟੀ ਮਿਆਦ ਦੇ ਸਹਿਕਾਰੀ ਪੇਂਡੂ ਕਰਜ਼ਾ ਮੁੜ ਵਿੱਤ ਫ਼ੰਡ ਲਈ 45,000 ਕਰੋੜ ਰੁਪਏ ਅਤੇ ਥੋੜ੍ਹੀ ਮਿਆਦ ਦੇ ਖੇਤਰੀ ਪੇਂਡੂ ਬੈਂਕ ਦੇ ਮੁੜ ਵਿੱਤ ਫ਼ੰਡ ਲਈ 15,000 ਕਰੋੜ ਰੁਪਏ। ਇਹ ਬਿਨਾਂ ਕਿਸੇ ਹੀਲ ਹੁੱਜਤ ਦੇ ਖੇਤੀਬਾੜੀ ਕਰਜ਼ਾ ਖ਼ਾਸ ਤੌਰ ਤੇ ਛੋਟੇ ਅਤੇ ਹਾਸ਼ੀਏ ਦੇ ਕਿਸਾਨਾਂ ਨੂੰ ਮੁਹੱਈਆ ਕਰਨ ਵਿਚ ਸਹਾਈ ਹੋਣਗੇ। ਬੈਂਕਾਂ ਰਾਹੀਂ ਕਿਸਾਨਾਂ ਨੂੰ 2015-16 ਦੇ ਬਜਟ ਵਿਚ 8.5 ਲੱਖ ਕਰੋੜ ਰੁਪਏ ਕਰਜ਼ਾ ਦੇਣ ਦਾ ਟੀਚਾ ਮਿਥਿਆ ਗਿਆ ਹੈ। ਇਸ ਉਦੇਸ਼ ਦੀ ਪੂਰਤੀ ਵਿਚ ਜਨਧਨ ਯੋਜਨਾ ਸਹਾਈ ਹੋ ਸਕੇਗੀ।

ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਜ਼ਾਮਨੀ ਯੋਜਨਾ ਤਹਿਤ ਰੁਜ਼ਗਾਰ ਪ੍ਰਾਪਤ ਕਰਨ ਵਿਚ ਮਦਦ ਲਈ 34,699 ਕਰੋੜ ਰੁਪਏ ਰੱਖੇ ਗਏ ਹਨ। ਰਾਜ ਸਰਕਾਰਾਂ ਦੀ ਇਸ ਪ੍ਰੋਗਰਾਮ ਨੂੰ ਕਾਮਯਾਬੀ ਨਾਲ ਚਲਾਉਣ ਲਈ ਅਹਿਮ ਭੂਮਿਕਾ ਹੋਵੇਗੀ, ਖ਼ਾਸ ਤੌਰ ਤੇ ਇਸ ਤਹਿਤ ਚਲ ਰਹੇ ਕਾਰਜਾਂ ਦੀ ਉੱਤਮਤਾ ਵਧਾਉਣ ਲਈ ਅਤੇ ਫ਼ੰਡਾਂ ਦੇ ਇਸਤੇਮਾਲ ਲਈ ਅਸਰਦਾਰ ਮਸ਼ੀਨਰੀ ਜਿਵੇਂ ਕਿ ਸੋਸ਼ਲ ਆਡਿਟ ਆਦਿ ਰਾਹੀਂ।

ਨੀਤੀ ਆਯੋਗ ਵਿਚ ਇਕ ਸੰਗਠਿਤ ਰਾਸ਼ਟਰੀ ਖੇਤੀਬਾੜੀ ਮੰਡੀ ਦਾ ਪ੍ਰਸਤਾਵ ਹੈ ਜਿਸ ਨਾਲ ਕਿਸਾਨਾਂ ਨੂੰ ਉਨ੍ਹਾਂ ਦੇ ਉਤਪਾਦਨ ਦਾ ਸਭ ਤੋਂ ਵਧੀਆ ਰਾਸ਼ਟਰੀ ਮੁੱਲ ਮਿਲ ਸਕੇਗਾ। ਇਹ ਕਿਸਾਨਾਂ ਦੀ ਆਮਦਨ ਵਧਾਉਣ ਦੀ ਇਕ ਵਧੀਆ ਪਹਿਲ ਹੈ ਜੋ ਇਸ ਵੇਲੇ ਤੰਗੀ ਝੱਲ ਰਹੇ ਹਨ। ਇਹ ਕੀਮਤਾਂ ਦੇ ਵਾਧੇ ਦੇ ਅਸਰ ਨੂੰ ਘੱਟ ਕਰਨ ਲਈ ਕਾਰਗਰ ਸਾਬਤ ਹੋਵੇਗੀ ਅਤੇ ਕਿਸਾਨਾਂ ਨੂੰ ਸਥਾਨਕ ਵਪਾਰੀਆਂ ਦੇ ਚੁੰਗਲ ਵਿਚੋਂ ਛੁਡਾਉਣ ਵਿਚ ਵੀ ਸਹਾਈ ਹੋਵੇਗੀ।

## ਅਸੰਗਠਿਤ ਖੇਤਰ, ਛੋਟੇ ਵਪਾਰੀਆਂ ਆਦਿ ਨੂੰ ਉੱਦਮ ਲਗਾਉਣ ਲਈ ਸਹਾਇਤਾ

ਅਸੰਗਠਿਤ ਖੇਤਰ ਵੱਧ ਤੋਂ ਵੱਧ ਰੁਜ਼ਗਾਰ ਦੇ ਮੌਕੇ ਪੈਦਾ ਕਰਦਾ ਹੈ; 5.77 ਕਰੋੜ ਛੋਟੀਆਂ ਵਪਾਰਕ ਇਕਾਈਆਂ ਦਾ 62 ਪ੍ਰਤਿਸ਼ਤ ਜੋ ਛੋਟੇ-ਛੋਟੇ ਉਤਪਾਦਨ, ਵਪਾਰ ਅਤੇ ਸੇਵਾ ਖੇਤਰ ਵਿਚ ਲੱਗੀਆਂ ਹੋਈਆਂ ਹਨ। ਪੱਟੀਦਰਜ ਜਾਤਾਂ, ਪੱਟੀਦਰਜ ਕਬੀਲਿਆਂ ਅਤੇ ਹੋਰ ਪਛੜੀਆਂ ਸ਼੍ਰੇਣੀਆਂ ਵਲੋਂ ਮਾਲਕਾਨਾ ਤੌਰ ਤੇ ਚਲਾਈਆਂ ਜਾਂਦੀਆਂ ਹਨ। ਪ੍ਰਧਾਨ ਮੰਤਰੀ ਮੁਦਰਾ ਯੋਜਨਾ ਤਹਿਤ ਪੱਟੀਦਰਜ ਜਾਤਾਂ ਅਤੇ ਪੱਟੀਦਰਜ ਕਬੀਲਿਆਂ ਦੇ ਮਾਲਕਾਂ ਵਲੋਂ ਸਮੁੱਚੇ ਵਿਕਾਸ ਲਈ ਚਲਾਈਆਂ ਜਾ ਰਹੀਆਂ ਇਕਾਈਆਂ ਨੂੰ ਪਹਿਲ 'ਤੇ ਕਰਜ਼ਾ ਦਿਤਾ ਜਾਵੇਗਾ। ਇਕ ਲਘੂ ਇਕਾਈ ਵਿਕਾਸ ਮੁੜ ਵਿੱਤ ਏਜੰਸੀ (ਮੁਦਰਾ) ਬੈਂਕ 20,000 ਕਰੋੜ ਰੁਪਏ ਦੇ ਮੂਲ ਧਨ ਨਾਲ ਅਤੇ 3000 ਕਰੋੜ ਰੁਪਏ ਕਰਜ਼ਾ ਜ਼ਾਮਨੀ ਮੂਲ ਧਨ ਖੋਲ੍ਹਣ ਦਾ ਪ੍ਰਸਤਾਵ ਹੈ ਜੋ ਲਘੂ ਵਿੱਤੀ ਸੰਸਥਾਨਾਂ ਨੂੰ ਮੁੜ ਤੋਂ ਵਿੱਤ ਦੇਵੇਗਾ। ਇਸ ਪਹਿਲ ਨਾਲ ਮੁਹਾਰਤ ਪ੍ਰਾਪਤ ਅਤੇ ਅਰਧ ਮੁਹਾਰਤ ਪ੍ਰਾਪਤ ਕਾਰੀਗਰਾਂ ਨੂੰ ਉੱਦਮ ਲਗਾਉਣ ਅਤੇ ਰੁਜ਼ਗਾਰ ਦੇ ਮੌਕਿਆਂ ਵਿਚ ਵਾਧਾ ਹੋਵੇਗਾ।

ਇਸ ਭਾਗ ਵਿਚ ਹੋਰ ਮਹੱਤਵਪੂਰਨ ਕਦਮ ਲਘੂ, ਛੋਟੇ ਅਤੇ ਮੱਧ ਦਰਜੇ ਦੇ ਉੱਦਮਾਂ ਦੀ ਬੈਂਕ ਨਕਦੀ ਵਧਾਉਣ ਲਈ ਇਲੈਕਟ੍ਰਾਨਿਕ ਵਪਾਰ ਵਸੂਲੀਆਂ ਕਟੌਤੀ ਪ੍ਰਣਾਲੀ (ਟੀ ਆਰ ਈ ਡੀ ਐੱਸ) ਸਥਾਪਤ ਕਰਨਾ ਹਨ। ਵਿੱਤੀ ਸਾਲ 2015-16 ਦੌਰਾਨ ਵਪਾਰ ਵਿਚ ਸੌਖ ਲਿਆਉਣ ਹਿਤ ਇਕ ਵਿਆਪਕ ਦਿਵਾਲੀਆਪਨ ਕੋਡ ਲਿਆਉਣ ਲਈ ਦਿਵਾਲੀਆਪਨ ਕਾਨੂੰਨ ਸੁਧਾਰਾਂ ਦੀ ਪਛਾਣ ਕੀਤੀ ਗਈ ਹੈ ਜਿਸ ਨਾਲ ਇਸ ਖੇਤਰ ਵਿਚ ਕਾਨੂੰਨੀ ਦ੍ਰਿੜ੍ਹਤਾ ਆਵੇਗੀ।

ਬਜਟ ਵਿਚ ਪਿੰਡਾਂ ਵਿਚ ਕਾਇਮ ਲਗਭਗ 1,54,000 ਡਾਕਘਰਾਂ ਨੂੰ ਲੋਕਾਂ ਦੀ ਰਸਮੀ ਵਿੱਤੀ ਪ੍ਰਣਾਲੀ ਤਕ ਪਹੁੰਚ ਵਧਾਉਣ ਲਈ ਇਸਤੇਮਾਲ ਕਰਨ ਦਾ ਵੀ ਪ੍ਰਸਤਾਵ ਹੈ। ਡਾਕ ਵਿਭਾਗ ਨੂੰ ਇਸ ਲਈ ਅਦਾਇਗੀ ਬੈਂਕ ਲਾਇਸੰਸ ਲੈਣਾ ਹੋਵੇਗਾ। ਇਹ ਉਪਾਅ ਪ੍ਰਧਾਨ ਮੰਤਰੀ ਜਨਧਨ ਯੋਜਨਾ ਵੱਲ ਇਕ ਵੱਡਾ ਯੋਗਦਾਨ ਹੋਵੇਗਾ ਅਤੇ ਇਸ ਦਾ ਬਹੁਤ ਭਾਰੀ ਸਮਾਜਿਕ ਮਹੱਤਵ ਹੈ।

ਇਕ ਹੋਰ ਮਸ਼ੀਨਰੀ ਜਿਸ ਨੂੰ ਸੇਤੂ (ਸਵੈ ਰੁਜ਼ਗਾਰ ਅਤੇ ਯੋਗਤਾ ਵਰਤੋਂ) ਦਾ ਨਾਮ ਦਿਤਾ ਗਿਆ ਹੈ, ਲਾਗੂ ਕੀਤੀ ਗਈ ਹੈ। ਸੇਤੂ ਵਪਾਰਕ ਇਕਾਈਆਂ ਅਤੇ ਹੋਰ ਸਵੈ-ਰੁਜ਼ਗਾਰ ਸਰਗਰਮੀਆਂ, ਖ਼ਾਸ ਤੌਰ ਤੇ ਤਕਨਾਲੋਜੀ ਨਾਲ ਸੰਬੰਧਿਤ ਖੇਤਰਾਂ ਵਿਚ, ਤਕਨੀਕੀ ਵਿੱਤ ਸਰਗਰਮੀਆਂ ਸ਼ੁਰੂ ਕਰਨ ਅਤੇ ਚਾਲੂ ਰਖਣ ਲਈ ਹਰ ਕਿਸਮ ਦੀ ਸਹਾਇਤਾ ਕਰੇਗੀ। ਨੀਤੀ ਆਯੋਗ ਵਿਚ, ਇਸ ਮਕਸਦ ਲਈ 1000 ਕਰੋੜ ਰੁਪਏ ਦੀ ਸ਼ੁਰੂਆਤੀ ਰਾਸ਼ੀ ਰਖੀ ਗਈ ਹੈ।

## ਵਿਆਪਕ ਸਮਾਜਿਕ ਸੁਰੱਖਿਆ ਦੀ ਹੋਂਦ ਖ਼ਾਸ ਤੌਰ ਤੇ ਗਰੀਬਾਂ ਅਤੇ ਘੱਟ ਅਧਿਕਾਰ ਪ੍ਰਾਪਤ ਲੋਕਾਂ ਲਈ

ਭਾਰਤ ਦੀ ਆਬਾਦੀ ਦਾ ਵੱਡਾ ਹਿੱਸਾ ਕਿਸੇ ਵੀ ਕਿਸਮ ਦੇ ਬੀਮੇ, ਸਿਹਤ, ਦੁਰਘਟਨਾ ਜਾਂ ਜੀਵਨ ਬੀਮਾ ਤੋਂ ਵੰਚਿਤ ਹੈ। ਸਿਰਫ਼ 12 ਰੁਪਏ ਸਾਲ ਦੇ ਪ੍ਰੀਮੀਅਮ ਵਾਲੇ 2 ਲੱਖ ਰੁਪਏ ਦੁਰਘਟਨਾ ਮੌਤ ਬੀਮਾ, ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਦੀ ਸ਼ੁਰੂਆਤ ਕੀਤੀ ਗਈ ਹੈ।

ਇਕ ਹੋਰ ਯੋਜਨਾ, ਅਟਲ ਪੈਨਸ਼ਨ ਯੋਜਨਾ ਨੂੰ ਲਾਗੂ ਕੀਤਾ ਜਾ ਰਿਹਾ ਹੈ ਜਿਸ ਤਹਿਤ ਦਿਤੇ ਜਾਣ ਵਾਲਾ ਹਿੱਸਾ ਅਤੇ ਸਮੇਂ ਦੀ ਮਿਆਦ ਅਨੁਸਾਰ ਨਿਸ਼ਚਿਤ ਪੈਨਸ਼ਨ ਮਿਲੇਗੀ। 31 ਦਸੰਬਰ 2015 ਤੋਂ ਪਹਿਲਾਂ ਖੋਲ੍ਹੇ ਜਾਣ ਵਾਲੇ ਖਾਤਿਆਂ ਦਾ ਪ੍ਰੀਮੀਅਮ ਪਹਿਲੇ ਪੰਜ ਸਾਲ 1000 ਰੁਪਏ ਤਕ ਸਰਕਾਰ ਭਰੇਗੀ।

ਇਕ ਹੋਰ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜਯੋਤੀ ਯੋਜਨਾ ਹੈ ਜਿਸ ਵਿਚ ਕੁਦਰਤੀ ਅਤੇ ਹਾਦਸੇ ਦੌਰਾਨ ਮੌਤ ਦੀ ਸੂਰਤ ਵਿਚ 2 ਲੱਖ ਦਾ ਬੀਮਾ ਯਕੀਨੀ ਬਣਾਇਆ ਗਿਆ ਹੈ। ਇਸ ਦਾ ਪ੍ਰੀਮੀਅਮ 18-50 ਸਾਲ ਦੀ ਉਮਰ ਦੇ ਵਿਅਕਤੀਆਂ ਲਈ 330 ਰੁਪਏ ਸਾਲਾਨਾ ਜਾਂ ਇਕ ਰੁਪਏ ਤੋਂ ਵੀ ਘੱਟ ਪ੍ਰਤਿ ਦਿਨ ਹੋਵੇਗਾ।

ਪੀ ਪੀ ਐੱਫ਼ ਵਿਚ 3000 ਕਰੋੜ ਰੁਪਏ ਦੀ ਪਈ ਲਾਵਾਰਸ ਪੂੰਜੀ ਅਤੇ ਈ ਪੀ ਐੱਫ਼ ਵਿਚ ਪਈ 6000 ਕਰੋੜ ਰੁਪਏ ਦੀ ਰਕਮ ਨਾਲ ਵਰਿਸ਼ਟ ਨਾਗਰਿਕ ਕਲਿਆਣ ਫ਼ੰਡ ਸ਼ੁਰੂ ਕਰਨ ਦੀ ਵੀ ਪੇਸ਼ਕਸ਼ ਹੈ। ਇਹ ਕਮਜ਼ੋਰ ਵਰਗਾਂ ਜਿਵੇਂ ਕਿ ਬੁਢਾਪਾ ਪੈਨਸ਼ਨ, ਗਰੀਬੀ ਰੇਖਾ ਤੋਂ ਹੇਠਾਂ ਦੇ ਕਾਰਡ ਧਾਰਕ, ਛੋਟੇ ਅਤੇ ਦਰਮਿਆਨੇ ਕਿਸਾਨਾਂ ਆਦਿ ਦੇ ਪ੍ਰੀਮੀਅਮ ਦੀ ਰਕਮ ਲਈ ਸਬਸਿਡੀ ਦੇਣ ਲਈ ਵਰਤੋਂ ਵਿਚ ਲਿਆਂਦਾ ਜਾਵੇਗਾ। ਗਰੀਬੀ ਰੇਖਾ ਤੋਂ ਹੇਠਾਂ ਦੇ ਵਰਿਸ਼ਟ ਨਾਗਰਿਕਾਂ ਲਈ ਭੌਤਿਕੀ ਸਹਾਇਤਾ ਅਤੇ ਜੀਵਨ ਵਿਆਪਣ ਉਪਾਅ ਲਈ ਇਕ ਹੋਰ ਨਵੀਂ ਯੋਜਨਾ ਬਣਾਈ ਗਈ ਹੈ। ਘੱਟ ਗਿਣਤੀ ਨੌਜਵਾਨਾਂ ਲਈ ਜਿਨ੍ਹਾਂ ਕੋਲ ਕੋਈ ਰਸਮੀ ਸਕੂਲ ਸਰਟੀ-ਫਿਕੇਟ ਨਹੀਂ ਹੈ, ਨੂੰ ਅਜਿਹਾ ਸਰਟੀਫਿਕੇਟ ਹਾਸਲ ਕਰਨ ਅਤੇ ਚੰਗਾ ਰੁਜ਼ਗਾਰ ਲੱਭਣ ਵਿਚ ਮਦਦ ਲਈ ਇਕ ਹੋਰ ਸੰਗਠਿਤ ਸਿੱਖਿਆ ਅਤੇ ਰੋਜ਼ੀ-ਰੋਟੀ ਯੋਜਨਾ 'ਨਵੀਂ ਮੰਜ਼ਿਲ' ਚਲਾਈ ਜਾ ਰਹੀ ਹੈ।

ਕੇਂਦਰੀ ਵਿੱਤ ਉੱਪਰ ਦਬਾਅ ਦੇ ਬਾਵਜੂਦ, ਹੇਠ ਦਿਤੇ ਵਿੱਤੀ, ਪ੍ਰਸਤਾਵ ਰਖੇ ਗਏ ਹਨ : ਪੱਟੀਦਰਜ ਜਾਤਾਂ ਲਈ 30,851 ਕਰੋੜ ਰੁਪਏ, ਪੱਟੀਦਰਜ ਕਬੀਲਿਆਂ ਲਈ 19,980 ਕਰੋੜ ਰੁਪਏ, ਔਰਤਾਂ ਲਈ 79,258 ਕਰੋੜ ਰੁਪਏ।

ਔਰਤਾਂ ਦੀ ਸੁਰੱਖਿਆ, ਸਮਰਥਨ ਅਤੇ ਜਾਗਰੂਕਤਾ ਲਈ ਨਿਰਭੈਯ ਫ਼ੰਡ ਤਹਿਤ 1000 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ।

ਇਹ ਸਭ ਸਮਾਜਿਕ ਸੁਰੱਖਿਆ ਯੋਜਨਾਵਾਂ, ਜੋ ਗਰੀਬਾਂ ਅਤੇ ਕਮਜ਼ੋਰ ਵਰਗਾਂ ਦੀਆਂ ਲੋੜਾਂ ਵਲ ਸੰਵੇਦਨਸ਼ੀਲ ਹਨ, ਦੀ ਜਨਧਨ ਪਲੇਟਫਾਰਮ ਵਰਤੋਂ ਵਿਚ ਲਿਆਉਣ ਦੀ ਸਮਰਥਾ ਹੈ ਜਿਸ ਨਾਲ ਇਹ ਯਕੀਨੀ ਬਣਾਇਆ ਜਾਵੇਗਾ ਕਿ ਕਿਸੇ ਵੀ ਭਾਰਤੀ ਨਾਗਰਿਕ ਨੂੰ ਬੀਮਾਰੀ, ਹਾਦਸੇ ਜਾਂ ਬੁਢਾਪੇ ਵਿਚ ਵਿੱਤੀ ਲੋੜ ਦੀ ਚਿੰਤਾ ਨਹੀਂ ਕਰਨੀ ਪਵੇਗੀ। ਪਰ ਇਨ੍ਹਾਂ ਯੋਜਨਾਵਾਂ ਦੇ ਅਸਰਦਾਰ ਲਾਗੂਕਰਨ ਲਈ ਵਿਤਰਣ ਮਸ਼ੀਨਰੀ ਅਤੇ ਸੰਬੰਧਿਤ ਰਾਜ ਸਰਕਾਰਾਂ ਦੀ ਭੂਮਿਕਾ ਵਿਚ ਤਾਲਮੇਲ ਲਿਆਉਣਾ ਹੋਵੇਗਾ ਅਤੇ ਉਨ੍ਹਾਂ ਨੂੰ ਮਜ਼ਬੂਤ ਕਰਨਾ ਹੋਵੇਗਾ।

## ਬੁਨਿਆਦੀ ਢਾਂਚਾ

ਸੜਕਾਂ ਲਈ ਵਧੇਰੇ ਖਰਚਾ ਅਤੇ ਰੇਲਵੇ ਨੂੰ ਬਜਟ ਤੋਂ ਮਦਦ ਜੋ ਕ੍ਰਮਵਾਰ 14,031 ਕਰੋੜ ਰੁਪਏ ਅਤੇ 10,050 ਕਰੋੜ ਰੁਪਏ ਹੈ, ਤੋਂ ਸਰਕਾਰ ਦਾ ਬੁਨਿਆਦੀ ਢਾਂਚੇ ਉਪਰ ਜ਼ੋਰ ਦਾ ਸੂਚਕ ਹੈ। ਬੁਨਿਆਦੀ ਢਾਂਚਾ ਵਿਕਾਸ ਦੀ ਕੁੰਜੀ ਹੈ। ਜਨਤਕ ਖੇਤਰ ਦੀਆਂ ਇਕਾਈਆਂ ਲਈ

ਅੰਸ਼ਦਾਨ 3,17,889 ਕਰੋੜ ਰੁਪਏ ਹੋਣ ਦੀ ਉਮੀਦ ਹੈ ਜੋ 2014-15 ਦੇ ਵਿੱਤੀ ਸਾਲ ਦੇ ਮੁਕਾਬਲੇ ਲਗਭਗ 80,844 ਕਰੋੜ ਰੁਪਏ ਵਾਧੂ ਹੈ। ਸਾਲ 2015-16 ਵਿਚ ਬੁਨਿਆਦੀ ਢਾਂਚੇ ਵਿਚ ਨਿਵੇਸ਼ਕ ਕੇਂਦਰ ਜਨਤਕ ਅਦਾਰਿਆਂ ਦੇ 2014-15 ਦੇ ਕੇਂਦਰੀ ਫ਼ੰਡਾਂ ਅਤੇ ਸਰੋਤਾਂ ਤੋਂ 70,00 ਕਰੋੜ ਰੁਪਏ ਵਾਧੂ ਰੱਖਿਆ ਗਿਆ ਹੈ।

ਸਰਕਾਰ ਦਾ ਇਰਾਦਾ ਰਾਸ਼ਟਰੀ ਪੂੰਜੀ ਨਿਵੇਸ਼ ਅਤੇ ਬੁਨਿਆਦੀ ਢਾਂਚਾ (ਐੱਨ ਆਈ ਆਈ ਐੱਫ਼) ਸਥਾਪਤ ਕਰਨ ਦਾ ਵੀ ਹੈ। ਰੇਲ, ਸੜਕ ਅਤੇ ਸਿੰਜਾਈ ਖੇਤਰ ਵਿਚ ਪ੍ਰਾਜੈਕਟਾਂ ਲਈ ਕਰ ਮੁਕਤ ਬੁਨਿਆਦੀ ਢਾਂਚਾ ਬੌਂਡ ਜਾਰੀ ਕਰਨ ਲਈ ਵੀ ਮਨਜ਼ੂਰੀ ਦਿਤੀ ਗਈ ਹੈ। ਬੁਨਿਆਦੀ ਢਾਂਚਾ ਵਿਕਾਸ ਲਈ ਜਨਤਕ-ਨਿੱਜੀ ਸਹਿਭਾਗਤਾ ਨੂੰ ਇਸ ਵਿਚ ਆ ਰਹੀਆਂ ਮੁਸ਼ਕਲਾਂ ਨੂੰ ਦੂਰ ਕਰਕੇ ਜਿਨ੍ਹਾਂ ਦਾ ਵਧੇਰੇ ਅਸਰ ਸਰਕਾਰ ਝੱਲੇਗੀ ਪਰ ਪੂਰਾ ਨਹੀਂ, ਮੁੜ ਤੋਂ ਮਜ਼ਬੂਤ ਕੀਤਾ ਜਾ ਰਿਹਾ ਹੈ।

ਅਟਲ ਨਵੀਆਂ ਕਾਢਾਂ ਮਿਸ਼ਨ (ਏ ਆਈ ਐੱਮ), ਖੋਜਾਂ ਨੂੰ ਉਤਸ਼ਾਹਤ ਕਰਨ ਲਈ ਇਕ ਨਵਾਂ ਪਲੇਟਫਾਰਮ ਜੋ ਨੀਤੀ ਆਯੋਗ ਵਿਚ ਅਕਾਦਮੀਸ਼ਨਾਂ, ਉੱਦਮੀਆਂ ਅਤੇ ਖੋਜਕਾਰਾਂ ਨਾਲ ਸੰਬੰਧਿਤ ਹੋਵੇਗਾ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਉਪਲਬਧੀਆਂ ਤੋਂ ਸਬਕ ਲੈ ਕੇ ਭਾਰਤ ਵਿਚ ਨਵੀਆਂ ਕਾਢਾਂ, ਖੋਜ ਅਤੇ ਵਿਕਾਸ ਤੇ ਵਿਗਿਆਨਕ ਖੋਜ ਲਈ ਇਕ ਨਵਾਂ ਵਾਤਾਵਰਨ ਤਿਆਰ ਕਰੇਗਾ। ਇਹ ਪਲੇਟਫਾਰਮ ਭਾਰਤ ਲਈ ਨਵੀਆਂ ਖੋਜਾਂ ਦੀ ਵਿਸ਼ਵੀ ਪੱਧਰ ਦੀ ਧੁਰੀ ਅਤੇ ਵੱਡੀ ਚੁਨੌਤੀ ਦਾ ਨੈੱਟਵਰਕ ਤਿਆਰ ਕਰਨ ਨੂੰ ਉਤਸ਼ਾਹਤ ਕਰੇਗਾ। ਇਸ ਮਕਸਦ ਲਈ 150 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ।

## ਵਿੱਤੀ ਮੰਡੀਆਂ

ਠੀਕ ਤਰ੍ਹਾਂ ਚੱਲ ਰਹੇ ਪੂੰਜੀ ਬਾਜ਼ਾਰ ਨੂੰ ਠੀਕ ਉਪਭੋਗਤਾ ਸੁਰੱਖਿਆ ਦੀ ਵੀ ਲੋੜ ਹੁੰਦੀ ਹੈ। ਇਸ ਬਜਟ ਵਿਚ ਇਕ ਖੇਤਰ ਨਿਰਪੱਖ ਵਿੱਤੀ ਸੁਧਾਰਕ ਏਜੰਸੀ ਦਾ ਪ੍ਰਸਤਾਵ ਕੀਤਾ ਗਿਆ ਹੈ ਜੋ ਵਿੱਤੀ ਸੇਵਾ ਦੇਣ ਵਾਲਿਆਂ ਦੇ ਖ਼ਿਲਾਫ਼ ਸ਼ਿਕਾਇਤਾਂ ਦੀ ਸੁਣਵਾਈ ਕਰੇਗੀ। ਇਸ ਵਿਚ ਭੋਲੇ-ਭਾਲੇ ਗਾਹਕਾਂ ਨੂੰ ਗੁਮਰਾਹ ਕਰਨ ਵਾਲੀਆਂ ਅਤੇ ਗਲਤ ਤਰੀਕੇ ਵੇਚੇ ਜਾਣ ਵਾਲੀਆਂ ਵਿੱਤੀ ਸੇਵਾਵਾਂ ਅਤੇ ਕਿਰਤਾਂ ਤੋਂ ਸੁਰੱਖਿਆ ਲਈ ਭਾਰਤੀ ਵਿੱਤੀ ਕੋਡ ਲਿਆਉਣ ਦੀ ਸੋਚ ਵੀ ਹੈ।

## ਕਰ

ਇਸ ਬਜਟ ਵਿਚ ਜੀ ਐੱਸ ਟੀ ਦੀ ਸ਼ੁਰੂਆਤ ਕਰਕੇ ਇਕ ਸਿੱਧੀ ਕਰ ਪ੍ਰਣਾਲੀ ਲਿਆਉਣ ਦੀ ਸੋਚ ਵੀ ਹੈ ਜੋ ਕਰ ਦਰਾਂ ਵਿਚ ਅੰਤਰਰਾਸ਼ਟਰੀ ਮੁਕਾਬਲੇ ਦੀ ਹੋਵੇਗੀ ਜੋ ਛੋਟ ਰਹਿਤ ਹੋਵੇ, ਬੱਚਤਾਂ ਨੂੰ ਉਤਸ਼ਾਹਿਤ ਕਰੇ ਅਤੇ ਜਿਸ ਤਹਿਤ ਵਿਚਕਾਰਲਿਆਂ ਉੱਪਰ ਕਰ ਉਗਰਾਹੀ ਨਾ ਹੋਵੇ ਜੋ ਨਵੀਨਤਮ ਅਸਿੱਧੇ ਕਰਾਂ ਦੇ ਢਾਂਚੇ ਦੇ ਮੁਕਾਬਲੇ ਵਿਚ ਹੋਵੇ। ਸੇਵਾ ਕਰ 12.36 ਪ੍ਰਤਿਸ਼ਤ ਤੋਂ ਵਧਾ ਕੇ 14 ਪ੍ਰਤਿਸ਼ਤ ਕਰ ਦਿਤਾ ਗਿਆ ਹੈ ਜੋ ਸਾਲ 2016-17 ਤੋਂ ਜੀ ਐੱਸ ਟੀ ਸ਼ੁਰੂ ਕਰਨ ਵਲ ਇਕ ਪਹਿਲ ਹੈ। ਕਰਾਂ ਵਿਚ ਇਹ ਸੁਧਾਰ ਅਤੇ ਜੀ ਐੱਸ ਟੀ ਨਾਲ ਤਾਲਮੇਲ ਅੱਜ ਗਾਹਕ 'ਤੇ ਪੈਣ ਵਾਲੀ ਕਰਾਂ ਦੀ ਉੱਪਰ ਥੱਲੇ ਦੀ ਮਾਰ, ਜੋ ਕੀਮਤਾਂ ਵਿਚ ਵਾਧੇ ਦਾ ਕਾਰਨ ਬਣਦੀ ਹੈ, ਦੇ ਅਸਰ ਨੂੰ ਘੱਟ ਕਰੇਗਾ। ਜੇ ਸਰਕਾਰ ਇਹ ਯਕੀਨੀ ਬਣਾਏ ਕਿ ਕਰ ਸੁਧਾਰਾਂ ਕਾਰਨ ਹੋਈ ਕੀਮਤ ਵਿਚ ਗਿਰਾਵਟ ਗਾਹਕਾਂ ਤਕ ਪਹੁੰਚੇ ਤਾਂ ਇਸ ਦਾ ਕੀਮਤਾਂ ਦੇ ਘਟਣ ਨਾਲ ਭਾਰੀ ਸਮਾਜਿਕ ਅਸਰ ਪੈ ਸਕਦਾ ਹੈ।

ਈ ਪੀ ਐੱਫ਼, ਈ ਐੱਸ ਆਈ ਅਤੇ ਨਵੀਂ ਪੈਨਸ਼ਨ ਸਕੀਮ ਵਿਚ ਪ੍ਰਸਤਾਵਿਤ ਬਦਲਾਅ ਇਕ ਖ਼ਾਸ ਹੱਦ ਤਕ ਮਾਹਵਾਰੀ ਤਨਖ਼ਾਹ ਵਾਲੇ ਕਰਮਚਾਰੀਆਂ, ਜੋ ਇਸ ਵੇਲੇ 15,000 ਰੁਪਏ ਮਹੀਨਾ ਹੈ, ਨੂੰ ਲਾਭ ਪਹੁੰਚਾਉਣ ਦੀ ਦਿਸ਼ਾ ਵਲ ਇਕ ਕਦਮ ਹੈ। ਇਸ ਨਾਲ ਇਸ ਹੱਦ ਤਕ ਤਨਖ਼ਾਹਦਾਰ ਕਰਮਚਾਰੀਆਂ ਦੀ ਜੇਬ ਵਿਚ ਆਉਣ ਵਾਲੀ ਰਕਮ ਵਿਚ ਵਾਧਾ ਹੋਵੇਗਾ ਅਤੇ ਇਸ ਦੇ ਨਾਲ-ਨਾਲ ਉਨ੍ਹਾਂ ਨੂੰ ਸੁਰੱਖਿਆ ਕਵਚ ਵੀ ਮਿਲੇਗਾ। ਸੀ ਐੱਸ ਆਰ ਤੋਂ ਇਲਾਵਾ, ਸਵੱਛ ਭਾਰਤ ਲਈ ਦਿਤੇ ਅੰਸ਼ਦਾਨ ਵੀ 100 ਪ੍ਰਤਿਸ਼ਤ ਕਰ ਮੁਕਤ ਹੋਣਗੇ।

ਹੋਰ ਪ੍ਰਸਤਾਵ ਜਿਵੇਂ ਕਿ ਹਰਿਆ-ਭਰਿਆ ਭਾਰਤ, ਸੈਰਸਪਾਟਾ ਵਿਕਾਸ ਅਤੇ ਵੱਖ-ਵੱਖ ਰਾਜਾਂ ਵਿਚ ਆਈ ਆਈ ਟੀ, ਏਮਜ਼ ਅਤੇ ਹੋਰ ਸੰਸਥਾਨ ਖੋਲ੍ਹਣ ਦਾ ਉਦੇਸ਼ ਜੀਵਨ ਪੱਧਰ ਵਿਚ ਸੁਧਾਰ, ਵਿਕਾਸ ਅਤੇ ਹੋਰ ਸਮਾਜਿਕ ਸੰਕੇਤਕਾਂ ਵਿਚ ਸੁਧਾਰ ਲਿਆਉਣਾ ਹੈ। ਯੋਜਨਾਵਾਂ ਦੇ ਮਿਸ਼ਰਣ ਵਿਚ ਬਦਲਾਅ ਕੀਤਾ ਗਿਆ ਹੈ ਪਰ ਸਮੁੱਚੇ ਤੌਰ ਤੇ ਨੌਕਰੀਆਂ ਦੇ ਮੌਕੇ ਪੈਦਾ ਕਰਨ, ਗਰੀਬੀ ਖਤਮ ਕਰਨ ਅਤੇ ਬੁਨਿਆਦੀ ਢਾਂਚਾ ਖੜ੍ਹਾ ਕਰਨ ਵਿਚ ਕੋਈ ਛੇੜਛਾੜ ਨਹੀਂ ਕੀਤੀ ਗਈ। ਇਹ ਯਕੀਨੀ ਬਣਾਉਣ ਲਈ ਕਿ ਸਬਸਿਡੀਆਂ ਦਾ ਲਾਭ ਸਿੱਧਿਆਂ ਲਾਭਪਾਤਰਾਂ ਤਕ ਪਹੁੰਚ ਰਿਹਾ ਹੈ, ਕਈ ਸੁਧਾਰ ਕੀਤੇ ਗਏ ਹਨ। ਵਜ਼ੀਫ਼ਾ ਸਕੀਮ ਦਾ ਪਸਾਰ ਵਧਾ ਕੇ ਇਸ ਨੂੰ ਅੱਜ ਦੇ 1 ਕਰੋੜ ਲਾਭਪਾਤਰਾਂ ਤੋਂ 10.3 ਕਰੋੜ ਲਾਭਪਾਤਰਾਂ ਤਕ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਹੁਣ ਤਕ ਰਸੋਈ ਗੈਸ ਦੀ ਸਬਸਿਡੀ ਦੇ ਤੌਰ ਤੇ 11.5 ਕਰੋੜ ਰਸੋਈ ਗੈਸ ਉਪਭੋਗਤਾਵਾਂ ਨੂੰ 6,335 ਕਰੋੜ ਰੁਪਏ ਸਿੱਧਿਆਂ ਉਨ੍ਹਾਂ ਦੇ ਖਾਤਿਆਂ ਵਿਚ ਜਮ੍ਹਾਂ ਕੀਤੇ ਜਾ ਚੁੱਕੇ ਹਨ। ਇਸ ਨਾਲ ਅਸਲੀ ਲਾਭਪਾਤਰਾਂ ਤਕ ਲਾਭ ਪਹੁੰਚਾਉਣ ਵਿਚ ਹੋ ਰਹੀ ਲੀਕੇਜ ਅਤੇ ਨਿਕੰਮਾਪਨ ਘਟਿਆ ਹੈ। ਪਰ ਇਸ ਸਕੀਮ ਦਾ ਅਸਰ ਰਾਜ ਸਰਕਾਰਾਂ ਦੀ ਭੂਮਿਕਾ ਉੱਪਰ ਨਿਰਭਰ ਕਰੇਗਾ।

ਮਹਾਰਤ ਵਧਾਉਣ ਵੱਲ ਵੀ ਬਹੁਤ ਜ਼ੋਰ ਦਿਤਾ ਗਿਆ ਹੈ। ਪ੍ਰਧਾਨ ਮੰਤਰੀ ਵਿੱਦਿਆ ਲਕਸ਼ਮੀ ਪ੍ਰੋਗਰਾਮ ਤਹਿਤ ਸਭ ਗਰੀਬ ਅਤੇ ਮੱਧ ਵਰਗ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪਸੰਦ ਦੀ ਉੱਚ ਸਿੱਖਿਆ ਪ੍ਰਾਪਤੀ ਲਈ ਸਹਾਇਤਾ ਦੇਣ ਲਈ ਪੂਰੀ ਤਰ੍ਹਾਂ ਆਈ ਟੀ ਆਧਾਰਿਤ ਵਿਦਿਆਰਥੀ ਵਿੱਤੀ ਮਦਦ ਅਥਾਰਿਟੀ ਸਥਾਪਤ ਕੀਤੀ ਜਾ ਰਹੀ ਹੈ ਜੋ ਵਿਦਿਆਰਥੀਆਂ ਨੂੰ ਵਜ਼ੀਫ਼ੇ ਅਤੇ ਸਿੱਖਿਆ ਕਰਜ਼ਾ ਯੋਜਨਾਵਾਂ ਨੂੰ ਚਲਾਵੇਗੀ ਅਤੇ ਉਨ੍ਹਾਂ ਦੀ ਕਾਰਜ ਪ੍ਰਣਾਲੀ ਦੀ ਨਿਗਰਾਨੀ ਕਰੇਗੀ। ਮੁਹਾਰਤ ਵਿਕਾਸ ਅਤੇ ਉੱਦਮ ਮੰਤਰਾਲਾ ਤਹਿਤ ਰਾਸ਼ਟਰੀ ਮੁਹਾਰਤ ਮਿਸ਼ਨ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਇਹ 'ਭਾਰਤ ਵਿਚ ਬਣਾਓ' ਦੀ ਸੋਚ ਨਾਲ ਮੇਲ ਖਾਂਦਾ ਹੈ ਅਤੇ ਸਮਾਜਿਕ ਅਤੇ ਆਰਥਿਕ ਖ਼ੁਸ਼ਹਾਲੀ ਦਾ ਮੁੱਖ ਪ੍ਰੇਰਕ ਹੋਵੇਗਾ। ਪਰ ਰਾਜਾਂ ਨੂੰ ਵਧੇਰੇ ਵਿੱਤੀ ਸਰੋਤ ਅਤੇ ਖ਼ੁਦਮੁਖ਼ਤਿਆਰੀ ਦੇਣ ਨਾਲ ਸਹਿਕਾਰੀ ਸੰਘਵਾਦ ਅਤੇ ਪ੍ਰਧਾਨ ਮੰਤਰੀ ਵਲੋਂ ਕਹੇ ਜਾਣ ਵਾਲੀ 'ਟੀਮ ਭਾਰਤ' ਬਜਟ ਵਿਚ ਪ੍ਰਸਤਾਵ ਸਮਾਜਿਕ ਲਾਭ ਲੋਕਾਂ ਤਕ ਪਹੁੰਚਾਉਣ ਵਿਚ ਇਕ ਉੱਘੀ ਭੂਮਿਕਾ ਲਿਆਵੇਗੀ।

*(ਲੇਖਕ ਚਾਰਟਰਡ ਅਕਾਊਂਟੈਂਟ ਹੈ।)*

*e-mail :govilmanish7@gmail.com*

# ਖਾਣ-ਖੋਦਾਈ ਤੇ ਵਾਤਾਵਰਨ ਸੰਘਵਾਦ 'ਚ ਆਰਥਿਕ ਨੀਤੀ ਦਾ ਪੁਨਰ ਉਭਾਰ

## ਕੇਂਦਰੀ ਬਜਟ 2015-16 ਦੀਆਂ ਝਲਕੀਆਂ

ਲੇਖਾ ਚੱਕਰਾਬੋਰਤੀ ਤੇ ਸਾਹਿਲ ਰਵਗੋਤਰਾ

*2015-16 ਦੇ ਕੇਂਦਰੀ ਬਜਟ ਦੀ ਪਿੱਠਭੂਮੀ ਦਿਲਚਸਪ ਹੈ। ਪਹਿਲਾ, ਪਿਛਲੇ 30 ਸਾਲਾਂ ਵਿਚ ਭਾਰਤ ਵਿਚ ਇਹ ਪਹਿਲਾ ਬਜਟ ਹੈ ਜਿਸ ਨੂੰ ਮਤਦਾਤਾ ਦੀ ਪੂਰਨ ਹਮਾਇਤ ਹਾਸਲ ਹੈ। ਦੂਜਾ, ਇਸ 'ਤੇ ਚੌਦ੍ਹਵੇਂ ਵਿੱਤ ਆਯੋਗ ਦਾ ਪਰਛਾਵਾਂ ਹੈ ਜਿਸ ਨੂੰ ਸੰਵਿਧਾਨ ਦੀ ਧਾਰਾ 280 ਦੇ ਤਹਿਤ ਮਾਣਯੋਗ ਰਾਸ਼ਟਰਪਤੀ ਵਲੋਂ ਗਠਿਤ ਕੀਤਾ ਗਿਆ ਜਿਸ ਦੀਆਂ ਕੇਂਦਰੀ ਕਰ ਭੰਡਾਰ ਤੋਂ ਵਰਤਮਾਨ 32 ਪ੍ਰਤਿਸ਼ਤ ਦੀ ਬਜਾਇ 42 ਪ੍ਰਤਿਸ਼ਤ ਹਿੱਸਾ ਵੰਡਣ ਦੀ ਇਤਿਹਾਸਕ ਸਿਫ਼ਾਰਿਸ਼ ਹੈ। ਤੀਜਾ, ਨਵਾਂ ਵਾਤਾਵਰਨਿਕ ਸੰਘਵਾਦ ਬਣਾਉਣ ਲਈ ਕੋਸ਼ਿਸ਼ਾਂ ਹਨ ਜਿਸ ਵਿਚ ਕੁਦਰਤੀ ਸਰੋਤਾਂ ਅਤੇ ਖਦਾਨ ਖੇਤਰ ਲਈ ਸਪੱਸ਼ਟ ਨੀਤੀ ਪੁਨਰ ਉਭਾਰ ਸ਼ਾਮਿਲ ਹੈ; ਅਤੇ ਪਹਿਲੀ ਵਾਰ ''ਵਾਤਾਵਰਨ' - ਜੰਗਲ ਦਾ ਦਾਇਰਾ - ਵਿੱਤ ਆਯੋਗ ਦੇ ਵੰਡ ਫਾਰਮੂਲੇ ਵਿਚ ਸ਼ਾਮਿਲ ਕੀਤਾ ਗਿਆ ਹੈ। ਚੌਦ੍ਹਵੇਂ ਵਿੱਤ ਆਯੋਗ ਦੀ ਵਿੱਤੀ ਵੰਡ ਦੀ ਮਾਤਰਾ ਅਤੇ ਕਸੌਟੀ ਦੋਵੇਂ ਤਰੋਤਾਜ਼ਾ ਹਨ। ਇਹ ਪੇਪਰ ਖਾਣ-ਖੋਦਾਈ ਅਤੇ ਵਾਤਾਵਰਨ ਸੰਘਵਾਦ ਦੀਆਂ 2015-16 ਦੇ ਕੇਂਦਰੀ ਬਜਟ ਦੇ ਐਲਾਨਨਾਮਿਆਂ ਦੇ ਸੰਦਰਭ ਵਿਚ ਵੱਖ-ਵੱਖ ਪਰਤਾਂ ਖੋਲ੍ਹੇਗਾ।*

### ਖਦਾਨ ਖੇਤਰ ਵਿਚ ਪੁਨਰ ਉਭਾਰ

ਮਾਣਯੋਗ ਵਿੱਤ ਮੰਤਰੀ ਨੇ ਆਪਣੇ ਬਜਟ ਭਾਸ਼ਨ ਵਿਚ ਕੋਲਾ ਖਾਣਾਂ ਦੀ ਨਿਲਾਮੀ ਨੂੰ ਮੋਦੀ ਸਰਕਾਰ ਦੇ ਨੌਂ ਮਹੀਨੇ ਦੇ ਕਾਰਜਕਾਲ ਦੀਆਂ ਤਿੰਨ ਅਹਿਮ ਪ੍ਰਾਪਤੀਆਂ ਵਜੋਂ ਉਜਾਗਰ ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਹਾਲੇ ਤਕ, ''ਰਾਜਾਂ ਨੂੰ ਸਿਰਫ਼ ਰਾਇਲਟੀ ਦਾ ਫ਼ਾਇਦਾ ਮਿਲਦਾ ਸੀ। ਹੁਣ ਸਾਡੇ ਵਲੋਂ ਅਪਣਾਈ ਗਈ ਪਾਰਦਰਸ਼ੀ ਪ੍ਰਕਿਰਿਆ ਕਾਰਨ, ਕੋਲਾ ਪੈਦਾ ਕਰਨ ਵਾਲੇ ਰਾਜਾਂ ਨੂੰ ਲੱਖਾਂ ਕਰੋੜਾਂ ਰੁਪਏ ਦਾ ਲਾਭ ਹੋਵੇਗਾ।" ਖਾਣਾਂ 'ਤੇ ਕਰ ਅਤੇ ਰਾਇਲਟੀ ਨਿਜ਼ਾਮ ਉਤੇ ਦੁਬਾਰਾ ਗੌਰ ਕਰਨ ਦੀ ਲੋੜ ਹੈ ਕਿਉਂਕਿ ਭਾਰਤ ਦਾ ਰਾਇਲਟੀ ਦਾ ਨਿਜ਼ਾਮ ਬਹੁਤ ਹੀ ਕਸ਼ਟਦਾਇਕ ਹੈ ਅਤੇ ਕੀਮਤਾਂ ਤੇ ਲੇਵੀ ਵਿਚ ਕੋਈ ਵੀ ਵਾਧਾ ਖਾਣ ਖੇਤਰ ਦੀ ਮੁਕਾਬਲੇਬਾਜ਼ੀ ਨੂੰ ਪ੍ਰਭਾਵਤ ਕਰ ਸਕਦਾ ਹੈ।

ਭਾਰਤ ਦਾ ਵਿਸ਼ਵ ਦਾ ਚੌਥਾ ਸਭ ਤੋਂ ਵੱਡਾ ਖਣਿਜ ਉਤਪਾਦਕ ਹੋਣ ਦੇ ਬਾਵਜੂਦ ਵੀ, ਖਾਣ-ਖੇਤਰ ਦੀ ਕੁੱਲ ਘਰੇਲੂ ਉਤਪਾਦ ਵਿਚ ਹਿੱਸੇਦਾਰੀ ਗਿਰਾਵਟ 'ਤੇ ਹੈ ਜੋ 1992-93 ਦੇ 3.4 ਪ੍ਰਤਿਸ਼ਤ ਤੋਂ 2013-14 ਵਿਚ ਘਟ ਕੇ 1.9 ਪ੍ਰਤਿਸ਼ਤ ਰਹਿ ਗਈ। ਭਾਰਤ ਕੋਲ ਕੋਲੇ ਦੇ ਵੱਡੇ ਭੰਡਾਰ ਹਨ (ਦੁਨੀਆਂ ਵਿਚ ਪਹਿਲੇ ਪੰਜਾਂ ਦੇਸ਼ਾਂ ਵਿਚ ਸ਼ਾਮਿਲ) ਪਰ ਇਹ ਦੁਨੀਆਂ ਭਰ ਵਿਚ ਕੋਲੇ ਦਾ ਸਭ ਤੋਂ ਵੱਡਾ ਦਰਾਮਦਕਾਰ ਹੈ। ਕੋਲਾ ਆਰਡੀਨੈਂਸ 2015 ਲਿਆਉਣ ਪਿੱਛੇ ਇਹੀ ਪ੍ਰਮੁੱਖ ਕਾਰਨ ਰਿਹਾ ਹੋਵੇਗਾ ਤਾਂ ਕਿ ਕੋਲਾ ਸਰੋਤ ਵੰਡ ਦੀ ਬਿਹਤਰ ਕਾਰਜ ਪ੍ਰਣਾਲੀ ਅਪਣਾਈ ਜਾ ਸਕੇ। ਇਸ ਮੁੱਦੇ ਬਾਰੇ ਅਸੀਂ ਅੱਗੇ ਚੱਲ ਕੇ ਗੱਲ ਕਰਾਂਗੇ।

ਖਦਾਨ ਫਰਮ ਦੇ ਪੱਧਰ 'ਤੇ ਵਿਆਪਕ ਆਰਥਿਕ ਨੀਤੀ ਦਾ ਅਸਰ ਖੋਜ ਦਾ ਇਕ ਵਿਲੱਖਣ ਖੇਤਰ ਹੈ। ਵਰਤਮਾਨ ਤਕ ਇਕ ਵੱਡੀ ਕਮੀ ਜਨਤਕ ਨੀਤੀ ਦੇ ਅਸਰ ਬਾਰੇ ਖੋਜਾਂ ਦੀ ਘਾਟ ਹੈ - ਖ਼ਾਸ ਕਰਕੇ ਵਿੱਤੀ ਨੀਤੀ ਖਦਾਨ ਫਰਮਾਂ ਅਤੇ ਉਨ੍ਹਾਂ ਦੀ ਮੁਕਾਬਲੇਬਾਜ਼ੀ ਬਾਰੇ। ਚੱਕਰਾਬੋਰਤੀ (2014) ਕੁੱਝ ਪੇਪਰਾਂ ਵਿਚੋਂ ਇਕ ਹੈ ਜੋ ਖੇਤਰ ਬਾਰੇ, ਖ਼ਾਸ ਕਰਕੇ ਇਸ ਦੀ ਮੁਕਾਬਲੇਬਾਜ਼ੀ ਦੀ ਗੱਲ ਕਰਦਾ ਹੈ। ਇਸ ਖੋਜ ਨੇ ਇਹ ਦਿਖਾਇਆ ਕਿ ਖਦਾਨ ਰਾਇਲਟੀ ਦਾ ਕਸ਼ਟਦਾਇਕ ਨਿਜ਼ਾਮ ਖਦਾਨ ਫਰਮਾਂ ਦੀ ਮੁਕਾਬਲੇਬਾਜ਼ੀ ਨੂੰ ਪ੍ਰਭਾਵਤ ਕਰਦਾ ਹੈ, ਅਨੁਮਾਨ ਸਮਝਾਉਣ ਵਾਲੇ ਹਨ। ਇਹ ਖੋਜ ਉਸ ਪ੍ਰਚਲਿਤ ਮਾਨਤਾ ਦਾ ਖੰਡਨ ਕਰਦੀ ਹੈ ਜਿਵੇਂ ਕਰਜ਼ ਹਿੱਸੇਦਾਰੀ ਵਿੱਤੀ ਪੱਧਤੀਆਂ, ਕੱਚੇ ਮਾਲ ਦੀਆਂ ਕੀਮਤਾਂ ਆਦਿ ਵਾਂਗ ਫਰਮ ਪੱਧਰ ਦੇ ਕਾਰਨ ਹਨ ਜੋ ਕਿ ਮੁਕਾਬਲੇਬਾਜ਼ੀ ਨੂੰ ਪ੍ਰਭਾਵਤ ਕਰਦੇ ਹਨ। ਸਮਝਾਉਣ ਵਾਲੇ ਪੈਨਲ ਦੇ ਅਨੁਮਾਨਾਂ ਨੂੰ ਇਸਤੇਮਾਲ ਕਰਦਿਆਂ, ਖੋਜ ਨੇ ਦਿਖਾਇਆ ਕਿ ਵਿੱਤੀ ਨੀਤੀ ਨਿਜ਼ਾਮ ਕਰ ਅਤੇ ਰਾਇਲਟੀ ਨਿਜ਼ਾਮ ਖਦਾਨ ਮੁਕਾਬਲੇਬਾਜ਼ੀ ਨੂੰ ਕਾਫ਼ੀ ਪ੍ਰਭਾਵਿਤ ਕਰਦਾ ਹੈ। ਜੇ ਫਰਮ ਦੀ ਮੁਕਾਬਲੇਬਾਜ਼ੀ 'ਤੇ ਅਸਰ ਪੈਂਦਾ ਹੈ, ਤਾਂ ਇਸ ਦੀ ਆਮਦਨ ਵਾਧੇ 'ਤੇ ਵੀ ਅਖੀਰ ਨੂੰ ਅਸਰ ਪਵੇਗਾ।

### ਐੱਮ ਐੱਮ ਡੀ ਆਰ ਆਰਡੀਨੈਂਸ 2015

2015-16 ਦੇ ਆਰਥਿਕ ਸਰਵੇਖਣ ਵਿਚ ਇਹ ਉਜਾਗਰ ਕੀਤਾ ਗਿਆ ਕਿ, ''ਖਾਣਾਂ ਅਤੇ ਖਣਿਜ (ਵਿਕਾਸ ਅਤੇ ਨਿਯਮਨ) 'ਐੱਮ ਐੱਮ ਡੀ ਆਰ) ਸੋਧ ਆਰਡੀਨੈਂਸ 2015 ਪਾਸ ਕਰਨਾ ਦੇਸ਼ ਅੰਦਰ ਹੁਣ ਤਕ ਖੜੋਤ ਦਾ ਸ਼ਿਕਾਰ ਹੋਏ ਖਦਾਨ ਖੇਤਰ ਦੇ ਪੁਨਰ ਉਭਾਰ ਲਈ ਇਕ ਕਦਮ ਹੈ। ਵੰਡ ਲਈ ਨਿਲਾਮੀ ਦੀ ਪ੍ਰਕਿਰਿਆ ਵਧੇਰੇ ਪਾਰਦਰਸ਼ਤਾ ਅਤੇ ਰਾਜਾਂ ਲਈ ਵਧੇਰੇ ਆਮਦਨ ਦਾ ਰਾਹ ਪੱਧਰਾ ਕਰੇਗੀ।" (ਵੇਖੋ ਬਾਕਸ 1.2 'ਨਵੀਂ ਸਰਕਾਰ ਦੇ ਸੁਧਾਰ ਕਾਰਜਾਂ' ਬਾਬਤ, ਪੰਨਾ 9, ਆਰਥਿਕ ਸਰਵੇਖਣ, ਭਾਰਤ ਸਰਕਾਰ)।

ਐੱਮ ਐੱਮ ਡੀ ਆਰ ਆਰਡੀਨੈਂਸ 2015 ਨੇ ਜ਼ਿਲ੍ਹਾ ਖਦਾਨ ਸੰਸਥਾਨ (ਸੈਕਸ਼ਨ 9 ਬੀ) ਸਥਾਪਤ ਕਰਨ ਦੇ ਅਤੇ ਸੁਝਾਏ ਨਾਂ ਜੋ ਖਣਨ ਸਰਗਰਮੀਆਂ ਤੋਂ ਪ੍ਰਭਾਵਤ ਵਿਅਕਤੀਆਂ ਜਾਂ ਇਲਾਕੇ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਸਕੇ। ਆਰਡੀਨੈਂਸ ਵਿਚ ਸੁਝਾਅ ਦਿਤਾ ਗਿਆ ਕਿ ਡੀ ਐੱਮ ਐੱਫ ਲਈ ਉਸ ਖੇਤਰ ਵਿਚ ਕੰਮ ਕਰ ਰਹੀਆਂ ਖਦਾਨ ਕੰਪਨੀਆਂ ਵਲੋਂ ਵਿੱਤ ਮੁਹੱਈਆ ਕਰਵਾਇਆ ਜਾਵੇਗਾ ਜੋ ਖਦਾਨ ਮਾਲਕਾਂ ਦੁਆਰਾ ਅਦਾ ਕੀਤੀ ਜਾਣ ਵਾਲੀ ਰਾਇਲਟੀ ਤੋਂ ਇਲਾਵਾ ਇਕ ਹੋਰ ਲੇਵੀ/ਕਰ ਹੋਵੇਗਾ। ਇਸ ਲੇਵੀ/ਕਰ ਦੀ ਸੀਮਾ ਰਾਇਲਟੀ ਦਾ ਤੀਜਾ ਹਿੱਸਾ ਹੋਵੇਗੀ ਅਤੇ ਇਸ ਦੀ ਮਨਜ਼ੂਰੀ ਕੇਂਦਰ ਸਰਕਾਰ ਵਲੋਂ ਦਿਤੀ ਜਾਵੇਗੀ।

ਆਰਡੀਨੈਂਸ ਇਹ ਵੀ ਸਲਾਹ ਦਿੰਦਾ ਹੈ ਕਿ ਇਕ ਰਾਸ਼ਟਰੀ ਖਣਿਜ ਖੋਜ ਟ੍ਰਸਟ (ਐੱਨ ਐੱਮ ਈ ਟੀ) ਖਣਿਜ ਪਦਾਰਥਾਂ ਦੀ ਖੋਜ ਲਈ ਸਥਾਪਿਤ ਕੀਤਾ ਜਾਵੇ ਜਿਸ ਦੇ ਵਿੱਤੀ ਪ੍ਰਬੰਧਨ ਲਈ ਰਾਇਲਟੀ ਤੋਂ ਬਿਨਾਂ 2 ਪ੍ਰਤਿਸ਼ਤ ਲੇਵੀ ਲਾਈ ਜਾਵੇ। ਜੇ ਖਦਾਨ ਰਿਆਇਤਾਂ ਦੇ ਸਰੋਤ ਵੰਡ ਦਾ ਤਰੀਕਾ 'ਨਿਲਾਮੀ' ਹੈ ਤਾਂ ਇਹ ਫਰਮਾਂ ਦੇ ਖਦਾਨ ਕਰ ਬੋਝ ਨੂੰ ਜ਼ਿਆਦਾ ਖਰਾਬ ਕਰ ਦੇਵੇਗਾ ਜੋ ਮੁੜ ਕੇ ਫਰਮਾਂ ਦੀ ਮੁਕਾਬਲੇਬਾਜ਼ੀ ਦੀ ਸਮਰੱਥਾ ਅਤੇ ਆਮਦਨ ਵਧਾਉਣ ਨੂੰ ਪ੍ਰਭਾਵਤ ਕਰੇਗਾ।

## ਕੋਲਾ ਸੈੱਸ ਨੂੰ ਕਾਰਬਨ ਕਰ 'ਚ ਬਦਲਨਾ

*2015-16 ਦੇ ਆਰਥਿਕ ਸਰਵੇਖਣ ਵਿਚ ਨੋਟ ਕੀਤਾ ਗਿਆ ਕਿ, ''ਕਾਰਬਨ ਟੈਕਸ ਇਕ ਅਜਿਹਾ ਟੈਕਸ ਹੈ ਜੋ ਬਾਲਣ ਦੇ ਕਾਰਬਨ ਉਤਪਾਦਨ (ਖ਼ਾਸ ਕਰਕੇ ਕੋਲਾ, ਤੇਲ, ਕੁਦਰਤੀ ਗੈਸ) 'ਤੇ ਲਾਇਆ ਜਾਂਦਾ ਹੈ ਜੋ ਬਲਣ 'ਤੇ ਕਾਰਬਨਡਾਇਆਕਸਾਈਡ ਪੈਦਾ ਕਰਦੇ ਹਨ। ਇਹ ਟੈਕਸ ਪ੍ਰਤਿ ਟਨ ਕੋਲਾ, ਪ੍ਰਤਿ ਬੈਰਲ ਤੇਲ ਜਾਂ ਪ੍ਰਤਿ ਮਿਲੀਅਨ ਘਣ ਫੁੱਟ ਗੈਸ ਉਤੇ ਇਕ ਖ਼ਾਸ ਦਰ 'ਤੇ ਲਾਇਆ ਜਾਂਦਾ ਹੈ। ਇਹ ਰਕਮ ਕਾਰਬਨ ਉਤਪਤੀ ਦੇ ਨਿਹਿਤ ਕਰ ਦੇ ਬਰਾਬਰ ਨਿਰਧਾਰਤ ਕੀਤੀ ਜਾਂਦੀ ਹੈ। ਅਜਿਹੇ ਕਰ ਲਾਉਣ ਪਿੱਛੇ ਤਰਕ ਜੀ ਐੱਚ ਜੀ ਨਿਕਾਸ ਨੂੰ ਘੱਟ ਕਰਨਾ ਹੈ ਜੋ ਵਾਤਾਵਰਨ ਬਦਲਾਅ ਲਈ ਮੁੱਖ ਤੌਰ ਤੇ ਜ਼ਿੰਮੇਵਾਰ ਹਨ।*

2010-11 ਦੇ ਕੇਂਦਰੀ ਬਜਟ ਵਿਚ ਪਹਿਲੀ ਵਾਰ ਭਾਰਤ ਵਿਚ ਕਾਰਬਨ ਕਰ ਲਾਇਆ ਗਿਆ ਜੋ 50 ਰੁਪਏ/ਟਨ ਸੀ। 2014-15 ਵਿਚ ਕਾਰਬਨ ਟੈਕਸ (ਸਾਫ਼ ਊਰਜਾ ਸੈੱਸ) 50 ਰੁਪਏ/ਟਨ ਤੋਂ ਵਧਾ ਕੇ 100 ਰੁਪਏ/ਟਨ (100 ਰੁਪਏ ਪ੍ਰਤਿ ਮੀਟਰਿਕ ਟਨ) ਕੀਤਾ ਗਿਆ ਜੋ 2015-16 ਦੇ ਬਜਟ ਵਿਚ ਹੋਰ ਵਧਾ ਕੇ 200 ਰੁਪਏ/ਟਨ ਕਰ ਦਿਤਾ ਗਿਆ ਹੈ (ਤਾਲਿਕਾ-1) ਇਹ ਸੈੱਸ ਕੋਲੇ, ਲਿਗਨਾਈਟ ਅਤੇ ਪੀਟ ਦੇ ਉਤਪਾਦਨ ਅਤੇ ਆਯਾਤ 'ਤੇ ਲਾਇਆ ਜਾਂਦਾ ਹੈ ਤਾਂ ਕਿ ਸਵੱਛ ਵਾਤਾਵਰਨ ਉੱਦਮਾਂ ਲਈ ਧਨ ਜੁਟਾ ਕੇ ਇਸ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਇਸ ਸੈੱਸ ਤੋਂ ਪ੍ਰਾਪਤ ਫ਼ੰਡ 'ਰਾਸ਼ਟਰੀ ਸਵੱਛ ਊਰਜਾ ਫ਼ੰਡ' ਵਿਚ ਜਾਂਦੇ ਹਨ ਜਿਨ੍ਹਾਂ ਨੂੰ ਸਵੱਛ ਊਰਜਾ ਤਕਨੀਕਾਂ ਜਾਂ ਨਵਿਆਉਣਯੋਗ ਊਰਜਾ ਸਰੋਤਾਂ ਲਈ ਵਰਤਿਆ ਜਾ ਸਕਦਾ ਹੈ ਤਾਂ ਕਿ ਜੈਵਿਕ ਬਾਲਣ 'ਤੇ ਨਿਰਭਰਤਾ ਘਟਾਈ ਜਾ ਸਕੇ।

## ਕੋਲਾ ਤੇ ਲੋਹ ਧਾਤ ਬਾਰੇ ਆਯਾਤ ਨੀਤੀ

ਭਾਰਤ ਵਿਚ ਕੋਲੇ ਦੇ ਵੱਡੇ ਭੰਡਾਰ ਹੋਣ ਦੇ ਬਾਵਜੂਦ ਵੀ (ਵਿਸ਼ਵ ਵਿਚ ਤੀਜਾ ਸਥਾਨ) ਇਸ ਨੂੰ ਆਪਣੀ ਘਰੇਲੂ ਖਪਤ ਲਈ ਆਯਾਤ 'ਤੇ ਨਿਰਭਰ ਹੋਣਾ ਪੈਂਦਾ ਹੈ। ਤ੍ਰਾਸਦੀ ਇਹ ਹੈ ਕਿ ਭਾਰਤ ਦੁਨੀਆਂ ਭਰ ਵਿਚ ਕੋਲੇ ਦੇ ਸਭ ਤੋਂ ਵੱਡੇ ਦਰਾਮਦਕਾਰਾਂ ਵਿਚੋਂ ਅਤੇ ਧਾਤੂ ਉਦਯੋਗ ਵਾਲੇ ਕੋਲੇ 'ਤੇ ਕਸਟਮ ਡਿਊਟੀ ਸਿਫ਼ਰ ਤੋਂ ਵਧਾ ਕੇ 2.5 ਪ੍ਰਤਿਸ਼ਤ ਕਰ ਦਿਤੀ ਗਈ ਸੀ। 2015-16 ਦੇ ਬਜਟ ਵਿਚ ਧਾਤੂ ਉਦਯੋਗ ਵਾਲੇ ਕੋਲੇ 'ਤੇ ਮੁਢਲੀ ਕਸਟਮ ਡਿਊਟੀ 2.5 ਪ੍ਰਤਿਸ਼ਤ ਤੋਂ ਵਧਾ ਕੇ 5 ਪ੍ਰਤਿਸ਼ਤ ਕਰ ਦਿਤੀ ਗਈ ਹੈ।

ਤਾਲਿਕਾ-1 : ਸਵੱਛ ਊਰਜਾ ਸੈੱਸ ਤੋਂ ਕਰ ਆਮਦਨ

| ਸਾਲ | ਦਰ ਰੁਪਏ ਪ੍ਰਤਿ ਮੀਟਰਿਕ ਟਨ | ਆਮਦਨ ਕਰੋੜਾਂ ਰੁਪਏ 'ਚ |
|---|---|---|
| 2010-11 | 50 | 1066.46 |
| 2011-12 | 50 | 2579.55 |
| 2012-13 | 50 | 3053.19 |
| 2013-14 | 50 | 3471.98 |
| 2014-15 | 100 | 6217.63 |
| 2015-16 | 200 | 13118.04 |

*ਸਰੋਤ : ਭਾਰਤ ਸਰਕਾਰ (ਵੱਖ-ਵੱਖ ਸਾਲ) ਕੇਂਦਰੀ ਬਜਟ, ਵਿੱਤ ਮੰਤਰਾਲਾ*

ਇਸ ਨਾਲ ਭਾਰਤ ਵਿਚ ਊਰਜਾ ਅਤੇ ਕੋਲੇ ਨਾਲ ਸੰਬੰਧਿਤ ਦੂਜੇ ਉਦਯੋਗਾਂ ਦੀ ਉਤਪਾਦਨ ਲਾਗਤ ਵਧ ਜਾਵੇਗੀ। ਖਾਣਾਂ ਵਿਚੋਂ ਕੱਢੇ ਗਏ ਦੇਸੀ ਖਾਣਾ ਪਕਾਉਣ ਵਾਲੇ ਕੋਲੇ ਦੀ ਉਪਲਬਧਤਾ ਸੀਮਤ ਹੈ ਜਿਸ ਕਰਕੇ ਜ਼ਿਆਦਾ ਖਾਣਾ ਪਕਾਉਣ ਵਾਲਾ ਕੋਲਾ (35 ਮਿਲੀਅਨ ਟਨ ਦੇ ਨੇੜੇ) ਆਯਾਤ ਕੀਤਾ ਜਾਂਦਾ ਹੈ। ਏਸੀਆਨ ਦੇਸ਼ਾਂ ਤੋਂ ਅਜਿਹੇ ਹੋਰ ਆਯਾਤਾਂ ਦੀ ਤਰਜ਼ 'ਤੇ ਕਸਟਮ ਡਿਊਟੀ ਨੂੰ ਘਟਾ ਕੇ ਸਿਫ਼ਰ ਕਰਨਾ ਵੀ ਕਾਫ਼ੀ ਮਹੱਤਵਪੂਰਨ ਹੈ।


## ਭਾਰਤ ਵਿਚ ਖਣਨ ਰਾਇਲਟੀ ਨਿਜ਼ਾਮ ਦੁਨੀਆਂ ਵਿਚ ਸਭ ਤੋਂ ਵੱਧ

ਭਾਰਤ ਵਿਚ ਖਣਨ ਦਾ ਰਾਇਲਟੀ ਨਿਜ਼ਾਮ ਨਿਰੰਤਰਤਾ ਦੀ ਹਾਲਤ ਵਿਚ ਹੈ। ਭਾਰਤ ਵਿਚ ਰਾਇਲਟੀ ਦੀ ਦਰ ਵਿਸ਼ਵ ਦੀਆਂ ਉੱਚ ਦਰਾਂ ਵਿਚੋਂ ਇਕ ਹੈ। ਖ਼ਾਸ ਕਰਕੇ ਖਣਨ ਖੇਤਰ ਵਿਚ ਰਾਇਲਟੀ ਅਨੁਮਾਨ ਦੇ ਤਰੀਕੇ 'ਤੇ ਪੁਨਰ ਵਿਚਾਰ ਕਰਨ ਦੀ ਲੋੜ ਹੈ। ਭਾਵੇਂ ਕਿ ਪ੍ਰਤਿ ਟਨ ਰਾਇਲਟੀ ਤੋਂ ਮੁੱਲ ਮੁਤਾਬਕ ਰਾਇਲਟੀ ਦੇਣ ਵਲ ਲਗਾਤਾਰ ਬਦਲਾਅ ਹੋ ਰਹੇ ਹਨ, ਪਰ ਅੰਤਰਰਾਸ਼ਟਰੀ ਮੁਕਾਬਲੇਬਾਜ਼ੀ ਵਾਲੀਆਂ ਦਰਾਂ ਅਨੁਸਾਰ ਕੀਮਤ ਤਰਕਸੰਗਤ ਹਾਲੇ ਵੀ ਨਹੀਂ ਹੋਈ। ਹਰੇਕ ਤਿੰਨ ਸਾਲਾਂ ਬਾਅਦ ਭਾਰਤ ਵਿਚ ਰਾਇਲਟੀ ਦਰਾਂ ਵਿਚ ਵਾਧਾ ਕੀਤਾ ਜਾਂਦਾ ਹੈ। ਯੋਜਨਾ ਆਯੋਗ ਦੀਆਂ ਸਿਫ਼ਾਰਿਸ਼ਾਂ (ਹੋਡਾ ਕਮੇਟੀ) ਵਿਚ ਭਾਵੇਂ ਪੱਛਮੀ ਆਸਟ੍ਰੇਲੀਆ ਦੀ ਮੁਕਾਬਲੇਬਾਜ਼ੀ ਵਾਲੀਆਂ ਅੰਤਰਰਾਸ਼ਟਰੀ ਦਰਾਂ ਅਨੁਸਾਰ ਰਾਇਲਟੀ ਦਰ ਦਾ ਪੈਮਾਨਾ ਨਿਰਧਾਰਤ ਕਰਨ ਦੀ ਗੱਲ ਕੀਤੀ ਗਈ ਹੈ, ਪਰ ਇਸ ਪਾਸੇ ਉਪਰਾਲੇ ਕੀਤੇ ਜਾਣੇ ਹਾਲੇ ਬਾਕੀ ਹਨ।

ਕਸ਼ਟਦਾਇਕ ਰਾਇਲਟੀ ਦਾ ਨਿਜ਼ਾਮ ਅਤੇ ਉਦਾਸੀਨ ਢਾਂਚਾਗਤ ਯੋਜਨਾਵਾਂ, ਭੌਂ ਅਤੇ ਵਾਤਾਵਰਨ ਸੰਬੰਧੀ ਨੀਤੀਆਂ ਖਣਨ ਖੇਤਰ ਦੇ ਵਿਕਾਸ 'ਤੇ ਅਸਰਅੰਦਾਜ਼ ਹੁੰਦੀਆਂ ਹਨ। ਖਣਨ ਲੇਵੀ ਲਾਉਣ 'ਤੇ ਜ਼ੋਰ - ਵਾਧੂ ਸੈੱਸ, ਦਿਤੀ ਗਈ ਰਾਇਲਟੀ ਤੋਂ ਇਲਾਵਾ ਡੀ ਐੱਮ ਐੱਫ ਲਈ ਰਾਇਲਟੀ ਦਾ ਵਧਦਾ ਹਿੱਸਾ - 2015 ਦੇ ਐੱਮ ਐੱਮ ਡੀ ਆਰ ਆਰਡੀਨੈਂਸ ਵਿਚੋਂ ਆਰਥਿਕ ਵਿਕਾਸ ਲਈ ਨੁਕਸਾਨਦਾਇਕ ਹੋ ਸਕਦਾ ਹੈ।

## ਲੋਹਾ ਖਣਨ ਦਾ ਰਾਇਲਟੀ ਨਿਜ਼ਾਮ

ਲੋਹੇ ਦੇ ਰਾਇਲਟੀ ਨਿਜ਼ਾਮ ਵਿਚ ਭਾਵੇਂ




*ਸਰੋਤ : ਭਾਰਤ ਸਰਕਾਰ (ਵੱਖ-ਵੱਖ ਸਾਲ) ਕੇਂਦਰੀ ਬਜਟ, ਵਿੱਤ ਮੰਤਰਾਲਾ*

ਕਿ ਪ੍ਰਤਿ ਟਨ ਤੋਂ ਮੁੱਲ ਅਨੁਸਾਰ ਦਰ ਨਿਰਧਾਰਤ ਕਰਨ ਵੱਲ ਤਬਦੀਲੀ ਹੋਈ ਹੈ, ਬੁਨਿਆਦੀ ਅਨੁਮਾਨ ਹਾਲੇ ਵੀ ਗ੍ਰੇਡ ਮਾਤਰਾ ਦਾ ਫ਼ੈਸਲਾ ਕਰਨ ਲਈ ਵਿਵੇਕ ਤੋਂ ਪੀੜਤ ਹੈ ( ਹੇਠ ਲਿਖੇ ਫਾਰਮੂਲੇ ਵਿਚ) ਕੱਢੀ ਗਈ ਧਾਤੂ ਦੀ ਰਾਇਲਟੀ ਦਰ ਨਿਰਧਾਰਤ ਕਰਨ ਲਈ :

## ਲੋਹ ਧਾਤ ਦੀ ਪ੍ਰਚਲਿਤ ਰਾਇਲਟੀ

2012 ਤੋਂ ਲੋਹੇ ਦੀ ਰਾਇਲਟੀ ਨਿਜ਼ਾਮ ਵਿਚ ਤਬਦੀਲੀ ਆਈ ਹੈ। 2012 ਤੋਂ ਪਹਿਲਾਂ ਲੋਹੇ ਦੀ ਰਾਇਲਟੀ ਦਾ ਅਨੁਮਾਨ ਟਨ ਦੇ ਤਰੀਕੇ ਨਾਲ ਲਾਇਆ ਜਾਂਦਾ ਸੀ। ਧਾਤ ਦੇ ਡਲਿਆਂ ਅਤੇ ਸ਼ੁੱਧ ਧਾਤ ਲਈ ਅਤੇ ਹਰੇਕ ਵਰਗ ਵਿਚ ਵੀ ਗਰੇਡ ਪ੍ਰਤਿਸ਼ਤ ਵੱਖ-ਵੱਖ ਸੀ। ਲੋਹੇ ਲਈ ਹਾਲੀਆ ਰਾਇਲਟੀ ਦਰ ਰਾਸ਼ਟਰੀ ਮਾਪਦੰਡ (ਆਈ ਬੀ ਐੱਮ) ਕੀਮਤ ਦੇ ਮੁੱਲ ਅਨੁਸਾਰ 15 ਪ੍ਰਤਿਸ਼ਤ ਹੈ।

## ਗ਼ੈਰ-ਲੋਹ ਧਾਤੂ ਰਾਇਲਟੀ ਅਨੁਮਾਨ

ਰਾਇਲਟੀ ਨਿਰਧਾਰਤ ਕਰਨ ਦਾ ਮੌਜੂਦਾ ਤਰੀਕਾ ਕੱਚੇ ਲੋਹੇ ਵਿਚ ਮੌਜੂਦ ਕੁੱਲ ਧਾਤੂ ਦੇ ਜੋੜ ਨੂੰ (ਜਿਵੇਂ ਕਿ ਖਣਿਜ ਸੁਰੱਖਿਆ ਅਤੇ ਵਿਕਾਸ ਨੇਮਾਂ, 1988 ਵਿਚ ਦੱਸਿਆ ਗਿਆ ਜਾਂ ਖਾਣਾਂ ਦੇ ਮਾਲਕਾਂ ਦੀਆਂ ਕਿਤਾਬਾਂ ਵਿਚ ਦਰਜ ਕੀਤਾ ਗਿਆ) ਲੰਦਨ ਮੈਟਲ ਐਕਸਚੇਂਜ ਦੀਆਂ ਔਸਤ ਧਾਤੂ ਕੀਮਤਾਂ ਨਾਲ ਗੁਣਾ ਕਰਕੇ, ਇਸ ਨੂੰ ਅੱਗੋਂ ਗ਼ੈਰ ਲੋਹ ਧਾਤੂ ਪ੍ਰਚਲਿਤ ਰਾਇਲਟੀ ਦਰ ਨਾਲ ਫੇਰ ਗੁਣਾ ਕੀਤਾ ਜਾਂਦਾ ਹੈ।

ਜ਼ਿੰਕ ਵਾਸਤੇ ਪ੍ਰਚਲਿਤ ਰਾਇਲਟੀ ਦਰ ਐੱਲ ਐੱਮ ਈ ਕੀਮਤ ਦਾ 6.6 ਪ੍ਰਤਿਸ਼ਤ ਸੀ ਜਦ ਕਿ ਸਿੱਕੇ ਵਾਸਤੇ ਰਾਇਲਟੀ ਦਰ ਹਾਲੇ ਤਕ ਐੱਲ ਐੱਮ ਈ ਕੀਮਤ ਦਾ 5 ਪ੍ਰਤਿਸ਼ਤ ਸੀ ਜੋ ਸ਼ੁੱਧ ਧਾਤੂ 'ਤੇ ਲਾਗੂ ਹੁੰਦਾ ਸੀ ਨਾ ਕਿ ਕੱਚੀ ਧਾਤ 'ਤੇ। ਅਗਸਤ 13, 2009 ਤੋਂ, ਭਾਰਤ ਸਰਕਾਰ ਨੇ ਆਰ ਓ ਐੱਮ (ਧਾਤ) ਅਤੇ ਕੱਚੀ ਧਾਤ ਲਈ ਦੋਹਰੀ ਰਾਇਲਟੀ ਦਰ ਲਾਗੂ ਕੀਤੀ ਹੈ। ਤਰੀਕਾ ਉਹੀ ਰਿਹਾ ਅਤੇ ਰਾਇਲਟੀ ਨਿਰਧਾਰਤ ਕਰਨ ਦਾ ਆਧਾਰ ਆਰ ਓ ਐੱਮ ਅਤੇ ਕੱਚੀ ਧਾਤ ਨਾਲੋਂ ਵੱਖ ਕਰ ਦਿਤਾ ਗਿਆ, ਜੋ ਚਿੰਨ੍ਹਾਤਮਕ ਤੌਰ ਤੇ ਹੇਠ ਦਿਤੇ ਅਨੁਸਾਰ ਹੋ ਸਕਦਾ ਹੈ:

ਦੁਨੀਆਂ ਭਰ ਵਿਚ ਕੱਚੀ ਧਾਤ 'ਤੇ ਆਧਾਰਿਤ ਖਣਿਜ ਰਾਇਲਟੀ ਨਿਰਧਾਰਤ ਕਰਨ ਦਾ ਤਰੀਕਾ ਬੇਮਤਲਬ ਹੁੰਦਾ ਜਾ ਰਿਹਾ ਹੈ ਅਤੇ ਬਹੁਤ ਸਾਰੇ ਦੇਸ਼ ਧਾਤੂ ਸ਼ੁੱਧਤਾ ਨੂੰ ਆਧਾਰ ਮੰਨ ਕੇ ਰਾਇਲਟੀ ਦਾ ਅਨੁਮਾਨ ਲਾਉਣ ਵਲ ਤੁਰ ਪਏ ਹਨ। ਪੰਜ ਸਾਲ ਪਹਿਲਾਂ ਤਕ, ਭਾਰਤ ਸਰਕਾਰ ਨੇ ਕਾਨੂੰਨ ਲਾਗੂ ਕੀਤਾ ਸੀ ਕਿ ਗ਼ੈਰ-ਲੋਹ ਧਾਤੂ, ਗ਼ੈਰ-ਐਟਮੀ ਖਣਿਜਾਂ ਵਾਸਤੇ ਰਾਇਲਟੀ ਦਰ ਤੈਅ ਕਰਨ ਦਾ ਆਧਾਰ ਧਾਤੂ ਸ਼ੁੱਧਤਾ ਹੋਵੇਗਾ। ਪਰ, ਕੱਚੀ ਧਾਤੂ ਆਧਾਰਿਤ ਰਾਇਲਟੀ ਨੂੰ ਬੰਦ ਨਹੀਂ ਕੀਤਾ ਗਿਆ। ਇਸ ਕਰਕੇ ਕੱਚੀ ਧਾਤੂ ਅਤੇ ਧਾਤੂ ਸ਼ੁੱਧਤਾ 'ਤੇ ਆਧਾਰਿਤ ਦੋਹਰਾ ਰਾਇਲਟੀ ਨਿਜ਼ਾਮ ਹੋਂਦ ਵਿਚ ਆ ਗਿਆ।

ਜਨਤਕ ਨੀਤੀ ਪਰਿਪੇਖ ਤੋਂ, ਖਣਨ ਰਾਇਲਟੀ ਦੇ ਅਨੁਮਾਨ ਵਿਚ ਖਣਿਜ ਕੀਮਤ ਲੜੀ ਸ਼ਾਮਿਲ ਹੋਣੀ ਚਾਹੀਦੀ ਹੈ ਅਤੇ ਧਾਤੂ ਸ਼ੁੱਧਤਾ 'ਤੇ ਆਧਾਰਿਤ ਖਣਿਜ ਰਾਇਲਟੀ ਦਾ ਅੰਦਾਜ਼ਾ ਲਾਉਣਾ ਚਾਹੀਦਾ ਹੈ, ਅਤੇ ਸੁਖਦ ਮਾਮਲਿਆਂ ਵਿਚ, ਖਣਨ ਕੀਮਤ ਲੜੀ ਦੇ ਅੰਤ ਵਿਚ ਧਾਤੂ ਨੂੰ ਆਧਾਰ ਮੰਨ ਕੇ, ਜਦੋਂ ਲਾਭ ਅਤੇ ਗਲਾਉਣ ਦੀ ਪ੍ਰਕਿਰਿਆ ਮੁਕੰਮਲ ਹੋ ਜਾਵੇ। ਪਰ, ਭਾਰਤ ਵਿਚ ਰਾਇਲਟੀ ਦਾ ਆਧਾਰ ਨਿਰਧਾਰਤ ਕਰਨ ਲਈ ਹਾਲੇ ਇਸ ਪ੍ਰਕਿਰਿਆ ਨੂੰ ਲਾਗੂ ਨਹੀਂ ਕੀਤਾ ਗਿਆ ਅਤੇ ਦਰਾਂ ਹਰ ਤਿੰਨ ਸਾਲ ਬਾਅਦ ਸੋਧੀਆਂ ਜਾਂਦੀਆਂ ਹਨ, ਜਿਨ੍ਹਾਂ ਦਾ ਆਧਾਰ ਖਣਿਜ ਰਾਇਲਟੀ ਦੇ ਖੋਜ ਸਮੂਹ ਦੀਆਂ ਸਿਫ਼ਾਰਿਸ਼ਾਂ ਹੁੰਦੀਆਂ ਹਨ। ਇਨ੍ਹਾਂ 'ਤੇ ਦੁਬਾਰਾ ਗੌਰ ਕਰਨ ਦੀ ਲੋੜ ਹੈ, ਖ਼ਾਸ ਕਰਕੇ ਉਹ ਕਸੌਟੀ ਜਿਸ ਨੂੰ ਆਧਾਰ ਮੰਨ ਕੇ ਦਰਾਂ ਬਾਰ-ਬਾਰ ਸੋਧੀਆਂ ਜਾਂਦੀਆਂ ਹਨ। ਕਸ਼ਟਦਾਇਕ ਰਾਇਲਟੀ ਦਾ ਨਿਜ਼ਾਮ ਅਤੇ ਉਦਾਸੀਨ ਢਾਂਚਾਗਤ ਯੋਜਨਾਵਾਂ, ਭੋਂ ਅਤੇ ਵਾਤਾਵਰਨ ਸੰਬੰਧੀ ਨੀਤੀਆਂ ਖਣਨ ਖੇਤਰ ਦੇ ਵਿਕਾਸ 'ਤੇ ਅਸਰਅੰਦਾਜ਼ ਹੁੰਦੀਆਂ ਹਨ। ਖਣਨ ਉਗਰਾਹੀ ਕਰਨ 'ਤੇ ਜ਼ੋਰ, ਵਾਧੂ ਸੈੱਸ, ਦਿਤੀ ਗਈ ਰਾਇਲਟੀ ਤੋਂ ਇਲਾਵਾ ਐੱਮ ਡੀ ਐੱਫ ਲਈ ਰਾਇਲਟੀ ਦਾ ਵੱਧਦਾ ਹਿੱਸਾ - ਇਹ ਐੱਮ ਐੱਮ ਡੀ ਆਰ 2015 ਅਤੇ ਕੇਂਦਰੀ ਬਜਟ 2015-16 ਵਿਚ ਆਰਥਿਕ ਵਿਕਾਸ ਲਈ ਨੁਕਸਾਨਦਾਇਕ ਸਾਬਤ ਹੋ ਸਕਦੇ ਹਨ।

## ਵਿੱਤ ਆਯੋਗ ਦੇ ਕਰ ਸਪੁਰਦਗੀ ਦੀ ਜੁਗਤ ਵਿਚ 'ਜੰਗਲ ਦਾ ਇਲਾਕਾ'

ਚੌਦ੍ਹਵੇਂ ਵਿੱਤ ਆਯੋਗ ਦੀ ਟੀਮਜ਼ ਆਫ਼ ਰੈਫਰੈਂਸਜ਼ ਵਿਚ ਸਪੱਸ਼ਟ ਤੌਰ ਤੇ ਬਿਆਨ ਕੀਤਾ ਗਿਆ ਹੈ ਕਿ, *''ਆਪਣੀਆਂ ਸਿਫ਼ਾਰਿਸ਼ਾਂ ਦੇਣ ਲੱਗਿਆਂ ਆਯੋਗ ਦੂਜੀਆਂ ਗੱਲਾਂ ਤੋਂ ਇਲਾਵਾ ਪ੍ਰਸਥਿਤੀ, ਵਾਤਾਵਰਨ ਪ੍ਰਬੰਧਨ, ਆਲਾ-ਦੁਆਲਾ ਅਤੇ ਮੌਸਮ ਵਿਚ ਬਦਲਾਅ ਦੇ ਪ੍ਰਬੰਧਨ ਨੂੰ ਆਰਥਿਕ ਵਿਕਾਸ ਦੇ ਸੰਗ-ਸਾਥ ਧਿਆਨ ਵਿਚ ਰੱਖੇਗਾ।''* ਭਾਵੇਂ ਕਿ ਤੇਰ੍ਹਵੇਂ ਵਿੱਤ ਆਯੋਗ ਦੀਆਂ ਟੀਮਜ਼ ਆਫ਼ ਰੈਫਰੈਂਸਿਜ਼ ਵਿਚ 2010-2015 ਦੇ ਕਾਲਖੰਡ ਲਈ ਵਾਤਾਵਰਨ, ਆਲਾ-ਦੁਆਲਾ ਅਤੇ ਮੌਸਮ ਵਿਚ ਬਦਲਾਅ ਨੂੰ ਸ਼ਾਮਿਲ ਕੀਤਾ ਗਿਆ ਸੀ ਪਰ ਉਨ੍ਹਾਂ ਨੇ ਇਸ ਦਾ ਕਰ ਫ਼ੰਡ ਦੇ ਫਾਰਮੂਲੇ ਦੀ ਕਸੌਟੀ ਵਜੋਂ ਇਸਤੇਮਾਲ ਨਹੀਂ ਕੀਤਾ। ਸਗੋਂ, ਤੇਰ੍ਹਵੇਂ ਵਿੱਤ ਆਯੋਗ ਨੇ ਪੰਜ ਸਾਲਾਂ ਦੇ ਸਮੇਂ ਲਈ 5000 ਕਰੋੜ ਰੁਪਏ ਦੀ ਇਕ ਵਿਸ਼ੇਸ਼ ਗ੍ਰਾਂਟ ਮੁਹੱਈਆ ਕਰਵਾਈ ਸੀ ਜੋ ਰਾਜਾਂ ਦਰਮਿਆਨ ਉਨ੍ਹਾਂ ਦੀ ਵਾਤਾਵਰਣਿਕ ਗੁਣਵੱਤਾ ਦੇ ਆਧਾਰ 'ਤੇ ਵੰਡੀ ਜਾਣੀ ਸੀ (ਜੰਗਲ ਦਾ ਖੇਤਰ ਅਤੇ ਵਾਤਾਵਰਨ ਸੁਰੱਖਿਆ ਲਈ ਕੋਸ਼ਿਸ਼ਾਂ)। ਇਹ ਵਿਸ਼ੇਸ਼ ਗ੍ਰਾਂਟ ਪਹਿਲੇ ਦੋ ਸਾਲਾਂ ਲਈ ਖੁੱਲ੍ਹੀ

***ਬਾਕੀ ਸਫ਼ਾ 36 ਉੱਤੇ***

# ਭਾਰਤ ਵਿਚ ਕਰ ਤੇ ਵਿੱਤੀ ਨੀਤੀ ਦਾ ਸਥਾਨ

ਰੋਹਿਥ ਜਯੋਥਿਸ

ਵਿੱਤ ਮੰਤਰੀ ਨੇ ਆਪਣੇ ਬਜਟ ਭਾਸ਼ਨ ਵਿਚ ਆਖਿਆ ਕਿ ਕਰ ਇਕੱਠੇ ਕਰਨ ਨਾਲ ਸਰਕਾਰ ਨੂੰ "ਸਿੱਖਿਆ, ਸਿਹਤ ਸੰਭਾਲ, ਘਰ ਅਤੇ ਦੂਜੀਆਂ ਬੁਨਿਆਦੀ ਸਹੂਲਤਾਂ ਲੋਕਾਂ ਨੂੰ ਦੇਣ ਵਿਚ ਮਦਦ ਮਿਲਦੀ ਹੈ ਤਾਂ ਕਿ ਉਨ੍ਹਾਂ ਦੇ ਜੀਵਨ ਪੱਧਰ ਨੂੰ ਸੁਧਾਰਿਆ ਜਾ ਸਕੇ ਅਤੇ ਗਰੀਬੀ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਸਕੇ।" ਉਨ੍ਹਾਂ ਇਹ ਵੀ ਕਿਹਾ ਕਿ ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਸਰਕਾਰ "ਇਕ ਸਥਾਈ ਕਰ ਨੀਤੀ ਅਤੇ ਗ਼ੈਰ-ਵਿਰੋਧਾਤਮਕ ਕਰ ਪ੍ਰਬੰਧਨ ਬਣਾਉਣ" ਲਈ ਕੋਸ਼ਿਸ਼ ਕਰਦੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਕਰ ਪ੍ਰਬੰਧਨ ਦਾ ਇਕ ਮਹੱਤਵਪੂਰਨ ਪਹਿਲੂ "ਕਾਲੇ ਧਨ ਦੀ ਬੁਰਾਈ ਦੇ ਖ਼ਿਲਾਫ਼ ਲੜਨਾ ਹੈ।"


## ਸੀਮਤ ਵਿੱਤੀ ਨੀਤੀ ਸਥਾਨ

2015-16 ਦਾ ਕੇਂਦਰੀ ਬਜਟ 17,77,477 ਕਰੋੜ ਰੁਪਏ (ਕੁੱਲ ਘਰੇਲੂ ਉਤਪਾਦ ਦਾ 12.6 ਪ੍ਰਤਿਸ਼ਤ) ਦੇ ਆਕਾਰ ਨਾਲ 2014-15 ਦੇ ਸੋਧੇ ਹੋਏ ਅਨੁਮਾਨਾਂ ਨਾਲੋਂ 96,319 ਕਰੋੜ ਰੁਪਏ ਵੱਧ ਹੈ। ਪਰ ਭਾਰਤੀ ਆਰਥਿਕਤਾ ਦੇ ਮੁਕਾਬਲਤਨ ਆਕਾਰ ਅਨੁਸਾਰ, ਕੇਂਦਰੀ ਬਜਟ ਦੇ ਆਕਾਰ ਵਿਚ 2009-10 ਦੇ ਕੁੱਲ ਘਰੇਲੂ ਉਤਪਦ ਦੇ 15.9 ਪ੍ਰਤਿਸ਼ਤ ਤੋਂ ਲਗਾਤਾਰ ਗਿਰਾਵਟ ਦੇਖੀ ਜਾ ਰਹੀ ਹੈ।

ਜੇ ਅਸੀਂ ਕੇਂਦਰ ਅਤੇ ਰਾਜਾਂ ਦੇ ਬਜਟ ਖਰਚਿਆਂ ਨੂੰ ਜੋੜ ਵੀ ਦਈਏ ਤਾਂ ਭਾਰਤ ਦਾ ਕੁੱਲ ਸਰਕਾਰੀ ਖਰਚ ਇਸ ਦੀ ਆਰਥਿਕਤਾ ਦੇ ਆਕਾਰ ਮੁਤਾਬਕ ਸਿਰਫ਼ 27.0 ਪ੍ਰਤਿਸ਼ਤ ਹੈ (ਭਾਰਤੀ ਜਨਤਕ ਵਿੱਤ ਅੰਕੜੇ 2013-14) ਜੋ ਵਿਕਸਤ ਅਤੇ ਸਭ ਤੋਂ ਜ਼ਿਆਦਾ ਵਿਕਾਸਸ਼ੀਲ ਦੇਸ਼ਾਂ ਨਾਲੋਂ ਕਿਤੇ ਘੱਟ ਹੈ। ਇਹ ਦੁਨੀਆਂ ਦੇ ਤੇਜ਼ੀ ਨਾਲ ਵਿਕਸਤ ਹੋ ਰਹੇ ਦੇਸ਼ਾਂ ਜਿਵੇਂ *ਬ੍ਰਿਕਸਮ* (ਬ੍ਰਾਜ਼ੀਲ, ਰੂਸ, ਭਾਰਤ,ਇੰਡੋਨੇਸ਼ੀਆ, ਚੀਨ, ਦੱਖਣੀ ਅਫ਼ਰੀਕਾ ਅਤੇ ਮੈਕਸੀਕੋ) ਦਰਮਿਆਨ ਸਭ ਤੋਂ ਸਭ ਤੋਂ ਘੱਟ ਹੈ (ਚਿੱਤਰ-2)।


ਭਾਰਤ ਵਿਚ ਸਾਰਕਾਰੀ ਖਰਚ ਦੇ ਨਿਮਨ ਪੱਧਰ ਦਾ ਕਾਰਨ ਆਮਦਨ ਦਾ ਨੀਵਾਂ ਪੱਧਰ, ਖ਼ਾਸ ਕਰਕੇ ਕਰਾਂ ਦੀ ਆਮਦਨ ਨੂੰ ਆਖਿਆ ਜਾ ਸਕਦਾ ਹੈ। ਜਦੋਂ ਜ਼ਿਆਦਾ ਕਰ ਆਮਦਨ ਹੋਵੇਗੀ ਤਾਂ ਇਹ ਸਰਕਾਰ ਦੇ ਬਜਟ ਵਿਚ ਗੁੰਜਾਇਸ਼ ਵਧਾ ਦਿੰਦੀ ਹੈ ਤਾਂ ਕਿ ਇਹ ਬਿਨਾਂ ਉਧਾਰ ਲਿਆਂ ਜ਼ਿਆਦਾ ਖਰਚ ਕਰ ਸਕੇ। ਇਹ

**ਚਿੱਤਰ-1 ਭਾਰਤ ਵਿਚ ਕੇਂਦਰੀ ਬਜਟ ਖਰਚੇ ਦਾ ਆਕਾਰ**




*ਸਰੋਤ : 2015-16 ਦਾ ਕੇਂਦਰੀ ਬਜਟ*

**ਚਿੱਤਰ-2 ਬ੍ਰਿਕਸਮ ਦੇਸ਼ਾਂ ਵਿਚ ਕੁੱਲ ਘਰੇਲੂ ਉਤਪਾਦ ਦੇ ਅਨੁਪਾਤ ਵਿਚ ਸਰਕਾਰੀ ਖਰਚ**




*ਸਰੋਤ : ਇੰਟਰਨੈਸ਼ਨਲ ਮੋਨੇਟਰੀ ਫ਼ੰਡ, ਵਰਲਡ ਇਕਨਾਮਿਕਸ ਆਊਟਲੁੱਕ ਡੇਟਾਬੇਸ, ਅਪ੍ਰੈਲ 2014*

*ਨੋਟ : ਕੁੱਲ ਖਰਚੇ ਵਿਚ ਕੁੱਲ ਖਰਚਾ ਅਤੇ ਗੈਰ-ਵਿੱਤੀ ਅਸਾਸਿਆਂ ਦਾ ਨਿਰੋਲ ਅਧਿਗ੍ਰਹਿਣ ਸ਼ਾਮਿਲ ਹੈ। ਲਗਾਤਾਰ ਵਧੇ ਵਾਲੇ ਆਧਾਰ ਹੋਣ ਤੋਂ ਇਲਾਵਾ ਕੁੱਲ ਖਰਚੇ ਦਾ ਸਰਕਾਰੀ ਵਿੱਤੀ ਅੰਕੜੇ ਮੈਨੂਅਲ 1986 ਵਿਚ ਕੁੱਲ ਖਰਚ ਦੀ ਵਿੱਤੀ ਪਰਿਭਾਸ਼ਾ ਨਾਲੋਂ ਫ਼ਰਕ ਹੈ ਕਿਉਂਕਿ ਇਹ ਗ਼ੈਰ ਵਿੱਤੀ ਅਸਾਸਿਆਂ ਦੀ ਵਿਕਰੀ ਨੂੰ ਵੀ ਹਿਸਾਬ ਵਿਚ ਰੱਖਦਾ ਹੈ।*

ਨਿਮਨ ਵਿੱਤ ਸਥਾਨ ਦੇ ਅਗਲੇ ਕੁੱਝ ਸਾਲਾਂ 'ਚ ਜ਼ਿਆਦਾ ਸੁਧਰਨ ਦੀ ਉਮੀਦ ਨਹੀਂ (ਚਿੱਤਰ-3)


ਉਦੋਂ ਵੀ ਜਦੋਂ ਅਸੀ *ਬ੍ਰਿਕਸਮ* ਦੇਸ਼ਾਂ ਨਾਲ ਤੁਲਨਾ ਕਰਦੇ ਹਾਂ ਤਾਂ ਭਾਰਤ ਦਾ ਕਰ ਕੁੱਲ ਘਰੇਲੂ ਉਤਪਾਦ ਦਾ ਅਨੁਪਾਤ ਸਭ ਤੋਂ ਘੱਟ ਵਿਚੋਂ ਇਕ ਹੈ (ਚਿੱਤਰ-4) ਜੋ ਵਿੱਤੀ ਸਥਾਨ ਵਿਚ ਰੁਕਾਵਟ ਪੈਦਾ ਕਰਦਾ ਹੈ।

ਮੁਦਰਾ ਕੋਸ਼ ਵਲੋਂ ਛਾਪੀ ਸਾਲਾਨਾ ਕਿਤਾਬ; ਚੀਨ ਦੀ ਅੰਕੜਿਆਂ ਦੀ ਕਿਤਾਬ 2013 ਜਿਸ ਨੂੰ ਚੀਨ ਦੇ ਅੰਕੜਿਆਂ ਦੇ ਰਾਸ਼ਟਰੀ ਬਿਓਰੋ ਵਲੋਂ ਪ੍ਰਕਾਸ਼ਿਤ ਕੀਤਾ ਗਿਆ; ਲਾਤੀਨੀ ਅਮਰੀਕਾ-2014 ਦੇ ਆਮਦਨੀ ਦੇ ਓ ਈ ਸੀ ਡੀ ਵਲੋਂ ਪ੍ਰਕਾਸ਼ਿਤ ਅੰਕੜੇ, ਭਾਰਤੀ ਜਨਤਕ ਵਿੱਤ ਅੰਕੜੇ 2013-14, ਵਿੱਤ ਮੰਤਰਾਲਾ, ਭਾਰਤ ਸਰਕਾਰ ਵਲੋਂ ਪ੍ਰਕਾਸ਼ਿਤ ਕੀਤੇ ਗਏ।

## ਕੀ ਇਕ ਸਥਿਰ ਕਰ ਨੀਤੀ ਆਮਦਨ ਦੇ ਘਾਟੇ ਨੂੰ ਪੂਰਾ ਕਰ ਸਕਦੀ ਹੈ?

ਵਿੱਤ ਮੰਤਰੀ ਨੇ ਕਿਹਾ ਕਿ, ''ਸਾਨੂੰ ਉੱਚ ਕਾਰਪੋਰੇਟ ਟੈਕਸ ਵਾਲਾ ਨਿਜ਼ਾਮ ਸਮਝਿਆ ਜਾਂਦਾ ਹੈ ਪਰ ਜ਼ਿਆਦਾ ਛੋਟਾਂ ਦੇ ਚਲਦਿਆਂ ਸਾਨੂੰ ਉਨਾ ਟੈਕਸ ਨਹੀ ਮਿਲਦਾ" ਅਤੇ ਇਹ ਵੀ ਕਿ, ''ਛੋਟਾਂ ਦੇ ਨਿਜ਼ਾਮ ਦੇ ਚਲਦਿਆਂ ਦਬਾਅ ਪਾਉਣ ਵਾਲੇ ਸਮੂਹ, ਮੁਕੱਦਮੇਬਾਜ਼ੀ ਅਤੇ ਆਮਦਨ ਦਾ ਘਾਟਾ ਆਦਿ ਸਾਹਮਣੇ ਆ ਰਹੇ ਹਨ।"


**ਚਿੱਤਰ-3 ਕਰ ਕੁੱਲ ਘਰੇਲੂ ਉਤਪਾਦ (ਕੁੱਲ ਕੇਂਦਰੀ ਕਰ ਆਮਦਨ ਲਈ)**




*ਸਰੋਤ : ਮੈਕਰੋ ਇਕਨਾਮਿਕ ਫਰੇਮਵਰਕ ਸਟੇਟਮੈਂਟ, ਕੇਂਦਰੀ ਬਜਟ 2015-16*

ਨੋਟ : 2015-16 (ਬੀ ਈ) ਲਈ ਕੁੱਲ ਕੇਂਦਰੀ ਕਰ ਆਮਦਨ 14,49,740.6 ਕਰੋੜ ਰੁਪਏ ਹੈ ਜਿਸ ਵਿਚੋਂ 5,23,958.24 ਕਰੋੜ ਰੁਪਏ ਰਾਜਾਂ ਨੂੰ ਤਬਦੀਲ ਕਰ ਦਿਤੇ ਜਾਂਦੇ ਹਨ।

**ਚਿੱਤਰ-4 ਬ੍ਰਿਕਸਮ ਦੇਸ਼ਾਂ ਵਿਚ ਕਰ ਕੁੱਲ ਘਰੇਲੂ ਉਤਪਾਦ ਦਾ ਅਨੁਪਾਤ**




*ਸਰੋਤ : ਸਰਕਾਰੀ ਵਿੱਤੀ ਅੰਕੜੇ ਦੀ ਵੱਖ-ਵੱਖ ਸਾਲਾਂ ਦੀ ਅੰਤਰਰਾਸ਼ਟਰੀ ਮੁਦਰਾ ਕੋਸ਼ ਵਲੋਂ ਛਾਪੀ ਗਈ ਸਾਲਾਨਾ ਕਿਤਾਬ; ਚੀਨ ਦੀ ਅੰਕੜਿਆਂ ਦੀ ਕਿਤਾਬ 2003 ਜਿਸ ਨੂੰ ਚੀਨ ਦੇ ਅੰਕੜਿਆਂ ਦੇ ਰਾਸ਼ਟਰੀ ਬਿਓਰੋ ਵਲੋਂ ਪ੍ਰਕਾਸ਼ਿਤ ਕੀਤਾ ਗਿਆ, ਲਾਤੀਨੀ ਅਮਰੀਕਾ-2014 ਦੇ ਆਮਦਨੀ ਦੇ ਓ ਈ ਸੀ ਡੀ ਵਲੋਂ ਪ੍ਰਕਾਸ਼ਿਤ ਅੰਕੜੇ; ਭਾਰਤੀ ਜਨਤਕ ਵਿੱਤ ਅੰਕੜੇ 2013-14, ਵਿੱਤ ਮੰਤਰਾਲਾ, ਭਾਰਤ ਸਰਕਾਰ ਵਲੋਂ ਪ੍ਰਕਾਸ਼ਿਤ ਕੀਤੇ ਗਏ।*

*ਨੋਟ : (1) ਮੈਕਸੀਕੋ ਅਤੇ ਬ੍ਰਾਜ਼ੀਲ ਦੇ ਅੰਕੜੇ ਕ੍ਰਮਵਾਰ ਸੰਨ 2000 ਅਤੇ 2011 ਦੇ ਹਨ। (2) ਭਾਰਤ ਦੇ ਅੰਕੜੇ 2001-02 ਅਤੇ 2013-14 (ਬੀ ਈ) ਦੇ ਹਨ। (3) ਚੀਨ ਦੇ ਅੰਕੜੇ 2002 ਦੇ ਹਨ (4) ਇੰਡੋਨੇਸ਼ੀਆ ਨੂੰ ਛੱਡ ਕੇ ਅੰਕੜੇ ਆਮ ਸਰਕਾਰੀ ਹਨ; ਇੰਡੋਨੇਸ਼ੀਆ ਦੇ ਅੰਕੜੇ ਇਸ ਦੀ ਕੇਂਦਰ ਸਰਕਾਰ ਦੇ ਬਜਟ ਵਿਚ ਲੈਣ-ਦੇਣ ਦੇ ਹਨ।*

ਕੇਂਦਰੀ ਕਰ ਪ੍ਰਣਾਲੀ ਤਹਿਤ ਆਮਦਨ ਦੇ ਪਹਿਲਾਂ ਦੇ ਬਿਆਨ ਨੂੰ ਜਿਸ ਨੂੰ 'ਕੇਂਦਰੀ ਕਰ ਪ੍ਰਣਾਲੀ ਤਹਿਤ ਕਰ ਪ੍ਰੋਤਸਾਹਨਾਂ ਦੇ ਆਮਦਨ ਪ੍ਰਭਾਵ ਦੇ ਬਿਆਨ ਵਜੋਂ ਪੁਨਰਕ੍ਰਿਤ ਕੀਤਾ ਗਿਆ, ਇਹ ਦਿਖਾਉਂਦਾ ਹੈ ਕਿ ਕਰ ਪ੍ਰੋਤਸਾਹਨ ਦਾ ਕੁੱਲ ਆਮਦਨ ਪ੍ਰਭਾਵ 5,44,984.1 ਕਰੋੜ ਰੁਪਏ ਹੈ (ਸਾਲ 2013-14 ਲਈ) ਜਿਸ ਦੇ 2014-15 ਵਿਚ 5,89,285.2 ਕਰੋੜ ਰੁਪਏ ਹੋਣ ਦੀ ਆਸ ਹੈ। 2014-15 ਲਈ ਪਹਿਲਾਂ ਦੀ ਆਮਦਨ ਕੁੱਲ ਕਰ ਆਮਦਨ ਦਾ 43.2 ਪ੍ਰਤਿਸ਼ਤ ਰਹਿਣ ਦਾ ਅਨੁਮਾਨ ਹੈ। ਕਰ ਛੋਟਾਂ 'ਤੇ ਇਕ ਸਫ਼ੈਦ ਪੱਤਰ ਪ੍ਰਕਾਸ਼ਿਤ ਕਰਨ ਦੀ ਲੋੜ ਹੈ ਜਿਸ ਵਿਚ ਵੱਖ-ਵੱਖ ਉਦਯੋਗਾਂ ਲਈ ਪਹਿਲਾਂ ਦੀ ਆਮਦਨ ਦੀ ਖੇਤਰਵਾਰ ਵੰਡ ਦਾ ਵੇਰਵਾ ਹੋਵੇ। ਇਸ ਵਿਚ ਪੂਰੀਆਂ ਹੋਈਆਂ ਛੋਟਾਂ ਦਾ ਤੁਲਨਾਤਮਕ ਵਿਸ਼ਲੇਸ਼ਣ ਅਤੇ ਛੋਟਾਂ ਦਾ ਆਕਾਰ ਵੀ ਦੱਸਿਆ ਜਾਣਾ ਚਾਹੀਦਾ ਹੈ। ਵਿੱਤੀ ਮੰਤਰੀ ਨੇ ਕਾਰਪੋਰੇਟ ਕਰ ਦੀ ਦਰ ਅਤੇ ਅਗਲੇ ਵਿੱਤੀ ਸਾਲ ਤੋਂ ਛੋਟਾਂ ਨੂੰ ਪੜਾਅਵਾਰ ਖਤਮ ਕਰਨ ਦਾ ਵੀ ਐਲਾਨ ਕੀਤਾ।

ਭਾਵੇਂ ਕਿ ਇਹ ਸੱਚ ਹੈ ਕਿ ਬਹੁਤ ਸਾਰੇ ਵਿਕਾਸਸ਼ੀਲ ਦੇਸ਼ਾਂ ਵਿਚ ਕਾਰਪੋਰੇਟ ਟੈਕਸ ਦੀ ਦਰ 30 ਪ੍ਰਤਿਸ਼ਤ ਤੋਂ ਘੱਟ ਹੈ, ਖੋਜਕਾਰਾਂ ਨੇ ਇਸ ਪਾਸੇ ਧਿਆਨ ਦੁਆਇਆ ਹੈ ਕਿ ਇਹ ਚਿੰਤਾ ਵਾਲਾ ਰੁਝਾਨ ਹੋ ਸਕਦਾ ਹੈ। ਆਈ ਐੱਮ ਐੱਫ ਦੇ ਕੀਨ ਅਤੇ ਸਿਮੋਨ (2004) ਨੇ ਆਪਣੀ ਕਰ ਮੁਕਾਬਲੇਬਾਜ਼ੀ ਬਾਰੇ ਖੋਜ ਵਿਚ ਨੋਟ ਕੀਤਾ ਹੈ ਕਿ ਕਾਰਪੋਰੇਟ ਟੈਕਸ ਆਮਦਨ ਤੇ ਉੱਤੋਂ ਥੱਲੇ ਨੂੰ ਦਬਾਅ ਵਿਕਸਤ ਆਰਥਿਕਤਾਵਾਂ ਨਾਲੋਂ ਵਿਕਾਸਸ਼ੀਲ ਆਰਥਿਕਤਾਵਾਂ ਵਿਚ ਜ਼ਿਆਦਾ ਤਿੱਖਾ ਹੈ। ਚਿੱਤਰ-4 ਵੱਖ-ਵੱਖ ਵਿਕਾਸਸ਼ੀਲ ਦੇਸ਼ਾਂ ਵਿਚ ਕਾਰਪੋਰੇਟ ਟੈਕਸ ਦਰਾਂ ਦੀ ਤੁਲਨਾ ਕਰਦਾ ਹੈ।

ਵਿੱਤ ਮੰਤਰੀ ਦੇ ਇਸ ਤੌਖਲੇ ਦੇ ਬਾਵਜੂਦ ਕਿ, ''ਵਿੱਤੀ ਸਥਾਨ ਘਟਾਇਆ ਨਹੀਂ ਸਗੋਂ

ਨਿਚੋੜਿਆ ਹੈ", ਧਿਆਨ ਵਿੱਤੀ ਅਨੁਸ਼ਾਸਨ ਬਣਾਈ ਰੱਖਣ ਵੱਲ ਹੈ ਬਜਾਇ ਕਿ ਸਰੋਤਾਂ ਦੇ ਜੁਟਾਏ ਜਾਣ ਲਈ ਇਕੱਤਰ ਹੋਣ 'ਤੇ। ਇਥੋਂ ਤਕ ਕਿ 2014-15 ਦਾ ਆਰਥਿਕ ਸਰਵੇਖਣ ਵੀ "ਖਰਚ ਘੱਟ ਕਰਨ" ਲਈ ਆਖਦਾ ਹੈ ਤਾਂ ਕਿ ਵਿੱਤੀ ਘਾਟੇ ਦੇ ਟੀਚਿਆਂ ਨੂੰ ਪੂਰਾ ਕੀਤਾ ਜਾ ਸਕੇ।

ਗ਼ੈਰ ਹਾਨੀਕਾਰਕ ਕਰ ਵਾਤਾਵਰਨ ਨੂੰ ਉਤਸ਼ਾਹਿਤ ਕਰਨ ਲਈ ਇਕ ਹੋਰ ਕੋਸ਼ਿਸ਼ ਵਜੋਂ, ਜਨਰਲ ਐਂਟੀ ਅਵਾਇਡੈਂਸ ਰੂਲ (ਜੀ ਏ ਏ ਆਰ) – ਜਿਸ ਮੰਤਵ ਕਰ ਸੰਧੀਆਂ ਦੀ ਉਲੰਘਣਾ, ਟੈਕਸ ਬਿਲ ਘੱਟ ਕਰਨ ਲਈ ਕਰ ਬਚਾਉਣ ਵਾਲੇ ਸਥਾਨਾਂ ਦੀ ਵਰਤੋਂ ਅਤੇ ਕਰ ਬਚਾਉਣ ਲਈ ਦੂਜੇ ਚੁਸਤ ਪ੍ਰਬੰਧਾਂ ਜਿਹੇ ਅਹਿਮ ਮੁੱਦਿਆਂ ਨੂੰ ਹੱਲ ਕਰਨਾ ਹੈ – ਨੂੰ ਦੋ ਹੋਰ ਸਾਲਾਂ ਲਈ ਮੁਲਤਵੀ ਕਰ ਦਿਤਾ ਗਿਆ ਹੈ। ਇਥੇ ਫਿਰ ਭਾਰਤ *ਬ੍ਰਿਕਸ* ਸਮਕਾਲੀਆਂ ਨਾਲੋਂ ਪਿਛੇ ਰਹਿ ਗਿਆ ਹੈ ਕਿਉਂਕਿ ਬ੍ਰਾਜ਼ੀਲ 2001, ਦੱਖਣੀ ਅਫ਼ਰੀਕਾ 2006 ਅਤੇ ਚੀਨ 2008 ਵਿਚ ਜੀ ਏ ਏ ਆਰ ਨੂੰ ਲਾਗੂ ਕਰ ਚੁੱਕਾ ਹੈ। ਜੀ ਏ ਏ ਆਰ ਨੂੰ ਲਾਗੂ ਕਰਨਾ ਵਰਤਮਾਨ ਵਿਸ਼ਵ ਉਪਰਾਲਿਆਂ ਦੇ ਅਨੁਸਾਰ ਹੀ ਹੋਵੇਗਾ ਜੋ ਬਹੁਕੌਮੀ ਨਿਗਮਾਂ, ਜਿਨ੍ਹਾਂ ਦੀ ਅਗਵਾਈ ਓ ਈ ਸੀ ਡੀ ਅਤੇ ਜੀ-20 ਕਰ ਰਹੇ ਹਨ, ਦੁਆਰਾ ਕਰ ਚੋਰੀ ਰੋਕਣ ਦੇ ਕਦਮ ਹਨ। ਇਸ ਦਿਸ਼ਾ ਵਿਚ ਭਾਰਤ ਦੀਆਂ ਕੋਸ਼ਿਸ਼ਾਂ ਹੁਣੇ ਹੀ ਜੀ ਏ ਏ ਆਰ ਨੂੰ ਲਾਗੂ ਕਰਨ ਵਿਚ ਰੋੜਾ ਨਹੀਂ ਬਣਨੀਆਂ ਚਾਹੀਦੀਆਂ ਜਿਵੇਂ ਕਿ 2015 ਦੇ ਵਿੱਤੀ ਬਿੱਲ ਵਿਚ ਸੁਝਾਅ ਦਿਤਾ ਗਿਆ ਹੈ।

## ਪਿਛਖੜੀ ਕਰ ਢਾਂਚੇ ਵਲ

ਕਰਾਂ ਦੇ ਅਗਾਂਹਵਧੂ ਢਾਂਚੇ ਵਿਚ ਜ਼ਰੂਰੀ ਹੁੰਦਾ ਹੈ ਕਿ ਨਿੱਜੀ ਵਿਅਕਤੀ ਅਤੇ ਨਿਗਮ ਆਪਣੀ ਅਦਾ ਕਰਨ ਦੀ ਸਮਰੱਥਾ ਮੁਤਾਬਕ ਕਰ ਅਦਾ ਕਰਨ/ਭਾਰਤ ਵਿਚ ਕਰ ਆਮਦਨੀ ਵਜੋਂ ਇਕੱਤਰ ਹੋਏ ਹਰੇਕ 100 ਰੁਪਏ ਵਿਚੋਂ 30 ਰੁਪਏ ਸਿੱਧੇ ਕਰਾਂ ਅਤੇ ਬਾਕੀ ਅਸਿੱਧੇ ਕਰਾਂ ਤੋਂ ਆਉਂਦੇ ਹਨ, ਮਤਲਬ ਕਰ ਆਮਦਨੀ ਦਾ ਵੱਡਾ ਹਿੱਸਾ ਵਸਤਾਂ ਅਤੇ ਸੇਵਾਵਾਂ ਤੋਂ ਆਉਂਦਾ ਹੈ ਜਦ ਕਿ ਬਾਕੀ ਆਮਦਨ, ਲਾਭ, ਪੂੰਜੀਗਤ ਪ੍ਰਾਪਤੀਆਂ, ਜਾਇਦਾਦ, ਵਸਤਾਂ ਅਤੇ ਸੇਵਾਵਾਂ 'ਤੇ ਲਾਏ ਕਰ ਤੋਂ ਪ੍ਰਾਪਤ ਹੁੰਦਾ ਹੈ (ਚਿੱਤਰ-6)


ਜਿਵੇਂ ਕਿ ਚਿੱਤਰ-6 ਤੋਂ ਸਾਫ਼ ਹੈ ਕਿ ਕੁੱਲ ਕਰ – ਕੁੱਲ ਘਰੇਲੂ ਉਤਪਾਦ ਵਿਚ ਸਿੱਧੇ ਕਰਾਂ ਦਾ ਅਨੁਪਾਤ 2009-10 ਤੋਂ 5.8 ਅਤੇ 6.0 ਪ੍ਰਤਿਸ਼ਤ ਦੇ ਦਰਮਿਆਨ ਖੜੋਤ ਜਿਹੀ ਵਿਚ ਰਿਹਾ ਹੈ ਜਦ ਕਿ ਪਹਿਲਾਂ ਹੀ ਘਟ ਰਿਹਾ ਕੁੱਲ ਕਰ – ਕੁੱਲ ਘਰੇਲੂ ਉਤਪਾਦ ਅਨੁਪਾਤ ਵਿਚ ਅਸਿੱਧੇ ਕਰਾਂ ਦਾ ਹਿੱਸਾ ਵਧ ਰਿਹਾ ਹੈ। ਭਾਰਤ ਦੇ ਕਰ ਢਾਂਚੇ ਦੀ *ਬ੍ਰਿਕਸਮ* ਦੇਸ਼ਾਂ ਨਾਲ ਤੁਲਨਾ ਕਰਦਿਆਂ (ਚਿੱਤਰ-7), ਜਦ ਕਿ ਭਾਰਤ ਪਿਛਲੇ ਲਗਭਗ ਇਕ ਦਹਾਕੇ ਵਿਚ ਕੁੱਲ ਕਰ ਆਮਦਨ ਵਿਚ ਸਿੱਧੇ ਕਰਾਂ ਦਾ ਹਿੱਸਾ ਵਧਾਉਣ ਵਿਚ ਕਾਮਯਾਬ ਹੋਇਆ ਹੈ, ਪਿਛਲੇ ਦੋ ਬਜਟਾਂ ਵਿਚ, ਸਿੱਧੇ ਕਰਾਂ ਤੋਂ ਹੋਣ ਵਾਲੀ ਆਮਦਨ ਦੀ ਕੀਮਤ 'ਤੇ ਅਸਿੱਧੇ ਕਰਾਂ ਤੋਂ ਆਮਦਨ ਇਕੱਤਰ ਕਰਨ ਵੱਲ ਝੁਕਾਅ ਜ਼ਿਆਦਾ ਸਾਫ਼ ਨਜ਼ਰ ਆ ਰਿਹਾ ਹੈ। ਇਹੋ ਜਿਹਾ ਪਿਛਾਖੜੀ ਕਰ ਢਾਂਚਾ ਗਰੀਬਾਂ ਅਤੇ ਸਮਾਜ ਦੇ ਕਮਜ਼ੋਰ ਤਬਕਿਆਂ ਦੀ ਕੀਮਤ 'ਤੇ ਚੱਲਦਾ ਹੈ।

ਸਿੱਧੇ ਕਰਾਂ ਦੇ ਮੁੱਖ ਪ੍ਰਸਤਾਵ ਸਿਹਤ ਬੀਮਾ ਆਦਿ ਛੋਟਾਂ ਦੇ ਰੂਪ ਵਿਚ ਸਨ, ਜਿਸ ਮੁਤਾਬਕ ਇਕ ਨਿੱਜੀ ਕਰ ਦੇਣ ਵਾਲਾ 4,44,200 ਕਰੋੜ ਰੁਪਏ ਦਾ ਫ਼ਾਇਦਾ ਲੈ ਸਕਦਾ ਹੈ ਜਦ ਕਿ ਅਸਿੱਧੇ ਕਰ (ਜੀ ਐੱਸ ਟੀ)" ਸਾਂਝਾ ਭਾਰਤੀ ਬਾਜ਼ਾਰ ਵਿਕਸਤ ਕਰਕੇ ਅਤੇ ਵਸਤਾਂ ਤੇ ਸੇਵਾਵਾਂ ਦੀ ਕੀਮਤ 'ਤੇ ਪੈਣ ਵਾਲੇ ਵੱਡੇ ਪ੍ਰਭਾਵ ਨੂੰ ਘਟਾ ਕੇ ਸਾਡੀ ਆਰਥਿਕਤਾ ਨੂੰ ਵੱਡਾ ਹੁਲਾਰਾ ਦੇਵੇਗਾ।" ਜੀ ਐੱਸ ਟੀ ਨਿਜ਼ਾਮ ਵੱਲ ਜਾਣ ਦੇ ਲਈ ਸੇਵਾਵਾਂ ਦਾ ਕਰ 12 ਤੋਂ ਵਧਾ ਕੇ 14 ਪ੍ਰਤਿਸ਼ਤ ਕਰ ਦਿਤਾ ਜਾਵੇਗਾ, ਕਿਸੇ ਨਿਯਮ ਤਹਿਤ ਸਿੱਖਿਆ ਸੈਸ ਅਤੇ ਸੈਕੰਡਰੀ ਤੇ ਹਾਇਰ ਸੈਕੰਡਰੀ ਸਿੱਖਿਆ ਸੈਸ ਹਾਲੇ ਤੈਅ ਕੀਤੇ ਜਾਣ ਵਾਲੀ ਮਿਤੀ ਤੋਂ ਵਧਾਇਆ ਜਾਵੇਗਾ, ਜਦ ਕਿ ਅਨੇਕ ਵਸਤਾਂ, ਜਿਨ੍ਹਾਂ ਵਿਚ ਪੈਟਰੋਲ ਅਤੇ ਡੀਜ਼ਲ ਸ਼ਾਮਿਲ ਹੈ, 'ਤੇ ਲੱਗਣ ਵਾਲੀ ਐਕਸਾਈਜ਼ ਡਿਊਟੀ ਨੂੰ ਆਮਦਨ ਨਿਰਪੱਖ ਦਰਾਂ ਤਹਿਤ ਸੋਧਿਆ ਜਾਵੇਗਾ। ਸਿੱਧੇ ਕਰਾਂ ਦੇ ਪ੍ਰਸਤਾਵ ਨਾਲ 8315 ਕਰੋੜ ਰੁਪਏ ਦੀ ਮਾਲੀਏ ਦੀ ਹਾਨੀ ਹੋਵੇਗੀ ਜਦ ਕਿ ਅਸਿੱਧੇ ਕਰਾਂ ਦੇ ਪ੍ਰਸਤਾਵਾਂ ਤੋਂ 23,383 ਕਰੋੜ ਰੁਪਏ ਆਮਦਨ ਹੋਣ ਦੀ ਆਸ ਹੈ। ਸਾਰੇ ਕਰ ਪ੍ਰਸਤਾਵਾਂ 'ਤੇ ਨਿਰੋਲ ਮੁਨਾਫ਼ਾ 15,068 ਕਰੋੜ ਰੁਪਏ ਹੋਵੇਗਾ। ਇਹ ਪਹਿਲਾਂ ਤੋਂ ਹੀ ਪਿਛਾਖੜੀ ਕਰ ਢਾਂਚੇ ਨੂੰ ਹੋਰ ਬਦਤਰ ਕਰ ਦੇਵੇਗਾ।

## ਕਾਲਾ ਧਨ


ਕਾਲੇ ਧਨ ਦੀ ਬੁਰਾਈ ਨਾਲ ਨਿਪਟਣ ਲਈ ਤਿੰਨ ਵੱਡੇ ਐਲਾਨ ਕੀਤੇ ਗਏ : (1) ਕਾਲਾ ਧਨ ਬਿਲ, ਜਿਸ ਦਾ ਮੰਤਵ ਵਿਦੇਸ਼ੀ ਬੈਂਕਾਂ ਵਿਚ ਪੈਸਾ ਜਮ੍ਹਾਂ ਕਰਵਾ ਕੇ ਕਰ ਚੋਰੀ ਨੂੰ ਜੁਰਮ ਕਰਾਰ ਦਿਤਾ ਜਾਵੇਗਾ। ਜਿਸ ਵਿਚ 10 ਸਾਲ ਦੀ ਸਜ਼ਾ ਅਤੇ 300 ਗੁਣਾ ਜੁਰਮਾਨੇ ਦਾ ਪ੍ਰਾਵਧਾਨ ਹੈ। (2) ਵਿਦੇਸ਼ੀ ਅਸਾਸਿਆਂ ਤੋਂ ਪ੍ਰਾਪਤ ਆਮਦਨ ਨੂੰ ਛੁਪਾਉਣਾ ਕਾਲੇ ਧਨ ਨੂੰ

**ਚਿੱਤਰ-5 ਚੋਣਵੇਂ ਵਿਕਾਸਸ਼ੀਲ ਦੇਸ਼ਾਂ ਵਿਚ ਕਾਰਪੋਰੇਟ ਕਰ ਦਰਾਂ**





*ਸਰੋਤ : ਕੇ ਪੀ ਐੱਮ ਜੀ ਅੰਕੜੇ (28 ਫ਼ਰਵਰੀ 2014 ਤਕ)*

ਚਿੱਤਰ-6 ਭਾਰਤ ਦਾ ਕੁੱਲ ਕਰ – ਕੁੱਲ ਘਰੇਲੂ ਉਤਪਾਦ ਅਨੁਪਾਤ (ਕੇਂਦਰ ਅਤੇ ਰਾਜਾਂ) ਵਿਚ ਸਿੱਧੇ ਬਨਾਮ ਅਸਿੱਧੇ ਕਰ




*ਸਰੋਤ : ਇੰਡੀਅਨ ਪਬਲਿਕ ਫਾਇਨੈਂਸ ਸਟੈਟਿਸਟਿਕਸ 2013-14*

ਚਿੱਤਰ-7 ਕੁੱਲ ਕਰ ਆਮਦਨ ਦੇ ਪ੍ਰਤਿਸ਼ਤ ਵਜੋਂ ਸਿੱਧੇ ਕਰਾਂ ਤੋਂ ਆਮਦਨ




*ਸਰੋਤ : ਸਰਕਾਰੀ ਵਿੱਤੀ ਅੰਕੜਿਆਂ ਦੀ ਵੱਖ-ਵੱਖ ਸਾਲਾਂ ਦੀ ਅੰਤਰਰਾਸ਼ਟਰੀ ਮੁਦਰਾ ਕੋਸ਼ ਵਲੋਂ ਛਾਪੀ ਗਈ ਸਾਲਾਨਾ ਕਿਤਾਬ; ਚੀਨ ਦੀ ਅੰਕੜਿਆਂ ਦੀ ਕਿਤਾਬ 2003 ਜਿਸ ਨੂੰ ਚੀਨ ਦੇ ਅੰਕੜਿਆਂ ਦੇ ਰਾਸ਼ਟਰੀ ਬਿਓਰੋ ਵਲੋਂ ਪ੍ਰਕਾਸ਼ਿਤ ਕੀਤਾ ਗਿਆ, ਲਾਤੀਨੀ ਅਮਰੀਕਾ ਵਿਚ ਆਮਦਨ ਦੇ ਅੰਕੜੇ -2014 ਓ ਈ ਸੀ ਡੀ ਵਲੋਂ ਪ੍ਰਕਾਸ਼ਿਤ; ਭਾਰਤੀ ਜਨਤਕ ਵਿੱਤ ਅੰਕੜੇ 2013-14, ਵਿੱਤ ਮੰਤਰਾਲਾ, ਭਾਰਤ ਸਰਕਾਰ ਵਲੋਂ ਪ੍ਰਕਾਸ਼ਿਤ ਕੀਤੇ ਗਏ।*

ਨੋਟ :(1) ਮੈਕਸੀਕੋ ਅਤੇ ਬ੍ਰਾਜ਼ੀਲ ਦੇ ਅੰਕੜੇ ਕ੍ਰਮਵਾਰ ਸਾਲ 2000 ਅਤੇ 2011 ਦੇ ਹਨ (2) ਭਾਰਤ ਦੇ ਅੰਕੜੇ 2001-02 ਅਤੇ 2013-14 (ਬੀ ਈ) ਦੇ ਕ੍ਰਮਵਾਰ ਹਨ (3) ਚੀਨ ਦੇ ਅੰਕੜੇ 2002 ਦੇ ਹਨ (4) ਇੰਡੋਨੇਸ਼ੀਆ, ਰੂਸ ਅਤੇ ਦੱਖਣੀ ਅਫ਼ਰੀਕਾ ਦੇ ਅੰਕੜੇ 2012 ਅਤੇ ਚੀਨ ਦੇ 2011 ਦੇ ਹਨ।

ਸਫ਼ੈਦ ਕਰਨ ਦੇ ਐਕਟ ਤਹਿਤ ਇਕ ਕਾਨੂੰਨੀ ਜੁਰਮ ਬਣਾਇਆ ਜਾਵੇਗਾ ਅਤੇ (3) ਬੇਨਾਮੀ ਸੌਦਿਆਂ ਨੂੰ ਰੋਕਣ ਬਾਰੇ ਬਿਲ ਪੇਸ਼ ਕਰਨਾ ਤਾਂ ਜੋ ਘਰੇਲੂ ਕਾਲੇ ਧਨ ਨੂੰ ਨੱਥ ਪਾਈ ਜਾ ਸਕੇ।

ਭਾਵੇਂ ਕਿ ਵਿਦੇਸ਼ੀ ਖਾਤਿਆਂ ਬਾਰੇ ਜ਼ਿਆਦਾ ਧਿਆਨ ਕੇਂਦਰਿਤ ਕਰਨਾ, ਖ਼ਾਸ ਕਰਕੇ ਸੁਪਰੀਮ ਕਰੋਟ ਵਲੋਂ ਕਾਲੇ ਧਨ ਬਾਰੇ ਸਥਾਪਤ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਵਲੋਂ, ਇਕ ਸਵਾਗਤਯੋਗ ਕਦਮ ਹੈ, ਪਰ ਹਾਲੇ ਵੀ ਇਕ ਵਿਆਪਕ ਨੀਤੀ ਅਤੇ ਭਾਰਤ ਵਿਚ ਕਾਲਾ ਧਨ ਪੈਦਾ ਕਰ ਰਹੇ ਖੇਤਰਾਂ ਨੂੰ ਖੋਜੇ ਜਾਣ ਅਤੇ ਲੋੜੀਂਦੇ ਸੁਧਾਰ ਨਾ ਕੀਤੇ ਜਾਣ ਦੀ ਕਮੀ ਝਲਕ ਰਹੀ ਹੈ। ਬਜਟ ਵਿਚ ਰੀਅਲ ਐਸਟੈਟ ਖੇਤਰ ਵਿਚ ਕਾਲੇ ਧਨ ਦੀ ਉਤਪਤੀ ਨੂੰ ਰੋਕਣ ਦੀ ਇੱਛਾ ਸ਼ਕਤੀ ਦਾ ਪ੍ਰਗਟਾਵਾ ਸਹੀ ਦਿਸ਼ਾ ਵੱਲ ਕਦਮ ਹੈ।

ਕਾਲੇ ਧਨ ਦੇ ਮਾਮਲੇ ਵਿਚ ਨਵੇਂ ਜਾਂ ਵਰਤਮਾਨ ਕਾਨੂੰਨਾਂ ਦੇ ਲਾਗੂਕਰਨ ਲਈ ਜ਼ਰੂਰੀ ਹੈ ਕਿ ਪ੍ਰਬੰਧਕੀ ਮਸ਼ੀਨਰੀ ਨੂੰ ਮਜ਼ਬੂਤ ਕੀਤਾ ਜਾਵੇ। ਪਰ ਸੈਂਟਰਲ ਬੋਰਡ ਆਫ਼ ਡਾਇਰੈਕਟ ਟੈਕਸਜ਼ ਵਲੋਂ ਕਾਲੇ ਧਨ ਬਾਰੇ 2012 ਵਿਚ ਪ੍ਰਕਾਸ਼ਿਤ ਇਕ ਸਫ਼ੈਦ ਪੱਤਰ ਦੇ ਮੁਤਾਬਕ ਵੱਖ-ਵੱਖ ਏਜੰਸੀਆਂ ਜਿਵੇਂ ਸੀ ਬੀ ਡੀ ਟੀ, ਐਨਫੋਰਸਮੈਂਟ ਡਾਇਰੈਕਟੋਰੇਟ, ਵਿੱਤੀ ਚੌਕਸੀ ਇਕਾਈ, ਸੈਂਟਰਲ ਬੋਰਡ ਆਫ਼ ਐਕਸਾਈਜ਼ ਐਂਡ ਕਸਟਮਜ਼ ਆਦਿ ਕੋਲ ਲਗਭਗ 30,000 ਕਾਮਿਆਂ ਦੀ ਘਾਟ ਹੈ। ਏਸ਼ੀਅਨ ਵਿਕਾਸ ਬੈਂਕ (ਏ ਡੀ ਬੀ) ਦੀ 2014 ਦੀ ਰਿਪੋਰਟ, ਜਿਸ ਵਿਚ ਏਸ਼ੀਆ ਅਤੇ ਪੈਸਿਫਿਕ ਵਿਚ ਕਰ ਪ੍ਰਬੰਧਨ ਦਾ ਮੁਤਾਲਿਆ, ਕੀਤਾ ਗਿਆ, ਵਿਚ ਨੋਟ ਕੀਤਾ ਗਿਆ ਕਿ ਭਾਰਤ ਦੀਆਂ ਮਾਲੀਆ ਏਜੰਸੀਆਂ ਸਭ ਤੋਂ ਵੱਧ ਨਿਮਨ ਸਰੋਤ ਅਤੇ ਕਾਮਿਆਂ ਦੀ ਘੱਟ ਗਿਣਤੀ ਵਾਲੀਆਂ ਹਨ, ਇਸ ਦੀ ਜਨਸੰਖਿਆ ਦੇ ਅਨੁਪਾਤ ਦੇ ਹਿਸਾਬ ਨਾਲ ਹਾਲੀਆ ਖ਼ਬਰਾਂ ਵਿਚ ਨੋਟ ਕੀਤਾ ਗਿਆ ਕਿ ਅਮਲੇ ਦੀ ਕਮੀ ਦਾ ਸਾਹਮਣਾ ਕਰ ਰਹੇ ਐਨਫੋਰਸਮੈਂਟ ਡਾਇਰੈਕਟੋਰੇਟ ਨੂੰ ਕਾਲੇ ਧਨ ਦੇ ਮਾਮਲਿਆਂ ਦੀ ਜਾਂਚ ਕਰਨ ਨੂੰ 6 ਸਾਲ ਵੀ ਲੱਗ ਸਕਦੇ ਹਨ।

ਅਣਵਰਤੇ ਅਸਾਸਿਆਂ ਨੂੰ ਦੂਜੀਆਂ ਕੰਪਨੀਆਂ ਨੂੰ ਵੇਚਣ ਅਤੇ ਕਰ ਸੰਧੀਆਂ ਦੀ ਦੁਰਵਰਤੋਂ ਕਾਰਨ ਹੋਏ ਆਰਥਿਕ ਨੁਕਸਾਨ ਦੀ ਪਿੱਠਭੂਮੀ ਵਿਚੋਂ ਉਪਜੇ ਤੌਖਲਿਆਂ ਕਾਰਨ ਦੋਹਰੇ ਕਰ ਟਾਲਣ ਦੇ ਸਮਝੌਤੇ (ਡੀ ਟੀ ਏ ਏਜ਼) ਦੀ ਵਿਆਪਕ ਸਮੀਖਿਆ ਦੀ ਲੋੜ ਹੈ। ਵਰਤਮਾਨ ਵਿਚ ਸੰਧੀਆਂ ਤੋਂ ਫ਼ਾਇਦਾ ਲੈਣ ਵਾਲੇ ਸੌਦਿਆਂ ਦਾ ਕੋਈ ਵੇਰਵਾ ਮੌਜੂਦ ਨਹੀਂ ਜਿਸ ਨਾਲ ਇਨ੍ਹਾਂ ਸੰਧੀਆਂ 'ਤੇ ਹਸਤਾਖ਼ਰ ਕਰਨ ਦੀ ਲਾਗਤ ਅਤੇ ਫ਼ਾਇਦਿਆਂ ਦਾ ਮੁੱਲੰਕਣ ਕੀਤਾ ਜਾ ਸਕੇ। ਇਥੋਂ ਤਕ ਕਿ ਵਿਦੇਸ਼ੀ ਖਾਤਿਆਂ ਵਿਚ ਕਰ ਚੋਰੀ ਖ਼ਿਲਾਫ਼ ਨਵੇਂ ਅਭਿਆਨ ਦੇ ਬਾਵਜੂਦ ਵੀ, ਕੁਝ ਅਜਿਹੇ ਖੱਪੇ ਹਨ ਜਿਨ੍ਹਾਂ ਨੂੰ ਦਰੁਸਤ ਕੀਤਾ ਜਾ ਸਕਦਾ ਹੈ। ਭਾਰਤ ਵਿਚ ਹਾਲ ਹੀ ਵਿਚ ਹੋਏ ਘਪਲੇ ਜਿਵੇਂ ਸਤਿਅਮ, 2 ਜੀ, ਕੋਲਗੇਟ, ਕਾਮਨਵੈਲਥ ਖੇਡਾਂ, ਆਈ ਪੀ ਐੱਲ ਅਤੇ ਵੱਖ-ਵੱਖ ਪੌਂਜ਼ੀ ਸਕੀਮਾਂ ਦਾ ਸਿੱਧਾ ਸੰਬੰਧ ਮੌਰੀਸ਼ੀਅਸ, ਕੈਮਨ ਦੀਪ, ਸਿੰਗਾਪੁਰ ਆਦਿ ਵਿਦੇਸ਼ੀ ਕਰ ਸੇਵਾਵਾਂ ਨਾਲ ਹੈ। ਇਹ ਅਤੇ ਗ਼ੈਰ-ਪ੍ਰਭਾਵੀ ਜਾਣਕਾਰੀ ਵਟਾਂਦਰੇ ਦੇ ਤਰੀਕੇ ਮਿਲਾ ਕੇ ਨਾ ਸਿਰਫ਼ ਕਰ ਚੋਰੀ ਨੂੰ ਉਤਸ਼ਾਹਿਤ ਕਰਦੇ ਹਨ ਪਰ ਕਾਲੇ ਧਨ ਨੂੰ ਚਿੱਟਾ ਕਰਨ ਵਿਚ ਵੀ ਸਹਾਈ ਹੁੰਦੇ ਹਨ। ਭਾਵੇਂ ਜੀ 20 ਦੇਸ਼ਾਂ ਦੀ ਇਸ ਮੁੱਦੇ ਨੂੰ ਹੱਲ ਕਰਨ ਦੀ ਪ੍ਰਤਿਬਧਤਾ ਸਵਾਗਤਯੋਗ ਹੈ, ਭਾਰਤ ਕੋਲ ਇਸ ਨੂੰ ਰਾਸ਼ਟਰੀ ਪ੍ਰਤਿਬਧਤਾ ਬਣਾ ਕੇ ਉੱਭਰ ਰਹੀਆਂ ਆਰਥਿਕਤਾਵਾਂ ਵਿਚ ਮੋਹਰੀ ਭੂਮਿਕਾ ਅਦਾ ਕਰਨ ਦਾ ਮੌਕਾ ਹੈ।

1) ਕਾਰਪੋਰੇਟ ਮਾਮਲਿਆਂ ਬਾਰੇ ਮੰਤਰਾਲਾ ਅਤੇ ਵਿੱਤ ਮੰਤਰਾਲੇ ਨੂੰ ਸੇਬੀ/ਰਿਜ਼ਰਵ ਬੈਂਕ ਨਾਲ ਮਸ਼ਵਰਾ ਕਰਕੇ ਲਾਭਪਾਤਰੀ ਕੰਪਨੀ ਮਾਨਕਾਂ ਅਤੇ ਦੂਜੀਆਂ ਕਾਨੂੰਨੀ ਹਸਤੀਆਂ ਦਾ ਇਕ ਕੇਂਦਰੀ ਜਨਤਕ ਰਜਿਸਟਰ ਤਿਆਰ ਕਰਨਾ ਚਾਹੀਦਾ ਹੈ ਜਿਸ ਵਿਚ ਢੁਕਵੇਂ ਸੁਰੱਖਿਆ ਉਪਾਅ (ਜਿਵੇਂ ਟ੍ਰਸਟ, ਫਾਊਂਡੇਸ਼ਨ) ਹੋਣ।

2) ਵਿਸ਼ਵ ਵਿਚ ਜਾਣਕਾਰੀ ਵਟਾਂਦਰੇ ਦੇ ਮਾਪਦੰਡਾਂ ਵਿਚ ਸੁਧਾਰ ਕਰਨ ਬਾਰੇ ਭਾਰਤ ਦੀ ਭੂਮਿਕਾ ਗੌਰ ਕਰਨ ਵਾਲੀ ਹੈ। ਜਦ ਕਿ ਜੀ 20 ਨੇ ਜਾਣਕਾਰੀ ਦੇ ਸਵੈ-ਵਟਾਂਦਰੇ ਨੂੰ ਵਿਸ਼ਵ ਮਾਪਦੰਡ ਵਜੋਂ ਅਪਣਾ ਲਿਆ ਹੈ, ਕੁਝ ਤੌਖਲੇ ਹਨ ਜਿਨ੍ਹਾਂ ਨੂੰ ਚੁਣਨ ਲਈ ਅਧਿਕਾਰ ਖੇਤਰਾਂ ਨੂੰ ਆਗਿਆ ਦਿਤੀ ਜਾਵੇਗੀ, ਜਿਨ੍ਹਾਂ ਨਾਲ ਉਹ ਜਾਣਕਾਰੀ ਦੇ ਪ੍ਰਸਪਰ ਲੈਣ-ਦੇਣ ਨੂੰ ਘੱਟ ਆਮਦਨ ਵਾਲੇ ਦੇਸ਼ਾਂ ਦੇ ਹੱਕ ਵਿਚ ਕਰਨ ਲਈ ਯਤਨ ਹੋਣੇ ਚਾਹੀਦੇ ਹਨ ਜੋ ਵਰਤਮਾਨ ਵਿਚ ਜਾਣਕਾਰੀ ਭੇਜਣ ਤੋਂ ਅਸਮਰਥ ਹਨ।

3) ਜੇ ਕੰਪਨੀਆਂ ਨੂੰ ਵਿਕਰੀ, ਮੁਨਾਫ਼ਾ ਅਤੇ ਅਦਾ ਕੀਤੇ ਗਏ ਕਰਾਂ ਦਾ ਵੇਰਵਾ ਸਾਲਾਨਾ ਲੇਖਾ ਰਿਪੋਰਟ ਵਿਚ ਨਸ਼ਰ ਕਰਨਾ ਜ਼ਰੂਰੀ ਕਰ ਦਿਤਾ ਜਾਵੇ ਤਾਂ ਵਿਦੇਸ਼ਾਂ ਵਿਚ ਪੈਸਾ ਛੁਪਾਉਣਾ ਔਖਾ ਹੋ ਜਾਵੇਗਾ। ਭਾਵੇਂ ਕਿ ਜੀ 20 ਨੇ ਦੇਸ਼ ਦਰ ਦੇਸ਼ ਰਿਪੋਰਟ ਦੇਣ ਲਈ ਪ੍ਰਤਿਬਧਤਾ ਦਿਖਾਈ ਹੈ। ਖ਼ਾਸ ਕਰਕੇ ਜੀ 20/ਓ ਈ ਸੀ ਡੀ ਦੇ ਐਕਸ਼ਨ 13 ਤਹਿਤ ਬਾਕਸ ਮੂਲ-ਖੋਰ (ਬੇਸ ਇਰੋਜ਼ਨ ਅਤੇ ਮੁਨਾਫ਼ਾ ਬਦਲੀ (ਪ੍ਰਾਫਿਟ ਸ਼ਿਫਟਿੰਗ) ਰਾਹੀਂ, ਭਾਰਤ ਨੂੰ ਇਹ ਸਾਰਾ ਕੁਝ ਜਨਤਕ ਕਰਨ ਦੀ ਪ੍ਰਤਿਬਧਤਾ ਦਿਖਾਉਣੀ ਚਾਹੀਦੀ

ਹੈ। ਇਸ ਜਾਣਕਾਰੀ ਨੂੰ ਜਨਤਕ ਕਰਨ ਨਾਲ ਕਰ ਪ੍ਰਬੰਧਕਾਂ ਨੂੰ ਗਰੀਬ ਦੇਸ਼ਾਂ ਵਿਚ ਇਹ ਅਹਿਮ ਜਾਣਕਾਰੀ ਤਕ ਰਸਾਈ ਕਰਨ ਵਿਚ ਮਦਦ ਮਿਲੇਗੀ ਤਾਂ ਕਿ ਉਨ੍ਹਾਂ ਦੇ ਸੰਦਰਭ ਵਿਚ ਬੀ ਈ ਪੀ ਐੱਸ ਦਾ ਹੱਲ ਕੱਢਿਆ ਜਾ ਸਕੇ।

### ਆਮਦਨ ਕਰ/ਅਸਿੱਧੇ ਕਰ ਲਈ ਅੰਕੜਿਆਂ ਦੀ ਉਪਲਬਧਤਾ

2001-02 ਤੋਂ, ਕੇਂਦਰੀ ਬਜਟ ਦਸਤਾਵੇਜ਼ਾਂ ਨੇ ਇਹ ਜਾਣਕਾਰੀ ਦੇਣੀ ਬੰਦ ਕਰ ਦਿਤੀ ਹੈ ਕਿ ਅਸਿੱਧੇ ਕਰਾਂ (ਜਿਵੇਂ ਕਸਟਮ ਡਿਊਟੀ, ਐਕਸਾਈਜ਼, ਡਿਊਟੀ, ਕੇਂਦਰੀ ਵੈਲਿਊ ਐਡਿਡ ਟੈਕਸ ਅਤੇ ਸੇਵਾ ਕਰ ਜੋ ਵੱਖ-ਵੱਖ ਵਸਤਾਂ ਜਾਂ ਸ਼੍ਰੇਣੀਆਂ 'ਤੇ ਲਾਇਆ ਜਾਂਦਾ ਹੈ, ਤੋਂ ਕਿੰਨੀ ਆਮਦਨ ਕਰ ਦੇ ਰੂਪ ਵਿਚ ਪ੍ਰਾਪਤ ਹੋਈ। ਅਜਿਹੀ ਜਾਣਕਾਰੀ ਪ੍ਰਦਾਨ ਕਰਨ ਨਾਲ ਭਾਰਤ ਵਲੋਂ ਵਸੋਂ ਦੇ ਵੱਖ-ਵੱਖ ਵਰਗਾਂ 'ਤੇ ਲਾਏ ਜਾਂਦੇ ਅਸਿੱਧੇ ਕਰਾਂ ਦੇ ਪ੍ਰਭਾਵਾਂ ਦੀ ਸਮੀਖਿਆ ਹੋ ਸਕੇਗੀ (ਮਿਸਾਲ ਦੇ ਲਈ ਵੱਡੀ ਖਪਤ ਵਾਲੀਆਂ ਵਸਤਾਂ ਤੋਂ ਪ੍ਰਾਪਤ ਕਰ ਬਨਾਮ ਵਿਲਾਸ ਵਾਲੀਆਂ ਵਸਤਾਂ ਤੋਂ ਇਕੱਤਰ ਕਰ) ਤਾਂ ਜੋ ਇਨ੍ਹਾਂ ਮੁੱਦਿਆਂ 'ਤੇ ਬੇਹਤਰ ਨੀਤੀਆਂ ਬਣਾਈਆਂ ਜਾ ਸਕਣ। ਭਾਰਤ ਨੇ ਆਲ ਇੰਡੀਆ ਇਨਕਮ ਟੈਕਸ ਸਟੈਟਿਸਟਿਕਸ (ਸਰਬ ਭਾਰਤ ਆਮਦਨ ਕਰ ਅੰਕੜੇ) 2000 ਦੁਆਰਾ ਕਰ ਅਦਾ ਕਰਨ ਵਾਲਿਆਂ ਦੇ ਵਰਗ ਦੇ ਹਿਸਾਬ ਨਾਲ ਵੇਰਵੇ ਛਾਪਣੇ ਵੀ ਬੰਦ ਕਰ ਦਿਤੇ ਹਨ।

ਥਾਮਸ ਪਿਕੇਟੀ ਦੇ ਮੁਤਾਬਕ, "ਭਾਰਤ ਦੇ ਆਮਦਨ ਕਰ ਪ੍ਰਬੰਧਨ ਨੇ ਆਮਦਨ ਕਰ ਅੰਕੜੇ ਇਕੱਤਰ ਕਰਨਾ ਲਗਭਗ ਛੱਡ ਦਿਤਾ ਹੈ ਭਾਵੇਂ ਕਿ ਵੇਰਵੇ ਸਹਿਤ ਸਾਲਾਨਾ ਰਿਪੋਰਟਾਂ, ਜਿਨ੍ਹਾਂ ਨੂੰ ਆਲ ਇੰਡੀਆ ਇਨਕਮ ਟੈਕਸ ਸਟੈਟਿਸਟਿਕਸ (ਸਰਬ ਭਾਰਤ ਆਮਦਨ ਕਰ ਅੰਕੜੇ) ਆਖਿਆ ਜਾਂਦਾ ਹੈ, 1922 ਤੋਂ 2000 ਤਕ ਉਪਲਬਧ ਹਨ। ਪਾਰਦਰਸ਼ਿਤਾ ਦੀ ਇਹ ਕਮੀ ਕਸ਼ਟਦਾਇਕ ਹੈ ਕਿਉਂਕਿ ਖਪਤ ਅਤੇ ਆਮਦਨ ਬਾਰੇ ਸਵੈ-ਬਿਆਨ ਤਸੱਲੀਬਖ਼ਸ਼ ਨਹੀਂ ਅਤੇ ਆਮਦਨ ਕਰ ਅੰਕੜੇ ਹਰੇਕ ਦੇਸ਼ ਵਿਚ ਜਾਣਕਾਰੀ ਦਾ ਇਕ ਵਾਧੂ ਅਤੇ ਪ੍ਰਮੁੱਖ ਅੰਗ ਹੁੰਦੇ ਹਨ।

ਪ੍ਰੋਫ਼ੈਸਰ ਆਰ. ਵੈਦਿਆਨਾਥਨ (ਆਈ ਆਈ ਐੱਮ ਬੰਗਲੌਰ) ਨੇ 2013 ਵਿਚ ਸੁਝਾਅ ਦਿਤਾ ਸੀ ਕਿ ਆਮਦਨ ਕਰ ਵਿਭਾਗ ਨੂੰ ਸਿੱਧੇ ਕਰਾਂ ਦੇ ਖੰਡਾਂ ਸੰਬੰਧੀ ਜਾਣਕਾਰੀ ਦੇਣ ਲਈ ਬੁਲੇਟਿਨ ਛਾਪਣੇ ਚਾਹੀਦੇ ਹਨ। ਅਜਿਹੇ ਵੇਰਵੇ ਉਨ੍ਹਾਂ ਲੋਕਾਂ ਦੀ ਜਾਣਕਾਰੀ ਬਾਰੇ ਸਮਝਣ ਲਈ ਜ਼ਰੂਰੀ ਹਨ ਜੋ ਵਸਤਾਂ ਅਤੇ ਸੇਵਾਵਾਂ ਲਈ ਕਰ ਦੇ ਦਾਇਰੇ ਵਿਚ ਆਉਂਦੇ ਹਨ, ਤਾਂ ਕਿ ਆਮਦਨ ਵਧਾਉਣ ਵਿਚ ਮਦਦ ਮਿਲ ਸਕੇ।

*(ਲੇਖਕ ਸੈਂਟਰ ਫਾਰ ਬਜਟ ਐਂਡ ਗਵਰਨੈਂਸ ਅਕਉਂਟੇਬਲਿਟੀ, ਨਵੀਂ ਦਿੱਲੀ ਨਾਲ ਕੰਮ ਕਰਦਾ ਹੈ।)*

*e-mail :rohith@cbgaindia.org*

***ਸਫ਼ਾ 31 ਦੀ ਬਾਕੀ***

ਸੀ ਅਤੇ ਉਸ ਉਪਰੰਤ ਸ਼ਰਤਾਂ 'ਤੇ ਆਧਾਰਿਤ।

ਭਾਰਤ ਵਿਚ ਵਿੱਤੀ ਸੰਘਵਾਦ ਦੇ ਇਤਿਹਾਸ ਵਿਚ ਪਹਿਲੀ ਵਾਰ, ਵਾਤਾਵਰਣਿਕ ਗੁਣਵੱਤਾ - ਜਿਸ ਦੀ ਪ੍ਰਤਿਨਿਧਤਾ ਜੰਗਲ ਦੇ ਖੇਤਰ ਦੇ ਰੂਪ ਵਿਚ ਸੀ, ਨੂੰ ਆਪਣੇ ਆਪ ਵਿਚ ਵਿੱਤੀ ਵੰਡ ਦੇ ਫਾਰਮੂਲੇ ਵਿਚ ਸੰਗਠਿਤ ਕੀਤਾ ਗਿਆ ਹੈ। ਚੌਦ੍ਹਵੇਂ ਵਿੱਤ ਆਯੋਗ ਦੇ ਕਰ ਵੰਡ ਫਾਰਮੂਲੇ ਦੇ ਪੰਜ ਪੱਖ ਹਨ : (1) ਜਨਸੰਖਿਆ (1971) 17.5 ਪ੍ਰਤਿਸ਼ਤ ਵਜ਼ਨ; (2) ਜਨਸੰਖਿਆ (2011) 10 ਪ੍ਰਤਿਸ਼ਤ ਵਜ਼ਨ; (3) ਖੇਤਰ, 15 ਪ੍ਰਤਿਸ਼ਤ ਵਜ਼ਨ; (4) ਵਿੱਤੀ ਸਮਰੱਥਾ (ਪ੍ਰਤਿ ਵਿਅਕਤੀ ਆਮਦਨ ਵਾਲੇ ਰਾਜ ਨਾਲੋਂ ਕਿਸੇ ਰਾਜ ਦੀ ਪ੍ਰਤਿ ਵਿਅਕਤੀ ਆਮਦਨ ਦਾ ਫ਼ਰਕ) ਵਜ਼ਨ 50 ਪ੍ਰਤਿਸ਼ਤ ਅਤੇ (5) ਜੰਗਲ ਦਾ ਰਕਬਾ, ਵਜ਼ਨ 7.5 ਪ੍ਰਤਿਸ਼ਤ। ਐੱਫ ਐੱਫ ਸੀ ਨੇ "ਬਹੁਤ ਘਣਾ" ਅਤੇ "ਦਰਮਿਆਨਾ ਘਣਾ" ਸ਼ਬਦ ਜੰਗਲ ਦੇ ਰਕਬੇ ਲਈ ਵਾਤਾਵਰਣਿਕ ਕਸੌਟੀ ਵਜੋਂ ਵਰਤੇ ਹਨ।

### ਸਮਾਪਤੀ ਟਿੱਪਣੀਆਂ

2015-16 ਦੇ ਕੇਂਦਰੀ ਬਜਟ ਤੇ ਚੌਦ੍ਹਵੇਂ ਵਿੱਤ ਆਯੋਗ ਦੀਆਂ ਸਿਫ਼ਾਰਿਸ਼ਾਂ ਦਾ ਪਰਛਾਵਾਂ ਹੈ। ਵਾਤਾਵਰਨ ਸੰਘਵਾਦ ਦੇ ਪਰਿਪੇਖ ਤੋਂ, ਕੇਂਦਰ ਦੇ ਕਰ ਭੰਡਾਰ ਤੋਂ 42 ਪ੍ਰਤਿਸ਼ਤ ਵਿੱਤੀ ਵੰਡ ਦੀ ਮਾਤਰਾ, ਜਿਸ ਦੀ ਕਸੌਟੀ ਜੰਗਲ ਹੇਠਲਾ ਰਕਬਾ ਹੈ, ਸਵਾਗਤਯੋਗ ਕਦਮ ਹੈ। ਪਰ, ਕਿਉਂਕਿ ਖਦਾਨ ਕਰ ਨਿਜ਼ਾਮ ਬਹੁਤ ਲਾਭਦਾਇਕ ਹੈ ਅਤੇ ਦੁਨੀਆਂ ਵਿਚ ਸਭ ਤੋਂ ਵੱਧ ਹੈ, ਇਸ ਬਜਟ ਵਿਚ ਹੋਰ ਕਰ, ਰਾਇਲਟੀ, ਡਿਊਟੀ ਅਤੇ ਸੈੱਸ ਲਾਉਣਾ ਹਾਨੀਕਾਰਕ ਹੋ ਸਕਦਾ ਹੈ ਕਿਉਂਕਿ ਇਹ ਖਦਾਨ ਖੇਤਰ ਦੀ ਮੁਕਾਬਲੇਬਾਜ਼ੀ ਨੂੰ ਪ੍ਰਭਾਵਤ ਕਰਦਾ ਹੈ। ਭਾਰਤ ਵਿਚ ਖਦਾਨ ਖੇਤਰ ਦੀ ਭਾਗੀਦਾਰੀ ਪਹਿਲਾਂ ਹੀ ਗਿਰਾਵਟ ਵੱਲ ਜਾ ਰਹੀ ਹੈ ਅਤੇ ਇਹ ਲੰਮੇ ਸਮੇਂ ਵਿਚ ਆਰਥਿਕ ਵਿਕਾਸ 'ਤੇ ਅਸਰ ਪਾਉਂਦੀ ਹੈ। ਭਾਰਤ ਵਿਚ ਦੁਨੀਆਂ ਭਰ ਨਾਲੋਂ ਵੱਧ ਕੋਲੇ ਦੇ ਭੰਡਾਰ ਹਨ ਪਰ ਇਹ ਦੁਨੀਆਂ ਭਰ ਵਿਚ ਕੋਲੇ ਦਾ ਸਭ ਤੋਂ ਵੱਡਾ ਦਰਾਮਦਕਾਰ ਹੈ। ਕੀ ਨਿਲਾਮੀ ਸਰੋਤ ਵੰਡ ਦਾ ਸਭ ਤੋਂ ਵਧੀਆ ਤਰੀਕਾ ਹੈ? ਇਹ ਹਾਲੇ ਵੀ ਇਕ ਵਿਵਾਦ ਵਾਲਾ ਸਵਾਲ ਬਣਿਆ ਹੋਇਆ ਹੈ। ਦਰਾਂ ਨੂੰ ਨਿਰਧਾਰਤ ਕਰਨ ਦੇ ਤਰੀਕੇ ਅਤੇ ਖਦਾਨ ਰਾਇਲਟੀ ਅਤੇ ਕਰਾਂ ਦੇ ਆਧਾਰ ਬਾਰੇ ਵੀ ਦੁਬਾਰਾ ਗੌਰ ਕਰਨ ਦੀ ਜ਼ਰੂਰਤ ਹੈ।

(ਲੇਖਕ ਕ੍ਰਮਵਾਰ ਐਸੋਸ਼ੀਏਟ ਪ੍ਰੋਫ਼ੈਸਰ, ਅਤੇ ਰੀਸਰਚ ਐਸੋਸ਼ੀਏਟ, ਐਨ ਆਈ ਪੀ ਐਫ ਪੀ, ਨਵੀਂ ਦਿੱਲੀ ਹਨ।)

e-mail :lekhachakraborty@gmail.com

**ਯੋਜਨਾ (ਪੰਜਾਬੀ)**

- **ਅਪ੍ਰੈਲ 2015 – ਇਹ *ਨਿਰਮਾਣਸਾਜ਼ੀ* ਖੇਤਰ ਉੱਤੇ ਕੇਂਦਰਿਤ ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***

***ਇਕ ਸਾਲ : 100 ਰੁਪਏ, ਦੋ ਸਾਲ : 180 ਰੁਪਏ , ਤਿੰਨ ਸਾਲ : 250 ਰੁਪਏ***

***ਸਾਰਕ ਦੇਸ਼ਾਂ ਲਈ ਸਾਲਾਨਾ 530 ਰੁਪਏ,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ 730 ਰੁਪਏ***

# ਰਾਸ਼ਟਰੀ ਮਹਾਰਤ ਵਿਕਾਸ ਪ੍ਰੋਗਰਾਮ : ਅਗਲੇਰਾ ਰਸਤਾ

ਸਵਦੇਸ਼ ਸਿੰਘ

*"ਭਾਰਤ ਦੁਨੀਆਂ ਦੇ ਨੌਜਵਾਨ ਸ਼ਕਤੀ ਨਾਲ ਭਰਪੂਰ ਰਾਸ਼ਟਰਾਂ ਵਿਚੋਂ ਇਕ ਹੈ ਜਿਸ ਦੀ 54 ਪ੍ਰਤਿਸ਼ਤ ਤੋਂ ਵੱਧ ਵਸੋਂ ਦੀ ਉਮਰ 25 ਸਾਲ ਤੋਂ ਘੱਟ ਹੈ। ਸਾਡੇ ਨੌਜਵਾਨਾਂ ਨੂੰ 21ਵੀਂ ਸਦੀ ਦੀਆਂ ਨੌਕਰੀਆਂ ਲਈ ਸਿੱਖਿਅਤ ਕੀਤਾ ਜਾਣਾ ਜ਼ਰੂਰੀ ਹੈ। ਪ੍ਰਧਾਨ ਮੰਤਰੀ ਨੇ ਇਹ ਦੱਸਿਆ ਹੈ ਕਿ ਕਿਵੇਂ ਮਹਾਰਤ ਨਾਲ ਭਰਪੂਰ 'ਭਾਰਤ ਵਿਚ ਨਿਰਮਾਣ' ਨਾਲ ਨੇੜਲੇ ਪੱਧਰ 'ਤੇ ਮਿਲਵਰਤਨ ਦੀ ਲੋੜ ਹੈ। ਇਸ ਦੇ ਬਾਵਜੂਦ ਅੱਜ ਸੰਭਾਵਨਾ ਵਾਲੀ ਕਾਰਜ-ਸ਼ਕਤੀ ਦਾ ਕੇਵਲ 5 ਪ੍ਰਤਿਸ਼ਤ ਤੋਂ ਵੀ ਘੱਟ ਹਿੱਸਾ ਹੀ ਰੁਜ਼ਗਾਰ ਲੈਣ ਲਈ ਅਤੇ ਉਸ ਵਿਚ ਟਿਕੇ ਰਹਿਣ ਲਈ ਰਸਮੀ ਮਹਾਰਤ ਸਿਖਲਾਈ ਲੈਂਦਾ ਹੈ।"*

*– ਅਰੁਣ ਜੇਤਲੀ, ਵਿੱਤੀ ਮੰਤਰੀ, ਆਪਣੇ ਬਜਟ ਭਾਸ਼ਨ ਵਿਚ (28 ਫ਼ਰਵਰੀ, 2015)*

ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਨੇ ਆਪਣੇ ਬਜਟ ਭਾਸ਼ਨ ਵਿਚ ਕਿਹਾ ਕਿ 'ਮਹਾਰਤ ਨਾਲ ਭਰਪੂਰ ਭਾਰਤ' ਪ੍ਰੋਗਰਾਮ ਤਾਂ ਸਫਲ ਹੋਵੇਗਾ ਜੇ ਇਹ 'ਭਾਰਤ ਵਿਚ ਨਿਰਮਾਣ' ਪ੍ਰੋਗਰਾਮ ਨਾਲ ਤਾਲਮੇਲ ਕਰਦਿਆਂ ਚੱਲੇਗਾ। ਉਨ੍ਹਾਂ ਦਿਹਾਤੀ ਖੇਤਰ ਵਿਚ ਇਕ ਸਕੀਮ ਦਾ ਐਲਾਨ ਕਰਦਿਆਂ ਕਿਹਾ, "ਭਾਰਤ ਵਿਚ ਕੁੱਲ ਜਨਸੰਖਿਆ ਦਾ ਲਗਭਗ 70 ਪ੍ਰਤਿਸ਼ਤ ਅਜੇ ਵੀ ਪੇਂਡੂ ਵਸੋਂ ਹੋਣ ਕਾਰਨ ਪੇਂਡੂ ਨੌਜਵਾਨਾਂ ਦੀ ਕਿੱਤਾ ਮੁਖੀ ਯੋਗਤਾ ਨੂੰ ਵਧਾਉਣ ਨਾਲ ਹੀ ਦੇਸ਼ ਨੂੰ ਅਸਲ ਲਾਭ ਹੋ ਸਕਦਾ ਹੈ। ਇਸ ਗੱਲ ਨੂੰ ਧਿਆਨ ਵਿਚ ਰਖਦਿਆਂ ਅਸੀ *ਦੀਨਦਿਆਲ ਉਪਾਧਿਆਇ ਗ੍ਰਾਮੀਣ ਯੋਜਨਾ* ਸ਼ੁਰੂ ਕੀਤੀ, ਜਿਸ ਲਈ 1500 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਰਕਮ ਦਾ ਤਬਾਦਲਾ ਇਕ ਡਿਜ਼ਿਟਲ ਵਾਊਚਰ ਰਾਹੀਂ ਸਿੱਧਾ ਯੋਗ ਵਿਦਿਆਰਥੀ ਦੇ ਬੈਂਕ-ਖਾਤੇ 'ਚ ਜਾਵੇਗਾ।"

ਵਿੱਤ ਮੰਤਰੀ ਦੇ ਬਜਟ ਭਾਸ਼ਨ ਤੋਂ ਇਹ ਸਪੱਸ਼ਟ ਹੈ ਕਿ ਭਾਰਤ ਸਰਕਾਰ ਹੁਣ ਮਹਾਰਤ ਵਿਕਾਸ ਨੂੰ ਰਾਸ਼ਟਰ ਦੀ ਤਰੱਕੀ ਦੀ ਇਕ ਅਹਿਮ ਕੜੀ ਵਜੋਂ ਦੇਖ ਰਹੀ ਹੈ। ਵਿੱਤ ਮੰਤਰੀ ਵਲੋਂ ਭਾਵੇਂ ਭਾਰਤ ਵਿਚ ਨਿਰਮਾਣ ਪ੍ਰੋਗਰਾਮ ਨਾਲ ਤਾਲਮੇਲ ਰੱਖ ਕੇ ਚੱਲਣ ਦੀ ਗੱਲ ਕਹੀ ਗਈ ਹੈ ਪਰ ਨਾਲ ਦੀ ਨਾਲ ਭਾਰਤ ਸਰਕਾਰ ਦੇ ਚਾਰ ਹੋਰ ਮੁੱਖ ਪ੍ਰੋਗਰਾਮਾਂ ਡਿਜ਼ਿਟਲ ਇੰਡੀਆ, ਸਮਾਰਟ ਸਿਟੀ, ਸਵੱਛ ਭਾਰਤ ਅਤੇ ਗੰਗਾ ਦੀ ਸਫ਼ਾਈ ਲਈ ਵੀ ਲੱਖਾਂ ਦੀ ਗਿਣਤੀ ਵਿਚ ਕਾਰਜ ਕੁਸ਼ਲ ਵਿਅਕਤੀਆਂ ਦੀ ਲੋੜ ਹੈ।

ਬਜਟ ਵਿਚ ਇਸ ਸਚਾਈ ਨੂੰ ਮੰਨਿਆ ਗਿਆ ਹੈ ਕਿ ਕਾਰਜ ਕੁਸ਼ਲਤਾ ਦੀ ਸਿਖਲਾਈ ਦੇਣ ਵਾਲੇ ਸਿਖਲਾਈ ਪ੍ਰਾਪਤ ਨੌਜਵਾਨਾਂ ਨੂੰ ਹਮੇਸ਼ਾ ਰੁਜ਼ਗਾਰ ਉਪਲਬਧ ਕਰਵਾਉਣ ਦੇ ਸਮਰੱਥ ਨਹੀਂ ਹੁੰਦੇ ਅਤੇ ਇਸ ਗੱਲ ਦੀ ਲੋੜ ਹੈ ਕਿ ਉਹ ਕਿਸੇ ਤਰ੍ਹਾਂ ਆਪ ਉੱਦਮੀ ਬਣ ਜਾਣ। ਇਸ ਲਈ 20 ਹਜ਼ਾਰ ਕਰੋੜ ਰੁਪਏ ਦੇ ਫ਼ੰਡ ਅਤੇ 3 ਹਜ਼ਾਰ ਕਰੋੜ ਰੁਪਏ ਦੇ ਕਰਜ਼ਾ ਜ਼ਾਮਨੀ ਫ਼ੰਡ ਨਾਲ ਮੁਦਰਾ (ਮਾਈਕਰੋ ਯੂਨਿਟਸ ਡਿਵੈਲਪਮੈਂਟ ਰੀਫਾਈਨਾਂਸ ਏਜੰਸੀ) ਕਾਇਮ ਕਰਨ ਦੀ ਤਜਵੀਜ਼ ਨੂੰ ਇਸ ਦਿਸ਼ਾ ਵਿਚ ਇਕ ਉਸਾਰੂ ਕਾਰਵਾਈ ਵਜੋਂ ਦੇਖਿਆ ਜਾ ਰਿਹਾ ਹੈ। ਮੁਦਰਾ ਬੈਂਕ ਅੱਗੋਂ *ਪ੍ਰਧਾਨ ਮੰਤਰੀ ਮੁਦਰਾ ਯੋਜਨਾ* ਰਾਹੀਂ ਮਾਈਕਰੋ ਕਰਜ਼ਾ ਅਦਾਰਿਆਂ ਨੂੰ ਮੁੜ ਕਰਜ਼ਾ ਦੇਵੇਗਾ। ਦੋ ਸਾਲਾਂ ਵਿਚ ਕੁੱਲ ਘਰੇਲੂ ਉਤਪਾਦ ਦੀ 3 ਪ੍ਰਤਿਸ਼ਤ ਦੀ ਮਾਲੀ ਦਰ ਤਾਂ ਹੀ ਹਾਸਿਲ ਕੀਤੀ ਜਾ ਸਕਦੀ ਹੈ ਜੇ ਮਹਾਰਤ ਹਾਸਿਲ ਲੋਕਾਂ ਨੂੰ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਦੇ ਵੇਧੇਰੇ ਮੌਕੇ ਮਿਲਣ। ਨਵੀਨਤਾ ਅਤੇ ਉੱਦਮਸ਼ੀਲਤਾ ਦੇ ਵਾਧੇ ਲਈ ਇਹ ਵੀ ਉਨਾ ਹੀ ਜ਼ਰੂਰੀ ਹੈ ਕਿ ਪੇਂਡੂ ਨੌਜਵਾਨਾਂ ਤਕ ਢੁਕਵੀਂ ਬਾਜ਼ਾਰੀ ਪਹੁੰਚ ਬਣੇ।

ਇਸ ਬਜਟ ਵਿਚ ਸਿੱਖਿਆ ਅਤੇ ਮਹਾਰਤ ਵਿਕਾਸ ਨੂੰ ਵੱਖ-ਵੱਖ ਕਰਕੇ ਨਹੀਂ ਦੇਖਿਆ ਗਿਆ। 5 ਕਿਲੋਮੀਟਰ ਦੇ ਘੇਰੇ ਅੰਦਰ ਹਰ ਬੱਚੇ ਲਈ ਸੀਨੀਅਰ ਸੈਕੰਡਰੀ ਸਕੂਲ ਯਕੀਨੀ ਬਣਾਉਣ ਲਈ ਬਜਟ ਵਿਚ 80 ਹਜ਼ਾਰ ਸੈਕੰਡਰੀ ਸਕੂਲਾਂ ਨੂੰ ਉੱਚ ਦਰਜੇ ਦਾ ਕਰਨ ਅਤੇ 75 ਹਜ਼ਾਰ ਜੂਨੀਅਰ/ਮਿਡਲ ਸਕੂਲਾਂ ਨੂੰ ਵਧਾਉਣ ਜਾਂ ਉੱਚ ਦਰਜੇ ਦਾ ਕਰਨ ਦਾ ਐਲਾਨ ਕੀਤਾ ਗਿਆ ਹੈ। ਸਮੁੱਚੇ ਰੂਪ ਵਿਚ ਵਿੱਦਿਆ ਅਤੇ ਮਹਾਰਤ ਵਿਕਾਸ ਦਾ ਮੰਤਵ ਰੁਜ਼ਗਾਰ ਹਾਸਿਲ ਕਰਨਾ ਹੈ। ਇਸ ਲਈ ਇਹ ਨਹੀਂ ਕਿ ਵਿੱਤ ਮੰਤਰੀ ਨੇ ਕਿੰਨੀ ਰਕਮ ਰਾਖਵੀਂ ਰੱਖੀ ਹੈ ਸਗੋਂ ਇਹ ਵੇਖਿਆ ਜਾਣਾ ਜ਼ਰੂਰੀ ਹੈ ਕਿ ਸਿੱਖਿਆ ਅਤੇ ਮਹਾਰਤ ਵਿਕਾਸ ਕਿਵੇਂ ਅੰਤ ਵਿਚ ਰੁਜ਼ਗਾਰ ਹਾਸਿਲ ਕਰਨ ਦਾ ਵਸੀਲਾ ਬਣਨਗੇ। ਸੋ, ਇਸ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਦੀ ਲੋੜ ਹੈ ਅਤੇ ਇਸ ਨੂੰ ਵੱਖਰੇ ਤਰੀਕੇ ਨਾਲ ਨਜਿੱਠਿਆ ਵੀ ਗਿਆ ਹੈ।

ਰਾਸ਼ਟਰੀ ਮਹਾਰਤ ਵਿਕਾਸ ਨਿਗਮ ਦੇ ਚੇਅਰਮੈਨ ਦਿਲੀਪ ਸ਼ਿਨੋਏ ਨੇ ਇਕ ਅਖ਼ਬਾਰ ਵਿਚ ਦਿਤੇ ਇੰਟਰਵਿਊ ਵਿਚ ਕਿਹਾ, "ਮਹਾਰਤ ਵਿਕਾਸ ਵਿਚ 4 ਤਰ੍ਹਾਂ ਦੀਆਂ ਸਰਗਰਮੀਆਂ ਨੂੰ ਆਰਥਿਕ ਸਹਾਇਤਾ ਦੀ ਲੋੜ ਹੈ। ਪਹਿਲਾ, ਉਹ ਸ਼੍ਰੇਣੀ ਜੋ ਮਹਾਰਤ ਸਿਖਲਾਈ ਲਈ ਪੈਸਾ ਖਰਚ ਕਰਨ ਦੇ ਸਮਰੱਥ ਨਹੀਂ। ਜਿਨ੍ਹਾਂ ਲਈ ਗਰਾਂਟ ਆਧਾਰਿਤ ਸਕੀਮਾਂ ਸ਼ੁਰੂ ਕੀਤੀਆਂ ਅਤੇ ਜਾਰੀ ਰੱਖੀਆਂ ਜਾਣੀਆਂ ਚਾਹੀਦੀਆਂ ਹਨ। ਦੂਜਾ ਹੈ, ਪ੍ਰਚਾਰ ਤਸਦੀਕੀਕਰਨ ਅਤੇ ਜਾਇਜ਼ਿਆਂ ਜਿਵੇਂ ਮਹਾਰਤ ਵਿਕਾਸ ਤੱਤਾਂ ਨੂੰ ਅੱਗੇ ਵਧਾਉਣ ਅਤੇ ਮਕਬੂਲ ਕਰਨਾ। ਤੀਜਾ, ਮਹਾਰਤ ਵਿਕਾਸ ਦੇ ਲਗਾਤਾਰ ਕਾਰਗਰ ਰੂਪ ਵਿਚ ਚੱਲਦੇ ਰਹਿ ਸਕਣ ਵਾਲੇ ਮਾਡਲ ਤਿਆਰ ਕਰਨ ਲਈ ਮੁੱਢਲੀ ਮਦਦ ਅਤੇ ਚੌਥਾ, ਸਿਖਾਂਦਰੂਆਂ ਨੂੰ

ਮਹਾਰਤ ਕਰਜ਼ੇ ਉਪਲਬਧ ਕਰਵਾਉਣ ਲਈ ਫ਼ੰਡ ਕਾਇਮ ਕੀਤਾ ਜਾਣਾ ਹੈ।

## ਭਾਰਤ ਵਿਚ ਮਹਾਰਤ ਵਿਕਾਸ ਪ੍ਰੋਗਰਾਮ ਵਿਚ ਢਾਂਚਾਗਤ ਬਦਲਾਅ

ਭਾਰਤ ਵਿਚ ਮਹਾਰਤ ਵਿਕਾਸ ਪ੍ਰੋਗਰਾਮ ਦਾ ਹੁਣ ਤਕ ਦਾ ਅਨੁਭਵ ਦੱਸਦਾ ਹੈ ਕਿ ਇਹ ਗੱਲ ਵਧੇਰੇ ਮਹੱਤਵਪੂਰਨ ਨਹੀਂ ਹੈ ਕਿ ਪ੍ਰੋਗਰਾਮ ਵਿਚ ਕਿੰਨੀ ਵੱਧ ਰਕਮ ਲਗਾਈ ਜਾ ਰਹੀ ਹੈ ਸਗੋਂ ਮਹੱਤਵਪੂਰਨ ਗੱਲ ਇਹ ਹੈ ਕਿ ਮਹਾਰਤ ਵਿਕਾਸ ਪ੍ਰੋਗਰਾਮ ਵਿਚ ਉਸ ਰਕਮ ਨੂੰ ਕਿੰਨੇ ਅਸਰਦਾਰ ਢੰਗ ਨਾਲ ਵਰਤਿਆ ਜਾ ਰਿਹਾ ਹੈ। ਇਸ ਤੋਂ ਸਬਕ ਲੈਂਦਿਆਂ ਤੇ ਸੁਆਗਤੀ ਕਾਰਵਾਈ ਕਰਦਿਆਂ ਸਰਕਾਰ ਨੇ ਸਾਰੀਆਂ ਕੋਸ਼ਿਸ਼ਾਂ ਵਿਚ ਤਾਲਮੇਲ ਬਿਠਾਉਣ ਲਈ ਮਹਾਰਤ ਵਿਕਾਸ ਅਤੇ ਉੱਦਮਸ਼ੀਲਤਾ ਮੰਤਰਾਲਾ ਹੀ ਬਣਾ ਦਿਤਾ ਹੈ।

ਕੈਬਨਿਟ ਸਕੱਤਰੇਤ ਦੀ ਇਕ ਨੋਟੀਫਿਕੇਸ਼ਨ ਮੁਤਾਬਿਕ ਮਹਾਰਤ ਵਿਕਾਸ ਅਤੇ ਉੱਦਮਸ਼ੀਲਤਾ ਬਾਰੇ ਮੰਤਰਾਲਾ ਨੂੰ ਇਹ ਜ਼ਿੰਮੇਵਾਰੀ ਦਿਤੀ ਗਈ ਹੈ ਕਿ ਉਹ ਮਹਾਰਤ ਵਿਕਾਸ ਲਈ ਢੁਕਵੀਂ ਰੂਪਰੇਖਾ ਦੀ ਯੋਜਨਾਬੰਦੀ ਕਰੇ, ਸਿਖਲਾਈ ਹਾਸਿਲ ਕਿਰਤ ਸ਼ਕਤੀ, ਤਕਨੀਕੀ ਸਿਖਲਾਈ, ਕਿੱਤਾਮੁਖੀ ਸਿਖਲਾਈ ਅਤੇ ਨਵੇਂ ਮਹਾਰਤ ਵਿਕਾਸ ਦੇ ਪੂਰਤੀ ਅਤੇ ਮੰਗ ਵਿਚਲੇ ਖੱਪੇ ਨੂੰ ਘਟਾਏ ਅਤੇ ਮੌਜੂਦਾ ਮਹਾਰਤ ਵਿਕਾਸ ਪ੍ਰੋਗਰਾਮ ਦਾ ਜਾਇਜ਼ਾ ਲਵੇ ਅਤੇ ਤਸਦੀਕੀਕਰਨ ਦਾ ਕੰਮ ਕਰੇ।

ਪਹਿਲਾਂ ਵੱਖ-ਵੱਖ 20 ਮੰਤਰਾਲਿਆਂ ਹੇਠ 60 ਵੱਖੋ-ਵੱਖਰੇ ਪ੍ਰੋਗਰਾਮ ਚਲਾਏ ਜਾ ਰਹੇ ਸਨ, ਹੁਣ ਇਹ ਸਾਰੇ ਪ੍ਰੋਗਰਾਮ ਮਹਾਰਤ ਵਿਕਾਸ ਮੰਤਰਾਲਾ ਹੇਠ ਆ ਜਾਣਗੇ। ਰਾਸ਼ਟਰੀ ਮਹਾਰਤ ਵਿਕਾਸ ਨਿਗਮ ਅਤੇ ਰਾਸ਼ਟਰੀ ਮਹਾਰਤ ਵਿਕਾਸ ਏਜੰਸੀ ਵਿੱਤ ਮੰਤਰਾਲਾ ਅਤੇ ਰੁਜ਼ਗਾਰ ਅਤੇ ਸਿਖਲਾਈ ਡਾਇਰੈਕਟੋਰੇਟ ਹੇਠ ਕੰਮ ਕਰ ਰਹੀਆਂ ਸਨ ਜੋ ਕਿ ਉਦਯੋਗਿਕ ਸਿਖਲਾਈ ਅਦਾਰੇ (ਆਈ ਆਈ ਟੀ) ਚਲਾਉਂਦੀ ਹੈ ਜਦ ਕਿ ਹੋਰ ਕਿੱਤਾ ਮੁਖੀ ਪ੍ਰੋਗਰਾਮ ਕਿਰਤ ਮੰਤਰਾਲਾ ਹੇਠ ਆਉਂਦੇ ਸਨ। ਹੁਣ ਇਹ ਵੀ ਮਹਾਰਤ ਵਿਕਾਸ ਮੰਤਰਾਲਾ ਹੇਠ ਹੀ ਕੰਮ ਕਰਨਗੇ। ਇੰਞ ਹੀ, ਮਨੁੱਖੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰਾਲਾ ਦੀ ਤਕਨੀਕੀ ਸਿੱਖਿਆ ਇਕਾਈ, ਰਾਸ਼ਟਰੀ, ਦਿਹਾਤੀ ਉਪ-ਜੀਵਿਕਾ ਮਿਸ਼ਨ ਅਤੇ ਆਜੀਵਿਕਾ ਪ੍ਰੋਗਰਾਮ ਵੀ ਮਹਾਰਤ ਵਿਕਾਸ ਮੰਤਰਾਲਾ ਦਾ ਹਿੱਸਾ ਹੋਣਗੇ। ਇਸ ਨਾਲ ਇਹ ਯਕੀਨੀ ਹੋ ਜਾਵੇਗਾ ਕਿ ਕਾਰਜ ਵਿਚ ਦੁਹਰਾਅ ਨਾ ਹੋਵੇ ਅਤੇ ਪ੍ਰੋਗਰਾਮਾਂ ਦੀ ਨਿਗਰਾਨੀ ਅਤੇ ਜਾਇਜ਼ਾ ਲੈਣਾ ਪਹਿਲਾਂ ਨਾਲੋਂ ਸੌਖਾ ਹੋਵੇਗਾ।

## ਭਾਰਤ ਵਿਚ ਮਹਾਰਤ ਵਿਕਾਸ ਪ੍ਰੋਗਰਾਮ ਦੀ ਸਥਿਤੀ

ਰਾਸ਼ਟਰੀ ਮਹਾਰਤ ਵਿਕਾਸ ਨਿਗਮ ਨੇ 159 ਸਿਖਲਾਈ ਭਾਈਵਾਲਾਂ ਦੀ ਮਦਦ ਨਾਲ 27 ਰਾਜਾਂ ਦੇ 356 ਜ਼ਿਲ੍ਹਿਆਂ ਅਤੇ ਪੰਜ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿਚ 1408 ਕੇਂਦਰ ਕਾਇਮ ਕਰਦਿਆਂ 82 ਮਿਲੀਅਨ ਨੂੰ ਸਿਖਲਾਈ ਦੇਣ ਦੀ ਸਮਰੱਥਾ ਵਿਕਸਤ ਕੀਤੀ ਹੈ। ਪੇਂਡੂ ਵਿਕਾਸ ਬਾਰੇ ਵਿਕਾਸ ਦੇ 556 ਜ਼ਿਲ੍ਹਿਆਂ ਵਿਚ ਫ਼ੈਲੇ 577 ਸਰਗਰਮ ਪੇਂਡੂ ਸਵੈ-ਰੁਜ਼ਗਾਰ ਸਿਖਲਾਈ ਅਦਾਰੇ ਹਨ। ਕੱਪੜਾ ਮੰਤਰਾਲਾ ਸੰਗਠਿਤ ਮਹਾਰਤ ਵਿਕਾਸ ਸਕੀਮਾਂ ਲਾਗੂ ਕਰ ਰਿਹਾ ਹੈ ਜਿਥੇ ਸਕੀਮ ਲਾਗੂ ਕਰਨ ਵਾਲੀਆਂ ਏਜੰਸੀਆਂ ਪੂਰੇ ਭਾਰਤ ਵਿਚ ਸਿਖਲਾਈ ਕੇਂਦਰ ਚਲਾ ਰਹੀਆਂ ਹਨ। ਬਹੁਤ ਛੋਟੀਆਂ-ਛੋਟੀਆਂ ਅਤੇ ਦਰਮਿਆਨੀਆਂ ਸੱਨਅਤਾਂ ਬਾਰੇ ਮੰਤਰਾਲਾ ਦੇ ਮੌਜੂਦਾ ਸਮੇਂ ਵਿਚ 18 ਤਕਨਾਲੋਜੀ ਕੇਂਦਰ ਹਨ ਜਦ ਕਿ 15 ਹੋਰ ਛੇਤੀ ਹੀ ਕਾਇਮ ਕੀਤੇ ਜਾਣ ਦੀ ਯੋਜਨਾ ਹੈ। ਇਸ ਤੋਂ ਇਲਾਵਾ, ਕਿੱਤਾਮੁਖੀ ਸਿਖਲਾਈ ਬਾਰੇ ਰਾਸ਼ਟਰੀ ਪਰਿਸ਼ਦ ਦੀ ਪ੍ਰਵਾਨਗੀ ਹਾਸਲ 11964 ਉਦਯੋਗਿਕ ਸਿਖਲਾਈ ਅਦਾਰੇ (2284 ਸਰਕਾਰੀ ਅਤੇ 9680 ਨਿੱਜੀ) ਦੇਸ਼ ਵਿਚ ਮੌਜੂਦ ਹਨ।

ਦੇਸ਼ ਸਾਹਮਣੇ ਵੱਡੀਆਂ ਚੋਣੌਤੀਆਂ ਵਿਚੋਂ ਇਕ ਮਹਾਰਤ ਦੀ ਅਣਹੋਂਦ ਨਹੀਂ ਸਗੋਂ ਕਿਰਤ-ਸ਼ਕਤੀ ਨੂੰ ਸਿਖਲਾਈ ਦੇਣ ਅਤੇ ਤਸਦੀਕ ਕਰਨ ਲਈ ਢੁਕਵੇਂ ਸਿਲਸਿਲੇ ਦੀ ਘਾਟ ਹੈ। ਮਹਾਰਤ ਹਾਸਿਲ ਕਿਰਤ-ਸ਼ਕਤੀ ਕਾਇਮ ਕਰਨ ਲਈ ਇਕ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਵਾਨਿਤ ਸਿਖਲਾਈ ਅਤੇ ਤਸਦੀਕੀਕਰਨ ਸਿਲਸਿਲਾ ਵਿਕਸਤ ਕੀਤੇ ਜਾਣ ਦੀ ਲੋੜ ਹੈ। ਮਨੁੱਖੀ ਵਸੀਲਿਆਂ ਦੀ ਸਿਖਲਾਈ ਲਈ ਠੋਸ ਸਿਲੇਬਸ ਤਿਆਰ ਕੀਤੇ ਜਾਣ ਦੀ ਲੋੜ ਹੈ। ਇਸ ਤੋਂ ਇਲਾਵਾ, ਮਹਾਰਤ ਹਾਸਿਲ ਲੋਕਾਂ ਨੂੰ ਸਾਨੂੰ ਇਹ ਭਰੋਸਾ ਦੇਣ ਦੇ ਸਮਰੱਥ ਹੋਣਾ ਚਾਹੀਦਾ ਹੈ ਕਿ ਉਹ ਰੁਜ਼ਗਾਰ ਹਾਸਿਲ ਕਰ ਸਕਣਗੇ। ਕੁੱਲ ਕਿਰਤ ਸ਼ਕਤੀ ਵਿਚ ਮਹਾਰਤ ਹਾਸਿਲ ਲੋਕਾਂ ਦੇ ਪ੍ਰਤਿਸ਼ਤ ਨੂੰ ਦੇਖੀਏ ਤਾਂ ਬ੍ਰਤਾਨੀਆ ਵਿਚ ਇਹ 70 ਪ੍ਰਤਿਸ਼ਤ, ਜਰਮਨੀ ਵਿਚ 75 ਪ੍ਰਤਿਸ਼ਤ, ਜਾਪਾਨ ਵਿਚ 80 ਪ੍ਰਤਿਸ਼ਤ ਅਤੇ ਦੱਖਣੀ ਕੋਰੀਆ ਵਿਚ 96 ਪ੍ਰਤਿਸ਼ਤ ਹੈ ਜਦ ਕਿ ਭਾਰਤ ਵਿਚ ਇਹ ਸਿਰਫ਼ 2 ਪ੍ਰਤਿਸ਼ਤ ਹੈ। ਮਹਾਰਤ ਵਿਕਾਸ ਅਤੇ ਉੱਦਮਸ਼ੀਲਤਾ ਬਾਰੇ ਮੰਤਰੀ ਸ੍ਰੀ ਰਾਜੀਵ ਪ੍ਰਤਾਪ ਰੂਡੀ ਨੇ ਪਹਿਲਾਂ ਸਵਾਲਾਂ ਦੇ ਸਮੇਂ ਲੋਕ ਸਭਾ ਨੂੰ ਦੱਸਿਆ ਕਿ ਸਿਖਲਾਈ ਕੇਂਦਰ ਅਤੇ ਸਿਖਲਾਈ ਮੋਡਊਲਸ ਕਾਇਮ ਕਰਨ ਲਈ ਢੰਗ ਤਰੀਕਿਆਂ ਉਪਰ ਕੰਮ ਜਾਰੀ ਹੈ। ਉਨ੍ਹਾਂ ਕਿਹਾ ਕਿ ਇਹ ਢੰਗ ਤਰੀਕੇ ਜਾਂ ਕਾਰਜ-ਪ੍ਰਣਾਲੀ ਖੱਪਿਆਂ ਦਾ ਜਾਇਜ਼ਾ ਲੈਣ ਅਤੇ ਸਹੂਲਤਾਂ ਅਤੇ ਮਾਲੀ ਪ੍ਰਬੰਧਾਂ ਨੂੰ ਮੱਦੇ ਨਜ਼ਰ ਰੱਖਦਿਆਂ ਹੀ ਤਿਆਰ ਕੀਤੀ ਜਾ ਸਕੇਗੀ।

## ਬੌਧਿਕਤਾ ਅਤੇ ਮਹਾਰਤ

ਭਾਰਤ ਹੁਣ ਤਕ ਗਿਆਨ ਅਤੇ ਬੌਧਿਕਤਾ ਨੂੰ ਉੱਚਾ ਮੰਨਣ ਵਾਲਾ ਦੇਸ਼ ਰਿਹਾ ਹੈ। ਕਾਰਜ-ਕੁਸ਼ਲਤਾ ਨੂੰ ਓਨੀ ਮਾਨਤੀ ਨਹੀਂ ਦਿਤੀ ਗਈ ਜਿਵੇਂ ਕਿ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਇਕ ਸਦੀ ਪਹਿਲਾਂ ਕਿਹਾ ਸੀ, ਭਾਰਤੀ ਸਿੱਖਿਆ ਪ੍ਰਣਾਲੀ ਨੂੰ ਕਿਤਾਬੀ ਗਿਆਨ ਤੋਂ ਮੁਕਤ ਕਰਨ ਦੀ ਲੋੜ ਹੈ। ਗਾਂਧੀ ਨੇ ਲੋਕਾਂ ਨੂੰ ਆਪਣਾ ਕੰਮ ਖੁਦ ਕਰਨ ਤੇ ਆਪਣੇ ਲਈ ਕਮਾਉਣ ਦੀ ਗੱਲ ਕਹੀ ਸੀ। ਇਸ ਉਦੇਸ਼ ਦੀ ਪੂਰਤੀ ਲਈ ਹਰ ਵਿਅਕਤੀ ਦਾ ਕਾਰਜਕੁਸ਼ਲ ਹੋਣਾ ਜ਼ਰੂਰੀ ਹੈ।

ਚੀਨ ਆਪਣੇ ਦਸਵੀਂ ਦੇ ਵਿਦਿਆਰਥੀਆਂ ਨੂੰ ਰਸਮੀ ਮਹਾਰਤ ਸਿਖਲਾਈ ਪ੍ਰੋਗਰਾਮ ਵਿਚ ਸ਼ਾਮਿਲ ਕਰਕੇ ਨਿਰਮਾਣ ਖੇਤਰ ਵਿਚ ਮਿਸਾਲੀ ਪੱਧਰ ਹਾਸਿਲ ਕਰ ਸਕਿਆ ਹੈ। ਜਿਸ ਦੇ ਮੁਕਾਬਲੇ ਭਾਰਤ ਵਿਚ ਜੋ ਵਿਦਿਆਰਥੀ ਤਕਨੀਕੀ ਸਿੱਖਿਆ ਦਾ ਵਿਕਲਪ ਨਹੀਂ ਚੁਣਦੇ ਉਨ੍ਹਾਂ ਕੋਲ ਸਰਕਾਰ ਦੁਆਰਾ ਚਲਾਏ ਜਾਂਦੇ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਜਾਣ ਤੋਂ ਇਲਾਵਾ ਕੋਈ ਵੱਡਾ ਵਿਕਲਪ ਨਹੀਂ ਬਚਦਾ ਜੋ ਕਿ ਮਾੜੇ ਪ੍ਰਬੰਧਨ ਦੀਆਂ ਸ਼ਿਕਾਰ ਅਤੇ ਵੇਲਾ ਵਿਹਾ ਚੁੱਕੀਆਂ ਹਨ। ਉਦਾਹਰਣ ਦੇ ਤੌਰ ਤੇ ਆਈ ਟੀ ਆਈ ਦੇ ਕਾਰ ਮਕੈਨਿਕ ਦੇ ਸਿਲੇਬਸ ਵਿਚ ਚੋਖੀ ਸਿਖਲਾਈ ਕਾਰਬੁਰੇਟਰ ਬਾਰੇ ਦਿਤੀ ਜਾਂਦੀ ਹੈ ਜਿਸ ਨੂੰ ਕਿ 1990ਵਿਆਂ ਵਿਚ ਹੀ ਕਾਰਾਂ ਵਿਚੋਂ ਹਟਾ ਦਿਤਾ ਗਿਆ ਸੀ।

## ਗੁਣਵੱਤਾ ਤੇ ਗਿਣਤੀ

ਕਾਰਜ ਕੁਸ਼ਲ ਕਿਰਤ ਸ਼ਕਤੀ ਦੇ ਗਿਣਾਤਮਕ ਪੱਖ ਉਪਰ ਧਿਆਨ ਕੇਂਦਰਿਤ ਕਰਨ ਦੇ ਨਾਲ-

ਨਾਲ ਨੀਤੀ ਨਿਰਧਾਰਕਾਂ ਨੂੰ ਮਹਾਰਤ ਪ੍ਰੋਗਰਾਮ ਦੇ ਗੁਣਾਤਮਕ ਪੱਖ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਭਾਰਤ ਨੂੰ ਮਹਾਰਤ ਸਿਖਲਾਈ ਦੇ ਟੀਚਿਆਂ ਦੇ ਅੰਕੜਿਆਂ ਨੂੰ ਛੱਡ ਕੇ ਆਈ ਟੀ ਆਈ ਮਿਆਰ ਨੂੰ ਉੱਪਰ ਚੁੱਕਣਾ ਅਤੇ ਸਿਖਲਾਈ ਪ੍ਰੋਗਰਾਮਾਂ ਵਿਚ ਸੁਧਾਰ ਲਈ ਨਿੱਜੀ ਖੇਤਰ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ।

ਯਕੀਨੀ ਤੌਰ ਤੇ ਬਾਕੀਆਂ ਵਾਂਗ ਭਾਰਤੀ ਨੌਜਵਾਨ ਵੀ ਜਨਮ ਤੋਂ ਹੀ ਰੁਜ਼ਗਾਰ ਯੋਗਤਾ ਨਾਲ ਭਰਪੂਰ ਨਹੀਂ ਹੈ। ਉਸ ਨੂੰ ਯਕੀਨਨ ਕਾਰਜ ਕੁਸ਼ਲ ਹੋਣ ਦੀ ਲੋੜ ਹੈ। ਸਤੰਬਰ 2012 ਵਿਚ ਫਿੱਕੀ ਦੀ ਅਨੁਮਾਨਾਂ ਬਾਰੇ ਅਰਨੈਸਟ ਅਤੇ ਯੰਗ ਦੀ ਰਿਪੋਰਟ ਵਿਚ ਕਿਹਾ ਗਿਆ ਕਿ ਭਾਰਤ ਦੀ ਕਿਰਤ ਸ਼ਕਤੀ ਦਾ 20 ਪ੍ਰਤਿਸ਼ਤ ਹਿੱਸਾ ਹੀ ਕਿਸੇ ਤਰ੍ਹਾਂ ਦੀ ਸਿਖਲਾਈ ਹਾਸਿਲ ਕਰਦਾ ਹੈ ਅਤੇ ਬਾਕੀ ਦੇ 80 ਪ੍ਰਤਿਸ਼ਤ ਬਿਨਾਂ ਸਿਖਲਾਈ ਦੇ ਹੀ ਚਲਦੇ ਰਹਿੰਦੇ ਹਨ। ਸਿਖਲਾਈ ਹਾਸਿਲ ਵਿਅਕਤੀਆਂ ਵਿਚੋਂ ਕਈ ਪ੍ਰਮਾਣ ਪੱਤਰ ਹੋਣ ਦੇ ਬਾਵਜੂਦ ਰੁਜ਼ਗਾਰ ਹਾਸਿਲ ਕਰਨ ਦੇ ਸਮਰੱਥ ਨਹੀਂ ਹੁੰਦੇ। 2012 ਵਿਚ ਭਾਰਤ ਵਿਚ ਨੌਕਰੀਆਂ ਭਰਨ ਵਿਚ ਦਰਪੇਸ਼ ਮੁਸ਼ਕਿਲਾਂ ਦੀ ਦਰ 48 ਪ੍ਰਤਿਸ਼ਤ ਸੀ ਜਦ ਕਿ ਅੰਤਰਰਾਸ਼ਟਰੀ ਮਾਨਕ 34 ਪ੍ਰਤਿਸ਼ਤ ਸੀ। ਸਿਖਲਾਈ ਪ੍ਰਾਪਤ ਵਿਅਕਤੀਆਂ ਵਿਚੋਂ ਕਾਫੀ ਨੌਕਰੀ ਲੱਭਣ ਵਿਚ ਅਸਫਲ ਰਹਿੰਦੇ ਹਨ ਜਾਂ ਘੱਟ ਤਨਖ਼ਾਹਾਂ, ਮਾੜੀਆਂ ਕੰਮਕਾਜੀ ਸਥਿਤੀਆਂ, ਘਰ ਨੇੜੇ ਨੌਕਰੀ ਨਾ ਮਿਲਣ ਤੇ ਉਪਲਬਧ ਨੌਕਰੀਆਂ ਦੀ ਸਮਾਜ ਵਿਚ ਮਾੜੀ ਸਥਿਤੀ ਕਾਰਨ ਨੌਕਰੀ ਛੱਡ ਜਾਂਦੇ ਹਨ।

## ਨਵੀਂ ਰਾਸ਼ਟਰੀ ਮਹਾਰਤ ਵਿਕਾਸ ਨੀਤੀ

ਕੇਂਦਰੀ ਸਰਕਾਰ ਨਵੀਂ ਰਾਸ਼ਟਰੀ ਮਹਾਰਤ ਵਿਕਾਸ ਨੀਤੀ 'ਤੇ ਕੰਮ ਕਰ ਰਹੀ ਹੈ। ਕਾਰਜ–ਕੁਸ਼ਲ ਕਿਰਤ ਸ਼ਕਤੀ ਦੇ ਮੌਜੂਦਾ 30 ਕਰੋੜ ਦੇ ਖੱਪੇ ਨੂੰ ਭਰਨ ਦੀ ਆਸ ਨਾਲ ਨਵੀਂ ਰਾਸ਼ਟਰੀ ਮਹਾਰਤ ਵਿਕਾਸ ਨੀਤੀ 2020 ਤਕ ਹਰ ਚੌਥੇ ਭਾਰਤੀ ਨੂੰ ਕਾਰਜ ਕੁਸ਼ਲ ਬਣਾਉਣ ਦਾ ਉਦੇਸ਼ ਰੱਖਦੀ ਹੈ। ਉੱਚ ਵਿਕਾਸ ਵਾਲੇ 10 ਚੋਟੀ ਦੇ ਉਦਯੋਗ ਜਿਵੇਂ ਪ੍ਰਚੂਨ, ਆਟੋ ਉਦਯੋਗ, ਮਕਾਨ ਉਸਾਰੀ ਅਤੇ ਸੂਚਨਾ ਤਕਨਾਲੋਜੀ ਆਦਿ ਨੂੰ ਮੌਜੂਦਾ ਗਿਣਤੀ ਸਮੇਤ 2022 ਤਕ ਲਗਭਗ 245 ਮਿਲੀਅਨ ਲੋਕਾਂ ਦੀ ਲੋੜ ਹੋਵੇਗੀ ਬਸ਼ਰਤੇ ਕਿ ਭਾਰਤ ਕੁੱਲ ਘਰੇਲੂ ਉਤਪਾਦ ਦੀ ਸਾਲਾਨਾ ਵਿਕਾਸ ਦਰ ਨੂੰ ਔਸਤਨ 8 ਪ੍ਰਤਿਸ਼ਤ ਦੇ ਨੇੜੇ-ਤੇੜੇ ਰੱਖ ਸਕੇ। ਆਰਥਿਕ ਵਿਕਾਸ ਦੇ ਮੁੱਖ ਕਾਰਕ, ਕੁੱਲ ਘਰੇਲੂ ਉਤਪਾਦ ਵਿਚ ਨਿਰਮਾਣ ਖੇਤਰ ਦੇ ਹਿੱਸੇ ਨੂੰ 25 ਪ੍ਰਤਿਸ਼ਤ ਤਕ ਵਧਾਉਣ ਨਾਲ, ਵਧੇਰੇ ਰੁਜ਼ਗਾਰ ਦੇ ਮੌਕੇ ਪੈਦਾ ਕਰਨਗੇ। ਟੀਮ-ਲੀਸ ਦੇ ਮਨੀਸ਼ ਸਭਰਵਾਲ ਨੇ ਇਕ ਇੰਟਰਵਿਊ ਵਿਚ ਕਿਹਾ ਹੈ, ''ਲਾਗਤ, ਮਿਆਰ ਤੇ ਪੱਧਰ ਦੀ ਅਸੰਭਵ ਤਿੱਕੜੀ ਨੂੰ ਹਾਸਿਲ ਕਰਨ ਲਈ ਭਾਰਤ ਨੂੰ ਕੇਂਦਰ ਅਤੇ ਰਾਜਾਂ, ਡਿਲਿਵਰੀ ਅਤੇ ਮਾਲੀ ਮਦਦ ਅਤੇ ਦੋ ਮਨੁੱਖੀ ਸਰਮਾਇਆ ਮੰਤਰਾਲੇ ਅਤੇ ਬਾਕੀ ਮੰਤਰਾਲਿਆਂ ਦਰਮਿਆਨ ਦੁਵੱਲੀਆਂ ਰੁਕਾਵਟਾਂ ਦੂਰ ਕਰਨੀਆਂ ਹੋਣਗੀਆਂ।" ਸਭਰਵਾਲ ਦਾ ਵਿਸ਼ਵਾਸ ਹੈ ਕਿ ਜਦ ਤਕ ਵਿਧਾਨ ਪਾਲਿਕਾ ਅਤੇ ਕਾਰਜ ਪਾਲਿਕਾ ਵਲੋਂ ਇਨ੍ਹਾਂ ਤਿੰਨਾਂ ਔਕੜਾਂ ਦਾ ਹੱਲ ਨਹੀਂ ਲੱਭ ਲਿਆ ਜਾਂਦਾ, ਭਾਰਤ ਇਸ ਖੇਤਰ ਵਿਚ ਸਹੀ ਅਰਥਾਂ ਵਿਚ ਲਾਹਾ ਨਹੀਂ ਲੈ ਸਕੇਗਾ। ਅਸੀਂ ਆਸ ਕਰਦੇ ਹਾਂ ਕਿ ਨਵੀਂ ਰਾਸ਼ਟਰੀ ਮਹਾਰਤ ਵਿਕਾਸ ਨੀਤੀ ਤੋਂ ਬਾਅਦ ਅਸੀਂ ਮਹਾਰਤ ਵਿਕਾਸ ਨਾਲ ਜੁੜੀਆਂ ਸਮੱਸਿਆਵਾਂ ਦੇ ਅਮਲੀ ਹੱਲ ਲੱਭ ਸਕਾਂਗੇ।

ਸਰਕਾਰ ਵਲੋਂ ਤੈਅ ਕੀਤੇ ਉੱਚ ਟੀਚਿਆਂ ਨੂੰ ਅਹਿਸਾਸਮੰਦੀ ਨਾਲ ਲਾਗੂ ਕੀਤੇ ਜਾਣ ਨਾਲ ਬੁਨਿਆਦੀ ਢਾਂਚੇ, ਸਿਹਤ-ਸੰਭਾਲ ਅਤੇ ਨਿਰਮਾਣ ਵਰਗੇ ਮਹੱਤਵਪੂਰਨ ਖੇਤਰਾਂ ਵਿਚ ਖੱਪਿਆਂ ਨੂੰ ਦੂਰ ਕਰਨ ਵਿਚ ਮਦਦ ਮਿਲੇਗੀ। *ਐਸੋਚੈਮ* ਨੇ ਰਾਸ਼ਟਰੀ ਮਹਾਰਤ ਵਿਕਾਸ ਪ੍ਰੋਗਰਾਮ 2015 ਦਾ ਸਫਲਤਾ ਪੂਰਬਕ ਲਾਗੂ ਕੀਤੇ ਜਾਣਾ ਯਕੀਨੀ ਬਣਾਉਣ ਲਈ ਅੱਗੇ ਲਿਖੇ ਮੁੱਖ ਮੁੱਦਿਆਂ ਦੇ ਹੱਲ ਦੀ ਗੱਲ ਕਹੀ ਹੈ ਜੋ ਕਿ ਮੌਜੂਦਾ ਨੀਤੀ ਦੇ ਅਦਾਰਾਗਤ ਢਾਂਚਾ — ਗੁੰਝਲਦਾਰ ਢਾਂਚਿਆਂ ਨੂੰ ਸੁਆਰਨਾ ਅਤੇ ਸਿਖਲਾਈ ਹਾਸਿਲ ਕਿਰਤੀਆਂ ਦੀ ਘਾਟ ਨੂੰ ਦੂਰ ਕਰਨਾ ਹੈ ਅਤੇ ਚੈਂਬਰ ਵਲੋਂ ਨਿੱਜੀ ਖੇਤਰ ਦੀ ਸਹਾਇਤਾ ਨਾਲ ਮਹਾਰਤ ਵਿਕਾਸ ਅਤੇ ਸਿਖਲਾਈ ਢਾਂਚੇ ਨੂੰ ਮਜ਼ਬੂਤ ਕਰਨ ਲਈ ਤੁਰੰਤ ਉਪਾਵਾਂ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਇਹ ਵੀ ਕਿਹਾ ਗਿਆ ਹੈ ਕਿ ਕਿੱਤਾ ਮੁਖੀ ਸਿਖਲਾਈ ਦੀ ਘਾਟ ਵਾਲੀ ਹੈ ਕਿਉਂਕਿ ਮੌਜੂਦਾ ਮਹਾਰਤ ਵਿਕਾਸ ਨੀਤੀ ਕੱਚੇ ਕਾਮਿਆਂ ਨੂੰ ਕਿੱਤਾ ਮੁਖੀ ਸਿਖਲਾਈ ਦੇਣ 'ਤੇ ਧਿਆਨ ਕੇਂਦਰਿਤ ਨਹੀਂ ਕਰਦੀ ਜਿਸ ਨਾਲ ਮਹਾਰਤ ਹਾਸਿਲ ਕਿਰਤੀਆਂ ਦੀ ਕਮੀ ਹੋ ਜਾਂਦੀ ਹੈ। 90 ਪ੍ਰਤਿਸ਼ਤ ਤੋਂ ਵੱਧ ਕਿਰਤ ਸ਼ਕਤੀ ਦੇ ਆਰਜ਼ੀ ਹੋਣ ਕਾਰਨ ਸਰਕਾਰ ਵਲੋਂ ਇਸ ਸ਼੍ਰੇਣੀ ਨੂੰ ਨੇਮਬੰਦੀ ਨਾਲ ਕਿੱਤਾਮੁਖੀ ਸਿਖਲਾਈ ਦੇਣੀ ਲਾਜ਼ਮੀ ਹੋ ਜਾਂਦੀ ਹੈ। *ਐਸੋਚੈਮ* ਨੂੰ ਵਿਸ਼ਵਾਸ ਹੈ ਕਿ ਲਾਗੂ ਕੀਤੀ ਜਾਣ ਵਾਲੀ ਇਹ ਨੀਤੀ ਸਫਲ ਰਹੇਗੀ ਅਤੇ ਇਹ ਨਾ ਸਿਰਫ਼ ਭਾਰਤ ਵਿਚ ਮਹਾਰਤ ਹਾਸਿਲ ਕਿਰਤ ਸ਼ਕਤੀ ਨੂੰ ਮਜ਼ਬੂਤੀ ਦੇਵੇਗੀ ਸਗੋਂ ਨਾਲ ਦੀ ਨਾਲ ਮੁਲਾਜ਼ਮ ਉਤਪਾਦਿਕਤਾ ਵੀ ਵਧਾਵੇਗੀ ਜਿਸ ਨਾਲ ਸਰਕਾਰ ਦੀ 'ਭਾਰਤ ਵਿਚ ਨਿਰਮਾਣ' ਪਹਿਲਕਦਮੀ ਨੂੰ ਵੀ ਹੁਲਾਰਾ ਮਿਲੇਗਾ।

## ਮਹਾਰਤ ਵਿਕਾਸ, ਸਿੱਖਿਆ ਤੇ ਉਦਯੋਗ

ਮਹਾਰਤ ਵਿਕਾਸ ਨੂੰ ਸਰਲ-ਸਹਿਜ ਬਣਾਉਣ ਬਾਰੇ ਪ੍ਰੋਗਰਾਮ ਅਤੇ ਭਾਰਤ ਦੇ ਸਿੱਖਿਆ ਖੇਤਰ ਵਲ, ਅੰਤਰਰਾਸ਼ਟਰੀ ਪੱਧਰ 'ਤੇ ਸਿੱਖਿਆ ਅਤੇ ਕਿੱਤਾ ਮੁਖੀ ਸਿਖਲਾਈ ਦੇ ਸਰਬਸ੍ਰੇਸ਼ਟ ਵਰਤਾਰਿਆਂ ਨੂੰ ਸਾਹਮਣੇ ਰਖਦਿਆਂ ਧਿਆਨ ਦੇਣ ਦੀ ਲੋੜ ਹੈ। ਪੂਰੀ ਦੁਨੀਆਂ ਦੇ ਦੇਸ਼ਾਂ ਨੇ ਸਿੱਖਿਆ ਅਤੇ ਮਹਾਰਤ ਵਿਕਾਸ ਦੇ ਅਸਲ ਮੂਲ ਦੀ ਸ਼ਨਾਖਤ ਕੀਤੀ ਹੈ ਜੋ ਕਿ ਉਦਯੋਗ ਦੀਆਂ ਮੰਗਾਂ ਅਤੇ ਆਰਥਿਕ ਵਿਕਾਸ ਦੇ ਰੁਝਾਨਾਂ ਮੁਤਾਬਿਕ ਨੇਮਾਂ ਵਿਚਲੇ ਬਦਲਾਅ ਨਾਲ ਜੁੜਿਆ ਹੋਇਆ ਹੈ।

ਕੋਰੀਆ ਨੇ ਮਹਾਰਤ ਵਿਕਾਸ ਪ੍ਰਬੰਧਾਂ ਵਿਚ ਘਾਟ ਦੇ ਮੁੱਦੇ ਨੂੰ 1970ਵਿਆਂ ਵਿਚ ਪਛਾਣਿਆ ਅਤੇ ਦੇਸ਼ ਵਿਚ ਚਲ ਰਹੇ ਰੁਜ਼ਗਾਰ ਮਹਾਰਤ ਵਿਕਾਸ ਪ੍ਰੋਗਰਾਮ ਹੇਠ ਵੱਡੀਆਂ ਕੰਪਨੀਆਂ ਲਈ ਉਦਯੋਗਿਕ ਇਕਾਈ ਅੰਦਰ ਹੀ ਸਿਖਲਾਈ ਲਾਜ਼ਮੀ ਕਰ ਦਿਤੀ। ਮਾਲਿਕਾਂ ਵਲੋਂ ਬੀਮਾ ਕੀਤੇ ਗਏ ਕਰਮਚਾਰੀਆਂ ਲਈ ਸਿਖਲਾਈ ਦਾ ਪ੍ਰਬੰਧ ਕੀਤਾ ਗਿਆ ਜਿਸ ਲਈ ਸਰਕਾਰ ਨੇ ਮਾਲੀ ਮਦਦ ਕੀਤੀ। ਜਰਮਨੀ ਨੇ ਕਿੱਤਾ ਮੁਖੀ ਵਿੱਦਿਆ ਪ੍ਰਣਾਲੀ ਤਹਿਤ ਇਕ ਢੁਕਵੇਂ ਦੋਹਰੇ ਸਿਲਸਿਲੇ ਨੂੰ ਸਰਗਰਮ ਕੀਤਾ ਹੈ ਜੋ 'ਸਕੂਲ ਆਧਾਰਿਤ' ਅਤੇ 'ਕੰਮ ਆਧਾਰਿਤ' ਗਿਆਨ ਨੂੰ ਸੰਗਠਿਤ ਕਰਦਾ ਹੈ। ਸਿਖਾਂਦਰੂ ਇਕ-ਦੋ ਦਿਨ ਸਕੂਲ ਵਿਚ ਅਤੇ ਤਿੰਨ ਤੋਂ ਚਾਰ ਦਿਨ ਅਮਲੀ ਸਿਖਲਾਈ ਵਿਚ ਲਾਉਂਦੇ ਹਨ। ਸਿਖਾਂਦਰੂ ਦੀ ਤਰੱਕੀ ਦਾ ਜਾਇਜ਼ਾ ਇਕ ਆਖਰੀ ਮੁੱਲੰਕਣ ਕੀਤਾ ਜਾਂਦਾ ਹੈ ਜਿਥੇ ਉਹ ਕਿਤਾਬੀ ਅਤੇ ਅਮਲੀ ਗਿਆਨ ਦਾ ਪ੍ਰਦਰਸ਼ਨ ਕਰਦੇ ਹਨ।

## ਸਿਖਲਾਈ ਅਤੇ ਸਿਖਲਾਈ ਦੇਣ ਵਾਲੇ

ਭਾਰਤ ਵਿਚ ਹਰ ਸਾਲ 12 ਮਿਲੀਅਨ

ਵਿਅਕਤੀਆਂ ਦੇ ਕਿਰਤ-ਸ਼ਕਤੀ ਵਜੋਂ ਸ਼ਾਮਿਲ ਹੋਣ ਦੀ ਸੰਭਾਵਨਾ ਹੈ ਅਤੇ ਇੰਨੇ ਵਿਸ਼ਾਲ ਪ੍ਰਤਿਭਾ ਭੰਡਾਰ ਦੇ ਆਪਣੇ ਕੰਮ ਵਿਚ ਮਾਹਿਰ ਹੋਣਾ ਜ਼ਰੂਰੀ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ ਖੇਤੀ ਵਿਕਾਸ ਦਰ 4 ਤੋਂ 5 ਪ੍ਰਤਿਸ਼ਤ ਦੇ ਆਸਪਾਸ ਰਹਿਣ ਦੀ ਹੀ ਉਮੀਦ ਹੈ। ਇਸ ਲਈ ਦੇਸ਼ ਦੇ ਆਰਥਿਕ ਵਿਕਾਸ ਵਿਚ ਮੁੱਖ ਦੇਣ ਦੂਜੀ ਅਤੇ ਤੀਜੀ ਕਿਸਮ ਦੇ ਖੇਤਰਾਂ ਦੀ ਹੋਵੇਗੀ ਜਿਸ ਲਈ ਪੂਰੀ ਤਰ੍ਹਾਂ ਸਿਖਿਅਤ ਮਹਾਰਤ ਹਾਸਿਲ ਕਿਰਤ-ਸ਼ਕਤੀ ਦੀ ਲੋੜ ਹੈ।

ਭਾਰਤ ਵਿਚ ਨਿਰਮਾਣ ਦੇ ਸੁਫ਼ਨੇ ਅਤੇ ਮਹਾਰਤ ਵਿਕਾਸ ਪ੍ਰਵਾਨਗੀ ਨੂੰ ਅਗਲੇ ਇਕ ਦਹਾਕੇ ਤਕ ਰਾਸ਼ਟਰੀ ਤਰਜੀਹ ਮੰਨਦਿਆਂ ਸੁਧਾਰ ਉਦੋਂ ਹੋਣਗੇ ਜਦ ਸਰਕਾਰ ਮਹਾਰਤ ਵਿਕਾਸ, ਸਿੱਖਿਆ ਪ੍ਰਣਾਲੀ ਅਤੇ ਭਾਰਤੀ ਉਦਯੋਗ ਨੂੰ ਸੰਗਠਿਤ ਕਰੇਗੀ। ਸਿਖਲਾਈ ਅਤੇ ਉਸਤਾਦਾਂ ਦੇ ਮਿਆਰ ਸਿਖਲਾਈ ਅਮਲ ਦਾ ਮਾਨਕੀਕਰਨ ਅਤੇ ਅਸਰਦਾਰ ਜਾਇਜ਼ੇ ਵਲ ਵੀ ਧਿਆਨ ਦਿਤਾ ਜਾਣਾ ਚਾਹੀਦਾ ਹੈ।

ਮਹਾਰਤ ਵਿਕਾਸ ਮਿਸ਼ਨ ਲਈ ਸਿਖਲਾਈ ਕਰਤਾਵਾਂ ਨੂੰ ਤੈਸ਼ੁਦਾ ਮਾਪਦੰਡਾਂ ਦੇ ਆਧਾਰ 'ਤੇ ਦੂਰੋਂ-ਦੂਰੋਂ ਸੱਦਿਆ ਜਾਣਾ ਚਾਹੀਦਾ ਹੈ ਜਦ ਕਿ ਮੌਜੂਦਾ ਸਿਖਲਾਈ ਦੇਣ ਵਾਲਿਆਂ ਨੂੰ ਬੁਨਿਆਦੀ ਹਿਦਾਇਤੀ ਕਾਰਜ-ਕੁਸ਼ਲਤਾ ਅਤੇ ਮੌਜੂਦਾ ਰੁਝਾਨਾਂ ਦੇ ਪ੍ਰਸੰਗ ਵਿਚ ਕਾਬਲੀਅਤ ਦੇਖਦਿਆਂ ਚੁਣਿਆ ਜਾਣਾ ਚਾਹੀਦਾ ਹੈ। ਇਸ ਦੇ ਨਾਲ-ਨਾਲ ਤੇਜ਼ੀ ਨਾਲ ਬਦਲ ਰਹੀਆਂ ਉਦਯੋਗਿਕ ਲੋੜਾਂ ਅਤੇ ਤਕਨਾਲੋਜੀ ਮੁਤਾਬਿਕ ਸਿਖਲਾਈ ਪਾਠਕ੍ਰਮ ਵਿਚ ਵੀ ਬਦਲਾਅ ਕੀਤੇ ਜਾਣੇ ਚਾਹੀਦੇ ਹਨ। ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਸਿਖਲਾਈ ਦੇਣ ਵਾਲਿਆਂ ਨੂੰ ਹਾਸਿਲ ਕਰਨਾ ਸਦਾ ਹੀ ਔਖਾ ਕੰਮ ਰਿਹਾ ਹੈ ਅਤੇ ਉਨ੍ਹਾ ਦੀ ਕਮੀ ਹੋਣ ਕਾਰਨ ਮਹਾਰਤ ਸਿਖਲਾਈ ਬਾਜ਼ਾਰ ਵਿਚ ਉਨ੍ਹਾਂ ਦੀ ਵੱਡੀ ਮੰਗ ਹੈ। ਰਾਸ਼ਟਰੀ ਮਹਾਰਤ ਵਿਕਾਸ ਪ੍ਰੋਗਰਾਮ 2009 ਮੁਤਾਬਿਕ ਭਾਰਤ ਆਪਣੀ ਕਿਰਤ-ਸ਼ਕਤੀ ਦੀ ਕਾਰਜ ਕੁਸ਼ਲਤਾ ਵਿਚ ਸੁਧਾਰ ਲਿਆਉਣ ਅਤੇ ਉਦਯੋਗਾਂ ਦੀ ਉਤਪਾਦਿਕਤਾ ਵਧਾਉਣ ਲਈ 2022 ਤਕ 500 ਮਿਲੀਅਨ ਲੋਕਾਂ ਨੂੰ ਸਿਖਲਾਈ ਦੇਣ ਦੀ ਯੋਜਨਾ ਰੱਖਦਾ ਹੈ ਪਰ ਪਿਛਲੇ ਤਿੰਨ ਕੁ ਸਾਲਾਂ ਤੋਂ ਦੇਸ਼ ਸਾਲਾਨਾ 40 ਮਿਲੀਅਨ ਦੇ ਲਗਭਗ ਲੋਕਾਂ ਨੂੰ ਸਿਖਲਾਈ ਦੇਣ ਦੀ ਥਾਂ 'ਤੇ 10 ਮਿਲੀਅਨ ਤੋਂ ਵੀ ਘੱਟ ਲੋਕਾਂ ਨੂੰ ਕਾਰਜ-ਕੁਸ਼ਲ ਬਣਾ ਸਕਿਆ ਹੈ। ਜਾਗਰੂਕਤਾ, ਵਿਦਿਆਰਥੀਆਂ ਦੇ ਟਿਕੇ ਰਹਿਣ ਅਤੇ ਚੰਗੇ ਮਿਆਰੀ ਸਿਖਲਾਈ ਦੇਣ ਵਾਲਿਆਂ ਦੀ ਘਾਟ ਇਸ ਮਾੜੀ ਕਾਰਗੁਜ਼ਾਰੀ ਦੇ ਕੁਝ ਕਾਰਨ ਹਨ।

## ਭਾਈਵਾਲੀ

ਮਹਾਰਤ ਵਿਕਾਸ ਵਿਚ ਭਾਈਵਾਲ ਉਹ ਵਪਾਰਕ ਅਸਥਾਨ ਹੋਣੇ ਚਾਹੀਦੇ ਹਨ ਜੋ ਆਪਣੇ ਟਿਕਾਣਿਆਂ 'ਤੇ ਸਿੱਖਿਆਰਥੀਆਂ ਨੂੰ ਸਿਖਲਾਈ ਦੇਣ ਉਪਰ ਆਉਂਦੇ ਖਰਚ ਬਦਲੇ ਸੀ ਐੱਸ ਆਰ ਫ਼ਾਇਦੇ ਲੈਣ ਦੇ ਯੋਗ ਹੋਣ। ਇਸ ਵਿਚ ਕੋਈ ਸ਼ੱਕ ਵਾਲੀ ਗੱਲ ਨਹੀਂ ਕਿ ਨੌਕਰੀ ਦੌਰਾਨ ਸਿਖਲਾਈ ਪ੍ਰਣਾਲੀ ਨਾਲ ਵਪਾਰ ਦੀ ਉਤਪਾਦਿਕਤਾ ਵਿਚ ਵੀ ਵਾਧਾ ਹੋਵੇਗਾ। ਸੀ ਆਈ ਆਈ ਵਰਗੇ ਅਦਾਰੇ ਵੰਚਿਤ ਵਰਗਾਂ ਤੋਂ ਨੌਜਵਾਨਾਂ ਨੂੰ ਸਿਖਲਾਈ ਦੇਣ ਦੀ ਪਹਿਲਕਦਮੀ ਕਰ ਰਹੇ ਹਨ।

ਮਹਾਰਤ ਮੰਤਰਾਲਾ ਨੂੰ ਫੌਜ ਤੋਂ ਸੇਵਾ ਮੁਕਤ ਅਤੇ ਅਜਿਹੇ ਹੋਰ ਵਰਗਾਂ ਦੇ ਅਨੁਭਵ ਦਾ ਲਾਹਾ ਲੈਂਦਿਆਂ ਉਨ੍ਹਾਂ ਨੂੰ ਭਾਈਵਾਲ ਬਣਾਉਣਾ ਚਾਹੀਦਾ ਹੈ। ਮੰਤਰਾਲਾ ਨੇ ਚੰਗੀ ਪਹਿਲਕਦਮੀ ਕੀਤੀ ਹੈ ਅਤੇ ਇਸ ਵਲੋਂ ਸੇਵਾ ਮੁਕਤ ਅਫ਼ਸਰਾਂ ਰਾਹੀਂ ਸਿਖਲਾਈ ਦੇਣ ਵਾਲਿਆਂ ਦੀ ਇਕ ਫੌਜ ਤਿਆਰ ਕੀਤੇ ਜਾਣ ਦੀ ਸੰਭਾਵਨਾ ਹੈ, ਜਿਨ੍ਹਾਂ ਨੂੰ ਨੌਜਵਾਨ ਵਿਅਕਤੀਆਂ ਨੂੰ ਨੌਕਰੀਆਂ ਅਤੇ ਵਪਾਰ ਵਿਚ ਮਦਦ ਲਈ ਤੈਨਾਤ ਕੀਤਾ ਜਾਵੇਗਾ। ਮਹਾਰਤ ਵਿਕਾਸ ਮੰਤਰੀ ਸ੍ਰੀ ਰਾਜੀਵ ਪ੍ਰਤਾਪ ਰੂਡੀ ਨੇ ਕਿਹਾ ਹੈ, "ਡੇਢ ਮਿਲੀਅਨ ਲੋਕਾਂ ਦੇ ਨਾਲ ਸਾਡੇ ਕੋਲ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਹਥਿਆਰਬੰਦ ਫੌਜ ਹੈ। ਹਰ ਸਾਲ 50 ਹਜ਼ਾਰ ਦੇ ਲਗਭਗ ਲੋਕ 10 ਤੋਂ 20 ਸਾਲਾਂ ਦੀ ਨੌਕਰੀ ਤੋਂ ਬਾਅਦ ਹਥਿਆਬੰਦ ਫੌਜ ਤੋਂ ਸੇਵਾ ਮੁਕਤ ਹੁੰਦੇ ਹਨ ਜੋ ਜੂਨੀਅਰ ਕਮਿਸ਼ਨਡ ਅਫ਼ਸਰ ਅਤੇ ਉਸ ਤੋਂ ਹੇਠਾਂ ਦੇ ਰੈਂਕ ਵਿਚ ਫੌਜ ਵਿਚ ਆਉਂਦੇ ਹਨ। ਇਨ੍ਹਾਂ ਸੇਵਾ ਮੁਕਤ ਫੌਜੀਆਂ ਨੂੰ ਸਿਖਲਾਈ ਕਰਤਾਵਾਂ ਵਜੋਂ ਸਿਖਲਾਈ ਦਿਤੀ ਜਾ ਸਕਦੀ ਹੈ, ਜੋ ਅੱਗੋਂ ਦੇਸ਼ ਦੇ ਨੌਜਵਾਨਾਂ ਨੂੰ ਵੱਖ-ਵੱਖ ਨੌਕਰੀਆਂ ਲਈ ਜਾਂ ਫਿਰ ਉੱਦਮੀਆਂ ਵਜੋਂ ਮੌਕੇ ਹਾਸਿਲ ਕਰਨ ਲਈ ਸਿਖਲਾਈ ਦੇ ਸਕਦੇ ਹਨ।"

ਸਮੁੱਚੇ ਤੌਰ ਤੇ ਸਕੂਲ ਅਤੇ ਯੂਨੀਵਰਸਿਟੀ ਪੱਧਰ ਦੇ ਮੌਜੂਦਾ ਪਾਠਕ੍ਰਮ ਨੂੰ ਭਾਰਤੀ ਉਦਯੋਗ ਦੀਆਂ ਮੌਜੂਦਾ ਅਤੇ ਨੇੜਲੇ ਭਵਿੱਖ ਦੀਆਂ ਲੋੜਾਂ ਮੁਤਾਬਿਕ ਢਾਲੇ ਜਾਣ ਦੀ ਲੋੜ ਹੈ। ਤਸਦੀਕੀਕਰਨ ਦੇ ਮਾਨਕ ਵੀ ਅਜਿਹੇ ਹੋਣੇ ਚਾਹੀਦੇ ਹਨ ਕਿ ਵਿਸ਼ਵ ਪੱਧਰੀ ਯੂਨੀਵਰਸਿਟੀਆਂ ਅਤੇ ਕੰਪਨੀਆਂ ਉਹ ਪ੍ਰਵਾਨਗੀ ਦੇਣ ਜਿਸ ਨਾਲ ਕਿ ਸਿਖਿਆਰਥੀਆਂ ਨੂੰ ਪੂਰੀ ਦੁਨੀਆਂ ਵਿਚ ਮੌਕੇ ਹਾਸਿਲ ਹੋ ਸਕਣ।

## ਸਮਾਪਤੀ ਟਿੱਪਣੀਆਂ

ਭਾਰਤੀ ਆਰਥਿਕਤਾ ਦੇ ਤਿੰਨ ਮੁੱਖ ਥੰਮ੍ਹ, ਅਰਥਪੂਰਨ ਸਿੱਖਿਆ ਪ੍ਰਣਾਲੀ, ਮਜ਼ਬੂਤ ਮਹਾਰਤ ਵਿਕਾਸ ਢਾਂਚਾ ਅਤੇ ਵਪਾਰਕ ਅਦਾਰਿਆਂ ਵਲੋਂ ਕਿਰਤ ਸ਼ਕਤੀ ਨੂੰ ਸਿੱਖਿਅਤ ਕਰਨ ਵਿਚ ਬਿਹਤਰ ਹਨ। ਇਕ ਵਾਰ ਇਹ ਤਿੰਨੋਂ ਲਾਗੂ ਕੀਤੇ ਜਾਣ ਤਾਂ ਬੇਰੁਜ਼ਗਾਰੀ, ਗਰੀਬੀ, ਅਨਪੜ੍ਹਤਾ, ਤਕਨੀਕੀ ਗਿਆਨ ਤੋਂ ਵਾਂਝੇ ਹੋਣ ਅਤੇ ਵਿਸ਼ਵ ਬਾਜ਼ਾਰ ਵਿਚ ਸਾਡੇ ਉਤਪਾਦਾਂ/ਸੇਵਾਵਾਂ ਨੂੰ ਪ੍ਰਵਾਨਗੀ ਨਾ ਮਿਲਣ ਜਿਹੀਆਂ ਮੌਜੂਦਾ ਔਕੜਾਂ ਦੂਰ ਹੋਣ ਵਿਚ ਮਦਦ ਮਿਲੇਗੀ।

ਮੰਤਰਾਲਾ ਨੂੰ ਇਸ ਗੱਲ ਦਾ ਵੀ ਗਿਆਨ ਰੱਖਣਾ ਹੈ ਕਿ ਰਾਸ਼ਟਰੀ ਮਹਾਰਤ ਯੋਗਤਾ ਢਾਂਚੇ ਨੂੰ ਇੰਝ ਲਾਗੂ ਕੀਤਾ ਜਾਵੇ ਕਿ ਰਾਜ ਇਸ ਕਾਰਜ ਲਈ ਦਿਤੀ ਤੈਅਸ਼ੁਦਾ ਰਕਮ ਨੂੰ ਜ਼ਮੀਨੀ ਪੱਧਰ 'ਤੇ ਬਿਨਾਂ ਕੋਈ ਖੋਰਾ ਲੱਗਿਆਂ ਲਾਹੇਵੰਦ ਢੰਗ ਨਾਲ ਵਰਤਣ। ਵਿਲੱਖਣ ਮੰਤਰਾਲੇ ਆਪਣੇ-ਆਪਣੇ ਖੇਤਰਾਂ ਵਿਚ ਮਹਾਰਤ ਵਿਕਾਸ ਦੀ ਜ਼ਿੰਮੇਵਾਰੀ ਨਿਭਾਉਣ ਅਤੇ ਹੁਣ ਤੋਂ ਤਾਲਮੇਲ ਅਤੇ ਢੁਕਵੀਂ ਨਿਗਰਾਨੀ ਹੀ ਸਫਲਤਾ ਦੀ ਮੁੱਖ ਕੁੰਜੀ ਹੋਵੇਗੀ।

ਔਰਤਾਂ ਦੀ ਸਰਗਰਮ ਭਾਈਵਾਲੀ ਵਲ ਵੀ ਧਿਆਨ ਦਿਤਾ ਜਾਣਾ ਚਾਹੀਦਾ ਹੈ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਦੀ ਇਕ ਰਿਪੋਰਟ ਮੁਤਾਬਿਕ ਔਰਤਾਂ ਦੀ ਭਾਈਵਾਲੀ 70 ਪ੍ਰਤਿਸ਼ਤ ਤਕ ਪਹੁੰਚਣ ਨਾਲ ਸਾਡੇ ਆਰਥਿਕ ਵਿਕਾਸ ਵਿਚ 4.2 ਪ੍ਰਤਿਸ਼ਤ ਦਾ ਵਾਧਾ ਹੋ ਸਕਦਾ ਹੈ।

ਮਹਾਰਤ ਵਿਕਾਸ ਕੇਂਦਰਾਂ ਨੂੰ ਭ੍ਰਿਸ਼ਟਾਚਾਰ ਰਾਹੀਂ ਸਰਕਾਰ ਤੋਂ ਫ਼ੰਡ ਲੈਣ ਵਾਲੀ ਏਜੰਸੀ ਨਹੀਂ ਬਣਾ ਦਿਤਾ ਜਾ ਸਕਦਾ ਸਗੋਂ ਉਨ੍ਹਾਂ ਨੂੰ ਭਾਰਤ ਵਿਚ ਸਮਰੱਥ ਕਿਰਤ ਸ਼ਕਤੀ ਪੈਦਾ ਕਰਨ ਦੇ ਕੇਂਦਰਾਂ ਵਜੋਂ ਕੰਮ ਕਰਨਾ ਹੈ। ਅਸੀਂ ਵੇਖਿਆ ਹੈ

*ਬਾਕੀ ਸਫ਼ਾ 44 ਉੱਤੇ*

# ਖੇਤੀਬਾੜੀ ਰਾਜਾਂ ਦੇ ਭਰੋਸੇ

**ਭੁਵਨ ਭਾਸਕਰ**

ਜਦੋਂ ਵਿੱਤ ਮੰਤਰੀ ਸਾਲ 2015-16 ਦਾ ਬਜਟ ਪੇਸ਼ ਕਰਨ ਲਈ ਲੋਕ ਸਭਾ ਵਿਚ ਖੜ੍ਹੇ ਹੋਏ ਤਾਂ ਉਨ੍ਹਾਂ ਤੋਂ ਸਿਰਫ਼ ਆਮ ਲੋਕਾਂ ਨੂੰ ਸਗੋਂ ਸੰਸਥਾਵਾਂ, ਮਾਹਰਾਂ ਅਤੇ ਅਰਥ-ਸ਼ਾਸਤਰੀਆਂ ਨੂੰ ਬਹੁਤ ਉਮੀਦਾਂ ਸਨ। ਇਹ ਸਰਕਾਰ ਲਈ ਭਾਰਤੀ ਅਰਥਤੰਤਰ ਵਿਚ ਇਕ ਨਵਾਂ ਅਧਿਆਇ ਸ਼ੁਰੂ ਕਰਨ ਦਾ ਮੌਕਾ ਸੀ। ਖ਼ਾਸ ਤੌਰ ਤੇ ਖੇਤੀਬਾੜੀ ਖੇਤਰ ਆਰਥਿਕ ਸਰਵੇਖਣ ਵਿਚ ਦਰਸਾਈ 8.5 ਪ੍ਰਤਿਸ਼ਤ ਦੀ ਵਿਕਾਸ ਦਰ ਤੋਂ ਬਾਅਦ ਜਿਸ ਦੀ ਦੋ ਅੰਕੜਿਆਂ ਵਿਚ ਹੋ ਜਾਣ ਦੀ ਉਮੀਦ ਕੀਤੀ ਗਈ ਸੀ, ਤੋਂ ਉਮੀਦ ਬੱਝੀ ਸੀ ਕਿ ਇਸ ਨੂੰ ਵੱਡਾ ਹੁੰਗਾਰਾ ਮਿਲੇਗਾ। ਸਰਵੇਖਣ ਵਿਚ ਖੇਤੀਬਾੜੀ ਖੇਤਰ ਦੀ ਮੌਜੂਦਾ ਵਿਕਾਸ ਦਰ 1.1 ਪ੍ਰਤਿਸ਼ਤ ਨਾਲ ਗਹਿਰਾ ਸ਼ੱਕ ਪੈਦਾ ਹੁੰਦਾ ਹੈ ਕਿ ਦੋ ਅੰਕਾਂ ਵਿਚ ਵਿਕਾਸ ਦਾ ਸੁਫ਼ਨਾ ਸਾਕਾਰ ਹੋ ਸਕੇਗਾ ਕਿ ਨਹੀਂ। ਪਰ ਜਿਵੇਂ-ਜਿਵੇਂ ਬਜਟ ਪ੍ਰਸਤਾਵ ਸਾਹਮਣੇ ਆਉਂਦੇ ਗਏ ਅਤੇ ਵੱਖ-ਵੱਖ ਖੇਤਰਾਂ ਲਈ ਨਿਰਧਾਰਨ ਦਾ ਪਤਾ ਲਗਦਾ ਗਿਆ, ਖੇਤੀਬਾੜੀ ਖੇਤਰ ਅਤੇ ਇਸ ਦੇ ਨਾਲ-ਨਾਲ ਪੇਂਡੂ ਭਾਰਤ ਦਾ ਵਿਕਾਸ ਥਿੜਕ ਗਿਆ।

ਮੁਢਲੇ ਤੌਰ ਤੇ, ਵਿੱਤ ਮੰਤਰੀ ਨੇ 2014-15 ਦੇ ਸੋਧੇ ਅੰਦਾਜ਼ਿਆਂ ਨਾਲੋਂ 2015-16 ਦੇ ਬਜਟ ਵਿਚ ਖੇਤੀਬਾੜੀ ਖੇਤਰ ਲਈ ਨਿਰਧਾਰਨ ਵਿਚ 14.3 ਪ੍ਰਤਿਸ਼ਤ ਦੀ ਕਟੌਤੀ ਕਰ ਦਿਤੀ ਹੈ। ਬਜਟ ਪ੍ਰਸਤਾਵਾਂ ਦੇ ਤੌਰ ਤੇ ਦੇਖਿਆ ਜਾਵੇ ਤਾਂ ਸਾਲ 2014-15 ਵਿਚ ਮਿਥੇ 31,322 ਕਰੋੜ ਰੁਪਏ ਤੋਂ 10.4 ਪ੍ਰਤਿਸ਼ਤ ਘਟਾ ਕੇ 2015-16 ਵਿਚ 28050 ਕਰੋੜ ਰੁਪਏ ਕਰ ਦਿਤਾ ਗਿਆ ਹੈ। ਖੇਤੀਬਾੜੀ ਮੰਤਰਾਲਾ ਲਈ ਰਾਖਵੀਂ ਪੂੰਜੀ ਦਾ ਵੱਡਾ ਹਿੱਸਾ ਇਸ ਦੇ ਪ੍ਰਮੁੱਖ ਪ੍ਰੋਗਰਾਮ ਰਾਸ਼ਟਰੀ ਖੇਤੀ ਵਿਕਾਸ ਯੋਜਨਾ ਉਪਰ ਖਰਚ ਕੀਤਾ ਜਾਂਦਾ ਹੈ। ਪਰ ਇਸ ਨਾਲ ਇਸ ਯੋਜਨਾ ਲਈ ਨਿਰਧਾਰਤ ਰਾਸ਼ੀ ਲਗਭਗ ਅੱਧੀ ਕਰ ਦਿਤੀ ਗਈ ਹੈ, 4500 ਕਰੋੜ ਰੁਪਏ 2014-15 ਦੇ ਸੋਧੇ ਅਨੁਮਾਨਾਂ ਵਿਚ ਇਹ 8,444 ਕਰੋੜ ਰੁਪਏ ਸੀ। 2014-15 ਦੇ ਸੋਧੇ ਅੰਕੜਿਆਂ ਨਾਲੋਂ ਰਾਸ਼ਟਰੀ ਖੁਰਾਕ ਸੁਰੱਖਿਆ ਮਿਸ਼ਨ, ਜੋ ਦਾਲਾਂ, ਤੇਲਾਂ ਦੇ ਬੀਜ, ਕਣਕ ਅਤੇ ਚੌਲ ਉਤਪਾਦਨ ਵਧਾਉਣ ਦੇ ਉਪਰਾਲੇ ਦਾ ਇਕ ਦੂਸਰਾ ਵੱਡਾ ਪ੍ਰੋਗਰਾਮ ਹੈ, ਲਈ ਵੀ 2015-16 ਦੇ ਬਜਟ ਵਿਚ 530 ਕਰੋੜ ਰੁਪਏ ਦੀ ਕਟੌਤੀ ਕੀਤੀ ਗਈ ਹੈ। ਇਹ ਪ੍ਰਸਤਾਵ ਪੂੰਜੀ 2014-15 ਦੇ ਬਜਟ ਵਿਚ ਰਾਖਵੀਂ ਪੂੰਜੀ ਨਾਲੋਂ 630 ਕਰੋੜ ਰੁਪਏ ਘੱਟ ਹੈ।

ਸਿਰਫ਼ ਇਕੋ-ਇਕ ਪ੍ਰੋਗਰਾਮ ਜਿਸ ਲਈ ਨਿਰਧਾਰਤ ਰਾਸ਼ੀ ਬਹੁਤ ਵਧਾਈ ਗਈ ਹੈ, ਉਹ ਹੈ ਪ੍ਰਧਾਨ ਮੰਤਰੀ ਸਿੰਜਾਈ ਯੋਜਨਾ ਜਿਸ ਨੂੰ ਇਸ ਬਜਟ ਵਿਚ ਲਗਭਗ 1800 ਕਰੋੜ ਰੁਪਏ ਮਿਲੇ ਹਨ। ਪਿਛਲੇ ਸਾਲ ਇਹ ਰਾਸ਼ੀ 1000 ਕਰੋੜ ਰੁਪਏ ਸੀ। ਇਹ ਯੋਜਨਾ ਪਿਛਲੇ ਵਿੱਤੀ ਸਾਲ ਵਿਚ ਸ਼ੁਰੂ ਵੀ ਨਹੀਂ ਕੀਤੀ ਜਾ ਸਕੀ ਸੀ। ਕੁਝ ਹੋਰ ਸਿੰਜਾਈ ਪ੍ਰੋਗਰਾਮਾਂ ਨੂੰ 2015-16 ਦੇ ਬਜਟ ਵਿਚ 3,500 ਕਰੋੜ ਰੁਪਏ ਮਿਲੇ ਹਨ। ਇਸ ਤਰ੍ਹਾਂ ਇਸ ਸਾਲ ਦੇ ਪ੍ਰਸਤਾਵਾਂ ਵਿਚ ਲਘੂ ਸਿੰਜਾਈ, ਵਾਟਰਸ਼ੈੱਡ ਵਿਕਾਸ ਅਤੇ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ ਲਈ ਕੁੱਲ 5,300 ਕਰੋੜ ਰੁਪਏ ਮਿਲੇ ਹਨ। ਪਰ ਇਹ ਫ਼ੰਡ ਵੀ ਪਿਛਲੇ ਸਾਲ ਦੇ ਬਜਟ ਵਿਚ ਰਾਖਵੀਂ ਰਾਸ਼ੀ ਨਾਲੋਂ 323 ਕਰੋੜ ਰੁਪਏ ਘੱਟ ਹੈ।

ਇਸ ਲਈ, ਅਜਿਹਾ ਕਿਉਂ ਹੈ ਕਿ ਵਿੱਤ ਮੰਤਰੀ ਨੇ ਬੀਮਾਰ ਖੇਤੀਬਾੜੀ ਖੇਤਰ ਨੂੰ ਘੱਟ ਪੂੰਜੀ ਨਿਵੇਸ਼ ਦਾ ਪ੍ਰਸਤਾਵ ਕਰਕੇ ਦੋ ਅੰਕਾਂ ਦੇ ਵਿਕਾਸ ਦੀ ਉਮੀਦ ਵਾਲਾ ਬਜਟ ਪੇਸ਼ ਕੀਤਾ ਹੈ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ, "ਮੈਂ ਰਾਜਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਮਹੱਤਵਪੂਰਨ ਖੇਤਰ ਲਈ ਅੰਸ਼ਦਾਨ ਰਾਖਵਾਂ ਕਰਨ।" ਅਸਲ ਵਿਚ, ਵਿੱਤ ਮੰਤਰੀ ਨੇ ਕਈ ਵਾਰ ਵੱਖ-ਵੱਖ ਮੰਚਾਂ ਉਪਰ ਇਹ ਗੱਲ ਦੁਹਰਾਈ ਹੈ ਕਿ 14ਵੇਂ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਰਾਜਾਂ ਨੂੰ 1,76,000 ਕਰੋੜ ਰੁਪਏ ਦੇ ਵਧੇਰੇ ਕੇਂਦਰੀ ਫ਼ੰਡ ਦੇ ਕੇ, ਉਨ੍ਹਾਂ ਕੋਲ ਬਹੁਤ ਸੀਮਤ ਸਾਧਨ ਰਹਿ ਗਏ ਹਨ।

ਇਹ ਕਾਫ਼ੀ ਹੱਦ ਤਕ ਠੀਕ ਹੈ, ਪਰ ਚਿੰਤਾ ਦਾ ਵਿਸ਼ਾ ਹੈ ਕਿ ਰਾਜਾਂ ਨੂੰ ਖੇਤੀਬਾੜੀ ਖੇਤਰ ਲਈ ਲੋੜੀਂਦੇ ਫ਼ੰਡ ਰਾਖਵੇਂ ਕਰਨ ਲਈ ਕੋਈ ਵਿਸ਼ੇਸ਼ ਦਿਸ਼ਾ-ਨਿਰਦੇਸ਼ ਨਹੀਂ ਦਿਤੇ ਗਏ। ਰਾਜਾਂ ਵਲੋਂ ਖੇਤੀਬਾੜੀ ਉਪਰ ਘੱਟ ਖਰਚਿਆਂ ਦੇ ਰਿਕਾਰਡ ਨੂੰ ਦੇਖਦੇ ਹੋਏ, ਚੰਗੀ ਇੱਛਾ ਸ਼ਕਤੀ ਦਿਸਣ ਦੇ ਬਾਵਜੂਦ ਵਿੱਤ ਮੰਤਰੀ ਦੇ ਪ੍ਰਸਤਾਵਾਂ ਨੂੰ ਹਾਸਲ ਕਰਨ ਦਾ ਕੋਈ ਗੰਭੀਰ ਉਪਾਅ ਨਹੀਂ ਦਿਖਾਈ ਦਿੰਦਾ। ਉਦਾਹਰਣ ਦੇ ਤੌਰ ਤੇ, ਬਜਟ ਵਿਚ ਪੇਂਡੂ ਕਰਜ਼ੇ ਦੀ ਰਕਮ ਦੇ ਟੀਚੇ ਵਿਚ ਕਾਫ਼ੀ ਵਾਧਾ ਕੀਤਾ ਗਿਆ ਹੈ ਪਰ ਸਿੰਜਾਈ ਅਤੇ ਹੋਰ ਕੇਂਦਰੀ ਸਕੀਮਾਂ ਜਿਵੇਂ ਕਿ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਅਤੇ ਰਾਸ਼ਟਰੀ ਖੁਰਾਕ ਸੁਰੱਖਿਆ ਮਿਸ਼ਨ ਵਿਚ ਕੇਂਦਰ ਦਾ ਹਿੱਸਾ ਲਗਭਗ 5,500 ਕਰੋੜ ਰੁਪਏ ਘੱਟ ਕਰ ਦਿਤਾ ਗਿਆ ਹੈ। ਇਹ ਇਸ ਉਮੀਦ ਨਾਲ ਕੀਤਾ ਗਿਆ ਹੈ ਕਿ ਰਾਜ ਸਰਕਾਰਾਂ ਆਪਣੇ ਕਰਾਂ ਦੇ ਹਿੱਸੇ ਵਿਚ ਇਸ ਲਈ ਵਧੇਰੇ ਰਾਸ਼ੀ ਰੱਖਣਗੀਆਂ। ਰਾਜਾਂ ਅਤੇ ਕੇਂਦਰ ਦੀ ਹਿੱਸੇਦਾਰੀ ਦੇ ਢੰਗ-ਤਰੀਕੇ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ। ਇਸ ਲਈ ਵੱਡੇ

ਪ੍ਰੋਗਰਾਮਾਂ ਜਿਵੇਂ ਕਿ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਅਤੇ ਰਾਸ਼ਟਰੀ ਖੁਰਾਕ ਸੁਰੱਖਿਆ ਮਿਸ਼ਨ ਜਿਨ੍ਹਾਂ ਕਾਰਨ 2004-05 ਤੋਂ 2013-14 ਵਿਚਕਾਰ 3.5 ਪ੍ਰਤਿਸ਼ਤ ਖੇਤੀਬਾੜੀ ਵਿਕਾਸ ਦਰ ਹਾਸਲ ਕੀਤੀ ਜਾ ਸਕੀ ਸੀ, ਉਪਰ ਮਾੜਾ ਅਸਰ ਪੈ ਸਕਦਾ ਹੈ। ਸਰਕਾਰ ਦੀਆਂ ਖੇਤੀਬਾੜੀ ਖੇਤਰ ਨੂੰ ਮੁੜ ਤੋਂ ਹੁਲਾਰਾ ਦੇਣ ਦੀਆਂ ਕੋਸ਼ਿਸ਼ਾਂ ਸਾਹਮਣੇ ਇਹ ਅਸਲੀ ਖ਼ਤਰਾ ਮੰਡਰਾ ਰਿਹਾ ਹੈ। ਇਸ ਲਈ ਫ਼ੰਡਾਂ ਦੀ ਕਮੀ ਦਾ ਸਹਾਰਾ ਲੈਣਾ ਸਰਕਾਰ ਨੂੰ ਖੇਤੀਬਾੜੀ ਖੇਤਰ ਦੀਆਂ ਕਠਿਨਾਈਆਂ ਦਾ ਸਾਹਮਣਾ ਕਰਨ ਤੋਂ ਬਚਾ ਨਹੀਂ ਸਕਦਾ। ਖੇਤੀਬਾੜੀ ਖੇਤਰ ਵਿਚ 11ਵੀਂ ਪੰਜ ਸਾਲਾ ਯੋਜਨਾ (2007-08 ਤੋਂ 2011-12) ਦੌਰਾਨ 4.1 ਪ੍ਰਤਿਸ਼ਤ ਵਿਕਾਸ ਦਰ ਹਾਸਲ ਕੀਤੀ ਗਈ ਸੀ ਪਰ ਪਿਛਲੇ ਤਿੰਨ ਸਾਲਾਂ ਵਿਚ ਇਹ 1-2 ਪ੍ਰਤਿਸ਼ਤ ਵਿਚ ਹੀ ਥਿੜਕ ਗਈ ਹੈ। ਜੇ ਸਰਕਾਰ 8 ਪ੍ਰਤਿਸ਼ਤ ਦੀ ਵਿਕਾਸ ਦਰ ਹਾਸਲ ਕਰ ਵੀ ਲੈਂਦੀ ਹੈ ਪਰ ਖੇਤੀਬਾੜੀ ਖੇਤਰ ਵਿਚ ਕੋਈ ਸੁਧਾਰ ਨਹੀਂ ਹੁੰਦਾ ਤਾਂ ਦੇਸ਼ ਕਿਸੇ ਸੂਰਤ ਵਿਚ ਵੀ ਸਮਾਜਿਕ ਟੀਚੇ ਹਾਸਲ ਨਹੀਂ ਕਰ ਸਕਦਾ। ਇਸ ਨਾਲ ਪੇਂਡੂ ਅਤੇ ਸ਼ਹਿਰੀ ਭਾਰਤ ਵਿਚ ਇਕ ਖ਼ਤਰਨਾਕ ਖੱਪਾ ਪੈਦਾ ਹੋ ਸਕਦਾ ਹੈ ਕਿਉਂਕਿ ਅੱਜ ਵੀ ਭਾਰਤ ਦੀ ਲਗਭਗ 65 ਪ੍ਰਤਿਸ਼ਤ ਆਬਾਦੀ ਰੋਜ਼ੀ-ਰੋਟੀ ਲਈ ਖੇਤੀਬਾੜੀ ਉਪਰ ਨਿਰਭਰ ਹੈ।

ਪੇਂਡੂ ਕਰਜ਼ੇ ਦੇ ਮੁਹਾਜ਼ ਤੋਂ, ਬਜਟ ਵਿਚ 8.5 ਲੱਖ ਕਰੋੜ ਰੁਪਏ ਕਰਜ਼ੇ ਦੇਣ ਦਾ ਤਾਂਘਵਾਨ ਟੀਚਾ ਮਿਥਿਆ ਗਿਆ ਹੈ ਜੋ ਪਿਛਲੇ ਸਾਲ ਨਾਲੋਂ 50,000 ਕਰੋੜ ਰੁਪਏ ਵੱਧ ਹੈ। "ਖੇਤੀਬਾੜੀ ਕਰਜ਼ਾ ਸਾਡੇ ਮਿਹਨਤੀ ਕਿਸਾਨਾਂ ਦੀਆਂ ਕੋਸ਼ਿਸ਼ਾਂ ਨੂੰ ਸਹਾਰਾ ਦਿੰਦਾ ਹੈ ਅਤੇ ਇਸ ਲਈ ਸਰਕਾਰ ਨੇ ਸਾਲ 2015-16 ਵਿਚ 8.5 ਲੱਖ ਕਰੋੜ ਰੁਪਏ ਕਰਜ਼ਾ ਦੇਣ ਦਾ ਟੀਚਾ ਮਿਥਿਆ ਹੈ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਬੈਂਕ ਇਸ ਟੀਚੇ ਨੂੰ ਪਾਰ ਕਰ ਜਾਣਗੇ", ਵਿੱਤ ਮੰਤਰੀ ਨੇ ਸੰਸਦ ਵਿਚ ਬਜਟ ਪੇਸ਼ ਕਰਦਿਆਂ ਕਿਹਾ। ਇਸ ਵਿਚ ਵੀ ਲਾਗੂਕਰਨ ਕੁੰਜੀ ਹੈ। ਜਿਵੇਂ ਕਿ ਖੁਰਾਕ ਨੀਤੀ ਮਾਹਰ ਦੇਵਿੰਦਰ ਸ਼ਰਮਾ ਨੇ ਇਕ ਇੰਟਰਵੀਊ ਦੌਰਾਨ ਇਸ਼ਾਰਾ ਕੀਤਾ ਹੈ ਕਿ 4 ਪ੍ਰਤਿਸ਼ਤ ਦਰ ਤੇ 8.5 ਲੱਖ ਕਰੋੜ ਰੁਪਏ ਦੇ ਕਰਜ਼ੇ ਦਾ 94 ਪ੍ਰਤਿਸ਼ਤ ਹਿੱਸਾ ਅਸਲ ਵਿਚ ਖੇਤੀਬਾੜੀ ਵਪਾਰ ਉਦਯੋਗ ਲੈ ਜਾਂਦਾ ਹੈ। ਬੇਸ਼ਕ, ਵਿੱਤ ਮੰਤਰੀ ਨੇ ਇਸ ਤੱਥ ਨੂੰ ਧਿਆਨ ਵਿਚ ਰਖਦੇ ਹੋਏ, ਖੇਤੀਬਾੜੀ ਅਤੇ ਪੇਂਡੂ ਵਿਕਾਸ ਰਾਸ਼ਟਰੀ ਬੈਂਕ (ਨਾਬਾਰਡ) ਵਿਚ ਇਕ ਲੱਖ ਕਰੋੜ ਰੁਪਏ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਰਾਖਵੇਂ ਕਰਕੇ ਪੇਂਡੂ ਕਰਜ਼ੇ ਦੇ ਪਸਾਰ ਨੂੰ ਹੋਰ ਵਧਾ ਦਿਤਾ ਹੈ। ਨਾਬਾਰਡ ਵਿਚ ਸਥਾਪਤ ਕਈ ਫ਼ੰਡਾਂ ਵਿਚ ਖੇਤੀਬਾੜੀ ਅਤੇ ਪੇਂਡੂ ਵਿਕਾਸ ਵੱਲ ਵਧੇਰੇ ਤਵੱਜੋ ਦੇ ਕੇ ਵਿੱਤ ਮੰਤਰੀ ਨੇ 25,000 ਕਰੋੜ ਰੁਪਏ ਰਾਸ਼ਟਰੀ ਬੁਨਿਆਦੀ ਢਾਂਚਾ ਵਿਕਾਸ ਫ਼ੰਡ ਲਈ ਮਿਥੇ ਹਨ, 15,000 ਕਰੋੜ ਰੁਪਏ ਲੰਬੀ ਮਿਆਦ ਦਾ ਪੇਂਡੂ ਕਰਜ਼ਾ ਫ਼ੰਡ 45,000 ਕਰੋੜ ਰੁਪਏ ਛੋਟੀ ਮਿਆਦ ਦੇ ਸਹਿਕਾਰੀ ਪੇਂਡੂ ਕਰਜ਼ਾ ਮੁੜ ਵਿੱਤ ਫ਼ੰਡ ਲਈ ਅਤੇ 15,000 ਕਰੋੜ ਰੁਪਏ ਛੋਟੀ ਮਿਆਦ ਦੇ ਖੇਤਰੀ ਪੇਂਡੂ ਬੈਂਕ ਦੇ ਮੁੜ ਵਿੱਤ ਫ਼ੰਡ ਪੂਰਤੀ ਲਈ ਰੱਖੇ ਹਨ।

ਪੇਂਡੂ ਬੁਨਿਆਦੀ ਢਾਂਚਾ ਵਿਕਾਸ ਫ਼ੰਡ ਦਾ ਸਪੱਸ਼ਟ ਮਕਸਦ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਬਿਨਾਂ ਕਿਸੇ ਝਮੇਲੇ ਦੇ ਢੁਕਵਾਂ ਖੇਤੀਬਾੜੀ ਕਰਜ਼ਾ ਦੇਣਾ ਹੈ। ਪੇਂਡੂ ਬੁਨਿਆਦੀ ਢਾਂਚਾ ਵਿਕਾਸ ਫ਼ੰਡ ਤਹਿਤ, ਜਿਸ ਲਈ 25,000 ਕਰੋੜ ਰੁਪਏ ਰੱਖੇ ਗਏ ਹਨ, ਮੁੱਖ ਕਾਰਜ ਪਿੰਡਾਂ ਨੂੰ ਸੜਕਾਂ ਨਾਲ ਜੋੜਨ ਦਾ ਹੋਵੇਗਾ। *ਨਾਬਾਰਡ* ਰਾਹੀਂ 31 ਮਾਰਚ, 2014 ਤਕ ਦਿਤੇ ਮੁੱਖ ਕਰਜ਼ਿਆਂ ਵਿਚੋਂ 43 ਪ੍ਰਤਿਸ਼ਤ ਸੜਕਾਂ ਅਤੇ ਪੁਲਾਂ ਲਈ ਰੱਖੇ ਗਏ ਹਨ। ਖੇਤੀਬਾੜੀ ਅਤੇ ਸੰਬੰਧਿਤ ਖੇਤਰਾਂ ਲਈ 43 ਪ੍ਰਤਿਸ਼ਤ ਅਤੇ ਸਮਾਜਿਕ ਖੇਤਰ ਪ੍ਰਾਜੈਕਟਾਂ ਲਈ 14 ਪ੍ਰਤਿਸ਼ਤ ਕਰਜ਼ੇ ਰੱਖੇ ਗਏ ਹਨ। ਆਂਧਰ ਪ੍ਰਦੇਸ਼ (ਬਿਨਾਂ ਵੰਡਿਆ), ਤਮਿਲਨਾਡੂ, ਗੁਜਰਾਤ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਪੱਛਮੀ ਬੰਗਾਲ ਅਤ ਰਾਜਸਥਾਨ ਅਜਿਹੇ ਕੁਝ ਰਾਜ ਹਨ ਜਿਨ੍ਹਾਂ ਨੂੰ ਇਸ ਫ਼ੰਡ ਤਹਿਤ ਸਭ ਤੋਂ ਵੱਧ ਲਾਭ ਮਿਲਿਆ। ਇੰਡੀਆ ਰੇਟਿੰਗ ਅਤੇ ਰੀਸਰਚ (ਇੰਡ-ਰਾ) ਜੋ *ਫਿਚ ਗਰੁੱਪ* ਦੀ ਭਾਰਤ ਵਿਚ ਇਕ ਰੇਟਿੰਗ ਕੰਪਨੀ ਹੈ, ਦਾ ਕਹਿਣਾ ਹੈ ਕਿ ਲੰਮੀ ਮਿਆਦ ਦੇ ਪੇਂਡੂ ਕਰਜ਼ਾ ਫ਼ੰਡ ਲਈ 2014-15 ਵਿਚ 5,000 ਕਰੋੜ ਰੁਪਏ ਤੋਂ ਵਧਾ ਕੇ 2015-16 ਵਿਚ 15,000 ਕਰੋੜ ਰੁਪਏ ਕਰਨਾ ਖੇਤੀਬਾੜੀ ਆਧਾਰਿਤ ਅਤੇ ਉਸ ਨਾਲ ਸੰਬੰਧਿਤ ਉਦਯੋਗਾਂ, ਖੇਤੀਬਾੜੀ ਬੁਨਿਆਦੀ ਢਾਂਚਾ ਨਿਰਮਾਣ ਵਿਚ ਲੱਗੀਆਂ ਕੰਪਨੀਆਂ ਅਤੇ ਉਹ ਵਪਾਰਕ ਘਰਾਣੇ ਜੋ ਵੇਅਰਹਾਊਸ ਸਥਾਪਤ ਕਰਨ ਵਿਚ ਲੱਗੇ ਹੋਏ ਹਨ, ਲਈ ਬਹੁਤ ਚੰਗਾ ਹੈ। ਸਹਿਕਾਰੀ ਬੈਂਕਾਂ ਅਤੇ ਖੇਤਰੀ ਪੇਂਡੂ ਬੈਂਕਾਂ ਨੂੰ ਜੋ *ਨਾਬਾਰਡ* ਤੋਂ ਇਨ੍ਹਾਂ ਸਰਗਰਮੀਆਂ ਲਈ ਕਰਜ਼ਾ ਲੈਂਦੇ ਹਨ, ਨੂੰ ਇਸ ਨਾਲ ਵਧੇਰੇ ਵਿੱਤੀ ਸਰੋਤ ਹਾਸਲ ਹੋ ਸਕਣਗੇ। ਇਹ ਲੰਬੀ ਮਿਆਦ ਵਿਚ ਖੇਤੀਬਾੜੀ ਉਤਪਾਦਨ ਅਤੇ ਉਪਜ ਵਧਾਉਣ ਵਿਚ ਸਹਾਈ ਹੋਵੇਗਾ।

ਇਸ ਤੋਂ ਇਲਾਵਾ, ਸਰਕਾਰ ਨੇ *ਨਾਬਾਰਡ* ਦੇ ਪੂੰਜੀ ਆਧਾਰ ਨੂੰ ਹੋਰ ਮਜ਼ਬੂਤ ਕਰਨ ਲਈ 2015-16 ਵਿਚ 300 ਕਰੋੜ ਰੁਪਏ ਰੱਖੇ ਹਨ। *ਨਾਬਾਰਡ* ਦੇ ਚੇਅਰਮੈਨ ਹਰਸ਼ ਕੁਮਾਰ ਭਾਨਵਾਲਾ ਵਲੋਂ ਭਾਰਤੀ ਖੇਤੀਬਾੜੀ ਸਾਹਮਣੇ ਆਉਣ ਵਾਲੀਆਂ ਸਮੱਸਿਆਵਾਂ ਦੇ ਸੰਦਰਭ ਵਿਚ ਇਹ ਕਦਮ ਉਨ੍ਹਾਂ ਨੂੰ ਦੂਰ ਕਰਨ ਵੱਲ ਇਕ ਸਹਾਰਾ ਦੇਣ ਵਾਲਾ ਹੋ ਸਕਦਾ ਹੈ। ਸ੍ਰੀ ਭਾਨਵਾਲਾ ਦਾ ਕਹਿਣਾ ਹੈ ਕਿ, "ਪਿਛਲੇ ਸਾਲਾਂ ਵਿਚ ਖੇਤੀਬਾੜੀ ਸਮੁੱਚੇ ਘਰੇਲੂ ਉਤਪਾਦਨ ਵਿਚ ਪੂੰਜੀ ਪੈਦਾ ਹੋਣ ਦੀ ਪੱਧਰ 17 ਪ੍ਰਤਿਸ਼ਤ ਦੀ ਉੱਚੀ ਦਰ ਤੋਂ ਘਟ ਕੇ 14 ਪ੍ਰਤਿਸ਼ਤ ਰਹਿ ਗਈ ਹੈ। ਅਜਿਹੇ ਕਦਮ ਇਸ ਨੂੰ ਵਧਾਉਣ ਵਿਚ ਸਹਾਈ ਹੋਣਗੇ। ਇਹ ਨਿਰਧਾਰਤ ਰਾਸ਼ੀ ਵਿਚ ਇਕ ਬਹੁਤ ਵੱਡਾ ਉਛਾਲ ਹੈ ਅਤੇ ਕਿਸਾਨਾਂ ਨੂੰ ਮੁਸ਼ਕਿਲਾਂ ਅਤੇ ਆਫ਼ਤਾਂ ਤੋਂ ਸੁਰੱਖਿਆ ਦੇਣ ਵਿਚ ਮਦਦ ਕਰੇਗਾ।"

ਪਰ ਪੇਂਡੂ ਨੌਜਵਾਨਾਂ ਲਈ ਰਾਖਵੀਂ ਕੀਤੀ 15,00 ਕਰੋੜ ਰੁਪਏ ਦੀ ਰਾਸ਼ੀ, ਉਨ੍ਹਾਂ ਦੇ ਰੁਜ਼ਗਾਰ ਮੌਕਿਆਂ ਲਈ ਬਹੁਤ ਥੋੜ੍ਹੀ ਜਾਪਦੀ ਹੈ। ਭੂਮੀ ਸਿਹਤ ਕਾਰਡ ਵੀ ਮੌਜੂਦਾ ਸਰਕਾਰ ਦਾ ਇਕ ਮਨਭਾਉਂਦਾ ਪ੍ਰਾਜੈਕਟ ਹੈ ਜਿਸ ਦਾ ਉਦੇਸ਼ ਖਾਦਾਂ ਦੀ ਅਸੰਤੁਲਿਤ ਵਰਤੋਂ ਨੂੰ ਰੋਕਣਾ ਹੈ ਅਤੇ ਭੂਮੀ ਦੀ ਉਪਜਾਇਕਤਾ ਵਧਾਉਣਾ ਹੈ। ਪਿਛਲੇ ਸਾਲ ਇਸ ਕਾਰਜ ਲਈ 156 ਕਰੋੜ ਰੁਪਏ ਮਿਲੇ ਸਨ ਅਤੇ ਇਸ ਸਾਲ 200 ਕਰੋੜ ਰੁਪਏ ਰੱਖੇ ਗਏ ਹਨ। ਇਸ ਪ੍ਰੋਗਰਾਮ ਦਾ ਉਦੇਸ਼ ਸਭ 14 ਕਰੋੜ 50 ਲੱਖ ਭੂਮੀ ਦੇ ਮਾਲਕਾਂ ਨੂੰ ਅਗਲੇ ਤਿੰਨ ਸਾਲਾਂ ਵਿਚ ਭੂਮੀ ਸਿਹਤ ਕਾਰਡ ਦੇਣਾ ਹੈ। ਆਪਣੇ ਪਿਛਲੇ ਸਾਲ ਦੇ ਬਜਟ ਭਾਸ਼ਣ ਵਿਚ ਵਿੱਤ ਮੰਤਰੀ ਨੇ ਕਿਹਾ ਸੀ ਕਿ "ਸਰਕਾਰ ਹਰ ਕਿਸਾਨ ਨੂੰ ਮਿਸ਼ਨ ਮੋਡ ਵਿਚ ਭੂਮੀ ਸਿਹਤ ਕਾਰਡ ਜਾਰੀ ਕਰਨ ਦੀ ਇਕ ਨਵੀਂ ਯੋਜਨਾ ਸ਼ੁਰੂ ਕਰੇਗੀ ਅਤੇ ਇਸ ਮਕਸਦ ਲਈ ਬਜਟ ਵਿਚ 100 ਕਰੋੜ ਰੁਪਏ ਰੱਖੇ ਗਏ ਹਨ।" ਉਨ੍ਹਾਂ 56 ਕਰੋੜ ਰੁਪਏ ਦੇਸ਼ ਭਰ ਵਿਚ

ਚਲਦੀਆਂ-ਫਿਰਦੀਆਂ ਭੂਮੀ ਪਰਖ ਪ੍ਰਯੋਗਸ਼ਾਲਾਵਾਂ ਸਥਾਪਤ ਕਰਨ ਲਈ ਵੀ ਰਾਖਵੇਂ ਕਰਨ ਦਾ ਐਲਾਨ ਕੀਤਾ ਸੀ। ਇਸ ਸਾਲ ਇਸ ਯੋਜਨਾ ਦੀ ਲਾਗੂਕਰਨ ਰਿਪੋਰਟ ਵਿਚ ਸਰਕਾਰ ਨੇ ਕਿਹਾ ਕਿ, "ਭੂਮੀ ਸਿਹਤ ਕਾਰਡ ਛੇਤੀ ਹੀ ਜਾਰੀ ਕਰਨੇ ਸ਼ੁਰੂ ਕਰ ਦਿਤੇ ਜਾਣਗੇ। ਇਸ ਮਕਸਦ ਲਈ, 12 ਰਾਜਾਂ ਨੂੰ 47 ਚਲਦੀਆਂ-ਫਿਰਦੀਆਂ ਭੂਮੀ ਪਰਖ ਪ੍ਰਯੋਗਸ਼ਾਲਾਵਾਂ ਸਥਾਪਤ ਕਰਨ ਲਈ ਫ਼ੰਡ ਜਾਰੀ ਕਰ ਦਿਤੇ ਗਏ ਹਨ।" ਇਸ ਦਾ ਸਿੱਧਾ ਅਰਥ ਇਹ ਹੈ ਕਿ ਕਿਸਾਨਾਂ ਨੂੰ ਕਾਰਡ ਜਾਰੀ ਕਰਨ ਦਾ ਕੰਮ ਅਜੇ ਸ਼ੁਰੂ ਨਹੀਂ ਕੀਤਾ ਗਿਆ।

"ਖੇਤੀਬਾੜੀ ਖੇਤਰ ਨੂੰ ਨਿਵੇਸ਼ ਅਤੇ ਖੋਜ ਲਈ ਬਜਟ ਵਿਚ ਰਾਖਵੇਂ ਕੀਤੇ ਫ਼ੰਡਾਂ ਨਾਲੋਂ ਬਹੁਤ ਵਧੇਰੇ ਪੂੰਜੀ ਦੀ ਲੋੜ ਹੈ। ਯੋਜਨਾ ਖਰਚੇ ਵਿਚ ਕੋਈ ਖ਼ਾਸ ਵਾਧਾ ਨਹੀਂ ਕੀਤਾ ਗਿਆ ਹੈ। ਸਿਰਫ਼ ਇਕੋ-ਇਕ ਚੰਗੀ ਗੱਲ ਹੈ, ਰਾਜਾਂ ਨੂੰ ਵਧੇਰੇ ਪੂੰਜੀ ਦੀ ਉਪਲਬਧਤਾ (ਵਿੱਤ ਕਮਿਸ਼ਨ ਰਾਹੀਂ ਰਾਜਾਂ ਦਾ ਹਿੱਸਾ 32 ਪ੍ਰਤਿਸ਼ਤ ਤੋਂ ਵਧਾ ਕੇ 42 ਪ੍ਰਤਿਸ਼ਤ ਕਰਨ ਨਾਲ)। ਰਾਜਾਂ ਨੂੰ ਖੇਤੀਬਾੜੀ ਪ੍ਰੋਗਰਾਮਾਂ ਨੂੰ ਆਪਣੇ ਅਧੀਨ ਲੈਣਾ ਹੋਵੇਗਾ ਪਰ ਮੈਨੂੰ ਇਹ ਸ਼ੱਕ ਹੈ ਕਿ ਉਹ ਇਸ ਖੇਤਰ ਲਈ ਵੱਡੀ ਬਕਾਇਆ ਰਕਮ ਦੇਣਗੇ। ਉਨ੍ਹਾਂ ਵਿਚੋਂ ਕੁਝ ਤਾਂ ਤਨਖ਼ਾਹਾਂ ਵੀ ਸਮੇਂ ਸਿਰ ਨਹੀਂ ਦੇ ਸਕਦੇ।" ਇਹ ਕਹਿਣਾ ਹੈ ਇਨਫੋਸਿਸ ਚੇਅਰ ਦੇ ਖੇਤੀਬਾੜੀ ਦੇ ਪ੍ਰੋ. ਅਸ਼ੋਕ ਗੁਲਾਟੀ ਦਾ ਜੋ ਦਿੱਲੀ ਵਿਚ ਅੰਤਰਰਾਸ਼ਟਰੀ ਆਰਥਿਕ ਸੰਬੰਧਾਂ ਬਾਰੇ ਭਾਰਤੀ ਪਰਿਸ਼ਦ ਵਿਚ ਸਥਾਪਤ ਕੀਤੀ ਗਈ ਹੈ।

ਸਬਸਿਡੀ ਦੇ ਫਰੰਟ 'ਤੇ, 2015-16 ਦੇ ਬਜਟ ਵਿਚ 2,43,810.98 ਕਰੋੜ ਰੁਪਏ ਰੱਖੇ ਗਏ ਹਨ ਜੋ ਚਾਲੂ ਵਿੱਤੀ ਸਾਲ ਦੇ ਸੋਧੇ ਅਨੁਮਾਨਾਂ ਵਿਚ ਰਾਖਵੇਂ ਕੀਤੇ 2,66,691.84 ਕਰੋੜ ਰੁਪਏ ਨਾਲੋਂ ਘੱਟ ਹਨ। ਪਰ ਇਹ ਕਟੌਤੀ ਪੈਟਰੋਲੀਅਮ ਪਦਾਰਥਾਂ ਵਿਚ 30,000 ਕਰੋੜ ਰੁਪਏ ਘੱਟ ਸਬਸਿਡੀ ਕਾਰਨ ਸੰਭਵ ਹੋਈ ਜੋ ਤੇਲ ਦੀਆਂ ਅੰਤਰਰਾਸ਼ਟਰੀ ਕੀਮਤਾਂ ਘਟਣ ਨਾਲ ਸੰਭਵ ਹੋ ਸਕੀ ਹੈ। ਇਸ ਤੋਂ ਇਲਾਵਾ, ਸਲਫਿਊਰਿਕ ਐਸਿਡ ਵਿਚ ਆਯਾਤ ਕਰ 7.5 ਪ੍ਰਤਿਸ਼ਤ ਦਰ ਤੋਂ ਘਟਾ ਕੇ 5 ਪ੍ਰਤਿਸ਼ਤ ਕਰਨ ਨਾਲ ਵੀ ਕੁੱਝ ਖੇਤੀਬਾੜੀ ਭੂਮੀ ਨਿਵੇਸ਼ਾਂ ਦੀ ਲਾਗਤ ਵਿਚ ਕਮੀ ਆਉਣ ਨਾਲ ਰਾਹਤ ਮਿਲੇਗੀ। ਖੁਰਾਕ ਅਤੇ ਖਾਦ ਸਬਸਿਡੀ ਵਿਚ ਥੋੜ੍ਹਾ ਜਿਹਾ ਵਾਧਾ ਕੀਤਾ ਗਿਆ ਹੈ। ਸਾਲ ਦਰ ਸਾਲ ਦੇਖਦੇ ਹੋਏ, ਖਾਦਾਂ ਉਪਰ ਸਮੁੱਚੇ ਤੌਰ ਤੇ ਸਬਸਿਡੀ ਵਿਚ 9 ਪ੍ਰਤਿਸ਼ਤ ਦਾ ਵਾਧਾ ਕੀਤਾ ਗਿਆ ਹੈ ਜਦ ਕਿ ਪਿਛਲੇ ਸਾਲ ਦੇ ਮੁਕਾਬਲੇ ਖਾਦ ਸਬਸਿਡੀ ਵਿਚ 3 ਪ੍ਰਤਿਸ਼ਤ ਦਾ ਵਾਧਾ ਹੋਇਆ ਹੈ। ਇਹ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਮਾਹਰਾਂ ਨੂੰ ਉਮੀਦ ਸੀ ਕਿ ਇਨ੍ਹਾਂ ਸਬਸਿਡੀਆਂ ਦੇ ਪ੍ਰਬੰਧ ਵਿਚ ਕੁਝ ਸੁਧਾਰ ਕੀਤਾ ਜਾਵੇਗਾ। ਪਰ ਇਨ੍ਹਾਂ ਸਬਸਿਡੀਆਂ ਨੂੰ ਮਰੋੜਾ ਨਾ ਦੇਣ ਦਾ ਬੁਨਿਆਦੀ ਕਾਰਨ ਵਿੱਤ ਮੰਤਰੀ ਦੇ ਬਾਰ-ਬਾਰ ਖੇਤੀਬਾੜੀ ਅਤੇ ਖੇਤੀਬਾੜੀ ਸਮਾਜ ਦੇ ਪਿਛਲੇ ਕੁਝ ਸਮੇਂ ਤੋਂ ਮੁਸ਼ਕਿਲ ਦੇ ਦੌਰ ਵਿਚੋਂ ਗੁਜ਼ਰਨ ਦੇ ਕਥਨ ਵਿਚ ਦੇਖਿਆ ਜਾ ਸਕਦਾ ਹੈ। ਖੇਤੀਬਾੜੀ ਹੇਠ ਖੇਤਰ ਦੇ ਵੱਡੇ ਹਿੱਸੇ ਵਿਚ ਬਾਰਿਸ਼ ਦੀ ਕਮੀ ਅਤੇ ਅਨਾਜਾਂ ਦੀਆਂ ਕੀਮਤਾਂ ਵਿਚ ਲਗਾਤਾਰ ਗਿਰਾਵਟ ਨੇ ਪੂਰੇ ਦੇਸ਼ ਵਿਚ ਖੇਤੀਬਾੜੀ ਸਮਾਜ ਦੀਆਂ ਤਕਲੀਫ਼ਾਂ ਵਿਚ ਵਾਧਾ ਕੀਤਾ ਹੈ। ਅਜਿਹੇ ਹਾਲਾਤ ਵਿਚ, ਸਰਕਾਰ ਇਹ ਪੂਰੀ ਤਰ੍ਹਾਂ ਜਾਣਦੀ ਹੈ ਕਿ ਕਿਸਾਨਾਂ ਦੀ ਆਮਦਨ ਵਧਾਉਣਾ ਇਕ ਅਜਿਹਾ ਮੁੱਦਾ ਹੈ ਜਿਸ ਨੂੰ ਅਨਾਜਾਂ ਦੇ ਮਾਮਲੇ ਵਿਚ ਸੁਧਾਰ ਹੋਣ ਦੀ ਉਮੀਦ ਉਪਰ ਨਹੀਂ ਛੱਡਿਆ ਜਾ ਸਕਦਾ।

ਕਿਸਾਨਾਂ ਨੂੰ ਖੇਤੀਬਾੜੀ ਤੋਂ ਵਧੇਰੇ ਆਮਦਨ ਲਈ ਵਿੱਤ ਮੰਤਰੀ ਨੇ ਰਾਸ਼ਟਰੀ ਖੇਤੀਬਾੜੀ ਮੰਡੀ ਸ਼ੁਰੂ ਕਰਨ ਦੀ ਲੋੜ ਦੁਹਰਾਈ ਹੈ। ਵਿੱਤ ਮੰਤਰੀ ਨੇ ਕਿਹਾ ਕਿ, "ਕਿਸਾਨਾਂ ਦੀ ਆਮਦਨ ਵਧਾਉਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਰਾਸ਼ਟਰੀ ਖੇਤੀਬਾੜੀ ਮੰਡੀ ਸਥਾਪਤ ਕਰੀਏ ਜੋ ਕੀਮਤਾਂ ਦੇ ਵਾਧੇ ਨੂੰ ਰੋਕਣ ਦਾ ਲਾਭ ਵੀ ਦੇਵੇਗੀ। ਮੈਂ ਇਕ ਸੰਗਠਿਤ ਰਾਸ਼ਟਰੀ ਖੇਤੀਬਾੜੀ ਮਾਰਕੀਟ ਸ਼ੁਰੂ ਕਰਨ ਲਈ ਨੀਤੀ ਆਯੋਗ ਵਿਚ ਰਾਜਾਂ ਨਾਲ ਇਸ ਨੂੰ ਸਥਾਪਤ ਕਰਨ ਵੱਲ ਕੰਮ ਕਰਨਾ ਚਾਹੁੰਦਾ ਹਾਂ।" ਇਹ ਖੇਤੀਬਾੜੀ ਖੇਤਰ ਵਿਚ ਸੁਧਾਰ ਲਈ ਇਕ ਮਹੱਤਵਪੂਰਨ ਨੀਤੀ ਹੈ ਅਤੇ ਇਹ ਕਾਫੀ ਹੱਦ ਤਕ ਖੇਤੀਬਾੜੀ ਮੰਡੀ ਵਿਕਾਸ ਵਿਚ ਸਹਾਈ ਹੋਵੇਗੀ। ਇਸ ਤੋਂ ਇਲਾਵਾ, ਇਹ ਵਿਚੋਲਗਿਰੀ ਦੀ ਪੱਧਰ ਉੱਪਰ ਵੀ ਅਸਰ ਕਰੇਗੀ ਅਤੇ ਕੀਮਤਾਂ ਵਿਚ ਸਥਿਰਤਾ ਲਿਆਵੇਗੀ ਅਤੇ ਕਿਸਾਨਾਂ ਲਈ ਆਪਣੀ ਉਪਜ ਦਾ ਵਧੇਰੇ ਮੁੱਲ ਮਿਲ ਸਕੇਗਾ। ਪਰ ਵਿੱਤ ਮੰਤਰੀ ਦੇ ਬਿਆਨ ਵਿਚ ਹੀ ਤੌਖਲਾ ਹੈ। ਕੇਂਦਰ ਨੂੰ ਇਸ ਲਈ ਰਾਜਾਂ ਨਾਲ ਮਿਲ ਕੇ ਕੰਮ ਕਰਨਾ ਹੋਵੇਗਾ ਅਤੇ ਵੱਖ-ਵੱਖ ਮੁੱਦਿਆਂ ਨੂੰ ਸੁਲਝਾਉਣ ਵਿਚ ਬੇਹਿਸਾਬੀ ਦੇਰੀ ਹੋ ਸਕਦੀ ਹੈ। ਰਾਸ਼ਟਰੀ ਖੇਤੀਬਾੜੀ ਮੰਡੀ ਦੀ ਧਾਰਨਾ ਦਾ ਜ਼ਿਕਰ ਪਿਛਲੇ ਬਜਟ ਵਿਚ ਕੀਤਾ ਗਿਆ ਸੀ ਅਤੇ ਇਸ ਸੰਬੰਧ ਵਿਚ ਸਰਕਾਰ ਵਲੋਂ ਇਸ ਉਪ ਕਾਰਗੁਜ਼ਾਰੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਰਾਜਾਂ ਨੇ ਆਪਣੇ ਦਾਣਾ ਮੰਡੀ ਕਾਨੂੰਨਾਂ ਵਿਚ ਸਿੱਧੇ ਮੰਡੀਕਰਨ ਠੇਕੇ ਉਪਰ ਖੇਤੀ ਕਰਨ ਅਤੇ ਨਿੱਜੀ ਮੰਡੀਆਂ ਸਥਾਪਤ ਕਰਨ ਲਈ ਸੁਧਾਰ ਕੀਤੇ ਹਨ ਅਤੇ ਉਨ੍ਹਾਂ ਵਿਚੋਂ 9 ਰਾਜਾਂ ਨੇ ਇਸ ਸੰਬੰਧ ਵਿਚ ਕਾਇਦੇ ਕਾਨੂੰਨਾਂ ਨੂੰ ਲਾਗੂ ਵੀ ਕਰ ਦਿਤਾ ਹੈ। ਰਾਜਾਂ ਨੂੰ ਸਮੇਂ-ਸਮੇਂ ਮਾਡਲ ਐਕਟ ਦੀ ਲੀਹ 'ਤੇ ਅਤੇ ਉਸ ਤੋਂ ਵੀ ਅੱਗੇ ਸੁਧਾਰ ਕਰਨ ਲਈ ਕਿਹਾ ਜਾਵੇਗਾ।

ਸਰਕਾਰ ਨੇ 2014-15 ਦੇ ਆਰਥਿਕ ਸਰਵੇਖਣ ਦੇ 8ਵੇਂ ਅਧਿਆਇ ਵਿਚ 'ਖੇਤੀ ਉਤਪਾਦਨਾਂ ਲਈ ਰਾਸ਼ਟਰੀ ਮੰਡੀ ਕੁਝ ਮੁੱਦੇ ਅਤੇ ਅਗਾਂਹ ਵਧਣ ਦਾ ਰਸਤਾ' ਦੇ ਸਿਰਲੇਖ ਹੇਠ ਕਰਨਾਟਕ ਦੀ ਉਦਾਹਰਣ ਦਿਤੀ ਹੈ ਅਤੇ ਕਿਹਾ ਹੈ ਕਿ "ਕਰਨਾਟਕ ਵਿਚ 155 ਵਿਚੋਂ 51 ਮੁੱਖ ਮੰਡੀਆਂ ਅਤੇ 354 ਉੱਪ ਮੰਡੀਆਂ ਇਕੋ ਲਾਇਸੰਸ ਪ੍ਰਣਾਲੀ ਤਹਿਤ ਲਿਆਂਦੀਆਂ ਗਈਆਂ ਹਨ। ਰਾਸ਼ਟਰੀ ਈ-ਮਾਰਕੀਟ ਸੇਵਾ ਲਿਮਟਿਡ (ਆਰ ਈ ਐੱਮ ਐੱਸ) ਜੋ ਰਾਜ ਸਰਕਾਰ ਅਤੇ ਰਾਸ਼ਟਰੀ ਸਪਾਟ ਐਕਸਚੇਂਜ ਨੇ ਸਾਂਝੇ ਉੱਦਮ ਦੇ ਤੌਰ ਤੇ ਸਥਾਪਤ ਕੀਤਾ ਹੈ, ਜੋ ਸਵੈਚਾਲਿਤ ਬੋਲੀ ਅਤੇ ਬੋਲੀ ਲੱਗਣ ਤੋਂ ਬਾਅਦ ਦੀਆਂ ਸਹੂਲਤਾਂ (ਤੋਲਣ, ਬਿਲ ਬਣਾਉਣ, ਮੰਡੀ ਫ਼ੀਸ ਲੈਣ, ਹਿਸਾਬ-ਕਿਤਾਬ ਕਰਨ ਆਦਿ), ਮੰਡੀ ਸਹੂਲਤਾਂ ਦੀ ਪਰਖ, ਉਤਪਾਦਨਾਂ ਦੀ ਭੰਡਾਰਣ ਆਧਾਰਿਤ ਵਿਕਰੀ ਸਹੂਲਤ, ਉਤਪਾਦਨ ਫ਼ੰਡ ਦੀ ਸਹੂਲਤ, ਤਕਨਾਲੋਜੀ ਦੀ ਵਰਤੋਂ ਕਰਕੇ ਕੀਮਤਾਂ ਦੀ ਜਾਣਕਾਰੀ ਦੇਣ ਆਦਿ ਦੀ ਸਹੂਲਤ ਮੁਹੱਈਆ ਕਰਦਾ ਹੈ। ਅਲਗ-ਅਲਗ ਮੰਡੀਆਂ ਕਰਨ ਨਾਲ ਲੰਮੇ-ਚੌੜੇ ਕਾਰਜ ਖੇਤਰ ਦਾ ਭੂਗੋਲਿਕ ਲਾਭ ਮਿਲਿਆ ਹੈ, ਨੇ ਨਿੱਜੀ ਖੇਤਰ ਨੂੰ ਮੰਡੀਕਰਨ ਢਾਂਚੇ ਵਿਚ ਨਿਵੇਸ਼ ਕਰਨ ਯੋਗ ਬਣਾ ਦਿਤਾ ਹੈ।" ਅਸੀਂ ਸਿਰਫ਼ ਇਹ ਉਮੀਦ ਹੀ ਕਰ ਸਕਦੇ ਹਾਂ ਕਿ ਸਰਕਾਰ ਨੂੰ ਦੂਸਰੇ ਰਾਜਾਂ ਤੋਂ ਵੀ ਢੁਕਵੀਂ ਮਦਦ ਮਿਲੇ ਤਾਂ ਜੋ ਇਸ ਮਹੱਤਵਪੂਰਨ ਸੁਧਾਰ

ਨੂੰ ਅਸਲੀਅਤ ਵਿਚ ਬਦਲਿਆ ਜਾ ਸਕੇ।

ਇਸ ਤੋਂ ਇਲਾਵਾ, ਪੇਂਡੂ ਖੇਤਰ ਵਿਚ 2022 ਤਕ 4 ਕਰੋੜ ਮਕਾਨ ਉਸਾਰੀ ਹਾਂ ਪੱਖੀ ਅਤੇ ਪੇਂਡੂ ਅਰਥਤੰਤਰ ਨੂੰ ਝੰਜੋੜਨ ਵਾਲਾ ਅਸਰ ਪਾਵੇਗੀ। ਪਰ ਕੁਝ ਅਜਿਹੇ ਉਪ ਖੇਤਰ ਵੀ ਹਨ ਜਿਨ੍ਹਾਂ ਦੀ ਇਸ ਬਜਟ ਵਿਚ ਉੱਕਿਆਂ ਅਣਦੇਖੀ ਕੀਤੀ ਗਈ ਹੈ। ਵਿੱਤ ਮੰਤਰੀ ਨੇ ਕਿਸਾਨਾਂ ਦੀ ਆਮਦਨ ਵਧਾਉਣ ਉਪਰ ਠੀਕ ਹੀ ਜ਼ੋਰ ਦਿਤਾ ਹੈ ਪਰ ਖੁਰਾਕ ਡੱਬਾਬੰਦੀ ਖੇਤਰ ਉਪਰ ਚੁੱਪੀ ਸਾਧ ਲਈ ਹੈ। ਸਰਕਾਰ ਦੇ ਪੁਰਜ਼ੋਰ 'ਭਾਰਤ ਵਿਚ ਬਣਾਓ' ਉਪਰ ਜ਼ੋਰ ਦੇਣ ਤੋਂ ਇਸ ਉਦਯੋਗ ਨੂੰ ਉਮੀਦ ਸੀ ਕਿ ਇਸ ਵਿਚ ਸੁਧਾਰ ਬਾਰੇ ਕੁੱਝ ਵੱਡੇ ਐਲਾਨ ਕੀਤੇ ਜਾਣਗੇ, ਖ਼ਾਸ ਤੌਰ ਤੇ ਉਸ ਵੇਲੇ ਜਦੋਂ 'ਭਾਰਤ ਵਿਚ ਬਣਾਓ' ਪਹਿਲ ਅਧੀਨ ਇਸ ਖੇਤਰ ਨੂੰ ਪਹਿਲ ਦੇ ਖੇਤਰ ਦੇ ਤੌਰ ਤੇ ਪਛਾਣਿਆ ਗਿਆ ਹੈ। ਪਰ ਇਸ ਖੇਤਰ ਨੂੰ ਜੋ ਕੁਝ ਮਿਲਿਆ ਹੈ ਉਹ ਹੈ ਫਲਾਂ ਅਤੇ ਸਬਜ਼ੀਆਂ ਲਈ ਕੋਲਡ ਸਟੋਰੇਜ ਤੋਂ ਪਹਿਲਾਂ ਦੀਆਂ ਕੁਝ ਸੇਵਾਵਾਂ ਲਈ ਸੇਵਾ ਕਰ ਤੋਂ ਛੋਟ। ਵਿੱਤ ਮੰਤਰੀ ਨੇ ਬਜਟ ਭਾਸ਼ਨ ਵਿਚ ਕਿਹਾ ਕਿ, ''ਫਲਾਂ ਅਤੇ ਸਬਜ਼ੀਆਂ ਦੇ ਮਹੱਤਵਪੂਰਨ ਖੇਤਰ ਵਿਚ ਕੀਮਤ ਵਧਾਊ ਪ੍ਰੇਰਕ ਦੇਣ ਲਈ ਕੋਲਡ ਸਟੋਰੇਜ ਤੋਂ ਪਹਿਲਾਂ ਦੀਆਂ ਕੁਝ ਸੇਵਾਵਾਂ ਲਈ ਕਰ ਤੋਂ ਛੋਟ ਦਿਤੀ ਜਾ ਰਹੀ ਹੈ।" ਬਜਟ ਦਸਤਾਵੇਜ਼ ਵਿਚ ਕਿਹਾ ਗਿਆ ਹੈ ਕਿ ਕਰ ਛੋਟ ਸੇਵਾਵਾਂ ਉਪਰ ਹੋਵੇਗੀ ਜੋ ਅਨੁਕੂਲਨ, ਠੰਢੇ ਕਰਨ ਤੋਂ ਪਹਿਲਾਂ, ਪਕਾਉਣ, ਵੈਕਸਿੰਗ, ਖੁਦਰਾ ਵਿੱਕਰੀ ਲਈ ਡੱਬਾਬੰਦੀ ਅਤੇ ਲੇਬਲ ਲਗਾਉਣ ਦੀਆਂ ਸੇਵਾਵਾਂ ਉਪਰ ਲਗਦਾ ਹੈ। ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਕਿ ਰੇਲ, ਸਮੁੰਦਰੀ ਰਸਤੇ ਜਾਂ ਸੜਕ ਮਾਰਗ ਰਾਹੀਂ ਖੁਰਾਕ ਉਤਪਾਦਨਾਂ ਦੀ ਆਵਾਜਾਈ ਲਈ ਸੇਵਾ ਕਰ ਛੋਟ ਸਿਰਫ਼ ਚੌਲ, ਦਾਲਾਂ, ਆਟਾ, ਦੁੱਧ ਅਤੇ ਨਮਕ ਸਮੇਤ ਅਨਾਜਾਂ ਉਪਰ ਸੀਮਤ ਹੋਵੇਗਾ। ਦਸਤਾਵੇਜ਼ ਵਿਚ ਕਿਹਾ ਗਿਆ ਹੈ ਕਿ ਖੇਤੀ ਉਤਪਾਦਨਾਂ ਦੀ ਢੋ-ਢੁਆਈ ਨੂੰ ਅਲਗ ਤੋਂ ਛੋਟ ਮਿਲੀ ਹੋਈ ਹੈ ਜੋ ਲਾਗੂ ਰਹੇਗੀ। ਸਰਕਾਰ ਛੇਤੀ ਖਰਾਬ ਹੋਣ ਵਾਲੇ ਪਦਾਰਥਾਂ ਦੀਆਂ ਕੀਮਤਾਂ ਕਾਬੂ ਹੇਠ ਰਖਣਾ ਚਾਹੁੰਦੀ ਹੈ ਅਤੇ ਇਹ ਛੋਟਾਂ ਸ਼ਾਇਦ ਹੀ ਕਿਸਾਨ ਦੇ ਹੱਥ ਵਿਚ ਕੁਝ ਵਾਧੂ ਧਨ ਦੇਣ।

ਇਕ ਹੋਰ ਖੇਤਰ ਜਿਸ ਨੂੰ ਪੂਰੀ ਤਰ੍ਹਾਂ ਨਿਰਾਸ਼ਾ ਹੋਈ ਹੈ ਉਹ ਹੈ ਖੇਤੀ ਉਤਪਾਦਨਾਂ ਦਾ ਨਿਰਯਾਤ। ਭਾਰਤ ਇਸ ਮੋਰਚੇ 'ਤੇ ਕਾਫ਼ੀ ਮਜ਼ਬੂਤ ਹੈ ਅਤੇ ਢੁਕਵੀਂ ਮਦਦ ਦੇਣ ਨਾਲ ਸਰਕਾਰ ਨੂੰ ਦੋਹਰਾ ਲਾਭ ਪ੍ਰਾਪਤ ਹੋਣਾ ਸੀ – ਵਿਦੇਸ਼ੀ ਮੁਦਰਾ ਦੀ ਆਮਦ ਵਧਦੀ ਅਤੇ ਕਿਸਾਨਾਂ ਨੂੰ ਵੀ ਚੰਗੀਆਂ ਕੀਮਤਾਂ ਪ੍ਰਾਪਤ ਹੁੰਦੀਆਂ ਹਨ। ਪਰ ਬਜਟ ਇਸ ਉਪ ਖੇਤਰ ਉੱਤੇ ਲਗਭਗ ਚੁੱਪ ਹੀ ਹੈ।

ਫ਼ਸਲ ਬੀਮਾ ਇਕ ਹੋਰ ਅਜਿਹਾ ਖੇਤਰ ਹੈ ਜਿਸ ਉਪਰ ਵਿੱਤ ਮੰਤਰੀ ਚੁੱਪ ਰਹੇ ਹਨ। ਕੋਲਡ ਚੇਨ ਅਤੇ ਵੇਅਰਹਾਊਸ ਖੇਤੀਬਾੜੀ ਬੁਨਿਆਦੀ ਢਾਂਚੇ ਦਾ ਸਭ ਤੋਂ ਵੱਧ ਮਹੱਤਵਪੂਰਨ ਅੰਗ ਹਨ ਅਤੇ ਬਹੁ-ਬ੍ਰਾਂਡ ਖੁਦਰਾ ਵਪਾਰ ਵਿਚ ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਇਜਾਜ਼ਤ ਦੇਣ ਉਪਰ ਬਹਿਸ ਦੇ ਚਲਦਿਆਂ, ਇਨ੍ਹਾਂ ਸਰੋਤਾਂ ਲਈ ਨਿਵੇਸ਼ ਜੁਟਾਉਣਾ ਇਕ ਵੱਡਾ ਤਰਕ ਸੀ। ਕੋਲਡ ਚੇਨ ਅਤੇ ਵੇਅਰਹਾਊਸ, ਅੰਨ ਉਤਪਾਦਕਾਂ ਨੂੰ ਆਪਣੀ ਫ਼ਸਲ ਨੂੰ ਵਧੇਰੇ ਸਮੇਂ ਤਕ ਆਪਣੇ ਕੋਲ ਰੱਖਣ ਦੀ ਸਮਰਥਾ ਦਿੰਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਆਪਣੇ ਉਤਪਾਦਨਾਂ ਲਈ ਵਧੇਰੇ ਵਿੱਕਰੀ ਧਨ ਪ੍ਰਾਪਤੀ ਲਈ ਮਜ਼ਬੂਤ ਆਧਾਰ ਦਿੰਦੇ ਹਨ। ਇਸ ਲਈ, ਇਹ ਇਕ ਅਜਿਹਾ ਖੇਤਰ ਸਮਝਿਆ ਜਾਂਦਾ ਸੀ ਜਿਸ ਲਈ ਵਿੱਤ ਮੰਤਰੀ ਕੋਈ ਠੋਸ ਯੋਜਨਾ ਜਾਰੀ ਕਰਦੇ। ਪੇਂਡੂ ਬੁਨਿਆਦੀ ਢਾਂਚਾ ਵਿਕਾਸ ਫ਼ੰਡ ਤਹਿਤ, ਪੇਂਡੂ ਢਾਂਚੇ ਦੇ ਜ਼ਿਕਰ ਤੋਂ ਇਲਾਵਾ, ਉਨ੍ਹਾਂ ਬਜਟ ਵਿਚ ਇਸ ਮੁੱਦੇ ਬਾਰੇ ਕੋਈ ਵਿਸ਼ੇਸ਼ ਐਲਾਨ ਨਹੀਂ ਕੀਤਾ ਹੈ।

ਅੰਤ ਵਿਚ, 2105-16 ਦਾ ਬਜਟ ਕਿਸਾਨਾਂ ਦੇ ਬੁਨਿਆਦੀ ਮੁੱਦੇ ਅਤੇ ਖੇਤੀਬਾੜੀ ਜਿਵੇਂ ਕਿ ਸਿੰਜਾਈ, ਕਿਸਾਨਾਂ ਨੂੰ ਕਰਜ਼ੇ, ਭੂਮੀ ਸਿਹਤ, ਪੇਂਡੂ ਬੁਨਿਆਦੀ ਢਾਂਚਾ ਅਤੇ ਕਿਸਾਨਾਂ ਨੂੰ ਉਨ੍ਹਾਂ ਦੇ ਉਤਪਾਦਨਾਂ ਲਈ ਵਾਜਬ ਕੀਮਤਾਂ ਆਦਿ ਵੱਲ ਸਰਕਾਰ ਦੀ ਨੇਕ ਨੀਤੀ ਦਰਸਾਉਂਦਾ ਹੈ ਪਰ ਇਨ੍ਹਾਂ ਉਪਰ ਯੋਜਨਾਵਾਂ ਲਈ ਨਿਰਧਾਰਤ ਫ਼ੰਡ ਲੋੜ ਨਾਲੋਂ ਕੀਤੇ ਘੱਟ ਹਨ। ਕੇਂਦਰ ਸਰਕਾਰ ਰਾਜਾਂ ਵਲੋਂ ਨਿਵੇਸ਼ ਉੱਪਰ ਬਹੁਤ ਆਸ਼ਰਿਤ ਰਹੀ ਹੈ। ਰਾਜਾਂ ਵਲੋਂ ਇਨ੍ਹਾਂ ਯੋਜਨਾਵਾਂ ਲਈ ਖਰਚਾ ਕਰਨ ਦੀ ਲੋੜ ਉਪਰ ਵੀ ਕੋਈ ਖ਼ਾਸ ਜ਼ੋਰ ਨਹੀਂ ਦਿਤਾ ਗਿਆ ਅਤੇ ਇਹ ਇਨ੍ਹਾਂ ਯੋਜਨਾਵਾਂ ਦੀ ਕਾਮਯਾਬੀ ਉਪਰ ਕਈ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਮਹੱਤਵਪੂਰਨ ਖੇਤਰਾਂ ਜਿਵੇਂ ਕਿ ਫ਼ਸਲ ਬੀਮਾ, ਖੁਰਾਕ ਪ੍ਰਕਿਰਿਆ, ਖੇਤੀ ਨਿਰਯਾਤ ਅਤੇ ਵੇਅਰਹਾਊਸਿੰਗ ਨੂੰ ਬਿਨਾਂ ਵਿਚਾਰੇ ਛੱਡ ਦਿਤਾ ਗਿਆ ਹੈ ਜੋ ਇਸ ਖੇਤਰ ਉਪਰ ਨਜ਼ਰ ਰੱਖਣ ਵਾਲਿਆਂ ਨੂੰ ਨਿਰਾਸ਼ ਕਰੇਗਾ।

*(ਲੇਖਕ ਖੇਤੀਬਾੜੀ ਅਤੇ ਦਿਹਾਤੀ ਵਿਕਾਸ ਨਾਲ ਸੰਬੰਧਿਤ ਮਸਲਿਆਂ ਬਾਰੇ ਲਿਖਦਾ ਹੈ।)*

*e-mail :bhaskarbhuwan@gmail.com*

***ਸਫ਼ਾ 40 ਦੀ ਬਾਕੀ***

ਕਿਵੇਂ ਨਿਗਰਾਨਾਂ ਵਲੋਂ ਅਜਿਹੀਆਂ ਸਰਗਰਮੀਆਂ ਦੇ ਅੰਕੜਿਆਂ ਰਿਪੋਰਟਾਂ ਨੂੰ ਫਰਜ਼ੀ ਢੰਗ ਨਾਲ ਤਿਆਰ ਕੀਤਾ ਜਾਂਦਾ ਹੈ। ਇਸ ਲਈ ਅਜਿਹੇ ਪਾਰਦਰਸ਼ੀ ਅਤੇ ਯੋਗ ਰਿਪੋਰਟਿੰਗ ਸਿਲਸਿਲੇ ਦੀ ਲੋੜ ਹੈ ਜਿਸ ਰਾਹੀਂ ਅਜਿਹੇ ਕੇਂਦਰਾਂ, ਸਿਖਲਾਈ ਦੇਣ ਵਾਲਿਆਂ, ਸਿਖਿਆਰਥੀਆਂ, ਸਿਖਲਾਈ ਉਪ-ਕੇਂਦਰਾਂ ਅਤੇ ਸਿਖਲਾਈ ਤੋਂ ਬਾਅਦ ਸੌਂਪੀ ਗਈ ਜ਼ਿੰਮੇਵਾਰੀ ਦੇ ਵੇਰਵੇ ਆਸਾਨੀ ਨਾਲ ਪਹੁੰਚ ਵਿਚ ਹੋ ਸਕਣ। ਭਾਰਤੀ ਕਿਰਤ-ਸ਼ਕਤੀ ਦੀ ਰੁਜ਼ਗਾਰ ਯੋਗਤਾ ਅਤੇ ਵਪਾਰਕ ਕੇਂਦਰਾਂ ਨੂੰ ਕਾਰਜ ਕੁਸ਼ਲ ਕਿਰਤੀਆਂ ਦੀ ਲਗਾਤਾਰ ਪੂਰਤੀ ਮੁੱਖ ਮੰਤਵ ਹੈ। ਇਸ ਲਈ 'ਲਗਾਤਾਰ ਮਹਾਰਤ ਵਿਕਾਸ' ਦੇ ਕਾਮੇ ਮੁਤਾਬਿਕ ਚੱਲਣ ਦੀ ਲੋੜ ਹੈ।

ਭਾਵੇਂ ਸਕੂਲ/ਯੂਨੀਵਰਸਿਟੀ ਸਿੱਖਿਆ ਹੋਵੇ, ਰਾਸ਼ਟਰੀ ਮਹਾਰਤ ਵਿਕਾਸ ਕੇਂਦਰ ਜਾਂ ਐੱਨ ਐੱਸ ਡੀ ਸੀ, ਐੱਨ ਐੱਸ ਡੀ ਏ, ਐੱਨ ਐੱਸ ਡੀ ਐੱਫ, ਐੱਨ ਐੱਸ ਕਿਊ ਐੱਫ, ਆਈ ਟੀ ਆਈ, ਪੋਲੀਟੈਕਨਿਕ ਤੇ ਜਾਂ ਹੋਰ ਬਹੁ-ਪੱਧਰੀ ਭਾਰਤੀ ਉਦਯੋਗਿਕ ਢਾਂਚੇ, ਸਾਰਿਆਂ ਨੂੰ ਹਰ ਭਾਰਤੀ ਨਾਗਰਿਕ ਤਕ ਮਿਆਰੀ ਸਿੱਖਿਆ ਅਤੇ ਮਹਾਰਤ ਵਿਕਾਸ ਦਾ ਪਾਸਾਰ ਕਰਨ ਅਤੇ ਇਨ੍ਹਾਂ ਵਿਅਕਤੀਆਂ ਨੂੰ ਢੁਕਵੀਂ ਥਾਂ 'ਤੇ ਕੰਮ 'ਤੇ ਲਾਉਣ ਦੇ ਅਹਿਮ ਮੰਤਵ ਲਈ ਇਕ ਜੁਟ ਹੋ ਕੇ ਕੰਮ ਕਰਨ ਦੀ ਲੋੜ ਹੈ।

ਆਓ, ਆਪਾਂ ਸਾਰੇ ਰਾਸ਼ਟਰ ਦੇ ਨਾਂ 'ਤੇ ਭਾਰਤ ਨੂੰ ਦੁਨੀਆਂ ਦੇ ਮਹਾਰਤ ਨਾਲ ਭਰਪੂਰ ਸਰਮਾਏ ਵਜੋਂ ਵਿਕਸਤ ਕਰਨ ਦਾ ਸੰਕਲਪ ਲਈਏ।

– ਪ੍ਰਧਾਨ ਮੰਤਰੀ ਨਰੇਂਦਰ ਮੋਦੀ

*(ਲੇਖਕ ਬੀ ਬੀ ਸੀ ਹਿੰਦੀ ਸਰਵਿਸ ਅਤੇ ਐੱਨ ਡੀ ਟੀ ਵੀ ਸਮਾਚਾਰ ਚੈਨਲ ਨਾਲ ਕੰਮ ਕਰ ਚੁੱਕਾ ਹੈ।)*

*e-mail :swadesh171@gmail.com*

# ਰੇਲ ਬਜਟ : ਪ੍ਰਗਤੀ ਲਈ ਦਲੇਰੀ ਭਰਿਆ ਰਸਤਾ

ਜੀ. ਸ੍ਰੀਨਿਵਾਸਨ

ਆਜ਼ਾਦੀ ਤੋਂ ਬਾਅਦ ਦੇ ਸਮੇਂ ਵਿਚ, ਬਹੁਤ ਘੱਟ ਰੇਲ ਮੰਤਰੀਆਂ ਨੇ ਲੋਕ ਲੁਭਾਉਣੇ ਬਜਟ ਪੇਸ਼ ਕਰਨ ਦੇ ਘਿਸੇ-ਪਿਟੇ ਰਸਤੇ ਦੀ ਚੋਣ ਨਹੀਂ ਕੀਤੀ ਹੋਵੇਗੀ ਅਤੇ ਨਵੀਆਂ ਰੇਲ ਗੱਡੀਆਂ ਅਤੇ ਯੋਜਨਾਵਾਂ ਸ਼ੁਰੂ ਕਰਨ ਦੇ ਸਮੇਂ ਦੇ ਲਾਲਚ ਅੱਗੇ ਗੋਡੇ ਨਹੀਂ ਟੇਕੇ ਹੋਣਗੇ। 26 ਫ਼ਰਵਰੀ ਨੂੰ ਸੰਸਦ ਵਿਚ ਪੇਸ਼ ਕੀਤਾ ਗਿਆ, 1 ਅਪ੍ਰੈਲ ਤੋਂ ਸ਼ੁਰੂ ਹੋ ਰਹੇ ਅਗਲੇ ਵਿੱਤੀ ਵਰ੍ਹੇ ਲਈ ਰੇਲਵੇ ਬਜਟ, ਬੇਸ਼ੱਕ ਇਕ ਦਲੇਰੀ ਭਰੀ ਕੋਸ਼ਿਸ਼ ਹੈ ਕਿਉਂਕਿ ਇਹ ਬੀਤੇ ਸਮੇਂ ਵਿਚ ਅਪਣਾਏ ਜਾਂਦੇ ਰਸਤੇ ਤੋਂ ਹਟ ਕੇ ਹੈ ਅਤੇ ਇਸ ਆਵਾਜਾਈ ਦੇ ਗੋਲਾਕਾਰ ਸਾਧਨ ਦੀ ਤਰੱਕੀ ਲਈ ਵਿਸ਼ਵਾਸ ਦੀ ਪ੍ਰਸ਼ੰਸਾਯੋਗ ਛਾਲ ਅਤੇ ਅਸਲੀ ਦ੍ਰਿਸ਼ ਨਾਲ ਭਵਿੱਖ ਸੰਗ ਸਾਂਝ ਪਾਉਂਦਾ ਪ੍ਰਤੀਤ ਹੁੰਦਾ ਹੈ। ਅਗਲੇ ਪੰਜ ਸਾਲਾਂ ਲਈ 8.56 ਲੱਖ ਕਰੋੜ ਰੁਪਏ ਦਾ ਦਰਮਿਆਨੀ ਮਿਆਦ ਦਾ ਵੱਡਾ ਨਿਵੇਸ਼, ਯਾਤਰੀ ਕਿਰਾਇਆਂ ਵਿਚ ਕੋਈ ਵਾਧਾ ਨਹੀਂ ਪਰ ਮਾਲ ਭਾੜੇ ਦੇ ਮੁਢਲੇ ਵਰਗ ਲਈ 10 ਪ੍ਰਤਿਸ਼ਤ ਦਾ ਇਜ਼ਾਫ਼ਾ ਜਿਸ ਵਿਚ ਜ਼ਰੂਰੀ ਵਸਤਾਂ ਜਿਵੇਂ ਕਿ ਮਨੁੱਖੀ ਖਪਤ ਲਈ ਲੂਣ, ਸੀਮਿੰਟ, ਕੋਲਾ, ਬੁਝਿਆ ਹੋਇਆ ਪੱਥਰ ਦਾ ਕੋਲਾ (ਕੋਕ), ਲੋਹਾ ਅਤੇ ਇਸਪਾਤ, ਕੱਚਾ ਲੋਹਾ, ਲੋਹ ਧਾਤਾਂ ਅਤੇ ਪੈਟਰੋਲੀਅਮ ਪਦਾਰਥਾਂ ਨੂੰ ਇਸ ਵਾਧੇ ਤੋਂ ਬਾਹਰ ਰੱਖਿਆ ਗਿਆ ਹੈ ਅਤੇ ਦੂਰੀ ਦੇ ਸਲੈਬ ਨੂੰ ਤਰਕਸੰਗਤ ਬਣਾਇਆ ਗਿਆ ਹੈ ਆਦਿ ਨੁਕਤੇ 2015–16 ਦੇ ਰੇਲ ਬਜਟ ਦੇ ਪ੍ਰਮੁੱਖ ਅੰਗ ਹਨ। ਬਜਟ ਤੋਂ ਬਾਅਦ ਰੇਲਵੇ ਬੋਰਡ ਦੇ ਉੱਚ ਅਧਿਕਾਰੀਆਂ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਬਜਟ ਅੰਦਰ ਵੱਖ-ਵੱਖ ਵਸਤਾਂ ਲਈ ਸਲੈਬ ਕਰ ਅਤੇ ਵਰਗੀਕਰਨ ਵਿਚ ਬਹੁਤ ਮਾਮੂਲੀ ਬਦਲਾਅ ਕੀਤੇ ਗਏ ਹਨ। ਸਲੈਬਾਂ ਦਾ ਮੁੜ-ਗਠਨ ਕਰਨ ਤੋਂ ਬਾਅਦ ਕੁਝ ਵਸਤਾਂ ਲਈ ਭਾੜਾ ਸਿਰਫ਼ 10 ਪ੍ਰਤਿਸ਼ਤ ਵਧਦਾ ਨਜ਼ਰ ਆ ਰਿਹਾ ਹੈ ਜਦ ਕਿ ਅਨੇਕ ਵਸਤਾਂ ਲਈ ਤਾਂ ਇਹ ਘਟ ਕੇ ਮਨਫ਼ੀ ਵਿਚ ਵੀ ਜਾ ਰਿਹਾ ਹੈ। ਕੁੱਲ ਮਿਲਾ ਕੇ, ਰੇਲਵੇ ਇਸ ਪ੍ਰਕਿਰਿਆ ਤੋਂ, ਮਾਲ ਭਾੜੇ ਦੀ ਕਮਾਈ ਦੇ ਸੋਚੇ ਗਏ 1,21,423 ਕਰੋੜ ਰੁਪਏ ਵਿਚ 4000 ਕਰੋੜ ਰੁਪਏ ਇਕੱਤਰ ਕਰਨ ਦਾ ਇਛੁੱਕ ਹੈ। ਇਸ ਕਰਕੇ ਉਹ ਦਲੀਲ ਦਿੰਦੇ ਹਨ ਕਿ ਔਸਤ ਵਾਧਾ ਬਹੁਤ ਹੀ ਮਾਮੂਲੀ, ਸਿਰਫ਼ 3 ਪ੍ਰਤਿਸ਼ਤ ਹੈ।

ਰੇਲ ਮੰਤਰੀ ਨੇ ਲੋਕ ਸਭਾ ਵਿਚ ਰੇਲ ਬਜਟ ਪੇਸ਼ ਕਰਦਿਆਂ ਬਿਲਕੁਲ ਸਹੀ ਨਬਜ਼ ਫੜਦਿਆਂ ਆਖਿਆ ਕਿ, ''ਨਾੜੀਆਂ ਦਾ ਇਕ ਜਾਲ ਜੋ ਭਾਰਤ ਦੀ ਆਰਥਿਕਤਾ ਦੇ ਦਿਲ ਨੂੰ ਜੀਵਨ ਰੱਖਿਅਕ ਖ਼ੂਨ ਦੀ ਪੂਰਤੀ ਕਰਦਾ ਹੈ", ਇਹ ਬਹੁਤ ਬਦਕਿਸਮਤੀ ਵਾਲੀ ਗੱਲ ਹੈ ਕਿ ਨਿੱਜੀ ਅਤੇ ਉਦਯੋਗਿਕ, ਦੋਵਾਂ ਵਰਤੋਂਕਾਰਾਂ ਲਈ ਰੇਲਵੇ ਦੀਆਂ ਸਹੂਲਤਾਂ ਆਰਾਮ ਭਰੀਆਂ ਨਹੀਂ ਰਹੀਆਂ। ਮੰਤਰੀ ਨੇ ਸ਼ਬਦਾਂ ਨੂੰ ਸਪੱਸ਼ਟ ਕਰਦਿਆਂ ਸੋਧਿਤ ਤੌਰ ਤੇ ਦੇਖਿਆ ਕਿ ਵਰਤੋਂਕਾਰਾਂ ਲਈ ਸੇਵਾਵਾਂ ਦੀ ਘੋਰ ਨਿਰਾਸ਼ਾਜਨਕ ਪੱਧਰ ਦਾ ਬੁਨਿਆਦੀ ਕਾਰਨ 'ਲੰਮੇ ਸਮੇਂ ਤੋਂ ਘੱਟ ਨਿਵੇਸ਼' ਦਾ ਹੋਣਾ ਹੈ। ਕੋਈ ਹੈਰਾਨੀ ਵਾਲੀ ਗੱਲ ਨਹੀਂ, ਇਸ ਦੇ ਸਿੱਟੇ ਵਜੋਂ ਸਮਰੱਥਾ ਵਿਚ ਵਾਧਾ ਨਹੀਂ ਹੋਇਆ, ਸੁਰੱਖਿਆ ਨਾਲ ਖਿਲਵਾੜ ਹੋਇਆ ਅਤੇ ਸੇਵਾਵਾਂ ਦੇਣ ਦੀ ਗੁਣਵੱਤਾ ਬਹੁਤ ਹੀ ਤਰਸਯੋਗ ਰਹੀ ਜਿਸ ਕਰਕੇ ਮਨੋਬਲ ਡਿੱਗਿਆ, ਕੁਸ਼ਲਤਾ ਘੱਟ ਹੋਈ, ਮਾਲ ਅਤੇ ਯਾਤਰੀ ਆਵਾਜਾਈ ਆਸ ਤੋਂ ਥੱਲੇ ਰਹੀ ਅਤੇ ਘੱਟ ਵਿੱਤੀ ਸਰੋਤ ਪੈਦਾ ਹੋਏ।"

ਰੇਲ ਮੰਤਰੀ ਨੇ ਠੀਕ ਹੀ ਰੇਲਵੇ ਵਿਚ ਨਿਵੇਸ਼ ਦੇ ਫ਼ਾਇਦਿਆਂ ਬਾਰੇ ਲੰਮਾ-ਚੌੜਾ ਵਿਖਿਆਨ ਦਿਤਾ ਜਿਸ ਦਾ ਬਾਕੀ ਦੀ ਆਰਥਿਕਤਾ 'ਤੇ ਬਹੁਤ ਹੀ ਵੱਡਾ ਤੇ ਕਈ ਗੁਣਾ ਅਸਰ ਪਵੇਗਾ, ਨਾਲ ਦੀ ਨਾਲ ਗਰੀਬਾਂ ਵਾਸਤੇ ਨੌਕਰੀਆਂ ਦਾ ਪ੍ਰਬੰਧ ਕਰਨ ਅਤੇ ਵਾਤਾਵਰਨਿਕ ਸਥਾਈਪਨ ਨਿਸ਼ਚਿਤ ਕਰਨ 'ਤੇ ਵੀ। ਉਨ੍ਹਾਂ ਨੇ ਬਿਲਕੁਲ ਸਹੀ ਮੌਜੂਦਾ ਉੱਚ ਘਣਤਾ ਵਾਲੇ ਨੈੱਟਵਰਕ ਦੀ ਸਮਰੱਥਾ ਵਿਚ ਸੁਧਾਰ 'ਤੇ ਜ਼ੋਰ ਦਿਤਾ ਜੋ ਬਹੁਤ ਸਸਤਾ ਸੌਦਾ ਹੋਵੇਗਾ ਕਿਉਂਕਿ ਭੌਂ ਪ੍ਰਾਪਤੀ ਦਾ ਕੋਈ ਵੱਡਾ ਮਸਲਾ ਨਹੀਂ ਅਤੇ ਇਸ ਨੂੰ ਮੁਕੰਮਲ ਕਰਨ ਦਾ ਸਮਾਂ ਵੀ ਘੱਟ ਹੋਵੇਗਾ। ਇਸ ਕਰਕੇ ਜ਼ਿਆਦਾ ਜ਼ੋਰ ਗੇਜ਼ ਬਦਲਣ, ਦੁੱਗਣਾ ਕਰਨ, ਤਿੱਗੁਣਾ ਕਰਨ ਅਤੇ ਬਿਜਲੀਕਰਨ 'ਤੇ ਹੋਵੇਗਾ ਤਾਂ ਕਿ ਆਮ ਕਹਾਵਤ ਅਨੁਸਾਰ ਸੁਸਤ ਔਸਤ ਰਫ਼ਤਾਰ ਥੋੜ੍ਹੀ ਤੇਜ਼ ਹੋ ਸਕੇ ਅਤੇ ਵਰਤੋਂਕਾਰਾਂ ਨੂੰ ਲੰਮੇ ਸਮੇਂ ਦੇ ਫ਼ਾਇਦੇ ਪੁੱਜ ਸਕਣ। ਇਹ ਗੌਰ ਕਰਨ ਵਾਲੀ ਗੱਲ ਹੈ ਕਿ ਰੇਲਵੇ ਦੀ ਜ਼ਿਆਦਾਤਰ ਆਵਾਜਾਈ ਛੇ ਲਾਂਘਿਆਂ 'ਤੇ ਚੱਲਦੀ ਹੈ ਜੋ ਚਾਰ ਮਹਾਂਨਗਰਾਂ ਅਤੇ ਇਸ ਚਤਰਭੁਜ ਦੇ ਆਡੇ-ਤਿਰਛੇ ਨੂੰ ਜੋੜਦੇ ਹਨ। ਇਹ ਛੇ ਲਾਂਘੇ ਬਿਲਕੁਲ ਨੱਕੋ-ਨੱਕ ਭਰੇ ਪਏ ਹਨ, ਇਸ ਕਰਕੇ ਮੌਜੂਦਾ ਸਮੇਂ ਪ੍ਰਣਾਲੀ ਦੀ ਸਮਰੱਥਾ ਵਧਾ ਕੇ ਇਸ ਨੈੱਟਵਰਕ ਨੂੰ ਥੋੜ੍ਹਾ ਹੌਲਾ ਕਰਨ 'ਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਬਜਟ ਦੀ ਕਲਮ ਹੇਠ ਲਿਆਂਦੇ ਗਏ ਦੂਜੇ ਧਿਆਨ ਦੇਣ ਯੋਗ ਖੇਤਰਾਂ ਵਿਚ ਹੋਰਨਾਂ ਤੋਂ ਇਲਾਵਾ ਗਾਹਕ ਦੀ ਸਹੂਲਤ, ਸੁਰੱਖਿਆ ਅਤੇ ਭਵਿੱਖ ਵਿਚ ਪ੍ਰਣਾਲੀ ਨੂੰ ਸਵੈ-ਸਥਾਈ ਅਤੇ ਲੰਮੇ ਸਮੇਂ ਦੀ ਇਕਾਈ ਬਣਾਉਣਾ ਹੈ।

ਇਸ ਰੇਲ ਬਜਟ ਵਿਚ ਨਵੀਂ ਵਿਸ਼ੇਸ਼ਤਾ ਅਗਲੇ ਵਿੱਤੀ ਵਰ੍ਹੇ ਲਈ ਬਿਜਲੀਕਰਨ ਵਾਸਤੇ ਭਰਪੂਰ ਵਾਧੇ ਦਾ ਪ੍ਰਸਤਾਵ ਹੈ। ਵਰਤਮਾਨ ਵਿੱਤੀ ਸਾਲ ਵਿਚ 462 ਰੂਟ ਕਿਲੋਮੀਟਰਾਂ ਦੇ ਮੁਕਾਬਲੇ

2015-16 ਲਈ 6608 ਰੂਟ ਕਿਲੋਮੀਟਰਾਂ ਦੀ ਲੰਬਾਈ ਮਨਜ਼ੂਰ ਕੀਤੀ ਗਈ ਹੈ ਜੋ ਪਿਛਲੇ ਸਾਲ ਨਲੋਂ ਬੇਮਿਸਾਲ 1330 ਪ੍ਰਤਿਸ਼ਤ ਜ਼ਿਆਦਾ ਹੈ। ਇਸ ਸਚਾਈ ਨੂੰ ਧਿਆਨ ਵਿਚ ਰੱਖਦਿਆਂ ਕਿ ਬਿਜਲੀ ਜ਼ਿਆਦਾਤਰ ਕੋਲੇ ਦੀ ਵਰਤੋਂ ਨਾਲ ਤਾਪ ਬਿਜਲੀ ਘਰਾਂ ਵਿਚ ਪੈਦਾ ਕੀਤੀ ਜਾਂਦੀ ਹੈ, ਇਹ ਕਾਰਬਨ ਘੱਟ ਕਰਨ ਦੇ ਵਿਕਾਸ ਮਾਡਲ ਦੇ ਖ਼ਿਲਾਫ਼ ਜਾਂਦਾ ਹੈ, ਜਿਸ 'ਤੇ ਚੱਲਣ ਦਾ ਭਾਰਤ ਨੇ ਪ੍ਰਣ ਕੀਤਾ ਹੈ। ਜੇ ਵਾਤਾਵਰਨਿਕ ਜੀਵਕਾ ਅਤੇ ਘੱਟ ਈਂਧਨ ਦੀ ਖਪਤ ਰੇਲਵੇ ਨੂੰ ਸੜਕੀ ਯਾਤਾਯਾਤ ਦੇ ਮੁਕਾਬਲੇ ਆਵਾਜਾਈ ਦਾ ਬੇਹਤਰ ਸਾਧਨ ਬਣਾਉਂਦੇ ਹਨ ਜੋ ਜ਼ਹਿਰੀਲੇ ਪ੍ਰਦੂਸ਼ਨ ਦਾ ਮਿਲਗੋਭਾ ਵਾਤਾਵਰਨ ਵਿਚ ਛੱਡਦੇ ਹਨ, ਤਾਂ ਉਹ ਅਗਲੇ ਵਿੱਤੀ ਸਾਲ ਅੰਦਰ ਮਾਲ ਅਤੇ ਯਾਤਰੀ ਰੇਲਾਂ ਵਿਚ ਸੁਧਾਰ ਲਈ ਸਰਬ ਉੱਚ ਬਿਜਲੀਕਰਨ ਦੇ ਟੀਚੇ ਨੂੰ ਹਾਸਲ ਕਰਨ ਦੀ ਇੱਛਾ ਕਿਵੇਂ ਰੱਖਦੇ ਹਨ, ਬਿਨਾਂ ਵਾਤਾਵਰਨ ਸੰਤੁਲਨ ਨੂੰ ਖਰਾਬ ਕੀਤਿਆਂ ਇਹ ਸਪੱਸ਼ਟ ਨਹੀਂ ਕੀਤਾ ਗਿਆ। ਪਰ, ਇਨ੍ਹਾਂ ਅਸਲ ਤੌਖ਼ਲਿਆਂ ਨੂੰ ਜ਼ਾਹਰਾ ਤੌਰ ਤੇ ਹੱਲ ਕਰਨ ਲਈ ਰੇਲ ਬਜਟ 'ਚ ਹਰੇ ਅੰਦੋਲਨ ਦੇ ਪੱਖ ਤੋਂ, 1000 ਮੈਗਾਵਾਟ ਦੀ ਵਿਸ਼ਾਲ ਸਮਰੱਥਾ ਵਾਲੀ ਸੂਰਜੀ ਊਰਜਾ ਦੀ ਸਮਰੱਥਾ ਸਥਾਪਤ ਕਰਨ ਦੇ ਪ੍ਰਸਤਾਵ ਨਾਲ, ਇਸ ਦਿਸ਼ਾ ਵਿਚ ਕੋਸ਼ਿਸ਼ ਕੀਤੀ ਗਈ ਹੈ।

ਚਾਰ ਉਦੇਸ਼ਾਂ ਜਿਨ੍ਹਾਂ ਦਾ ਰੇਲ ਮੰਤਰੀ ਨੇ ਜ਼ਿਕਰ ਕੀਤਾ, ਜਿਵੇਂ ਕਿ ਗਾਹਕਾਂ ਨੂੰ ਚਿਰਸਥਾਈ ਅਤੇ ਸੁਧਰਿਆ ਹੋਇਆ ਸਹੂਲਤਾਂ ਦਾ ਵਾਤਾਵਰਨ ਦੇਣਾ, ਸੁਖਦ ਯਾਤਰਾ ਦਾ ਸਾਧਨ ਦੇਣਾ, ਯਾਤਰੀਆਂ ਦੀ ਰੋਜ਼ਾਨਾ ਦੀ ਗਿਣਤੀ 21 ਮਿਲੀਅਨ ਤੋਂ 30 ਮਿਲੀਅਨ ਕਰਨ ਲਈ ਪ੍ਰਣਾਲੀ ਦੀ ਸਮਰੱਥਾ ਵਿਚ ਵਾਧਾ ਕਰਕੇ ਬੁਨਿਆਦੀ ਢਾਂਚੇ ਦਾ ਆਧੁਨਿਕੀਕਰਨ ਕਰਨਾ, ਪਟੜੀ ਦੀ ਲੰਬਾਈ ਵਰਤਮਾਨ 1.14 ਲੱਖ ਕਿਲੋਮੀਟਰਾਂ ਤੋਂ 20 ਪ੍ਰਤਿਸ਼ਤ ਵਧਾ ਕੇ 1.38 ਲੱਖ ਕਿਲੋਮੀਟਰ ਕਰਨਾ ਅਤੇ ਮਾਲ ਢੋ-ਢੁਆਈ ਦੀ ਸਾਲਾਨਾ ਸਮਰੱਥਾ 1 ਬਿਲੀਅਨ ਤੋਂ ਵਧਾ ਕੇ 1.5 ਬਿਲੀਅਨ ਟਨ ਕਰਨਾ। ਇਹ ਤਾਂ ਹੀ ਸੰਭਵ ਹੋਵੇਗਾ ਜੇ ਮੰਤਰੀ ਜ਼ਮੀਨੀ ਪੱਧਰ 'ਤੇ ਇਸ ਲਈ ਢੁਕਵੀਆਂ ਕੋਸ਼ਿਸ਼ਾਂ ਅਤੇ ਕਾਰਜ ਯੋਜਨਾ ਤਿਆਰ ਕਰਨ। ਰੇਲਵੇ ਯੋਜਨਾਵਾਂ ਲਈ ਰਾਜ ਸਰਕਾਰਾਂ ਦਾ ਸਹਿਯੋਗ ਪ੍ਰਾਪਤ ਕਰਨਾ ਅਤੇ ਜਨਤਕ ਖੇਤਰ ਦੇ ਅਦਾਰਿਆਂ ਨਾਲ ਅਹਿਮ ਵਸਤਾਂ, ਜਿਵੇਂ ਕੋਲਾ, ਲੋਹ-ਧਾਤਾਂ ਅਤੇ ਸੀਮਿੰਟ ਦੀ ਢੋ-ਢੁਆਈ ਲਈ ਢੁਕਵੀਂ ਸਮਰੱਥਾ ਵਿਕਸਤ ਕਰਨ ਲਈ ਸਾਂਝ ਭਿਆਲੀ ਪਾਉਣਾ ਅਤੇ ਦੋ-ਧਿਰੀ ਸੰਗਠਨਾਂ ਅਤੇ ਦੂਜੀਆਂ ਸਰਕਾਰਾਂ ਨਾਲ ਮਿਲਵਰਤਨ ਕਰਨਾ ਤਾਂ ਕਿ ਲੰਮੇ ਸਮੇਂ ਤਕ ਵਿੱਤ ਅਤੇ ਤਕਨੀਕ ਵਿਦੇਸ਼ਾਂ ਤੋਂ ਪ੍ਰਾਪਤ ਹੋਵੇ - ਇਹ ਹੌਸਲਾ ਭਰਪੂਰ ਹੋਵੇਗਾ ਬਸ਼ਰਤੇ ਸਮਝ ਪੂਰੀ ਹੋਵੇ ਅਤੇ ਠੇਕੇ ਤੋਂ ਕਿਸੇ ਝਗੜੇ ਦੇ ਉਤਪੰਨ ਹੋਣ ਦੀ ਹਾਲਤ ਵਿਚ ਫ਼ੈਸਲਾ ਲੈਣ ਵਾਲਾ ਤੰਤਰ ਮੌਜੂਦ ਹੋਵੇ।

ਇਕ ਲੇਖਾ ਨਿਰੀਖਕ ਹੋਣ ਦੇ ਨਾਤੇ, ਰੇਲਵੇ ਮੰਤਰੀ ਬਾਜ਼ਾਰੀ ਉਧਾਰ ਨਾਲ ਲਾਭਕਾਰੀ ਯੋਜਨਾਵਾਂ ਖਾਤਰ ਪੈਸਾ ਜੁਟਾਉਣ ਦਾ ਮਤਲਬ ਚੰਗੀ ਤਰ੍ਹਾਂ ਸਮਝਦੇ ਹਨ। ਮਹਿੰਗੇ ਉਧਾਰ ਜੋ ਤੰਤਰ ਆਪਣੇ ਸਹਾਇਕ ਤੰਤਰਾਂ ਭਾਰਤੀ ਰੇਲਵੇ ਵਿੱਤ ਨਿਗਮ (ਆਈ ਆਰ ਐੱਫ ਸੀ) ਤੋਂ ਇਲਾਵਾ, ਬੀਮਾ ਅਤੇ ਪੈਨਸ਼ਨ ਫ਼ੰਡ, ਬਹੁ-ਧਿਰੀ ਅਤੇ ਦੁਵੱਲੀਆਂ ਏਜੰਸੀਆਂ ਤੋਂ ਘੱਟ ਮਹਿੰਗੇ ਅਤੇ ਦੀਰਘ ਕਾਲੀ ਲੰਮੀ ਮਿਆਦ ਦੇ ਫ਼ੰਡ ਜੁਟਾਉਣ ਦੀ ਵੀ ਇੱਛਾ ਪ੍ਰਗਟ ਕੀਤੀ ਗਈ ਹੈ ਜੋ ਵਧੀਕ ਆਮਦਨ ਦੁਆਰਾ ਪੂਰੀ ਕੀਤੀ ਜਾ ਸਕਦੀ ਹੈ। ਇਹ ਗੌਰ ਕਰਨਾ ਚੰਗਾ ਹੈ ਕਿ ਰੇਲਵੇ ਲੰਮੇ ਸਮੇਂ ਦੇ ਸੰਸਥਾਗਤ ਨਿਵੇਸ਼ਕਾਂ ਅਤੇ ਦੂਜੇ ਭਿਆਲਾਂ ਕੋਲੋਂ ਨਿੱਜੀ ਨਿਵੇਸ਼ ਹਾਸਲ ਕਰਨ ਦੀ ਯੋਜਨਾ ਬਣਾ ਰਿਹਾ ਹੈ। ਲਿਖਤੀ ਤੌਰ ਤੇ ਪਹਿਲੀ ਵਾਰ, ਰੇਲਵੇ ਮੰਤਰੀ ਨੇ ਖੁੱਲ੍ਹ ਕੇ ਇਹ ਗੱਲ ਕਹੀ ਹੈ ਕਿ ''ਸਾਡੇ ਅਸਾਸਿਆਂ ਨੂੰ ਵੇਚਣ ਦੀ ਬਜਾਇ ਉਨ੍ਹਾਂ ਤੋਂ ਪੈਸਾ ਬਣਾਉਣ ਨੂੰ ਤਰਜੀਹ ਦੇਣਗੇ।'' ਇਸ ਨਾਲ ਉਨ੍ਹਾਂ ਨੇ ਬੇਲੋੜੇ ਵਿਵਾਦਾਂ ਅਤੇ ਅਪ੍ਰਸੰਗਿਕ ਆਸ ਨੂੰ ਖਤਮ ਕਰ ਦਿਤਾ ਹੈ ਕਿ ਤੰਤਰ ਦਾ ਸਹਿਕਾਰੀਕਰਨ ਜਾਂ ਨਿੱਜੀਕਰਨ ਕਰ ਦਿਤਾ ਜਾਵੇਗਾ ਜਾਂ ਇਸ ਦੀਆਂ ਜ਼ਮੀਨਾਂ ਨੂੰ ਵੇਚ ਦਿਤਾ ਜਾਵੇਗਾ।

ਸੰਚਾਲਨ ਕੁਸ਼ਲਤਾ, ਜੋ ਸੰਚਾਲਨ ਖਰਚਿਆਂ ਤੋਂ ਆਮਦਨ ਦੇ ਪ੍ਰਤਿਸ਼ਤ ਦਾ ਹਿਸਾਬ ਲਾ ਕੇ ਕੱਢੀ ਗਈ ਹੈ, ਦੇ ਮਾਮਲੇ ਵਿਚ (ਇਹ ਜਿੰਨੀ ਘੱਟ ਹੋਵੇ, ਪ੍ਰਣਾਲੀ ਲਈ ਉਨਾ ਵਧੀਆ ਹੋਵੇਗਾ), ਇਹ 2013-14 ਦੇ ਬਹੁਤ ਹੀ ਮਾੜੇ 93.6 ਪ੍ਰਤਿਸ਼ਤ ਤੋਂ ਜ਼ਾਹਰਾ ਤੌਰ ਤੇ 2014-15 ਦੇ ਸੋਧੇ ਵਿੱਤੀ ਅਨੁਮਾਨਾਂ ਵਿਚ ਘਟ ਕੇ 91.8 ਪ੍ਰਤਿਸ਼ਤ ਤਕ ਆਈ ਹੈ ਜਿਸ ਦਾ ਉਤਪਾਦਨ ਖਰਚਾ, ਪ੍ਰਬੰਧਨ ਯੋਜਨਾਵਾਂ ਨੂੰ ਜਾਂਦਾ ਹੈ। ਇਹ 92.4 ਪ੍ਰਤਿਸ਼ਤ ਤੋਂ ਸੁਧਾਰ ਵੱਲ ਹੈ ਜਿਸ ਦੀ ਪਿਛਲੀ ਜੁਲਾਈ ਵਿਚ ਬਜਟ ਅੰਦਰ ਦੱਸੀ ਗਈ ਸੀ। ਅਗਲੇ ਵਿੱਤੀ ਸਾਲ ਦੇ ਅਨੁਮਾਨ ਵਿਚ ਕੁੱਲ ਉਤਪਾਦਿਕਤਾ ਪ੍ਰਾਪਤੀਆਂ ਅਤੇ ਕੁਸ਼ਲਤਾ ਨੂੰ ਵਧਾ ਕੇ ਇਸ ਨੂੰ 88.5 ਪ੍ਰਤਿਸ਼ਤ ਤਕ ਹੇਠਾਂ ਲਿਆਉਣ ਦਾ ਪ੍ਰਸਤਾਵ ਹੈ। ਅਜਿਹਾ ਪ੍ਰਣਾਲੀ ਦੇ ਕਾਰਜ ਵਿਚ ਚੰਗੇ ਪ੍ਰਭਾਵ ਲਈ ਕੀਤਾ ਜਾਵੇਗਾ। ਅਸਲ ਵਿਚ, ਖਰਚੇ ਕਾਬੂ ਕਰਨ ਅਤੇ ਸੰਚਾਲਨ ਅਨੁਪਾਤ ਵਿਚ ਸੁਧਾਰ ਦੀ ਵਾਸਤਵਿਕ ਮਦਦ ਦੇ ਮਾਮਲੇ ਵਿਚ, ਇਸ ਵਿੱਤੀ ਸਾਲ ਨੇ ਰੇਲ ਮੰਤਰੀ ਨੂੰ ਅਵਮੁੱਲਣ ਭੰਡਾਰ ਫ਼ੰਡ (ਡੀ ਆਰ ਐੱਫ) ਲਈ 1050 ਕਰੋੜ ਰੁਪਏ ਤੋਂ ਵਧਾ ਕੇ 7900 ਕਰੋੜ ਰੁਪਏ ਦਾ ਉੱਚ ਪ੍ਰਬੰਧ ਕਰਨ ਦੇ ਯੋਗ ਬਣਾਇਆ ਹੈ ਕਿਉਂਕਿ ਡੀ ਆਰ ਐੱਫ ਫ਼ੰਡ ਮੁਰੰਮਤ ਦੇ ਕੰਮਾਂ ਜਿਵੇਂ ਨਵੀਆਂ ਪਟੜੀਆਂ ਵਿਛਾਉਣਾ, ਲਾਪ੍ਰਵਾਹੀ ਵਾਲੀ ਮਦ ਜੋ ਯਾਤਰਾ ਕਰਨ ਵਾਲੇ ਮੁਸਾਫ਼ਿਰਾਂ ਅਤੇ ਮਾਲ ਦੀ ਸੁਰੱਖਿਆ ਲਈ ਖ਼ਤਰਾ ਖੜ੍ਹਾ ਕਰਦੀ ਹੈ, ਵਾਸਤੇ ਧਨ ਮੁਹੱਈਆ ਕਰਵਾਉਂਦਾ ਹੈ। ਰੇਲਵੇ ਵਿਕਾਸ ਫ਼ੰਡ ਵਾਸਤੇ ਪ੍ਰਬੰਧ, ਜੋ ਛੋਟੇ-ਮੋਟੇ ਖਰਚਿਆਂ ਦੀਆਂ ਰੁਕਾਵਟਾਂ ਅਤੇ ਸਮਰੱਥਾ ਵਧਾਉਣ ਦਾ ਧਿਆਨ ਕਰਦਾ ਹੈ, ਵਿਚ ਚਾਰ ਗੁਣਾ ਦੇ ਲਗਭਗ ਵਾਧਾ ਕਰਕੇ ਸੋਧੇ ਹੋਏ ਅਨੁਮਾਨਾਂ ਵਿਚ ਅਗਲੇ ਵਿੱਤੀ ਵਰ੍ਹੇ ਲਈ 5750 ਕਰੋੜ ਰੁਪਏ ਕਰ ਦਿਤਾ ਗਿਆ ਹੈ। ਮਨ ਨੂੰ ਖ਼ੁਸ਼ ਕਰਨ ਵਾਲਾ ਵਾਧਾ, ਬੇਸ਼ੱਕ, ਪ੍ਰਣਾਲੀ ਲਈ ਯੋਜਨਾ ਆਕਾਰ ਵਿਚ 50 ਪ੍ਰਤਿਸ਼ਤ ਤੋਂ 2015-16 ਲਈ ਇਕ ਲੱਖ ਕਰੋੜ ਰੁਪਏ ਕਰਨ ਦਾ ਹੈ, ਜੋ ਸਹੀ ਅਰਥਾਂ ਵਿਚ ਲਾਗੂ ਹੋਣ 'ਤੇ ਆਪਣੇ ਆਪ ਵਿਚ ਇਕ ਕੀਰਤੀਮਾਨ ਹੋਵੇਗਾ।

ਇਸ ਦੇ ਜ਼ਿਆਦਾਤਰ ਆਮਦਨ ਦੇ ਅਨੁਮਾਨ ਵੱਡੀ ਆਸ 'ਤੇ ਟਿਕੇ ਹੋਏ ਹਨ, ਜਦੋਂ ਵਰਤਮਾਨ ਵਿੱਤੀ ਵਰ੍ਹੇ ਅੰਦਰ, ਯਾਤਰੀ ਅਤੇ ਮਾਲ ਭਾੜੇ ਦੀਆਂ ਪ੍ਰਾਪਤੀਆਂ ਘੱਟ ਕਰਨੀਆਂ ਪਈਆਂ ਅਤੇ ਕੁੱਲ ਯਾਤਾਯਾਤ ਪ੍ਰਾਪਤੀ ਸੋਧੇ ਹੋਏ ਅਨੁਮਾਨਾਂ ਮੁਤਾਬਕ ਬਜਟ ਅੰਦਾਜ਼ੇ ਦੇ 1,60,165 ਕਰੋੜ ਰੁਪਏ ਦੀ ਤੁਲਨਾ ਵਿਚ ਵਿਸ਼ਾਲ 917 ਕਰੋੜ ਰੁਪਏ ਘੱਟ ਹੋ ਗਏ। ਇਸ ਸੋਧ ਦੇ ਚਲਦਿਆਂ ਅਗਲੇ ਵਿੱਤੀ ਸਾਲ ਵਿਚ ਕੁੱਲ ਯਾਤਾਯਾਤ ਪ੍ਰਾਪਤੀਆਂ ਤੋਂ 1,83,578 ਕਰੋੜ ਰੁਪਏ ਪ੍ਰਾਪਤ ਹੋਣ ਦਾ ਅਨੁਮਾਨ ਲਾਇਆ ਗਿਆ ਹੈ। ਜਦ

ਤਕ ਕਿ ਕੋਈ ਕ੍ਰਿਸ਼ਮਾ ਨਾ ਹੋ ਜਾਵੇ ਅਤੇ ਰੇਲਵੇ ਮੰਤਰਾਲਾ ਨਿੱਜੀ ਅਤੇ ਉਦਯੋਗਿਕ ਰੇਲ ਵਰਤੋਂਕਾਰਾਂ ਲਈ ਕੋਈ ਹਿਤਕਾਰੀ ਅਤੇ ਚਿਰਸਥਾਈ ਪ੍ਰਬੰਧਨ ਪ੍ਰਥਾਵਾਂ ਨਾ ਅਪਣਾ ਲਵੇ, ਉੱਚ ਆਮਦਨ ਪ੍ਰਾਪਤੀਆਂ ਵਾਲਾ ਤੀਰ ਨਿਸ਼ਾਨੇ ਤੋਂ ਖੁੰਝਦਾ ਨਜ਼ਰ ਆਉਂਦਾ ਹੈ।

ਰੇਲਵੇ ਨੇ ਕਿਉਂਕਿ ਫ਼ੈਸਲਾ ਕੀਤਾ ਹੈ ਕਿ ਇਸ ਦੀ ਖ਼ਜ਼ਾਨੇ ਤੋਂ ਕੁੱਲ ਬਜਟ ਸਹਾਇਤਾ (ਜੀ ਬੀ ਐੱਸ) 'ਤੇ ਨਿਰਭਰਤਾ ਅਜਿਹੇ ਪੱਧਰ 'ਤੇ ਨਾ ਪਹੁੰਚ ਜਾਵੇ ਕਿ ਇਸ ਦੇ ਬਗ਼ੈਰ ਸੰਚਾਲਨ ਕਰਨਾ ਮੁਸ਼ਕਿਲ ਨਾ ਹੋ ਜਾਵੇ, ਰੇਲ ਮੰਤਰੀ ਨੇ ਵਾਧੂ-ਬਜਟ ਸਰੋਤ (ਈ ਬੀ ਆਰ) ਦਾ, ਸੰਸਥਾਗਤ ਵਿੱਤ ਤੋਂ ਫ਼ਾਇਦਾ ਉਠਾਉਣ ਦਾ ਰਸਤਾ ਚੁਣਿਆ ਹੈ, ਜਿਸ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਬਿਲਕੁਲ ਨਵਾਂ ਪਰਿਦ੍ਰਿਸ਼ ਹੈ ਜਿਸ ਦੀਆਂ ਅਪਾਰ ਸੰਭਾਵਨਾਵਾਂ ਹਨ। ਇਸ ਦਾ ਆਧਾਰ ਰੇਲਵੇ ਯੋਜਨਾਵਾਂ ਵਿਚ ਸੰਸਥਾਗਤ ਨਿਵੇਸ਼ ਹੋਵੇਗਾ ਜੋ ਰੇਲਵੇ/ਜਨਤਕ ਖੇਤਰ ਅਦਾਰਿਆਂ ਦੇ ਰਾਹੀਂ ਹੋਵੇਗਾ ਜਿਸ ਤੋਂ 17,136 ਕਰੋੜ ਰੁਪਏ ਮਿਲਣ ਦਾ ਟੀਚਾ ਰੱਖਿਆ ਗਿਆ ਹੈ। ਇਸ ਨਾਲ ਸਮਰੱਥਾ ਵਧਾਉਣ ਦੀਆਂ ਯੋਜਨਾਵਾਂ ਦੇ ਤੇਜ਼ੀ ਨਾਲ ਮੁਕੰਮਲ ਹੋਣ ਦੀ ਆਸ ਹੈ, ਬਜਾਇ ਕਿ ਵਿਰਲੇ-ਟਾਵੇਂ ਸਰੋਤਾਂ ਦੀ ਵੰਡ ਕੀਤੀ ਜਾਵੇ ਜੋ ਬੀਤੇ ਦੀ ਵਿਨਾਸ਼ਕਾਰੀ ਪ੍ਰਥਾ ਰਹੀ ਹੈ। ਵਿਚਾਰ ਇਹ ਹੈ ਕਿ ਇਨ੍ਹਾਂ ਵਿਚੋਂ ਬਹੁਤ ਸਾਰੀਆਂ ਯੋਜਨਾਵਾਂ ਜ਼ਿਆਦਾ ਆਵਾਜਾਈ ਵਾਲੇ ਰੂਟਾਂ ਤੋਂ ਬੋਝ ਘੱਟ ਕਰਨ ਨਾਲ ਸੰਬੰਧ ਰੱਖਦੀਆਂ ਹਨ ਅਤੇ ਪੂਰੀਆਂ ਹੋਣ 'ਤੇ ਲਾਭਕਾਰੀ ਸਿੱਧ ਹੋਣਗੀਆਂ। ਇਸ ਤਰ੍ਹਾਂ, 2015-16 ਵਿੱਤੀ ਵਰ੍ਹੇ ਦੀ ਸਾਲਾਨਾ ਯੋਜਨਾ ਲਈ 1 ਲੱਖ ਕਰੋੜ ਰੁਪਏ ਵਿਚੋਂ 40,000 ਕਰੋੜ ਰੁਪਏ ਜੀ ਬੀ ਐੱਸ ਰਾਹੀਂ ਭਾਰਤ ਸਰਕਾਰ ਵਲੋਂ ਆਉਣਗੇ, 1645 ਕਰੋੜ ਰੁਪਏ ਡੀਜ਼ਲ ਗੈਸ ਤੋਂ, 17,793 ਕਰੋੜ ਰੁਪਏ ਇਸ ਦੇ ਆਪਣੇ ਅੰਦਰੂਨੀ ਸਰੋਤਾਂ ਤੋਂ ਅਤੇ ਬਾਕੀ 40,000 ਕਰੋੜ ਰੁਪਏ ਬਾਹਰੀ ਉਧਾਰ ਤੋਂ ਆਉਣਗੇ।

ਇਥੇ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਪਿਛਲੇ ਸਾਲ ਰੇਲਵੇ ਸਿਰ 13,000 ਕਰੋੜ ਰੁਪਏ ਦਾ ਬਾਹਰੀ ਉਧਾਰ ਸੀ ਅਤੇ ਇਸ ਉਧਾਰ ਨੂੰ ਵਾਪਸ ਕਰਨ ਲਈ ਇਸ ਨੇ ਵਿਵਹਾਰਕ ਯੋਜਨਾਵਾਂ ਦੀ ਪਛਾਣ ਕੀਤੀ ਜੋ ਕਰਜ਼ਾ ਚੁਕਾਉਣ ਲਈ ਪੈਸਾ ਮੁਹੱਈਆ ਕਰਵਾਉਣਗੇ। ਇਹੀ ਕਾਰਨ ਹੈ ਕਿ ਰੇਲਵੇ ਹੁਣ ਰਾਜ ਸਰਕਾਰਾਂ, ਜਨਤਕ ਖੇਤਰ ਦੇ ਅਦਾਰਿਆਂ, ਅਤੇ ਨਿੱਜੀ ਇਕਾਈਆਂ ਨਾਲ ਸਾਂਝ-ਭਿਆਲੀ ਕਰਨ ਦਾ ਪ੍ਰਸਤਾਵ ਕਰ ਰਿਹਾ ਹੈ। ਇਹ ਸਾਰਾ ਕੁੱਝ ਮਿਲਾ ਕੇ ਤੰਤਰ ਨੂੰ 17,000 ਕਰੋੜ ਰੁਪਏ ਦੇਵੇਗਾ ਅਤੇ ਹੋਰ 17,000 ਕਰੋੜ ਰੁਪਏ ਆਈ ਆਰ ਐੱਫ ਸੀ ਉਧਾਰ ਤੋਂ ਅਤੇ ਹੋਰ 6000 ਕਰੋੜ ਰੁਪਏ ਜਨਤਕ-ਨਿੱਜੀ ਭਾਈਵਾਲੀ ਤੋਂ ਹਾਸਲ ਹੋਣਗੇ।

ਕੁੱਲ ਮਿਲਾ ਕੇ, ਰੇਲਵੇ ਬਜਟ ਵਿਚ ਖ਼ਤਰੇ ਭਰੇ ਰਸਤੇ 'ਤੇ ਚੱਲਣ ਨੂੰ ਕੁਸ਼ਲਤਾ ਨਾਲ ਤੰਤਰ ਤਬਦੀਲੀ ਦਾ ਰਸਤਾ ਚੁਣ ਕੇ, ਦਰਕਿਨਾਰ ਕਰ ਦਿਤਾ ਗਿਆ ਹੈ। ਇਸ ਪ੍ਰਕਿਰਿਆ ਰਾਹੀਂ ਬੇਸ਼ੱਕ ਸਾਰੀਆਂ ਧਿਰਾਂ ਨੂੰ ਅਥਾਹ ਫ਼ਾਇਦੇ ਮਿਲਣਗੇ ਜੇ ਇਸ ਨੂੰ ਸਹੀ ਅਰਥਾਂ ਵਿਚ ਲਾਗੂ ਕੀਤਾ ਜਾਵੇ। ਆਲੋਚਕ ਕਹਿੰਦੇ ਹਨ ਕਿ ਨਿਵੇਸ਼ ਯੋਜਨਾ ਕਰਜ਼ਾ ਆਧਾਰਿਤ ਹੈ, ਜਿਸ ਕਰਕੇ ਜਾਰੀ ਰਹਿਣ ਯੋਗ ਨਹੀਂ ਹੈ, ਪਰ, ਇਕ ਅਜਿਹੀ ਸਥਿਤੀ ਜਿਥੇ ਬਾਜ਼ਾਰੀ ਸ਼ਕਤੀਆਂ ਸਰੋਤਾਂ ਦੀ ਵੰਡਾਈ ਕੁਸ਼ਲਤਾ ਨਿਰਧਾਰਤ ਕਰਦੀਆਂ ਹਨ। ਰੇਲਵੇ ਬੇਸ਼ੱਕ ਸਫਲ ਹੋਵੇਗਾ ਕਿਉਂਕਿ ਉਨ੍ਹਾਂ ਕੋਲ ਵਿਹਾਰਕ ਯੋਜਨਾਵਾਂ ਹਨ ਜੋ ਇਨ੍ਹਾਂ ਯੋਜਨਾਵਾਂ ਦੇ ਨਿਹਿਤ ਫ਼ਾਇਦੇ, ਯਾਤਰੀ ਤੇ ਮਾਲ ਨੂੰ ਭਾਰਤ 'ਚ ਢੋਣ ਦੇ ਸਸਤੇ ਸਾਧਨ ਵਜੋਂ, ਵਰਤੋਂਕਾਰਾਂ ਤਕ ਪਹੁੰਚਾਉਣਗੇ। ਬਜਟ ਦੇ ਨਾਲ ਜਾਰੀ ਕੀਤੇ ਗਏ ਇਕ *ਸਫ਼ੈਦ ਪੱਤਰ* (ਵਾਈਟ ਪੇਪਰ) ਵਿਚ ਕਿਹਾ ਗਿਆ ਹੈ, "ਅਗਲੇ ਪੰਜ ਸਾਲ ਰੇਲਵੇ ਦਾ ਮੁਹਾਂਦਰਾ ਬਦਲ ਦੇਣਗੇ, ਤੇਜ਼ ਰਫ਼ਤਾਰ ਰੇਲ ਗੱਡੀਆਂ ਆਧੁਨਿਕ ਰੇਲ ਗੱਡੀਆਂ, ਠਾਠ-ਬਾਠ ਵਾਲੇ ਸਟੇਸ਼ਨ, ਹੁਨਰਮੰਦ ਕਾਮੇ – ਇਹ ਭਵਿੱਖ ਦਾ ਰੇਲਵੇ ਹੋਣਾ ਚਾਹੀਦਾ ਹੈ।" ਸ਼ਾਇਦ 2015-16 ਦਾ ਰੇਲ ਬਜਟ ਭਾਰਤੀ ਵਰਤੋਂਕਾਰਾਂ ਦੀ ਇਸ ਰਵਾਇਤੀ ਆਵਾਜਾਈ ਦੇ ਸਾਧਨ ਦੀ ਸੰਭਾਵੀ ਬੇਮਿਸਾਲ ਤਰੱਕੀ ਦਾ ਮਾਰਗ ਹੈ ਜੋ ਉਮਰਾਂ ਤਕ ਇਸ ਦੀ ਹੋਂਦ, ਰਚਨਾ ਅਤੇ ਕਾਰੀਗਰੀ ਦਾ ਆਧਾਰ ਹੈ।

*(ਲੇਖਕ ਸਾਬਕਾ ਡਿਪਟੀ ਐਡੀਟਰ 'ਦਿ ਹਿੰਦੂ ਬਿਜ਼ਨਿਸ ਤੇ ਸੁਤੰਤਰ ਪੱਤਰਕਾਰ ਹੈ।)*

*e-mail :geeyes34@gmail.com*

### *ਰੇਲ ਬਜਟ ਦੀਆਂ ਮੁੱਖ ਝਲਕੀਆਂ*

- *ਰੇਲ ਮੁਸਾਫ਼ਰ ਕਿਰਾਏ ਵਿਚ ਕੋਈ ਵਾਧਾ ਨਹੀਂ।*
- *ਇਕ ਲੱਖ 11 ਹਜ਼ਾਰ ਕਰੋੜ ਰੁਪਏ ਦਾ ਰੇਲ ਬਜਟ ਸੰਸਦ ਵਿਚ ਪੇਸ਼*
- *ਰੇਲ ਮੁਸਾਫ਼ਰਾਂ ਦੀਆਂ ਸਹੂਲਤਾਂ ਲਈ ਬਜਟ 67 ਪ੍ਰਤਿਸ਼ਤ ਵਧਾਇਆ।*
- *ਭਾਰਤੀ ਅਰਥਚਾਰੇ ਨੂੰ ਅੱਗੇ ਵਧਾਉਣ ਲਈ ਰੇਲਵੇ ਮੋਢੀ ਬਣੇਗਾ, ਪੰਜ ਸਾਲਾਂ ਦੀ ਕਾਰਜ ਯੋਜਨਾ ਦਾ ਪ੍ਰਸਤਾਵ।*
- *ਰੇਲ ਬਜਟ ਵਿਚ ਸੁਧਾਰ ਲਿਆਉਣ ਅਤੇ ਰੇਲ ਯਾਤਰਾ ਨੂੰ ਸੁਰੱਖਿਅਤ ਸਾਧਨ ਬਣਾਉਣ ਦੀ ਲੋੜ 'ਤੇ ਜ਼ੋਰ।*
- *ਪੰਜ ਮਿੰਟਾਂ ਵਿਚ ਰੇਲ ਟਿਕਟਾਂ ਉਪਲਬਧ ਕਰਾਉਣ ਲਈ ਹਾਰਡ ਬਟਨ ਅਤੇ ਕੁਆਇਨ ਮਸ਼ੀਨਾਂ ਲਗਾਉਣ ਦੀ ਤਜਵੀਜ਼।*
- *ਆਪਣੀ ਪਸੰਦ ਦਾ ਖਾਣਾ ਚੁਣਨ ਲਈ ਈ-ਕੈਟਰਿੰਗ ਸ਼ੁਰੂ ਕਰਨ ਦੀ ਯੋਜਨਾ।*
- *ਆਦਰਸ਼ ਸਟੇਸ਼ਨ ਸਕੀਮ ਤਹਿਤ 200 ਹੋਰ ਸਟੇਸ਼ਨਾਂ ਨੂੰ ਲਿਆਉਣ ਦੀ ਤਜਵੀਜ਼, ਬੀ ਸ਼੍ਰੇਣੀ ਦੇ ਸਟੇਸ਼ਨਾਂ 'ਤੇ ਵਾਈ-ਫਾਈ ਸਹੂਲਤ ਉਪਲਬਧ ਕਰਾਉਣ ਦੀ ਤਜਵੀਜ਼।*
- *ਮੁਸਾਫ਼ਰਾਂ ਦੀਆਂ ਸਮੱਸਿਆਵਾਂ ਅਤੇ ਸੁਰੱਖਿਆ ਸੰਬੰਧੀ ਸ਼ਿਕਾਇਤਾਂ ਦੇ ਨਿਪਟਾਰੇ ਲਈ 24 ਘੰਟਿਆਂ ਦੀ ਹੈਲਪਲਾਈਨ ਸ਼ੁਰੂ ਕਰਨ ਦੀ ਯੋਜਨਾ।*
- *ਮਹਿਲਾ ਮੁਸਾਫ਼ਰਾਂ ਦੀ ਸੁਰੱਖਿਆ ਲਈ ਅਰਧ-ਸ਼ਹਿਰੀ ਡੱਬਿਆਂ ਵਿਚ ਖ਼ੁਫ਼ੀਆ ਕੈਮਰੇ ਲਗਾਉਣ ਦੀ ਯੋਜਨਾ।*
- *ਚੋਣਵੀਆਂ ਗੱਡੀਆਂ ਦੇ ਜਨਰਲ ਡੱਬਿਆਂ ਵਿਚ ਵਾਧਾ ਕਰਨ ਦੀ ਤਜਵੀਜ਼।*
- *9 ਰੇਲਵੇ ਗਲਿਆਰਿਆਂ ਦੀ ਰਫ਼ਤਾਰ ਵਧਾ ਕੇ 160 ਤੇ 200 ਕਿਲੋਮੀਟਰ ਪ੍ਰਤਿ ਘੰਟਾ ਕੀਤੀ ਜਾਵੇਗੀ।*
- *ਚੁਣੇ ਹੋਏ ਰੂਟਾਂ 'ਤੇ ਰੇਲ ਗੱਡੀਆਂ ਦੀ ਸੁਰੱਖਿਆ ਸੰਬੰਧੀ ਚੇਤਾਵਨੀ ਪ੍ਰਣਾਲੀ ਅਤੇ ਗੱਡੀਆਂ ਦੇ ਆਪਸ ਵਿਚ ਟਕਰਾਉਣ ਨੂੰ ਰੋਕਣ ਸੰਬੰਧੀ ਪ੍ਰਣਾਲੀ ਸਥਾਪਿਤ ਕਰਨ ਦੀ ਯੋਜਨਾ।*
- *9400 ਕਿਲੋਮੀਟਰ ਲੰਬੀਆਂ ਰੇਲਵੇ ਲਾਈਨਾਂ ਨੂੰ ਦੋਹਰਾ, ਤੀਹਰਾ ਅਤੇ ਚੌਹਰਾ ਕਰਨ ਸੰਬੰਧੀ ਕੰਮਾਂ ਦੇ 77 ਨਵੇਂ ਪ੍ਰੋਜੈਕਟਾਂ ਨੂੰ ਸ਼ੁਰੂ ਕਰਨ ਦੀ ਤਜਵੀਜ਼।*

## ਰੇਲ ਬਜਟ 2015-16

### ਰੇਲ ਬਜਟ 2015-16 ਦੇ ਮੁੱਖ ਨੁਕਤੇ

*ਆਗਾਮੀ ਪੰਜ ਸਾਲਾਂ ਵਿਚ ਭਾਰਤੀ ਰੇਲਵੇ ਦੀ ਕਾਇਆਕਲਪ ਲਈ ਮਿੱਥੇ ਚਾਰ ਟੀਚੇ:-*

● ਗਾਹਕਾਂ ਦੇ ਅਨੁਭਵ ਵਿਚ ਸਥਾਈ ਅਤੇ ਸਾਰਥਕ ਸੁਧਾਰ ਲਿਆਉਣਾ। ● ਰੇਲਵੇ ਨੂੰ ਯਾਤਰਾ ਦਾ ਸੁਰੱਖਿਅਤ ਸਾਧਨ ਬਣਾਉਣਾ। ● ਭਾਰਤੀ ਰੇਲਵੇ ਦੀ ਸਮਰੱਥਾ ਵਿਚ ਲੋੜੀਂਦਾ ਵਿਸਥਾਰ ਕਰਨਾ ਅਤੇ ਇਸ ਦੇ ਬੁਨਿਆਦੀ ਢਾਂਚੇ ਨੂੰ ਆਧੁਨਿਕ ਬਣਾਉਣਾ। ● ਭਾਰਤੀ ਰੇਲਵੇ ਨੂੰ ਵਿੱਤੀ ਦ੍ਰਿਸ਼ਟੀ ਨਾਲ ਸਵੈ-ਨਿਰਭਰ ਬਣਾਉਣਾ।

*ਕਾਰਗੁਜ਼ਾਰੀ ਯੋਜਨਾ ਲਈ ਪੰਜ ਮਹੱਤਵਪੂਰਨ ਉਤਪ੍ਰੇਰਕ*

● ਮੱਧਵਰਤੀ ਯੋਜਨਾ ਨੂੰ ਅਪਨਾਉਣਾ। ● ਸਾਂਝੇਦਾਰੀ ਬਣਾਉਣਾ। ● ਵਧੇਰੇ ਵਸੀਲੇ ਜੁਟਾਉਣਾ। ● ਅਮਲ, ਪ੍ਰਣਾਲੀਆਂ, ਪ੍ਰਕਿਰਿਆਵਾਂ ਵਿਚ ਸੁਧਾਰ ਕਰਨਾ ਅਤੇ ਮਨੁੱਖੀ ਵਸੀਲਿਆਂ ਨੂੰ ਸਮਰੱਥ ਬਣਾਉਣਾ। ● ਸ਼ਾਸਨ ਵਿਵਸਥਾ ਅਤੇ ਪਾਰਦਰਸ਼ਤਾ ਸਥਾਪਤ ਕਰਨਾ।

*ਕਾਰਜ ਯੋਜਨਾ ਲਈ 11 ਮੁੱਖ ਖੇਤਰ - ਸੁਖਦ ਯਾਤਰਾ ਦਾ ਅਹਿਸਾਸ*

***ਸਾਫ਼-ਸਫ਼ਾਈ :*** ਸਵੱਛ ਭਾਰਤ ਅਭਿਆਨ ਦੇ ਤਹਿਤ ਸਵੱਛ ਰੇਲ ਬਣਾਉਣ ਦੇ ਪ੍ਰੋਗਰਾਮ ਉਤੇ ਜ਼ੋਰ, 120 ਸਟੇਸ਼ਨਾਂ ਦੇ ਮੁਕਾਬਲੇ ਵਿਚ 650 ਵਧੀਕ ਸਟੇਸ਼ਨਾਂ ਉਤੇ ਨਵੇਂ ਪਖ਼ਾਨੇ ਬਣਾਏ ਜਾਣਗੇ।

***ਬਿਸਤਰ :*** ਬਿਸਤਰਿਆਂ ਦੇ ਡਿਜ਼ਾਇਨ ਲਈ ਨਿਫਟ ਦਿੱਲੀ ਨਾਲ ਸੰਪਰਕ ਕੀਤਾ ਜਾਵੇਗਾ, ਇਸ ਤੋਂ ਇਲਾਵਾ ਚੋਣਵੇਂ ਸਟੇਸ਼ਨਾਂ ਉਤੇ ਡਿਸਪੋਜ਼ੇਬਲ ਬਿਸਤਰਿਆਂ ਦੀ ਆਨਲਾਈਨ ਸਹੂਲਤ ਦਿਤੀ ਜਾਵੇਗੀ।

***ਹੈਲਪਲਾਈਨ :*** ਯਾਤਰੀਆਂ ਦੀਆਂ ਸਮੱਸਿਆਵਾਂ ਦੇ ਉਚਿਤ ਹੱਕ ਲਈ ਸਰਵ ਭਾਰਤੀ 24 ਘੰਟੇ ਦੀ ਹੈਲਪਲਾਈਨ ਨੰਬਰ 138 ਦੀ ਸ਼ੁਰੂਆਤ ਕੀਤੀ ਜਾਵੇਗੀ।

***ਟਿਕਟ :*** ਨਾਮ ਰਾਖਵਾਂਕਰਨ ਯਾਤਰਾ ਕਰਨ ਵਾਲੇ ਯਾਤਰੀਆਂ ਲਈ ਪੰਜ ਮਿੰਟ ਅੰਦਰ ਟਿਕਟ ਖਰੀਦ ਨੂੰ ਯਕੀਨੀ ਬਣਾਉਣ ਲਈ ਅਪ੍ਰੇਸ਼ਨ ਫਾਈਵ ਮਿੰਟ।

***ਖਾਣਪਾਨ :*** ਈ-ਕੈਟਰਿੰਗ ਦੀ ਸਹੂਲਤ ਰੇਲ ਗੱਡੀਆਂ ਵਿਚ ਹੋਰ ਵੀ ਵਧਾਈ ਜਾਵੇਗੀ।

***ਤਕਨਾਲੋਜੀ ਦਾ ਹੋਰ ਇਸਤੇਮਾਲ ਕਰਨਾ :*** ਚਲ ਟਿਕਟ ਚੈਕਰਾਂ ਨੂੰ ਹੈਂਡ ਹੈਂਡਲ ਟਰਮੀਨਲ ਉਪਲਬਧ ਕਰਵਾਏ ਜਾਣਗੇ, ਜਿਨ੍ਹਾਂ ਦਾ ਉਪਯੋਗ ਯਾਤਰੀਆਂ ਦੀ ਜਾਂਚ-ਪੜਤਾਲ ਕਰਨ ਅਤੇ ਚਾਰਟਾਂ ਨੂੰ ਡਾਊਨਲੋਡ ਕਰਨ ਲਈ ਕੀਤਾ ਜਾ ਸਕੇਗਾ। ਸੰਗਠਿਤ ਗਾਹਕ ਪੋਰਟਲ ਤਿਆਰ ਕੀਤਾ ਜਾਵੇਗਾ। ਐੱਸ ਐੱਮ ਐੱਸ ਅਲਰਟ ਸੇਵਾ ਸ਼ੁਰੂ ਕੀਤੀ ਜਾਵੇਗੀ।

***ਨਿਗਰਾਨੀ :*** ਮਹਿਲਾ ਯਾਤਰੀਆਂ ਦੀ ਸੁਰੱਖਿਆ ਲਈ ਪਾਇਲਟ ਆਧਾਰ 'ਤੇ ਮੇਨਲਾਈਨ ਦੇ ਚੋਣਵੇਂ ਸਵਾਰੀ ਡੱਬਿਆਂ ਅਤੇ ਹੋਰ ਗੱਡੀਆਂ ਵਿਚ ਮਹਿਲਾਵਾਂ ਦੀ ਡੱਬਿਆਂ ਵਿਚ ਸੁਰੱਖਿਆ ਲਈ ਕੈਮਰੇ ਲਗਾਏ ਜਾਣਗੇ, ਅਜਿਹਾ ਕਰਦੇ ਸਮੇਂ ਉਨ੍ਹਾਂ ਦੀ ਪ੍ਰਾਈਵੇਸੀ ਦਾ ਵੀ ਖ਼ਿਆਲ ਰੱਖਿਆ ਜਾਵੇਗਾ।

***ਮਨੋਰੰਜਨ :*** ਜਨਰਲ ਸ਼੍ਰੇਣੀ ਦੇ ਸਵਾਰੀ ਡੱਬਿਆਂ ਵਿਚ ਮੋਬਾਇਲ ਫ਼ੋਨ ਨੂੰ ਚਾਰਜ ਕਰਨ ਦੀ ਸਹੂਲਤ ਪ੍ਰਦਾਨ ਕੀਤੀ ਜਾਵੇਗੀ।

***ਗੱਡੀ ਸਮਰੱਥਾ ਵਿਚ ਵਾਧਾ :*** 24 ਸਵਾਰੀ ਡੱਬਿਆਂ ਦੀ ਥਾਂ 26 ਸਵਾਰੀ ਡੱਬੇ ਜੋੜੇ ਜਾਣਗੇ।

***ਆਰਾਮਦਾਇਕ ਯਾਤਰਾ :*** ਉਪਰਲੇ ਬਰਥ ਉਤੇ ਚੜ੍ਹਨ ਲਈ ਪੌੜੀਆਂ ਦੀਆਂ ਮੌਜੂਦਾ ਪੌੜੀਆਂ, ਜੋ ਯਾਤਰੀਆਂ ਲਈ ਔਖੀਆਂ ਹਨ, ਨੂੰ ਬਦਲ ਕੇ ਉਨ੍ਹਾਂ ਦੀ ਥਾਂ ਯਾਤਰੀਆਂ ਲਈ ਸੌਖੀਆਂ ਪੌੜੀਆਂ ਦੀ ਵਿਵਸਥਾ ਦਾ ਪ੍ਰਸਤਾਵ।

### ਸਟੇਸ਼ਨ ਸਹੂਲਤਾਂ

● ਸਟੇਸ਼ਨ ਸਹੂਲਤਾਂ ਵਿਚ ਵਾਧਾ ਕੀਤਾ ਜਾਵੇਗਾ। ● ਰੇਲ ਮੰਤਰੀ ਨੇ ਭਾਰਤੀ ਰੇਲਵੇ ਦੇ ਕਾਇਆਕਲਪ ਸੰਬੰਧੀ ਅਗਲੇ ਪੰਜ ਸਾਲਾਂ ਲਈ ਚਾਰ ਟੀਚੇ ਮਿੱਥੇ ਹਨ। ● ਯਾਤਰੀ ਅਤੇ ਮਾਲ ਢੁਆਈ ਸਮਰੱਥਾ ਵਿਚ ਵਾਧਾ ਕੀਤਾ ਜਾਵੇਗਾ। ● ਸੈਲਾਨੀਆਂ ਨੂੰ ਆਕਰਸ਼ਿਤ ਕਰਨ ਲਈ ਗਾਂਧੀ ਸਰਕਟ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ● ਰੇਲਵੇ ਦੀ ਸਾਲਾਨਾ ਯੋਜਨਾ ਲਈ ਵਿੱਤ ਮੰਤਰਾਲਾ ਵਲੋਂ 40 ਹਜ਼ਾਰ ਕਰੋੜ ਰੁਪਏ ਦੀ ਬਜਟ ਸਹਾਇਤਾ। ● ਵਿਦੇਸ਼ੀ ਰੇਲ ਤਕਨਾਲੋਜੀ ਸਹਿਯੋਗ ਯੋਜਨਾ ਸ਼ੁਰੂ ਕਰਨ ਦਾ ਪ੍ਰਸਤਾਵ। ● ਰੇਲਵੇ ਵਿਚ ਮਹੱਤਵਪੂਰਨ ਪ੍ਰਬੰਧਕ ਪ੍ਰਕਿਰਿਆਵਾਂ ਅਤੇ ਪ੍ਰਣਾਲੀਆਂ ਵਿਚ ਸੁਧਾਰ। ● ਰੇਲਵੇ ਦੇ ਯੋਜਨਾ ਬਜਟ ਦੇ ਆਕਾਰ 'ਚ 8.52 ਪ੍ਰਤਿਸ਼ਤ ਦਾ ਵਾਧਾ। ● ਰੇਲਵੇ ਮਾਹਿਰਾਂ ਤੋਂ ਸਲਾਹ-ਮਸ਼ਵਰਾ ਲੈਣ ਲਈ ਸੈੱਲ ਕਾਇਮ ਕਰੇਗਾ। ● ਮੁੰਬਈ ਲਈ ਐੱਮ.ਯੂ.ਟੀ.ਪੀ.-3 ਸ਼ੁਰੂ ਕੀਤੀ ਜਾਵੇਗੀ। ● ਆਰ ਓ ਬੀ/ਆਰ ਯੂ ਬੀ ਦੇ ਨਿਰਮਾਣ ਲਈ ਵੈੱਬ ਆਧਾਰਿਤ ਐਪਲੀਕੇਸ਼ਨ ਸ਼ੁਰੂ ਕੀਤੀ ਗਈ ਹੈ। ● ਭਾਰਤੀ ਰੇਲਵੇ ਦੇ ਕਾਇਆਕਲਪ ਲਈ ਰੇਲ ਮੰਤਰੀ ਵਲੋਂ 5 ਸੂਤਰੀ ਰਣਨੀਤੀ ਨਿਰਧਾਰਿਤ। ● ਚਲ ਟਿਕਟ ਚੈਕਰਾਂ ਲਈ ਹੈਂਡ ਹੈਂਲਡ ਟਰਮੀਨਲ ਦੀ ਵਿਵਸਥਾ। ● ਚੋਣਵੀਆਂ ਸ਼ਤਾਬਦੀ ਗੱਡੀਆਂ 'ਚ ਬੋਰਡ ਮਨੋਰੰਜਨ ਸਹੂਲਤ ਉਪਲਬਧ ਹੋਵੇਗੀ। ● ਰੇਲਵੇ ਮੌਜੂਦਾ ਲੇਖਾ ਪ੍ਰਣਾਲੀ ਵਿਚ ਬਦਲਾਅ ਲਈ ਕਾਰਜ ਦਲ ਦਾ ਗਠਨ ਕਰੇਗਾ। ● ਰੇਲਵੇ ਵੈਂਡਰ ਇੰਟਰਫੇਸ ਮੈਨੇਜਮੈਂਟ ਸਿਸਟਮ ਨੂੰ ਡਿਜ਼ੀਟਲ ਬਣਾਏਗਾ। ● ਯਾਤਰੀਆਂ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਹੈਲਪਲਾਈਨ ਨੰਬਰ 138 ਹਰ ਸਮੇਂ ਕੰਮ ਕਰੇਗਾ। ● ਬਿਸਤਰਿਆਂ ਦੇ ਡਿਜ਼ਾਈਨ, ਗੁਣਵੱਤਾ ਅਤੇ ਸਵੱਛਤਾ ਨੂੰ ਬੇਹਤਰ ਬਣਾਇਆ ਜਾਵੇਗਾ। ● ਰੇਲਵੇ ਮਹਿਲਾ ਯਾਤਰੀਆਂ ਦੀ ਸੁਰੱਖਿਆ ਲਈ ਨਿਰਭੈ ਨਿਧੀ ਦਾ ਇਸਤੇਮਾਲ ਕਰੇਗੀ। ● ਰੇਲਵੇ ਸੰਚਾਲਨ ਅਤੇ ਵਪਾਰਕ ਕੁਸ਼ਲਤਾ ਲਈ ਉੱਚ ਮਾਨਕਾਂ ਨੂੰ ਯਕੀਨੀ ਬਣਾਏਗਾ।

### *ਰੇਲ ਬਜਟ 2015-16 ਦੇ ਮੁੱਖ ਖੇਤਰ*

● ਯਾਤਰੀ ਭਾੜੇ ਵਿਚ ਕੋਈ ਵਾਧਾ ਨਹੀਂ। ● ਨਾਮ ਰਾਖਵਾਂਕਰਨ ਸ਼੍ਰੇਣੀ ਦੀ ਟਿਕਟ ਖਰੀਦ ਸੌਖਾ ਬਣਾਉਣ ਲਈ 'ਅਪ੍ਰੇਸ਼ਨ ਫਾਈਵ ਮਿੰਟ'। ● ਵੱਖਰੇ ਤੌਰ ਤੇ ਸਮਰੱਥ ਯਾਤਰੀਆਂ ਲਈ ਇਕ ਬਾਰ ਰਜਿਸਟ੍ਰੇਸ਼ਨ ਕਰਾਉਣ ਦੇ ਬਾਅਦ ਰਿਆਇਤੀ ਈ-ਟਿਕਟ 'ਰੱਖਿਆ ਯਾਤਰਾ ਪ੍ਰਣਾਲੀ' ਵਿਕਸਤ, ਵਾਰੰਟ ਸਮਾਪਤ। ● ਈ-ਕੈਟਰਿੰਗ ਵਿਚ ਸਰਵੋਤਮ ਖੁਰਾਕੀ ਵਸਤਾਂ ਨੂੰ ਸ਼ਾਮਿਲ ਕੀਤਾ ਜਾਵੇਗਾ। ● ਰੇਲ ਬਜਟ 'ਚ ਵੱਧ ਆਮਦਨ ਅਤੇ ਉਪਯੁਕਤ ਨਿਵੇਸ਼ ਨੂੰ ਯਕੀਨੀ ਬਣਾਇਆ ਜਾਵੇਗਾ। ● ਗੱਡੀਆਂ ਦੇ ਆਉਣ/ਜਾਣ ਦੇ ਸਮੇਂ ਲਈ 'ਐੱਸ ਐੱਮ ਐੱਸ ਅਲਰਟ ● ਚੋਣਵੇਂ ਮਾਰਗਾਂ ਉਤੇ ਸੁਰੱਖਿਆ ਚੇਤਾਵਨੀ ਪ੍ਰਣਾਲੀ ਅਤੇ ਗੱਡੀਆਂ ਦੀ ਟੱਕਰ ਤੋਂ ਬਚਾਅ ਦੀ ਪ੍ਰਣਾਲੀ ।

– ਪੀ.ਆਈ.ਬੀ. ਜਲੰਧਰ।

# ਕੇਂਦਰੀ ਬਜਟ ਅਤੇ ਪੇਂਡੂ ਵਿਕਾਸ

ਰਤਨ ਸਲਦੀ

ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਨੇ 28 ਫ਼ਰਵਰੀ 2015 ਨੂੰ ਰਾਸ਼ਟਰੀ ਲੋਕਤੰਤ੍ਰਿਕ ਗਠਬੰਧਨ ਸਰਕਾਰ ਦਾ 2015-16 ਦਾ ਪਹਿਲਾ ਪੂਰਾ ਬਜਟ ਲੋਕ ਸਭਾ ਵਿਚ ਪੇਸ਼ ਕੀਤਾ। ਇਸ ਤੋਂ ਪਹਿਲਾਂ ਉਨ੍ਹਾਂ ਜੁਲਾਈ 2014 ਵਿਚ ਕੇਂਦਰ ਸਰਕਾਰ ਦਾ 2014-15 ਦਾ ਅੰਤ੍ਰਿਮ ਬਜਟ ਪੇਸ਼ ਕੀਤਾ ਸੀ। ਬਜਟ ਆਮ ਤੌਰ ਤੇ ਵਿਕਾਸ ਮੁਖੀ ਅਤੇ ਸਮਾਜਿਕ ਸੁਰੱਖਿਆ, ਖੇਤੀਬਾੜੀ, ਪੇਂਡੂ ਵਿਕਾਸ ਅਤੇ ਉਦਯੋਗ ਅਤੇ ਵਪਾਰ ਨੂੰ ਉਤਸ਼ਾਹ ਦੇਣ ਵਾਲਾ ਕਿਹਾ ਗਿਆ ਹੈ। ਵਿੱਤੀ ਘਾਟਾ ਘੱਟ ਕਰ ਕੇ ਵਿਕਾਸ ਦਰ 8 ਪ੍ਰਤਿਸ਼ਤ ਤੋਂ ਵੱਧ ਹਾਸਲ ਕਰਨ ਦੀ ਵਚਨਬਧਤਾ ਦੁਹਰਾਈ ਗਈ ਹੈ। ਬਜਟ ਪੇਸ਼ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਭਾਰਤ ਦੀ ਅਰਥਵਿਵਸਥਾ ਵਿਚ ਸਲਾਹੁਣਯੋਗ ਵਾਧਾ ਹੋਇਆ ਹੈ, ਇਸ ਵਿਚ ਨਵੀਆਂ ਕਰੂੰਬਲਾਂ ਫੁੱਟਣੀਆਂ ਸ਼ੁਰੂ ਹੋਈਆਂ ਹਨ ਅਤੇ ਦੇਸ਼ ਆਰਥਿਕ ਸਥਿਰਤਾ ਵਲ ਵਧ ਰਿਹਾ ਹੈ। ਘਰੇਲੂ ਅਤੇ ਵਿਦੇਸ਼ੀ ਪੂੰਜੀ ਨਿਵੇਸ਼ਕਾਂ ਦਾ ਦੇਸ਼ ਦੀ ਅਰਥਵਿਵਸਥਾ ਵਿਚ ਵਿਸ਼ਵਾਸ ਵਧਿਆ ਹੈ।

ਭਾਰਤ ਦੀ ਲਗਭਗ 70 ਪ੍ਰਤਿਸ਼ਤ ਆਬਾਦੀ ਪਿੰਡਾਂ ਵਿਚ ਵਸਦੀ ਹੈ ਅਤੇ ਵਧੇਰੇ ਕਰਕੇ ਖੇਤੀਬਾੜੀ ਅਤੇ ਖੇਤੀਬਾੜੀ ਨਾਲ ਸੰਬੰਧਿਤ ਕਿੱਤਿਆਂ ਵਿਚ ਲੱਗੀ ਹੋਈ ਹੈ। ਵਿਸ਼ਵ ਬੈਂਕ ਦੇ ਅੰਕੜਿਆਂ ਅਨੁਸਾਰ, ਭਾਰਤ ਵਿਚ ਸਾਲ 2000 ਵਿਚ ਕੁੱਲ ਪੇਂਡੂ ਆਬਾਦੀ 76 ਕਰੋੜ ਸੀ ਜੋ 2010 ਵਿਚ ਵਧ ਕੇ 85.60 ਕਰੋੜ ਹੋ ਗਈ ਸੀ ਅਤੇ ਇਹ ਦੇਸ਼ ਦੀ ਕੁੱਲ ਆਬਾਦੀ ਦੀ 69.9 ਪ੍ਰਤਿਸ਼ਤ ਹਿੱਸਾ ਸੀ। ਲਗਭਗ ਇਹੋ ਅਨੁਪਾਤ ਅੱਜ ਵੀ ਕਾਇਮ ਹੈ ਜੋ 2011 ਦੀ ਮਰਦਮਸ਼ੁਮਾਰੀ ਵਿਚ ਸਪੱਸ਼ਟ ਹੋ ਗਿਆ ਸੀ। ਇੰਨੀ ਵੱਡੀ ਆਬਾਦੀ ਦਾ ਲਗਾਤਾਰ ਵਿਕਾਸ ਕਿਸੇ ਵੀ ਸਰਕਾਰ ਲਈ ਨਾ ਸਿਰਫ਼ ਇਕ ਚੁਨੌਤੀ ਹੈ ਸਗੋਂ ਪਹਿਲ ਦਾ ਕਾਰਜ ਵੀ ਹੈ।

ਉਪਰੋਕਤ ਨੂੰ ਧਿਆਨ ਵਿਚ ਰੱਖਦੇ ਹੋਏ, ਵਿੱਤ ਮੰਤਰੀ ਨੇ ਬਜਟ ਵਿਚ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਜ਼ਾਮਨੀ ਪ੍ਰੋਗਰਾਮ ਦੀ ਕਾਰਜਕੁਸ਼ਲਤਾ ਵਧਾ ਕੇ ਅਤੇ ਉਸ ਵਿਚ ਵਧੇਰੇ ਪਾਰਦਰਸ਼ਤਾ ਲਿਆ ਕੇ ਉਸ ਨੂੰ ਹੋਰ ਮਜ਼ਬੂਤ ਕਰਨ ਸਮੇਤ ਕਈ ਨਵੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ ਜਿਨ੍ਹਾਂ ਨਾਲ ਖੇਤੀਬਾੜੀ ਸੁਧਾਰ ਅਤੇ ਪੇਂਡੂ ਵਿਕਾਸ ਦੇ ਨਵੇਂ ਮੌਕੇ ਪੈਦਾ ਹੋਣਗੇ। ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਜ਼ਾਮਨੀ ਕਾਨੂੰਨ, ਮਨਰੇਗਾ ਦੇਸ਼ ਵਿਚ ਸਭ ਤੋਂ ਪਹਿਲਾ ਅਜਿਹਾ ਕਾਨੂੰਨ ਹੈ ਜਿਸ ਤਹਿਤ ਪੇਂਡੂ ਇਲਾਕਿਆਂ ਵਿਚ ਸਭ ਘਰ-ਪਰਿਵਾਰਾਂ ਲਈ ਰੁਜ਼ਗਾਰ ਦੀ ਜ਼ਾਮਨੀ ਦਿਤੀ ਗਈ ਹੈ। ਦੁਨੀਆਂ ਦੇ ਕੁੱਝ ਗਿਣੇ-ਚੁਣੇ ਹੀ ਅਜਿਹੇ ਦੇਸ਼ ਹਨ ਜਿਨ੍ਹਾਂ ਵਿਚ ਅਜਿਹਾ ਵਿਆਪਕ ਰੁਜ਼ਗਾਰ ਵਿਵਸਥਾ ਵਾਲਾ ਕਾਨੂੰਨ ਲਾਗੂ ਹੈ। ਇਹ ਕਾਨੂੰਨ 5 ਸਤੰਬਰ 2005 ਨੂੰ ਲਾਗੂ ਹੋਇਆ ਸੀ, ਜਿਸ ਅਨੁਸਾਰ ਹਰ ਪੇਂਡੂ ਘਰ-ਪਰਿਵਾਰ ਦੇ ਘੱਟੋ-ਘੱਟ ਇਕ ਬਾਲਗ ਮੈਂਬਰ ਨੂੰ ਇਕ ਸਾਲ ਵਿਚ ਘੱਟੋ-ਘੱਟ 100 ਦਿਨ ਦੇ ਰੁਜ਼ਗਾਰ ਦੀ ਜ਼ਾਮਨੀ ਦਿਤੀ ਗਈ ਸੀ। ਪਿੰਡਾਂ ਦੇ ਗਰੀਬ ਲੋਕਾਂ ਨੂੰ ਰੁਜ਼ਗਾਰ ਉਨ੍ਹਾਂ ਦੇ ਪਿੰਡਾਂ ਵਿਚ ਹੀ, ਪਿੰਡ ਦੀ ਪੰਚਾਇਤ ਵਲੋਂ ਸ਼ਨਾਖਤ ਕੀਤੇ ਕਾਰਜਾਂ ਵਿਚ ਮਿਲਦਾ ਹੈ ਜਿਸ ਨਾਲ ਉਨ੍ਹਾਂ ਨੂੰ ਰੁਜ਼ਗਾਰ ਦੀ ਭਾਲ ਵਿਚ ਪਿੰਡਾਂ ਤੋਂ ਸ਼ਹਿਰਾਂ ਵੱਲ ਪਲਾਇਨ ਨਹੀਂ ਕਰਨਾ ਪੈਂਦਾ। ਇਸ ਨਾਲ ਜਿਥੇ ਪਿੰਡਾਂ ਵਿਚ ਬੇਰੁਜ਼ਗਾਰੀ ਵਿਚ ਕਮੀ ਆਉਂਦੀ ਹੈ ਉਥੇ ਪਿੰਡਾਂ ਦਾ ਵਿਕਾਸ ਵੀ ਨਿਸ਼ਚਿਤ ਹੁੰਦਾ ਹੈ ਅਤੇ ਪਿੰਡਾਂ ਦੇ ਲੋਕਾਂ ਦੇ ਜੀਵਨ ਪੱਧਰ ਵਿਚ ਵੀ ਸੁਧਾਰ ਆਉਂਦਾ ਹੈ।

ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਰਾਸ਼ਟਰੀ ਮਹੱਤਵ ਦੀਆਂ ਪਹਿਲਾਂ ਜਿਵੇਂ ਕਿ ਖੇਤੀਬਾੜੀ, ਸਿੱਖਿਆ, ਸਿਹਤ, ਪੇਂਡੂ ਬੁਨਿਆਦੀ ਢਾਂਚਾ ਦੀਆਂ ਲਾਭਕਾਰੀ ਯੋਜਨਾਵਾਂ ਅਤੇ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਜ਼ਾਮਨੀ ਪ੍ਰੋਗਰਾਮ ਨੂੰ ਚਾਲੂ ਰੱਖਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਜ਼ਾਮਨੀ ਪ੍ਰੋਗਰਾਮ ਦਾ ਲਾਗੂਕਰਨ ਠੀਕ ਨਹੀਂ ਹੋ ਰਿਹਾ ਸੀ ਅਤੇ ਉਸ ਵਿਚ ਕਈ ਊਣਤਾਈਆਂ ਸਨ। ਇਸ ਕਾਨੂੰਨ ਨੂੰ ਜਦੋਂ ਲਾਗੂ ਕੀਤਾ ਗਿਆ ਸੀ, ਆਮ ਵਿਸ਼ਵਾਸ ਸੀ ਕਿ ਇਹ ਪਿੰਡਾਂ ਵਿਚ ਹਰ ਘਰ-ਪਰਿਵਾਰ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰ ਕੇ ਪਿੰਡਾਂ ਦੀ ਨੁਹਾਰ ਬਦਲ ਦੇਵੇਗਾ ਪਰ ਜ਼ਮੀਨੀ ਪੱਧਰ 'ਤੇ ਇਸ ਦਾ ਲਾਗੂਕਰਨ ਠੀਕ ਨਾ ਹੋਣ ਕਾਰਨ ਲੋਕਾਂ ਦੀਆਂ ਇਸ ਦੇ ਖ਼ਿਲਾਫ਼ ਆਮ ਸ਼ਿਕਾਇਤਾਂ ਰਹਿੰਦੀਆਂ ਸਨ। ਬਜਟ ਵਿਚ ਇਸ ਦਾ ਲਾਭ ਸਿੱਧਿਆਂ ਲਾਭਪਾਤਰਾਂ ਤਕ ਸਰਕਾਰ ਵਲੋਂ ਨਵੀਂ ਸ਼ੁਰੂ ਕੀਤੀ ਬੈਂਕ ਯੋਜਨਾ ਜਨਧਨ ਯੋਜਨਾ ਰਾਹੀਂ ਪਹੁੰਚਾਉਣ ਦੀ ਵਿਵਸਥਾ ਕੀਤੀ ਗਈ ਹੈ। ਇਸ ਤੋਂ ਇਲਾਵਾ ਇਸ ਨੂੰ ਆਧਾਰ ਕਾਰਡ ਅਤੇ ਮੋਬਾਇਲ ਫ਼ੋਨ ਨਾਲ ਜੋੜਨ ਦੀ ਵੀ ਯੋਜਨਾ ਹੈ।

ਇਸ ਯੋਜਨਾ ਨੂੰ ਨਵੀਂ ਤ੍ਰਿਮੂਰਤੀ ਜਨਧਨ-ਆਧਾਰ ਕਾਰਡ-ਮੋਬਾਇਲ (ਜੇ ਏ ਐੱਮ) ਦਾ ਨਾਮ ਦਿਤਾ ਗਿਆ ਹੈ ਅਤੇ ਮਨਰੇਗਾ ਤਹਿਤ ਲਾਭਾਂ ਸਮੇਤ ਹੋਰ ਵੀ ਸਭ ਕਿਸਮ ਦੇ ਲਾਭਪਾਤਰਾਂ ਨੂੰ ਲਾਭ ਜਿਵੇਂ ਕਿ ਖਾਦ ਅਤੇ ਅਨਾਜ ਸਬਸਿਡੀ, ਰਸੋਈ ਗੈਸ ਅਤੇ ਮਿੱਟੀ ਦੇ ਤੇਲ ਉਪਰ ਮਿਲਣ ਵਾਲੀ ਸਬਸਿਡੀ ਅਤੇ ਹੋਰ ਸਭ ਕਿਸਮ ਦੀਆਂ ਲਾਭਕਾਰੀ ਯੋਜਨਾਵਾਂ ਤਹਿਤ ਮਿਲਣ ਵਾਲੀ ਪੂੰਜੀ ਨੂੰ ਸਿੱਧਿਆਂ ਲਾਭਪਾਤਰਾਂ ਦੇ ਹੱਥ ਵਿਚ ਪਹੁੰਚਾਉਣ ਦੀ ਵਿਵਸਥਾ ਕੀਤੀ ਜਾ ਰਹੀ ਹੈ। ਇਸ ਨਾਲ ਨਾ ਸਿਰਫ਼ ਪਿੰਡਾਂ ਦੇ ਗਰੀਬ ਲਾਭਪਾਤਰਾਂ ਸਗੋਂ

ਸ਼ਹਿਰਾਂ ਦੇ ਲੋਕਾਂ ਨੂੰ ਜੋ ਅਜਿਹੀ ਵਿਵਸਥਾ ਤਹਿਤ ਆਉਂਦੇ ਹਨ, ਸਿੱਧਿਆਂ ਪੂੰਜੀ ਉਨ੍ਹਾਂ ਦੇ ਖਾਤਿਆਂ ਵਿਚ ਜਾ ਕੇ ਲਾਭ ਮਿਲੇਗਾ ਅਤੇ ਦਲਾਲਾਂ ਦਾ ਖਾਤਮਾ ਹੋਵੇਗਾ। ਇਸ ਤੋਂ ਇਲਾਵਾ, ਸਰਕਾਰ ਦੀ ਦੇਸ਼ ਭਰ ਵਿਚ ਉਪਲਬਧ 1,54,000 ਡਾਕਘਰਾਂ ਰਾਹੀਂ ਸਿੱਧਿਆਂ ਪੂੰਜੀ ਲਾਭਪਾਤਰੀਆਂ ਤਕ ਪਹੁੰਚਾਉਣ ਲਈ ਵਰਤੋਂ ਵਿਚ ਲਿਆਉਣ ਦੀ ਯੋਜਨਾ ਹੈ।

ਵਿੱਤ ਮੰਤਰੀ ਨੇ ਮਹਾਤਮਾ ਗਾਂਧੀ ਰਾਸ਼ਟਰੀ ਰੁਜ਼ਗਾਰ ਜ਼ਾਮਨੀ ਪ੍ਰੋਗਰਾਮ ਲਈ ਬਜਟ ਵਿਚ 34,699 ਕਰੋੜ ਰੁਪਏ ਦਾ ਪ੍ਰਸਤਾਵ ਕੀਤਾ ਹੈ। ਉਨ੍ਹਾਂ, ਵਿੱਤ ਉਪਲਬਧਤਾ ਦੀ ਸੂਰਤ ਵਿਚ, ਮਨਰੇਗਾ ਪ੍ਰੋਗਰਾਮ ਲਈ 5,000 ਕਰੋੜ ਰੁਪਏ ਹੋਰ ਵਧੇਰੇ ਦੇਣ ਦਾ ਵਾਅਦਾ ਵੀ ਕੀਤਾ ਹੈ। ਪੇਂਡੂ ਵਿਕਾਸ ਅਤੇ ਛੋਟੇ ਤੇ ਦਰਮਿਆਨੇ ਕਿਸਾਨਾਂ ਦੇ ਹਿੱਤਾਂ ਨੂੰ ਮੁੱਖ ਰਖਦੇ ਹੋਏ, ਵਿੱਤ ਮੰਤਰੀ ਨੇ ਨਾਬਾਰਡ ਵਿਚ ਸਥਾਪਤ ਪੇਂਡੂ ਬੁਨਿਆਦੀ ਢਾਂਚਾ ਵਿਕਾਸ ਫ਼ੰਡ ਲਈ 2015-16 ਦੇ ਬਜਟ ਵਿਚ 25,000 ਕਰੋੜ ਰੁਪਏ, ਥੋੜ੍ਹੀ ਮਿਆਦ ਦੇ ਮੁੜ ਵਿੱਤ ਫ਼ੰਡ, ਖੇਤਰੀ ਗ੍ਰਾਮੀਣ ਬੈਂਕ (ਆਰ ਆਰ ਬੀ) ਲਈ 15,000 ਕਰੋੜ ਰੁਪਏ ਅਤੇ ਸਹਿਕਾਰੀ ਪੇਂਡੂ ਕਰਜ਼ਾ ਮੁੜ ਵਿੱਤ ਫ਼ੰਡ ਲਈ 45,000 ਕਰੋੜ ਰੁਪਏ ਨਿਰਧਾਰਨ ਕੀਤੇ ਹਨ।

ਇਸ ਤੱਥ ਨੂੰ ਮੁੱਖ ਰੱਖਦੇ ਹੋਏ ਕਿ ਪੇਂਡੂ ਖੇਤਰਾਂ ਦਾ ਵਿਕਾਸ ਉਥੋਂ ਦੇ ਲੋਕਾਂ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਨਾਲ ਹੀ ਸੰਭਵ ਹੋ ਸਕਦਾ ਹੈ, ਵਿੱਤ ਮੰਤਰੀ ਨੇ ਛੋਟੇ ਅਤੇ ਦਰਮਿਆਨੇ ਕਿਸਾਨਾਂ ਦੀ ਭਲਾਈ ਲਈ ਉਨ੍ਹਾਂ ਦੇ ਜੀਵਨ ਪੱਧਰ 'ਤੇ ਵਿਕਾਸ ਲਈ ਬਜਟ ਵਿਚ ਕਈ ਪ੍ਰਸਤਾਵਾਂ ਦੀ ਵਿਵਸਥਾ ਕੀਤੀ ਹੈ। ਪੇਂਡੂ ਵਿਕਾਸ ਪ੍ਰੋਗਰਾਮਾਂ ਸਮੇਤ ਵਿੱਤ ਮੰਤਰੀ ਨੇ ਬੈਂਕਾਂ ਵਲੋਂ ਕਿਸਾਨਾਂ ਲਈ ਨਿਰਧਾਰਤ ਕਰਜ਼ੇ ਦੀ ਰਕਮ ਵਿਚ ਵਾਧਾ ਕਰ ਕੇ ਸਾਲ 2015-16 ਲਈ ਇਸ ਨੂੰ 8.5 ਲੱਖ ਕਰੋੜ ਰੁਪਏ ਕਰ ਦਿਤਾ ਹੈ। ਇਹ ਕਰਜ਼ਾ ਕਿਸਾਨਾਂ ਨੂੰ ਚਾਲੂ ਰਿਆਇਤੀ ਵਿਆਜ ਦਰ 7 ਪ੍ਰਤਿਸ਼ਤ 'ਤੇ ਹੀ ਮਿਲੇਗਾ ਤੇ ਸਮੇਂ ਸਿਰ ਕਰਜ਼ਾ ਅਦਾਇਗੀ ਕਰਨ ਵਾਲੇ ਕਿਸਾਨਾਂ ਨੂੰ 3 ਪ੍ਰਤਿਸ਼ਤ ਦੀ ਛੋਟ ਜਾਰੀ ਰਹੇਗੀ ਅਤੇ ਉਨ੍ਹਾਂ ਲਈ ਵਿਆਜ ਦਰ 4 ਪ੍ਰਤਿਸ਼ਤ ਹੀ ਰਹੇਗੀ।

ਬਜਟ ਪੇਸ਼ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਕਿਸਾਨ ਰਵਾਇਤੀ ਤੌਰ ਤੇ ਆਪਣੇ ਉਤਪਾਦਨ ਮੰਡੀਆਂ ਵਿਚ ਵੇਚਦੇ ਹਨ। ਸਰਕਾਰ ਦੇ ਲਗਾਤਾਰ ਉਪਰਾਲਿਆਂ ਨਾਲ ਕਿਸਾਨ ਹੁਣ ਕਾਫ਼ੀ ਹੱਦ ਤਕ ਸ਼ਾਹੂਕਾਰਾਂ ਦੇ ਚੁੰਗਲ ਵਿਚੋਂ ਛੁਟ ਚੁੱਕੇ ਹਨ ਪਰ ਉਨ੍ਹਾਂ ਦੇ ਉਤਪਾਦਨਾਂ ਦੇ ਮੰਡੀਕਰਨ ਦਾ ਹਾਲੇ ਵੀ ਕੋਈ ਤਸੱਲੀਬਖ਼ਸ਼ ਪ੍ਰਬੰਧਨ ਨਹੀਂ ਹੈ। ਮੰਦੀ ਦੀ ਸੂਰਤ ਵਿਚ ਕਿਸਾਨ ਨੂੰ ਆਪਣੇ ਉਤਪਾਦਨ ਕਈ ਵਾਰ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਕੀਮਤ 'ਤੇ ਵੇਚਣ ਲਈ ਮਜਬੂਰ ਹੋਣਾ ਪੈਂਦਾ ਹੈ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਮੰਡੀ ਫ਼ੀਸ, ਕਮਿਸ਼ਨ ਏਜੰਟਾਂ ਦਾ ਕਮਿਸ਼ਨ ਅਤੇ ਹੋਰ ਕਈ ਕਿਸਮ ਦੇ ਖਰਚੇ ਵੀ ਝੱਲਣੇ ਪੈਂਦੇ ਹਨ। ਅਨਾਜ ਮੰਡੀਆਂ ਰਾਜਾਂ ਦੇ ਖੇਤੀਬਾੜੀ ਉਤਪਾਦਨ ਮਾਰਕੀਟ ਕਮੇਟੀ ਕਾਨੂੰਨ ਦੇ ਦਾਇਰੇ ਤਹਿਤ ਆਉਂਦੀਆਂ ਹਨ। ਇਨ੍ਹਾਂ ਕਾਨੂੰਨਾਂ ਵਿਚ ਵੱਖ-ਵੱਖ ਰਾਜਾਂ ਅਤੇ ਵੱਖਰੇ-ਵੱਖਰੇ ਕਿਸਮ ਦੀ ਵਿਵਸਥਾ ਕੀਤੀ ਗਈ ਹੈ। ਕੋਈ ਬਦਲਵਾਂ ਅਮਲ ਉਪਲਬਧ ਨਾ ਹੋਣ ਕਾਰਨ ਕਿਸਾਨਾਂ ਨੂੰ ਮਜਬੂਰਨ ਇਨ੍ਹਾਂ ਮੰਡੀਆਂ ਵਿਚ ਆਪਣੇ ਉਤਪਾਦਨ ਕਣਕ, ਚੌਲ, ਮੋਟੇ ਅਨਾਜ, ਦਾਲਾਂ, ਤੇਲ ਦੇ ਬੀਜ ਆਦਿ ਵੇਚਣੇ ਪੈਂਦੇ ਹਨ। ਇਸ ਤਰ੍ਹਾਂ, ਇਨ੍ਹਾਂ ਉਤਪਾਦਨਾਂ ਦੇ ਮੰਡੀਕਰਨ ਦੀ ਕੋਈ ਤਸੱਲੀਬਖ਼ਸ਼ ਵਿਵਸਥਾ ਨਾ ਹੋਣ ਕਾਰਨ, ਕਿਸਾਨਾਂ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਨਾਲ ਪੇਂਡੂ ਇਲਾਕਿਆਂ ਵਿਚ ਵਿਕਾਸ ਦੀ ਗਤੀ ਉਪਰ ਵੀ ਅਸਰ ਪੈਂਦਾ ਹੈ।

ਵਿੱਤ ਮੰਤਰੀ ਨੇ ਕੇਂਦਰੀ ਬਜਟ ਵਿਚ ਰਾਜਾਂ ਅਤੇ ਯੋਜਨਾ ਆਯੋਗ ਦੇ ਸਥਾਨ 'ਤੇ ਨਵੇਂ ਬਣੇ ਨੀਤੀ ਆਯੋਗ ਦੀ ਸਲਾਹ-ਮਸ਼ਵਰੇ ਨਾਲ ਇਕ ਸੰਗਠਿਤ ਰਾਸ਼ਟਰੀ ਖੇਤੀਬਾੜੀ ਮੰਡੀ ਸਥਾਪਤ ਕਰਨ ਦਾ ਜ਼ਿਕਰ ਕੀਤਾ ਹੈ। ਕੇਂਦਰੀ ਖੇਤੀਬਾੜੀ ਅਤੇ ਸਹਿਕਾਰਤਾ ਵਿਭਾਗ ਵਿਚ 2014-15 ਤੋਂ 2016-17 ਤਕ ਦੇ ਸਮੇਂ ਲਈ ਇਸ ਯੋਜਨਾ ਲਈ 200 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ। ਇਸ ਯੋਜਨਾ ਦਾ ਉਦੇਸ਼, ਖੇਤੀਬਾੜੀ ਉਤਪਾਦਨਾਂ ਦੇ ਮੰਡੀਕਰਨ ਲਈ ਪ੍ਰਤਿਯੋਗਤਾ ਮੂਲਕ ਅਤੇ ਪਾਰਦਰਸ਼ੀ ਪ੍ਰਣਾਲੀ ਸਥਾਪਤ ਕਰਨਾ ਹੈ। ਇਸ ਵਿਚ ਦਲਾਲਾਂ ਦੀ ਭੂਮਿਕਾ ਘੱਟ ਕਰਨਾ ਅਤੇ ਖੇਤੀਬਾੜੀ ਉਤਪਾਦਨਾਂ ਦੇ ਮੰਡੀਕਰਨ ਵਿਚ ਪੱਖਪਾਤੀ ਵਪਾਰਕ ਰਵਾਇਤਾਂ ਖਤਮ ਕਰਨਾ ਵੀ ਸ਼ਾਮਿਲ ਹੈ ਜਿਸ ਨਾਲ ਕਿਸਾਨਾਂ ਨੂੰ ਆਪਣੇ ਉਤਪਾਦਨ ਦਾ ਵਾਜਬ ਮੁੱਲ ਮਿਲ ਸਕੇ। ਇਸ ਪ੍ਰਸਤਾਵ ਦਾ ਉਦੇਸ਼ ਰਾਜਾਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਦੀਆਂ ਥੋਕ ਮੰਡੀਆਂ ਵਿਚ ਈ-ਮਾਰਕੀਟ ਪਲੇਟਫਾਰਮ ਸਥਾਪਤ ਕਰਨਾ ਵੀ ਹੈ ਜੋ ਰੁਕਾਵਟ ਮੁਕਤ ਰਾਸ਼ਟਰੀ ਮੰਡੀ ਸਥਾਪਤ ਕਰਨ ਵਿਚ ਸਹਾਈ ਹੋ ਸਕਦਾ ਹੈ। ਇਸ ਨਾਲ ਫਲਾਂ ਅਤੇ ਸਬਜ਼ੀਆਂ ਜਿਹੇ ਥੋੜ੍ਹੀ ਸਮੇਂ ਵਿਚ ਖਰਾਬ ਹੋ ਜਾਣ ਵਾਲੇ ਪਦਾਰਥਾਂ ਦੇ ਬਿਨਾਂ ਸਮਾਂ ਗੁਆਏ ਦੂਰ-ਦਰਾਜ਼ ਦੇ ਇਲਾਕਿਆਂ ਵਿਚ ਮੰਡੀਕਰਨ ਵਿਚ ਸਹਾਇਤਾ ਮਿਲੇਗੀ ਜਿਸ ਨਾਲ ਰਾਸ਼ਟਰੀ ਉਤਪਾਦਨ ਦੀ ਖੇਹ-ਖਰਾਬੀ ਹੋਣ ਤੋਂ ਬੱਚਤ, ਕਿਸਾਨਾਂ ਦੀ ਆਮਦਨ ਵਿਚ ਵਾਧਾ ਅਤੇ ਪੇਂਡੂ ਇਲਾਕਿਆਂ ਵਿਚ ਪੂੰਜੀ ਉਪਲਬਧਤਾ ਵਿਚ ਵਾਧਾ ਹੋ ਸਕਣ ਦੀ ਸੰਭਾਵਨਾ ਵਧੇਗੀ ਅਤੇ ਇਹ ਪੇਂਡੂ ਵਿਕਾਸ ਵੱਲ ਇਕ ਮਹੱਤਵਪੂਰਨ ਕਦਮ ਸਾਬਤ ਹੋ ਸਕਦਾ ਹੈ।

ਅੱਜ ਦੇਸ਼ ਦੇ ਪੇਂਡੂ ਇਲਾਕਿਆਂ ਵਿਚ 25 ਸਾਲ ਤੋਂ ਘੱਟ ਉਮਰ ਦੇ ਨੌਜਵਾਨ ਪੇਂਡੂ ਆਬਾਦੀ ਦਾ ਲਗਭਗ 54 ਪ੍ਰਤਿਸ਼ਤ ਹਨ। ਉਨ੍ਹਾਂ ਦੀ ਸ਼ਕਤੀ ਨੂੰ ਉਪਜਾਊ ਕਾਰਜਾਂ ਵਿਚ ਲਗਾ ਕੇ ਉਨ੍ਹਾਂ ਦੀ ਕਾਰਜ ਕੁਸ਼ਲਤਾ ਦੀ ਸਮਰਥਾ ਅਤੇ ਮੁਹਾਰਤ ਵਿਚ ਵਾਧਾ ਕਰਨ ਨਾਲ ਸ਼ਹਿਰਾਂ ਅਤੇ ਪਿੰਡਾਂ ਦੀ ਦੂਰੀ ਘੱਟ ਕੀਤੀ ਜਾ ਸਕਦੀ ਹੈ। ਵਿੱਤ ਮੰਤਰੀ ਨੇ ਆਪਣੇ ਬਜਟ ਭਾਸ਼ਨ ਵਿਚ ਦੀਨਦਿਆਲ ਉਪਾਧਿਆਏ ਗ੍ਰਾਮੀਣ ਪਰਿਸ਼ਦ ਯੋਜਨਾ ਦਾ ਜ਼ਿਕਰ ਕੀਤਾ ਹੈ। ਬਜਟ ਵਿਚ ਇਸ ਯੋਜਨਾ ਲਈ 1500 ਕਰੋੜ ਰੁਪਏ ਦਾ ਪ੍ਰਸਤਾਵ ਕੀਤਾ ਗਿਆ ਹੈ। ਇਸ ਯੋਜਨਾ ਦਾ ਉਦੇਸ਼ ਪੇਂਡੂ ਨੌਜਵਾਨਾਂ ਅਤੇ ਗਰੀਬ ਪਰਿਵਾਰਾਂ ਦੀ ਕੰਮਕਾਜੀ ਸਮਰਥਾ ਅਤੇ ਮੁਹਾਰਤ ਵਧਾ ਕੇ ਉਨ੍ਹਾਂ ਨੂੰ ਸਮੁੱਚੇ ਵਿਕਾਸ ਦੇ ਰਾਸ਼ਟਰੀ ਏਜੰਡੇ ਨਲ ਜੋੜਨਾ ਹੈ।

ਦੀਨਦਿਆਲ ਉਪਾਧਿਆਏ ਗ੍ਰਾਮੀਣ ਪਰਿਸ਼ਦ ਯੋਜਨਾ ਤਹਿਤ ਪਿੰਡਾਂ ਦੇ ਨੌਜਵਾਨਾਂ ਨੂੰ 250 ਤੋਂ ਵੱਧ ਵੱਖ-ਵੱਖ ਕਿੱਤਿਆਂ ਵਿਚ ਜਿਵੇਂ ਕਿ ਖੁਦਰਾ ਵਪਾਰ, ਸਿਹਤ ਪ੍ਰੋਗਰਾਮ, ਸੈਰਸਪਾਟਾ ਅਤੇ ਮਹਿਮਾਨਨਿਵਾਜ਼ੀ, ਭਵਨ ਉਸਾਰੀਕਰਨ, ਬਿਜਲੀ, ਚਮੜਾ ਅਤੇ ਆਟੋਮੋਬਾਇਲ ਆਦਿ ਖੇਤਰਾਂ ਵਿਚ ਸਿਖਲਾਈ ਦਿਤੀ ਜਾਵੇਗੀ ਅਤੇ ਘੱਟ ਤੋਂ ਘੱਟ 75 ਪ੍ਰਤਿਸ਼ਤ ਅਜਿਹੇ ਮੁਹਾਰਤ ਪ੍ਰਾਪਤ ਨੌਜਵਾਨਾਂ ਲਈ ਰੁਜ਼ਗਾਰ ਦੀ ਜ਼ਾਮਨੀ ਹੋਵੇਗੀ। ਅਜਿਹੇ ਨੌਜਵਾਨਾਂ ਨੂੰ ਨਾ ਸਿਰਫ਼ ਕਿੱਤੇ ਦੀ ਮੁਹਾਰਤ ਪ੍ਰਾਪਤ ਕਰਨ ਲਈ ਸਿਖਲਾਈ ਦਿਤੀ ਜਾਵੇਗੀ

ਸਗੋਂ ਉਨ੍ਹਾਂ ਦੀ ਆਪਣੇ-ਆਪਣੇ ਕਿੱਤੇ ਵਿਚ ਅੱਗੇ ਵਧਣ ਦੀ ਸਮਰਥਾ ਵਧਾਉਣ ਵਿਚ ਵੀ ਮਦਦ ਕੀਤੀ ਜਾਵੇਗੀ। ਗਰੀਬ ਨੌਜਵਾਨਾਂ ਨੂੰ ਮੰਗ ਆਧਾਰਿਤ ਕਿੱਤਿਆਂ ਵਿਚ ਮੁਫ਼ਤ ਸਿਖਲਾਈ ਦਿਤੀ ਜਾਵੇਗੀ। ਜੰਮੂ-ਕਸ਼ਮੀਰ, ਉੱਤਰ-ਪੂਰਬੀ ਖੇਤਰ ਅਤੇ ਨਕਸਲਵਾਦ ਪ੍ਰਭਾਵਤ ਦੇਸ਼ ਦੇ 27 ਜ਼ਿਲ੍ਹਿਆਂ ਵਿਚ ਇਸ ਯੋਜਨਾ ਤਹਿਤ ਪ੍ਰਾਜੈਕਟਾਂ ਉਪਰ ਵਿਸ਼ੇਸ਼ ਧਿਆਨ ਦਿਤਾ ਜਾਵੇਗਾ।

ਸਾਲ 2022 ਵਿਚ ਭਾਰਤ ਨੂੰ ਆਜ਼ਾਦ ਹੋਇਆਂ 75 ਸਾਲ ਹੋ ਜਾਣਗੇ। ਵਿੱਤ ਮੰਤਰੀ ਨੇ ਇਸ ਸਾਲ ਨੂੰ ਅੰਮ੍ਰਿਤ ਮਹੋਤਸਵ ਦੇ ਤੌਰ ਤੇ ਮਨਾਉਣ ਦਾ ਐਲਾਨ ਕਰਦੇ ਹੋਏ ਦੇਸ਼ ਵਿਚ 2022 ਤਕ ਹਰ ਘਰ-ਪਰਿਵਾਰ ਲਈ ਛੱਤ ਅਤੇ ਸਭ ਲਈ ਘਰ ਦੀ ਸਰਕਾਰ ਦੀ ਵਚਨਬੱਧਤਾ ਦੁਹਰਾਈ। ਆਪਣੇ ਬਜਟ ਭਾਸ਼ਨ ਵਿਚ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਰਾਜਾਂ ਦੀ ਅਗਵਾਈ ਹੇਠਲੀ ਅਤੇ ਕੇਂਦਰ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਵਿਚ ਚਲ ਰਹੀ 'ਟੀਮ ਭਾਰਤ' ਨੂੰ ਅਗਾਹ ਕੀਤਾ ਹੈ ਕਿ ਉਹ 2022 ਤਕ ਸ਼ਹਿਰੀ ਇਲਾਕਿਆਂ ਵਿਚ 2 ਕਰੋੜ ਅਤੇ ਪੇਂਡੂ ਇਲਾਕਿਆਂ ਵਿਚ 4 ਕਰੋੜ ਮਕਾਨ ਉਸਾਰੀ ਕਰਨ ਅਤੇ ਇਹ ਯਕੀਨੀ ਬਣਾਉਣ ਕਿ ਦੇਸ਼ ਵਿਚ ਹਰ ਘਰ-ਪਰਿਵਾਰ ਨੂੰ 24 ਘੰਟੇ ਬਿਜਲੀ, ਸਾਫ਼ ਪੀਣ ਯੋਗ ਪਾਣੀ, ਸਵੱਛ ਪਖ਼ਾਨੇ ਅਤੇ ਸੜਕ ਰਾਹੀਂ ਆਵਾਜਾਈ ਸਹੂਲਤ ਪ੍ਰਾਪਤ ਹੋ ਸਕੇ। ਦੇਸ਼ ਵਿਚ ਗਰੀਬਾਂ ਦੇ ਹਿਤਾਂ ਦੀ ਰਾਖੀ ਕਰਦੇ ਹੋਏ ਇਹ ਯਕੀਨੀ ਬਣਾਇਆ ਜਾਵੇ ਕਿ ਹਰ ਘਰ-ਪਰਿਵਾਰ ਦਾ ਘੱਟੋ-ਘੱਟ ਇਕ ਮੈਂਬਰ ਰੁਜ਼ਗਾਰ ਪ੍ਰਾਪਤ ਹੈ। ਇਸ ਤਰ੍ਹਾਂ ਦੇਸ਼ ਵਿਚ ਗਰੀਬੀ ਉਪਰ ਕਾਬੂ ਪਾਇਆ ਜਾ ਸਕੇਗਾ। ਦੇਸ਼ ਵਿਚ ਬਾਕੀ ਬਚੇ 20,000 ਪਿੰਡਾਂ ਦਾ ਅਗਲੇ ਪੰਜ ਸਾਲਾਂ ਵਿਚ ਬਿਜਲੀਕਰਨ ਕੀਤਾ ਜਾਵੇਗਾ ਅਤੇ 1,78,000 ਬਸਤੀਆਂ ਨੂੰ ਹਰ ਮੌਸਮ ਵਿਚ ਚਾਲੂ ਸੜਕਾਂ ਨਾਲ ਜੋੜਿਆ ਜਾਵੇਗਾ। ਇਸ ਮਹਾਨ ਕਾਰਜ ਨੂੰ ਪੂਰਾ ਕਰਨ ਲਈ ਇਸ ਵੇਲੇ ਘੱਟ ਚਲ ਰਹੀਆਂ 1,00,000 ਕਿਲੋਮੀਟਰ ਲੰਮੀਆਂ ਸੜਕਾਂ ਨੂੰ ਪੂਰਾ ਕਰਨਾ ਹੋਵੇਗਾ ਅਤੇ 1,00,000 ਕਿਲੋਮੀਟਰ ਲੰਮੀਆਂ ਹੋਰ ਸੜਕਾਂ ਦਾ ਨਿਰਮਾਣ ਕਰਨਾ ਹੋਵੇਗਾ। ਪਿੰਡਾਂ ਵਿਚ ਜੀਵਨ ਪੱਧਰ ਦਾ ਮਿਆਰ ਵਧਾਉਣ ਦੀਆਂ ਕੋਸ਼ਿਸ਼ਾਂ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇਗਾ ਕਿ ਹਰ ਪਿੰਡ ਵਿਚ ਮੈਡੀਕਲ ਸਹੂਲਤ ਹੋਵੇ ਅਤੇ ਕਿਸੇ ਵੀ ਬੱਚੇ ਨੂੰ ਸੈਕੰਡਰੀ ਸਿੱਖਿਆ ਲਈ 5 ਕਿਲੋਮੀਟਰ ਤੋਂ ਵੱਧ ਦਾ ਪੈਂਡਾ ਤੈਅ ਨਾ ਕਰਨਾ ਪਵੇ।

ਬਜਟ ਵਿਚ ਇਹ ਵੀ ਐਲਾਨ ਕੀਤਾ ਗਿਆ ਹੈ ਕਿ ਇਹ ਸਭ ਪ੍ਰੋਗਰਾਮ ਸਰਕਾਰ ਦੀ ਅਗਲੇ ਕੁੱਝ ਸਾਲਾਂ ਵਿਚ ਅਤੇ ਖ਼ਾਸ ਤੌਰ ਤੇ ਪੇਂਡੂ ਖੇਤਰਾਂ ਵਿਚ ਸਵੱਛ ਪਾਣੀ, ਸੜਕਾਂ, ਬਿਜਲੀਕਰਨ, ਖੇਤੀਬਾੜੀ ਅਤੇ ਸਮੁੱਚੇ ਪੇਂਡੂ ਇਲਾਕਿਆਂ ਦੇ ਵਿਕਾਸ ਲਈ ਸਰਕਾਰ ਦੀ ਇੱਛਾ ਸ਼ਕਤੀ ਅਤੇ ਦਿਸ਼ਾ-ਨਿਰਦੇਸ਼ ਦਰਸਾਉਂਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨਰੇਗਾ ਜਿਹੇ ਪ੍ਰੋਗਰਾਮਾਂ ਦਾ ਸਹੀ ਅਰਥਾਂ ਵਿਚ ਲਾਗੂਕਰਨ ਪਿੰਡਾਂ ਵਿਚ ਸਥਾਈ ਵਿਕਾਸ ਦੇ ਸਰੋਤ ਪੈਦਾ ਕਰਨ ਦੇ ਨਾਲ-ਨਾਲ ਪਿੰਡਾਂ ਦੇ ਲੋਕਾਂ ਦੀ ਆਮਦਨ ਵਧਾਉਣ ਦਾ ਜ਼ਰੀਆ ਵੀ ਸਾਬਤ ਹੋਣਗੇ। ਲੋੜ ਹੈ ਇਨ੍ਹਾਂ ਸਭ ਯੋਜਨਾਵਾਂ ਅਤੇ ਪ੍ਰੋਗਰਾਮਾਂ ਨੂੰ ਰਾਜ ਸਰਕਾਰਾਂ ਦੀ ਮਦਦ ਨਾਲ ਸਮਾਂਬਧ ਤਰੀਕੇ ਲਾਗੂ ਕਰਨ ਅਤੇ ਇਨ੍ਹਾਂ ਦੀ ਸਹੀ ਮਾਅਨਿਆਂ ਵਿਚ ਨਿਗਰਾਨੀ ਕਰਨ ਦੀ ਹੈ। ਇਨ੍ਹਾਂ ਦੇ ਲਾਗੂਕਰਨ ਵਿਚ ਢਿੱਲਮੱਠ ਨਾਲ, ਇਨ੍ਹਾਂ ਦਾ ਲਾਭ ਸਮੁੱਚੇ ਤੌਰ ਤੇ ਉਨ੍ਹਾਂ ਲੋਕਾਂ ਤਕ ਨਹੀਂ ਪਹੁੰਚ ਸਕੇਗਾ ਜਿਨ੍ਹਾਂ ਲਈ ਇਨ੍ਹਾਂ ਦਾ ਐਲਾਨ ਕੀਤਾ ਗਿਆ ਹੈ।

*(ਲੇਖਕ ਸੁਤੰਤਰ ਪੱਤਰਕਾਰ ਹੈ।)*

*e-mail :rcsaldi@yahoo.com*

***ਫਾਰਮ-IV***

***(ਦੇਖੋ ਨਿਯਮ)***

***ਯੋਜਨਾ (ਪੰਜਾਬੀ) ਮਾਸਿਕ ਦੀ ਮਾਲਕੀ ਬਾਰੇ ਤੇ ਹੋਰ ਵੇਰਵੇ***

| | | | |
|---|---|---|---|
| 1. | **ਪ੍ਰਕਾਸ਼ਨ ਸਥਾਨ** | : | ਨਵੀਂ ਦਿੱਲੀ |
| 2. | **ਪ੍ਰਕਾਸ਼ਨ ਸਮਾਂ** | : | ਮਾਸਿਕ |
| 3. | **ਛਾਪਕ ਦਾ ਨਾਂ** | : | ਡਾ. ਸਾਧਨਾ ਰਾਉਤ |
| | **ਕੌਮੀਅਤ** | : | ਭਾਰਤੀ |
| | **ਪਤਾ** | : | ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ,<br>ਸੀ.ਜੀ.ਓ. ਕੰਪਲੈਕਸ, ਲੋਧੀ ਰੋਡ,<br>ਨਵੀਂ ਦਿੱਲੀ – 110003 |
| 4. | **ਪ੍ਰਕਾਸ਼ਕ ਦਾ ਨਾਂ** | : | ਡਾ. ਸਾਧਨਾ ਰਾਉਤ |
| | **ਕੌਮੀਅਤ** | : | ਭਾਰਤੀ |
| | **ਪਤਾ** | : | ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ,<br>ਸੀ.ਜੀ.ਓ. ਕੰਪਲੈਕਸ, ਲੋਧੀ ਰੋਡ,<br>ਨਵੀਂ ਦਿੱਲੀ – 110003 |
| 5. | **ਸੰਪਾਦਕ ਦਾ ਨਾਂ** | : | ਬਲਬੀਰ ਮਾਧੋਪੁਰੀ |
| | **ਕੌਮੀਅਤ** | : | ਭਾਰਤੀ |
| | **ਪਤਾ** | : | ਈਸਟ ਬਲਾਕ-4, ਲੈਵਲ-7, ਆਰ.ਕੇ.ਪੁਰਮ,<br>ਨਵੀਂ ਦਿੱਲੀ- 110066 |
| 6. | **ਮਾਲਕ ਦਾ ਨਾਂ ਤੇ** | : | ਸੂਚਨਾ ਤੇ ਪ੍ਰਸਾਰਨ ਮੰਤਰਾਲਾ, |
| | **ਪਤਾ** | | ਭਾਰਤ ਸਰਕਾਰ, ਨਵੀਂ ਦਿੱਲੀ-110001 |

ਮੈਂ, ਡਾ. ਸਾਧਨਾ ਰਾਉਤ ਐਲਾਨ ਕਰਦੀ ਹਾਂ ਕਿ ਉਪਰੋਕਤ ਵੇਰਵੇ ਮੇਰੀ ਜਾਣਕਾਰੀ ਅਤੇ ਵਿਸ਼ਵਾਸ ਅਨੁਸਾਰ ਸੱਚ ਅਤੇ ਸਹੀ ਹਨ।

(ਡਾ. ਸਾਧਨਾ ਰਾਉਤ)

**ਮਿਤੀ : 10.2.2015** ਪ੍ਰਕਾਸ਼ਕ

# ਕੇਂਦਰੀ ਬਜਟ : ਇਕ ਵਿਸ਼ਲੇਸ਼ਣ

ਸਰਬਜੀਤ ਸਿੰਘ ਛੀਨਾ

ਕਿਸੇ ਦੇਸ਼ ਦੀ ਖ਼ੁਸ਼ਹਾਲੀ ਵਸਤੂਆਂ ਅਤੇ ਸੇਵਾਵਾਂ ਦੀ ਬਹੁਤਾਤ ਅਤੇ ਹਰ ਵਿਅਕਤੀ ਦੀ ਉਨ੍ਹਾਂ ਤਕ ਪਹੁੰਚ 'ਤੇ ਨਿਰਭਰ ਕਰਦੀ ਹੈ। ਹਰ ਸਾਲ ਸਰਕਾਰ ਵਲੋਂ ਕੀਤੇ ਜਾਣ ਵਾਲਾ ਖਰਚ ਅਤੇ ਸਰਕਾਰ ਵਲੋਂ ਪ੍ਰਾਪਤ ਕੀਤੀ ਜਾਣ ਵਾਲੀ ਆਮਦਨ ਹਰ ਵਿਅਕਤੀ ਦੀ ਖਰੀਦ ਸ਼ਕਤੀ ਨੂੰ ਪ੍ਰਭਾਵਤ ਕਰਦੀ ਹੈ ਅਤੇ ਸਰਕਾਰ ਦੀ ਉਸ ਦਿਸ਼ਾ ਦਾ ਪ੍ਰਗਟਾਵਾ ਕਰਦੀ ਹੈ ਜੋ ਉਹ ਆਪਣੀ ਆਰਥਿਕਤਾ ਨੂੰ ਪ੍ਰਦਾਨ ਕਰ ਰਹੀ ਹੁੰਦੀ ਹੈ ਭਾਵੇਂ ਕਿ ਇਕ ਸਾਲ ਦਾ ਖਰਚ, ਸਮੁੱਚੀ ਆਰਥਿਕਤਾ 'ਤੇ ਸੀਮਤ ਜਿਹਾ ਪ੍ਰਭਾਵ ਪਾਉਂਦਾ ਹੈ ਪਰ ਇਸ ਤੋਂ ਆਉਣ ਵਾਲੇ ਸਮੇਂ ਵਿਚ ਹੋਰ ਕੀਤੇ ਜਾਣ ਵਾਲੇ ਕੰਮਾਂ ਦੀ ਦਿਸ਼ਾ ਮਿਲਦੀ ਹੈ। 2015-16 ਦਾ ਸਾਲਾਨਾ ਬਜਟ ਐੱਨ ਡੀ ਏ ਸਰਕਾਰ ਦਾ ਪਹਿਲਾ ਸੰਪੂਰਨ ਬਜਟ ਹੈ। ਇਸ ਤੋਂ ਪਹਿਲਾਂ ਜੁਲਾਈ 2014 ਵਿਚ ਜਿਹੜਾ ਅੰਤ੍ਰਿਮ ਬਜਟ ਪੇਸ਼ ਕੀਤਾ ਗਿਆ ਸੀ। ਪਿਛਲੇ ਸਾਲ ਦੇ ਬਜਟ ਵਿਚ ਕੁੱਲ 16 ਲੱਖ 81 ਹਜ਼ਾਰ 158 ਕਰੋੜ ਰੁਪਏ ਦੇ ਖਰਚ ਰੱਖੇ ਗਏ ਸਨ ਅਤੇ ਵੱਖ-ਵੱਖ ਸਾਧਨਾਂ ਤੋਂ ਇਹ ਖਰਚ ਪੂਰੇ ਕਰਨ ਲਈ ਆਮਦਨ ਇਕੱਠੀ ਕੀਤੀ ਗਈ ਸੀ ਪਰ ਫਿਰ ਵੀ 1 ਲੱਖ 10274 ਕਰੋੜ ਰੁਪਏ ਦਾ ਘਾਟਾ ਰਹਿ ਗਿਆ ਸੀ। 2015-16 ਦੇ ਬਜਟ ਵਿਚ 17 ਲੱਖ 77 ਹਜ਼ਾਰ 477 ਕਰੋੜ ਰੁਪਏ ਦੇ ਖਰਚ ਰੱਖੇ ਗਏ ਹਨ ਜਦ ਕਿ ਇਸ ਸਾਲ ਵੀ 99504 ਕਰੋੜ ਰੁਪਏ ਦੇ ਘਾਟੇ ਦਾ ਅਨੁਮਾਨ ਹੈ ਜਿਥੇ ਪਿਛਲੇ ਸਾਲ ਤੋਂ ਵੱਧ ਖਰਚ ਕਰਨ ਦਾ ਅਨੁਮਾਨ ਹੈ ਉਥੇ ਇਸ ਵਿਚ ਘਾਟੇ ਦੀ ਵੀ ਘੱਟ ਸੰਭਾਵਨਾ ਹੈ।

ਬਜਟ ਵਿਚ ਵੱਖ-ਵੱਖ ਤਰ੍ਹਾਂ ਦੇ ਕਰ ਲਾ ਕੇ ਵਸਤੂਆਂ ਦੇ ਉਪਭੋਗ ਅਤੇ ਸੇਵਾਵਾਂ ਦੀ ਵਰਤੋਂ ਨੂੰ ਪ੍ਰਭਾਵਤ ਕੀਤਾ ਜਾਂਦਾ ਹੈ ਪਰ ਇਸ ਬਜਟ ਵਿਚ ਜ਼ਿਆਦਾ ਜ਼ੋਰ ਨਿਵੇਸ਼ ਵਧਾਉਣ ਦੇ ਯਤਨਾਂ 'ਤੇ ਦਿਤਾ ਗਿਆ ਹੈ ਜਿਸ ਦੀ ਇਹ ਮਹੱਤਤਾ ਹੈ ਕਿ ਜੇ ਨਿਵੇਸ਼ ਹੋਵੇਗਾ ਤਾਂ ਹੀ ਰੁਜ਼ਗਾਰ ਵਿਚ ਵਾਧਾ ਸੰਭਵ ਹੋਵੇਗਾ। ਭਾਰਤ ਵਿਚ ਹਰ ਸਾਲ 1.30 ਕਰੋੜ ਲੋਕ ਨਵੀਆਂ ਨੌਕਰੀਆਂ ਲਈ ਉਮੀਦਵਾਰ ਵਜੋਂ ਅੱਗੇ ਆਉਂਦੇ ਹਨ, ਇਸ ਤੋਂ ਪਹਿਲਾਂ ਵੀ ਬਹੁਤ ਵੱਡੀ ਬੇ-ਰੁਜ਼ਗਾਰੀ ਫ਼ੈਲੀ ਹੋਈ ਹੈ ਅਤੇ ਇਹ ਇਕ ਬਹੁਤ ਵੱਡੀ ਸਮੱਸਿਆ ਹੈ ਜਿਸ ਕਰਕੇ ਭਾਰਤ ਦਾ ਲਗਾਤਾਰ ਚਲਣ ਵਾਲਾ ਵਿਕਾਸ ਪ੍ਰਭਾਵਤ ਹੋ ਰਿਹਾ ਹੈ। ਇਸ ਬਜਟ ਵਿਚ ਨਵੇਂ ਨਿਵੇਸ਼ਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਕਾਰਪੋਰੇਟ ਆਮਦਨ ਕਰ 'ਤੇ ਆਉਣ ਵਾਲੇ ਚਾਰ ਸਾਲਾਂ ਵਿਚ 30 ਪ੍ਰਤਿਸ਼ਤ ਦੀ ਬਜਾਇ 25 ਪ੍ਰਤਿਸ਼ਤ ਕਰ ਲਾਉਣ ਦੀ ਵਿਵਸਥਾ ਕੀਤੀ ਗਈ ਹੈ। ਇਸ ਤੋਂ ਪ੍ਰਭਾਵਤ ਹੋ ਕੇ 28 ਫ਼ਰਵਰੀ ਨੂੰ ਹੀ ਜਿਸ ਦਿਨ ਬਜਟ ਪੇਸ਼ ਕੀਤਾ ਗਿਆ ਸੀ, ਸ਼ੇਅਰ ਬਾਜ਼ਾਰ ਦੇ ਸੂਚਕ ਅੰਕ ਵਿਚ ਵੱਡਾ ਉਛਾਲ ਆਇਆ ਸੀ ਜਿਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਉਦਯੋਗਿਕ ਵਰਗ ਵਲੋਂ ਜਿਥੇ ਸਮੁੱਚੇ ਬਜਟ ਦੇ ਚੰਗੇ ਪ੍ਰਭਾਵ ਪਏ ਸਨ, ਉਥੇ ਕਾਰਪੋਰੇਟ ਖੇਤਰ ਵਿਚ ਇਸ ਦਾ ਚੰਗਾ ਪ੍ਰਭਾਵ ਪਿਆ ਹੈ।

ਭਾਰਤ ਦੀ ਖੇਤੀ ਦੀ ਵੱਡੀ ਮਹੱਤਤਾ ਇਸ ਕਰਕੇ ਹੈ ਕਿਉਂਕਿ ਇਸ ਖੇਤਰ ਵਿਚ ਚੋਖੀ ਵਸੋਂ ਲੱਗੀ ਹੋਈ ਹੈ ਜਿਨ੍ਹਾਂ ਵਿਚੋਂ ਜ਼ਿਆਦਾਤਰ ਪੇਂਡੂ ਖੇਤਰ ਵਿਚ ਰਹਿੰਦੇ ਹਨ। ਖੇਤੀ ਅਤੇ ਪੇਂਡੂ ਵਿਕਾਸ ਦੋਵਾਂ ਵਿਚਾਲੇ ਗੂੜ੍ਹਾ ਸੰਬੰਧ ਹੈ। ਖੇਤੀ ਵਿਕਸਤ ਹੁੰਦੀ ਹੈ ਤਾਂ ਪਿੰਡਾਂ ਦਾ ਵਿਕਾਸ ਹੁੰਦਾ ਹੈ ਅਤੇ ਦੂਸਰੀ ਤਰਫ਼ ਪਿੰਡਾਂ ਦੇ ਵਿਕਾਸ ਹੋਣ ਨਾਲ ਖੇਤੀ ਦਾ ਵਿਕਾਸ ਹੁੰਦਾ ਹੈ। ਇਸ ਬਜਟ ਵਿਚ ਖੇਤੀ ਦੇ ਵਿਕਾਸ ਵਿਚ ਕਰਜ਼ੇ ਦੇ ਯੋਗਦਾਨ ਨੂੰ ਸਮਝਦਿਆਂ ਹੋਇਆਂ ਪਿਛਲੇ ਸਾਲ ਤੋਂ 50,000 ਕਰੋੜ ਰੁਪਏ ਵੱਧ ਰੱਖ ਕੇ ਇਸ ਵਾਰ 8.50 ਲੱਖ ਕਰੋੜ ਰੁਪਏ ਖੇਤੀ ਕਰਜ਼ੇ ਲਈ ਰੱਖੇ ਹਨ ਜਿਨ੍ਹਾਂ ਨੂੰ ਸਸਤੀਆਂ ਵਿਆਜ ਦਰਾਂ 'ਤੇ ਖੇਤੀ ਵਿਚ ਉਤਪਾਦਨ ਦੇ ਕੰਮਾਂ ਲਈ ਬੈਂਕਾਂ ਅਤੇ ਹੋਰ ਸੰਸਥਾਵਾਂ ਵਲੋਂ ਦਿਤਾ ਜਾਣਾ ਹੈ ਜਿਸ ਨਾਲ ਇਹ ਕਰਜ਼ੇ, ਉਤਪਾਦਿਕਤਾ ਜਾਇਦਾਦ ਵਿਚ ਬਦਲ ਕੇ ਲਗਾਤਾਰ ਆਮਦਨ ਅਤੇ ਉਤਪਾਦਨ ਦਾ ਸਾਧਨ ਬਣਨਗੇ। ਇਸ ਬਜਟ ਵਿਚ ਪੁਰਾਣੇ ਬਜਟ ਵਾਂਗ ਇਹ ਵਿਵਸਥਾ ਕੀਤੀ ਗਈ ਹੈ ਕਿ ਜੇ ਕਿਸਾਨ ਆਪਣੇ ਕਰਜ਼ੇ ਨੂੰ ਸਮੇਂ ਸਿਰ ਵਾਪਸ ਕਰਦਾ ਹੈ ਤਾਂ ਉਸ ਨੂੰ 7 ਪ੍ਰਤਿਸ਼ਤ ਦੀ ਬਜਾਇ ਸਿਰਫ਼ 4 ਪ੍ਰਤਿਸ਼ਤ ਵਿਆਜ ਦਰ ਦੇਣੀ ਪਵੇਗੀ ਜੋ ਕਿ ਬਹੁਤ ਵੱਡੀ ਰਾਹਤ ਹੈ ਅਤੇ ਉਹ ਕਿਸਾਨ ਜਿਹੜੇ ਖੇਤੀ ਆਧਾਰਿਤ ਕਈ ਕੰਮ ਕਰ ਕੇ ਉਤਪਾਦਨ ਅਤੇ ਆਮਦਨ ਵਿਚ ਵਾਧਾ ਤਾਂ ਕਰ ਸਕਦੇ ਸਨ ਪਰ ਪੂੰਜੀ ਦੀ ਘਾਟ ਕਰਕੇ ਨਹੀਂ ਸਨ ਕਰ ਰਹੇ, ਉਨ੍ਹਾਂ ਲਈ ਇਹ ਇਕ ਬਹੁਤ ਵੱਡੀ ਰਾਹਤ ਹੈ ਅਤੇ ਇਸ ਨਾਲ ਨਾ ਸਿਰਫ਼ ਉਸ ਖੇਤੀ ਪਰਿਵਾਰ ਲਈ ਹੀ ਰੁਜ਼ਗਾਰ ਵਿਚ ਵਾਧਾ ਹੁੰਦਾ ਹੈ ਸਗੋਂ ਸਮੁੱਚੀ ਆਰਥਿਕਤਾ ਲਈ ਇਸ ਦੇ ਵੱਡੇ ਲਾਭ, ਵੱਧ ਉਤਪਾਦਨ ਦੇ ਰੂਪ ਵਿਚ ਮਿਲਦਾ ਹੈ।

ਇਸ ਬਜਟ ਵਿਚ ਖੇਤੀ ਜਿਣਸਾਂ ਲਈ ਇਕ ਜੁੜੀ ਹੋਈ ਖੁੱਲ੍ਹੀ ਰਾਸ਼ਟਰੀ ਮੰਡੀ ਦੀ ਵਿਵਸਥਾ ਕੀਤੀ ਗਈ ਹੈ ਜਿਹੜੀ ਕਿਸਾਨਾਂ ਦੀ ਆਮਦਨ ਵਧਾਉਣ ਦਾ ਇਕ ਮਹੱਤਵਪੂਰਨ ਤੱਤ ਹੈ। ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਵਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਉਹ ਰਾਜਾਂ ਨਾਲ ਮਿਲ ਕੇ ਇਸ ਸੰਬੰਧੀ ਅੱਗੇ ਵਧਾਉਣ ਦੇ ਕੰਮ ਕਰਨਗੇ। ਸ੍ਰੀ ਜੇਤਲੀ ਅਨੁਸਾਰ ਭਾਵੇਂ ਕਿਸਾਨ ਸਥਾਨਕ ਵਪਾਰੀ ਦੇ ਪ੍ਰਭਾਵ ਥੱਲੇ ਨਹੀਂ ਪਰ ਫਿਰ ਵੀ ਉਹ ਉਨ੍ਹਾਂ ਜਿਣਸਾਂ ਦੀ ਸਭ ਤੋਂ ਚੰਗੀ

ਕੀਮਤ ਨਹੀਂ ਲੈ ਸਕਦਾ ਪਰ ਜਦ ਰਾਸ਼ਟਰੀ ਪੱਧਰ 'ਤੇ ਉਹ ਜਿਣਸਾਂ ਵਿਕਣਗੀਆਂ ਤਾਂ ਇਸ ਦੇ ਲਾਭ ਕਿਸਾਨਾਂ ਤਕ ਪਹੁੰਚਣਗੇ।

ਇਸ ਬਜਟ ਵਿਚ ਖੇਤੀ ਉਤਪਾਦਨ ਲਈ ਦੋ ਮਹੱਤਵਪੂਰਨ ਤੱਤਾਂ ਵੱਲ ਧਿਆਨ ਦਿਤਾ ਗਿਆ ਹੈ ਇਕ ਹੈ ਭੂਮੀ ਦੀ ਸਿਹਤ ਲਈ ਭੂਮੀ ਦੀ ਉਤਪਾਦਿਕਤਾ ਸ਼ਕਤੀ ਨੂੰ ਬਣਾਈ ਰੱਖਣ ਲਈ ਖੇਤੀ ਮਹਿਕਮੇ ਦੀ ਜੈਵਿਕ ਖੇਤੀ ਦੇ ਵਿਕਾਸ ਦੀ ਯੋਜਨਾ ਦੀ ਮਦਦ ਕਰਨੀ ਜਿਸ ਵਿਚ ਹਰ ਕਿਸਾਨ ਨੂੰ ਸਿੰਜਾਈ ਸਹੂਲਤ ਦੇਣ ਅਤੇ ਉਸ ਨਾਲ 'ਪ੍ਰਤਿ ਬੂੰਦ ਜ਼ਿਆਦਾ ਫ਼ਸਲ' ਲੈਣ ਲਈ ਪਾਣੀ ਵਰਤਣ ਦੀ ਯੋਗਤਾ ਵਿਚ ਵਾਧਾ ਕਰਨਾ। ਅੱਜ ਤਕ ਵੀ ਦੋ ਤਿਹਾਈ ਕਿਸਾਨ ਆਪਣੀਆਂ ਫ਼ਸਲਾਂ ਦੀ ਉਪਜ ਲਈ ਮੀਂਹ ਦੇ ਪਾਣੀ 'ਤੇ ਨਿਰਭਰ ਕਰਦੇ ਹਨ। ਇਸ ਬਜਟ ਵਿਚ 5300 ਕਰੋੜ ਰੁਪਏ ਛੋਟੀਆਂ ਸਿੰਜਾਈ ਸਕੀਮਾਂ ਲਈ ਰੱਖੇ ਗਏ ਹਨ ਜਿਸ ਨੂੰ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਸਕੀਮ ਦੇ ਅਧੀਨ ਮੌਨਸੂਨ ਦੀ ਬਾਰਸ਼ 'ਤੇ ਨਿਰਭਰ ਰਹਿਣ ਦੀ ਬਜਾਇ ਲਗਾਤਾਰ ਸਿੰਜਾਈ ਸਹੂਲਤਾਂ ਪੈਦਾ ਕਰਨ ਲਈ ਵਰਤਿਆ ਜਾਵੇਗਾ।

2015-16 ਦੇ ਬਜਟ ਵਿਚ ਪੇਂਡੂ ਵਿਕਾਸ ਲਈ 25000 ਕਰੋੜ ਰੁਪਏ ਰੱਖੇ ਗਏ ਹਨ ਜਿਨ੍ਹਾਂ ਨਾਲ ਪੇਂਡੂ ਢਾਂਚੇ ਨੂੰ ਵਿਕਸਤ ਕਰਨ ਦਾ ਪ੍ਰੋਗਰਾਮ ਹੈ। ਵਿਕਾਸ ਦਾ ਅਰਥ ਹੈ ਪਿੰਡਾਂ ਦਾ ਵਿਕਾਸ ਜਿਸ ਲਈ ਇੰਨੀ ਰਕਮ ਰੱਖ ਕੇ ਇਸ ਗੱਲ ਦੀ ਮਹੱਤਤਾ ਵੱਲ ਧਿਆਨ ਦਿਵਾਇਆ ਗਿਆ ਹੈ ਕਿ ਪੇਂਡੂ ਢਾਂਚੇ ਨੂੰ ਵਿਕਸਤ ਕਰਨ ਦੀ ਕਿੰਨੀ ਮਹੱਤਤਾ ਹੈ। ਦੇਸ਼ ਦੀ 66 ਪ੍ਰਤਿਸ਼ਤ ਵਸੋਂ ਜਿਹੜੀ ਖੇਤੀ 'ਤੇ ਨਿਰਭਰ ਕਰਦੀ ਹੈ ਉਸ ਦਾ ਦੇਸ਼ ਦੇ ਕੁੱਲ ਘਰੇਲੂ ਉਤਪਾਦ ਵਿਚ ਯੋਗਦਾਨ ਸਿਰਫ਼ 14 ਪ੍ਰਤਿਸ਼ਤ ਰਹਿ ਗਿਆ ਹੈ ਜੋ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਜੇ ਇਸ ਵਿਚੋਂ ਵੱਡੀ ਵਸੋਂ ਨੂੰ ਬਾਹਰ ਵੀ ਕੱਢ ਲਿਆ ਜਾਵੇ ਜਾਂ ਹੋਰ ਕੰਮਾਂ 'ਤੇ ਲਾ ਦਿਤਾ ਜਾਵੇ ਤਾਂ ਉਸ ਨਾਲ ਖੇਤੀ ਉਤਪਾਦਨ 'ਤੇ ਜ਼ਿਆਦਾ ਮਾੜਾ ਪ੍ਰਭਾਵ ਨਹੀਂ ਪਵੇਗਾ ਤੇ ਖੇਤੀ ਦਾ ਉਤਪਾਦਨ ਵੀ ਨਹੀਂ ਘਟੇਗਾ। ਇਸ ਦਾ ਇਹ ਵੀ ਅਰਥ ਹੈ ਕਿ ਖੇਤੀ ਵਿਚ ਲੱਗੀ ਹੋਈ ਜ਼ਿਆਦਾਤਰ ਵਸੋਂ ਅਰਧ ਬੇਰੁਜ਼ਗਾਰ ਹੈ ਜਿਸ ਦਾ ਅਰਥ ਹੈ ਕਿ ਜੇ ਇਕ ਯੋਗ ਵਿਅਕਤੀ ਨੂੰ ਸਾਲ ਵਿਚ 300 ਦਿਨ ਕੰਮ ਕਰਨਾ ਪੈਂਦਾ ਹੈ ਤਾਂ ਉਸ ਲਈ ਉਸ ਦੀ ਪਰਿਵਾਰਕ ਖੇਤੀ ਵਿਚ 300 ਦਿਨ ਦਾ ਕੰਮ ਨਹੀਂ ਹੈ ਅਤੇ ਇਸ ਦੇ ਨਾਲ ਹੀ ਜੇ ਉਸ ਨੂੰ ਆਰਥਿਕ ਮਿਆਰ ਦੇ ਅਨੁਸਾਰ ਦਿਨ ਵਿਚ 8 ਘੰਟੇ ਰੋਜ਼ਾਨਾ ਕੰਮ ਕਰਨਾ ਚਾਹੀਦਾ ਹੈ ਤਾਂ ਉਸ ਕੋਲ 8 ਘੰਟੇ ਦਾ ਰੋਜ਼ਾਨਾ ਕੰਮ ਨਹੀਂ ਹੈ ਤਾਂ ਉਹ ਵਿਹਲਾ ਰਹਿੰਦਾ ਹੈ। ਜਦ ਕੰਮ ਨਹੀਂ ਕੀਤਾ ਜਾਂਦਾ ਤਾਂ ਉਤਪਾਦਨ ਨਹੀਂ ਹੁੰਦਾ ਤੇ ਆਮਦਨ ਨਹੀਂ ਹੁੰਦੀ। ਜ਼ਿਆਦਾ ਮਸ਼ੀਨਾਂ ਦੀ ਵਰਤੋਂ ਇਸ ਕਰਕੇ ਨਹੀਂ ਕੀਤੀ ਜਾਂਦੀ ਕਿਉਂਕਿ ਜੋ ਇਸ ਨਾਲ ਹੋਰ ਕੰਮ ਘਟਦਾ ਹੈ ਭਾਵੇਂ ਉਹ ਲਾਗਤ ਵੀ ਘਟਾਉਂਦੀਆਂ ਹਨ। ਪਰ ਜਦ ਪੇਂਡੂ ਢਾਂਚੇ ਨੂੰ ਵਿਕਸਤ ਕੀਤਾ ਜਾਵੇਗਾ ਤਾਂ ਇਸ ਨਾਲ ਪੇਂਡੂ ਖੇਤਰ ਵਿਚ ਨਵੇਂ ਕੰਮ ਪੈਦਾ ਹੋਣਗੇ ਜਿਹੜੇ ਕਿਸਾਨ ਦੀ ਪਰਿਵਾਰਿਕ ਆਮਦਨ ਵਿਚ ਵਾਧਾ ਕਰਨਗੇ ਅਤੇ ਅਪ੍ਰਤੱਖ ਤੌਰ ਤੇ ਖੇਤੀ ਦੀ ਮਦਦ ਕਰਨਗੇ ਜਿਸ ਵਿਚ ਖੇਤੀ ਜਿਣਸਾਂ ਲਈ ਜ਼ਿਆਦਾ ਮੰਗ ਵੀ ਇਕ ਮੁੱਖ ਮਹੱਤਤਾ ਵਾਲਾ ਤੱਤ ਹੈ।

ਇਸ ਬਜਟ ਵਿਚ 15000 ਕਰੋੜ ਰੁਪਏ ਲੰਮੇ ਸਮੇਂ ਦੀ ਮਿਆਦ ਵਾਲੇ ਨਾਬਾਰਡ ਦੇ ਅਧੀਨ ਕਰਜ਼ੇ ਜਦੋਂ 45000 ਕਰੋੜ ਰੁਪਏ ਦੇ ਥੋੜ੍ਹੇ ਸਮੇਂ ਦੇ ਕਰਜ਼ਿਆਂ ਦੀ ਵਿਵਸਥਾ ਕੀਤੀ ਗਈ ਹੈ, ਇਹ ਕਰਜ਼ੇ ਪਿੰਡਾਂ ਵਿਚ ਚੱਲ ਰਹੇ ਕਾਰੋਬਾਰਾਂ ਬਾਰੇ ਦਿਤੇ ਜਾਣੇ ਹਨ। ਪਿੰਡਾਂ ਵਿਚ ਚਲਣ ਵਾਲੇ ਜ਼ਿਆਦਾਤਰ ਕੰਮ ਖੇਤੀ ਨਾਲ ਸੰਬੰਧਿਤ ਹੁੰਦੇ ਹਨ ਅਤੇ ਉਨ੍ਹਾਂ ਦੇ ਵਿਕਾਸ ਨਾਲ ਵੀ ਖੇਤੀ ਨੂੰ ਅਪ੍ਰਤੱਖ ਤੌਰ ਤੇ ਲਾਭ ਮਿਲਦੇ ਹਨ ਇਸ ਨਾਲ ਜਿਥੇ ਖੇਤੀ ਦਾ ਵਿਕਾਸ, ਖੇਤੀ ਜਿਣਸਾਂ ਦੀ ਜ਼ਿਆਦਾ ਵਿੱਕਰੀ ਦੇ ਰੂਪ ਵਿਚ ਹੁੰਦਾ ਹੈ, ਉੱਥੇ ਗ਼ੈਰ ਖੇਤੀ ਖੇਤਰ ਦੇ ਵਧਣ ਦੇ ਮੌਕੇ ਵੀ ਵਧਦੇ ਹਨ ਜੋ ਸਮੁੱਚੀ ਪੇਂਡੂ ਆਰਥਿਕਤਾ ਦਾ ਵਿਕਾਸ ਤੇਜ਼ ਕਰਦੀ ਹੈ ਜਿਸ ਵਿਚ ਖੇਤੀ ਇਕ ਮਹੱਤਵਪੂਰਨ ਅੰਗ ਹੈ।

ਬਜਟ 2015-16 ਦੇ ਅਨੁਸਾਰ ਸਰਕਾਰ ਵਲੋਂ ਚਲਾਈਆਂ ਜਾਣ ਵਾਲੀਆਂ 10 ਮੁੱਖ ਸਕੀਮਾਂ ਜਿਨ੍ਹਾਂ ਵਿਚ ਰਾਸ਼ਟਰੀ ਖੁਰਾਕ ਸੁਰੱਖਿਆ ਮਿਸ਼ਨ ਮੁੱਖ ਹੈ ਜਿਨ੍ਹਾਂ ਨੂੰ 'ਕ੍ਰਿਸ਼ੀ ਉੱਨਤੀ ਯੋਜਨਾ' ਦੇ ਤਹਿਤ ਸੰਗਠਿਤ ਕੀਤਾ ਗਿਆ ਹੈ ਜਿਨ੍ਹਾਂ ਲਈ ਇਸ ਬਜਟ ਵਿਚ 9000 ਕਰੋੜ ਰੁਪਏ ਦੀ ਮਦਦ ਕੀਤੀ ਜਾਵੇਗੀ। ਇਹ ਸਪੱਸ਼ਟ ਹੈ ਕਿ ਖੁਰਾਕ ਸੁਰੱਖਿਆ ਸਕੀਮ ਦੇ ਤਹਿਤ ਉਨ੍ਹਾਂ ਰਾਜਾਂ ਨੂੰ ਜ਼ਿਆਦਾ ਲਾਭ ਹੋਵੇਗਾ ਜਿਹੜੇ ਅਨਾਜ ਭੰਡਾਰਾਂ ਵਿਚ ਜ਼ਿਆਦਾ ਯੋਗਦਾਨ ਪਾਉਂਦੇ ਹਨ। ਪੰਜਾਬ ਵਰਗੇ ਰਾਜ ਜਿਹੜੇ ਆਪਣੇ 1.53 ਪ੍ਰਤਿਸ਼ਤ ਖੇਤਰ ਦੇ ਬਾਵਜੂਦ ਦੇਸ਼ ਦੇ ਕੁੱਲ ਅਨਾਜ ਭੰਡਾਰਾਂ ਵਿਚ 60 ਪ੍ਰਤਿਸ਼ਤ ਦੇ ਲਗਭਗ ਯੋਗਦਾਨ ਪਾ ਰਹੇ ਹਨ, ਉਨ੍ਹਾਂ ਨੂੰ ਇਨ੍ਹਾਂ ਸਕੀਮਾਂ ਦੇ ਤਹਿਤ ਜ਼ਿਆਦਾ ਲਾਭ ਹੋਣ ਦੀ ਸੰਭਾਵਨਾ ਹੈ। ਵਾਤਾਵਰਨ ਅਤੇ ਜੰਗਲਾਤ ਵਿਭਾਗ ਲਈ ਜਿਹੜੇ 1681.60 ਕਰੋੜ ਰੁਪਏ ਰੱਖੇ ਗਏ ਹਨ ਅਤੇ ਉਸ ਦੇ ਨਾਲ ਹੀ ਦਰਿਆਵਾਂ ਦੇ ਪਾਣੀ ਦੇ ਸਾਧਨਾਂ ਦੇ ਬਣਾਉਣ ਲਈ ਜਿਹੜੇ 4232.43 ਕਰੋੜ ਰੁਪਏ ਰੱਖੇ ਗਏ ਹਨ ਉਨ੍ਹਾਂ ਦੇ ਪ੍ਰਤੱਖ ਅਤੇ ਅਪ੍ਰਤੱਖ ਲਾਭ ਖੇਤੀ ਨੂੰ ਹੀ ਮਿਲਣੇ ਹਨ ਕਿਉਂਕਿ ਪਾਣੀ ਦੇ ਸਾਧਨਾਂ ਦੀ ਸਭ ਤੋਂ ਜ਼ਿਆਦਾ ਵਰਤੋਂ ਖੇਤੀ ਖੇਤਰ ਵਲੋਂ ਹੀ ਕੀਤੀ ਜਾਂਦੀ ਹੈ ਜਦ ਕਿ ਜੰਗਲ ਤਾਂ ਖੇਤੀ ਦਾ ਇਕ ਹਿੱਸਾ ਹਨ। ਇਸ ਲਈ ਇਸ ਬਜਟ ਵਿਚ ਉਹ ਫ਼ੰਡ ਜਿਹੜੇ ਇਨ੍ਹਾਂ ਕਾਰਵਾਈਆਂ ਵਿਚ ਵਾਧਾ ਕਰਨ ਅਤੇ ਸੁਧਾਰ ਕਰਨ ਲਈ ਕੀਤੇ ਜਾਣੇ ਹਨ ਉਹ ਵੀ ਖੇਤੀ ਦੇ ਸਹਾਇਕ ਕੰਮ ਹਨ।

ਭਾਵੇਂ ਕਿ ਦੁਬਾਰਾ ਪੈਦਾ ਕੀਤੀ ਜਾਣ ਵਾਲੀ ਊਰਜਾ ਨੂੰ ਉਦਯੋਗ, ਆਵਾਜਾਈ, ਵਪਾਰਕ ਅਤੇ ਘਰੇਲੂ ਕੰਮਾਂ ਲਈ ਵਰਤਿਆ ਜਾਣਾ ਹੈ ਪਰ ਉਸ ਊਰਜਾ ਦਾ ਵੱਡਾ ਲਾਭ ਖੇਤੀ ਨੂੰ ਵੀ ਮਿਲਣਾ ਹੈ ਜਿਹੜਾ ਨਾ ਸਿਰਫ਼ ਇਸ ਲਈ ਕਿ ਖੇਤੀ ਵਿਚ ਜ਼ਿਆਦਾ ਵਸੋਂ ਲੱਗੀ ਹੋਈ ਹੈ, ਇਸ ਕਰਕੇ ਵੀ ਮਿਲਣਾ ਹੈ ਕਿਉਂਕਿ ਜੋ ਊਰਜਾ ਖੇਤੀ ਕੰਮਾਂ ਲਈ ਵੀ ਵਰਤੀ ਜਾਣੀ ਹੈ ਜੋ ਸਸਤੀ ਵੀ ਅਤੇ ਸਾਫ਼-ਸੁਥਰੇ ਵਾਤਾਵਰਨ ਵਾਲੀ ਹੋਣੀ ਹੈ। ਇਸ ਬਜਟ ਵਿਚ 1 ਲੱਖ 75000 ਮੈਗਾਵਾਟ ਨਵਿਆਉਣਯੋਗ ਊਰਜਾ ਦਾ ਟੀਚਾ ਪ੍ਰਾਪਤ ਕਰਨ ਲਈ ਵਿਵਸਥਾ ਕਰੇਗਾ ਜਿਸ ਨੂੰ 2022 ਤਕ ਪੂਰਾ ਕੀਤਾ ਜਾਣਾ ਹੈ। ਇਸ ਵਿਚ 1 ਲੱਖ ਮੈਗਾਵਾਟ ਸੂਰਜ ਤੋਂ ਸੂਰਜੀ ਊਰਜਾ, 60,000 ਪੌਣ ਊਰਜਾ ਅਤੇ 10 ਹਜ਼ਾਰ ਮੈਗਾਵਾਟ ਬਾਇਓਮਾਸ ਤੋਂ ਊਰਜਾ ਪ੍ਰਾਪਤ ਕਰਨ ਦੇ ਟੀਚੇ ਹਨ। ਇਸ ਬਜਟ ਵਿਚ ਪੰਜਾਬ ਵਿਚ ਫਲਾਂ ਦੀ ਖੋਜ ਦੀ ਪੋਸਟ ਗ੍ਰੈਜੂਏਟ ਸੰਸਥਾ ਸਥਾਪਤ ਕਰਨ ਦੀ ਤਜਵੀਜ਼ ਹੈ ਜਿਸ ਨਾਲ ਫਲਾਂ ਦੀਆਂ ਫ਼ਸਲਾਂ ਦੇ ਸੁਧਾਰਨ ਅਤੇ ਵਧਾਉਣ ਲਈ ਮੌਕੇ ਬਣਾਉਣ ਲਈ ਖੋਜ ਕੀਤੀ ਜਾਣੀ ਹੈ। ਪਿਛਲੇ ਸਮੇਂ ਤੋਂ

ਭਾਵੇਂ ਕਿ ਪੰਜਾਬ ਅਨਾਜ ਦਾ ਵੱਡਾ ਭੰਡਾਰ ਰਿਹਾ ਹੈ ਪਰ ਇਥੋਂ ਦੇ ਵਾਤਾਵਰਨ, ਜਲਵਾਯੂ ਅਤੇ ਸਾਰਾ ਸਾਲ ਬਦਲਣ ਵਾਲੇ ਮੌਸਮਾਂ ਕਰਕੇ ਇਥੋਂ ਹਰ ਤਰ੍ਹਾਂ ਦੇ ਫਲ ਪੈਦਾ ਹੋ ਸਕਦੇ ਹਨ। ਪਰ ਇਹ ਗੱਲ ਵੇਖੀ ਗਈ ਹੈ ਕਿ ਸਰਕਾਰ ਦੀਆਂ ਕੋਸ਼ਿਸ਼ਾਂ ਅਤੇ ਯੂਨੀਵਰਸਿਟੀ ਦੀਆਂ ਸਿਫ਼ਾਰਿਸ਼ਾਂ ਦੇ ਬਾਵਜੂਦ ਵੀ ਪੰਜਾਬ ਵਿਚ 79 ਪ੍ਰਤਿਸ਼ਤ ਰਕਬੇ 'ਤੇ ਕਣਕ ਅਤੇ ਝੋਨੇ ਦੀ ਕਾਸ਼ਤ ਕੀਤੀ ਜਾਂਦੀ ਹੈ ਜਦ ਕਿ ਖੇਤੀ ਵਿਭਿੰਨਤਾ ਦੇ ਤਹਿਤ ਜ਼ਿਆਦਾ ਜ਼ੋਰ ਫਲਾਂ ਅਤੇ ਸਬਜ਼ੀਆਂ ਦੀ ਕਾਸ਼ਤ 'ਤੇ ਦਿਤਾ ਜਾਂਦਾ ਰਿਹਾ ਹੈ ਪਰ ਉਸ ਵਿਚ ਸਫਲਤਾ ਨਹੀਂ ਮਿਲੀ। ਭਾਵੇਂ ਕਿ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਲੋਂ ਬਾਕੀ ਫ਼ਸਲਾਂ ਦੇ ਨਾਲ-ਨਾਲ ਫਲਾਂ ਦੀਆਂ ਫ਼ਸਲਾਂ ਬਾਰੇ ਵੀ ਖੋਜ ਹੋ ਰਹੀ ਹੈ ਪਰ ਕੇਂਦਰ ਸਰਕਾਰ ਵਲੋਂ ਇਕ ਪੋਸਟ ਗ੍ਰੈਜੂਏਟ ਸੰਸਥਾ ਸਥਾਪਤ ਕਰਕੇ, ਇਨ੍ਹਾਂ ਫਲਾਂ ਦੀਆਂ ਫ਼ਸਲਾਂ ਬਾਰੇ ਖੋਜ ਨੂੰ ਵਧਾਉਣ ਦੀ ਵਿਵਸਥਾ ਕਰਨੀ ਸ਼ਲਾਘਾਯੋਗ ਕੰਮ ਹੈ ਜਿਸ ਦਾ ਰਾਜ ਨੂੰ ਵੱਡਾ ਲਾਭ ਮਿਲੇਗਾ ਅਤੇ ਇਸ ਖੋਜ ਦੀ ਵਰਤੋਂ ਹੋਰ ਰਾਜਾਂ ਲਈ ਵੀ ਕੀਤੀ ਜਾਵੇਗੀ ਅਤੇ ਪੰਜਾਬ ਦੇ ਨਾਲ ਲਗਦੇ ਰਾਜਾਂ ਨੂੰ ਇਸ ਦੇ ਜ਼ਿਆਦਾ ਲਾਭ ਮਿਲਣਗੇ।

ਖੇਤੀ ਖੇਤਰ ਨੂੰ ਅਪ੍ਰਤੱਖ ਤੌਰ ਤੇ ਸਹਾਇਤਾ ਕਰਨ ਲਈ ਇਕ ਹੋਰ ਮੱਦ ਹੈ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਜ਼ਾਮਨੀ ਯੋਜਨਾ ਜਿਸ ਦੇ ਤਹਿਤ ਇਸ ਬਜਟ ਵਿਚ 34699 ਕਰੋੜ ਰੁਪਏ ਰੱਖੇ ਗਏ ਹਨ। ਇਸ ਸਕੀਮ ਦੇ ਤਹਿਤ ਵਿਵਸਥਾ ਹੈ ਕਿ ਪਿੰਡਾਂ ਵਿਚ ਰਹਿਣ ਵਾਲੇ ਇਕ ਪਰਿਵਾਰ ਦੇ ਇਕ ਮੈਂਬਰ ਨੂੰ ਪੰਚਾਇਤਾਂ ਰਾਹੀਂ ਸਾਲ ਵਿਚ ਘੱਟੋ-ਘੱਟ 100 ਦਿਨ ਦਾ ਰੁਜ਼ਗਾਰ ਪ੍ਰਦਾਨ ਕਰਨ ਦੀ ਜ਼ਾਮਨੀ ਦੇਣਾ। ਇਸ ਨਾਲ ਪਿਛਲੇ ਸਮਿਆਂ ਵਿਚ ਬਹੁਤ ਵੱਡੀ ਪੱਧਰ 'ਤੇ ਰੁਜ਼ਗਾਰ ਅਤੇ ਆਮਦਨ ਪ੍ਰਾਪਤ ਹੋਈ ਹੈ। ਪਿਛਲਿਆਂ ਸਾਲਾਂ ਵਿਚ ਦੇਸ਼ ਦੇ ਕਰੋੜਾਂ ਲੋਕਾਂ ਨੂੰ ਮਰਦਾਂ ਅਤੇ ਔਰਤਾਂ ਨੂੰ ਇਸ ਸਕੀਮ ਦੇ ਲਾਭ ਮਿਲੇ ਹਨ ਜਿਸ ਨਾਲ ਉਨ੍ਹਾਂ ਦੀ ਖਰੀਦ ਸ਼ਕਤੀ ਵਧੀ ਹੈ। ਖੇਤੀ ਜਿਣਸਾਂ ਵਿਚ ਖੁਰਾਕ, ਸਬਜ਼ੀਆਂ, ਫਲ, ਦੁੱਧ ਅਤੇ ਡੇਅਰੀ ਆਧਾਰਿਤ ਹੋਰ ਵਸਤੂਆਂ ਆਉਂਦੀਆਂ ਹਨ ਉਨ੍ਹਾਂ ਦੀ ਮੰਗ ਵਿਚ ਵਾਧਾ ਹੋਇਆ ਹੈ। ਇਸ ਵਿਚ ਭੂਮੀ ਰਹਿਤ ਕਿਰਤੀਆਂ ਦੇ ਨਾਲ-ਨਾਲ ਸੀਮਾਂਤ ਕਿਸਾਨਾਂ ਦੇ ਪਰਿਵਾਰਾਂ ਨੂੰ ਵੀ ਆਮਦਨ ਵਾਧਾ ਕਰਨ ਵਿਚ ਸਹਾਇਤਾ ਮਿਲੀ ਹੈ।

**2015-16 ਦੇ ਬਜਟ ਦੀ ਇਕ ਮਦ ਜਿਸ ਨੂੰ ਹੁਨਰ ਵਧਾਉਣ ਦਾ ਸਕੀਮ ਦੇ ਤਹਿਤ ਵੀ 1500 ਕਰੋੜ ਰੁਪਏ ਰੱਖੇ ਗਏ ਹਨ ਜਿਸ ਨਾਲ ਪੇਂਡੂ ਖੇਤਰਾਂ ਦੇ ਲੋਕਾਂ ਨੂੰ ਜ਼ਿਆਦਾ ਲਾਭ ਮਿਲਣਾ ਹੈ, ਉਹ ਇਕ ਉਤਸ਼ਾਹਜਨਕ ਕੰਮ ਹੈ। ਅਸਲ ਵਿਚ, ਇਹ ਗੱਲ ਸਾਹਮਣੇ ਆਈ ਹੈ ਕਿ ਪਿੰਡਾਂ ਦੇ ਬਹੁਤ ਘੱਟ ਵਿਦਿਆਰਥੀ ਯੂਨੀਵਰਸਿਟੀਆਂ ਅਤੇ ਉਚੇਰੀ ਸਿੱਖਿਆ ਲਈ ਦਾਖ਼ਲਾ ਲੈਂਦੇ ਹਨ। ਜ਼ਿਆਦਾਤਰ ਵਿਦਿਆਰਥੀ ਸਕੂਲਾਂ ਤੋਂ ਬਾਅਦ ਦੀ ਵਿੱਦਿਆ ਪ੍ਰਾਪਤ ਨਹੀਂ ਕਰਦੇ, ਜਿਸ ਕਰਕੇ ਉਹ ਘੱਟ ਪੜ੍ਹੇ ਜਾਂ ਅੱਧ-ਪੜ੍ਹੇ ਰਹਿ ਜਾਂਦੇ ਹਨ। ਹੋਰ ਹੁਨਰਵਾਨ ਹੋਣ ਕਰਕੇ ਉਹ ਚੰਗੀਆਂ ਨੌਕਰੀਆਂ ਦੇ ਯੋਗ ਨਹੀਂ ਹੁੰਦੇ। ਇਨ੍ਹਾਂ ਦਾ ਹੁਨਰਵਾਨ ਨਾ ਹੋਣਾ ਉਨ੍ਹਾਂ ਦੇ ਰੁਜ਼ਗਾਰ ਅਤੇ ਉਨ੍ਹਾਂ ਦੀ ਕਮਾਈ ਦੇ ਵਧਣ ਵਿਚ ਰੁਕਾਵਟ ਬਣ ਜਾਂਦਾ ਹੈ। ਸਰਕਾਰ ਵਲੋਂ ਉਸ ਵਰਗ ਲਈ ਹੁਨਰ ਵਿਕਾਸ ਯੋਜਨਾ ਅਪਣਾ ਕੇ ਉਨ੍ਹਾਂ ਨੂੰ ਵੱਖ-ਵੱਖ ਸਕੀਮਾਂ ਰਾਹੀਂ, ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਦਾਖ਼ਲੇ ਨਾਲ ਜਾਂ ਉਨ੍ਹਾਂ ਦੇ ਹੁਨਰ ਵਿਚ ਵਾਧਾ ਕਰਨ ਨਾਲ ਮਨੁੱਖੀ ਸਰੋਤਾਂ ਦੇ ਵਿਕਸਤ ਹੋਣ ਦੇ ਵੱਡੇ ਮੌਕੇ ਮਿਲਣਗੇ। ਇਸ ਦੇ ਵੱਡੇ ਲਾਭ ਪਿੰਡਾਂ ਦੀ ਵਸੋਂ ਨੂੰ ਹੀ ਮਿਲਣਗੇ ਕਿਉਂਕਿ ਜੋ ਜ਼ਿਆਦਾਤਰ ਵਸੋਂ ਪਿੰਡਾਂ 'ਚ ਰਹਿਣ ਕਰਕੇ, ਇਸ ਵਰਗ ਦੇ ਲੋਕਾਂ ਲਈ ਜ਼ਿਆਦਾ ਲਾਭ ਮਿਲਣ ਦੀ ਸੰਭਾਵਨਾ ਹੈ।**

ਘਰੇਲੂ, ਛੋਟੇ ਪੈਮਾਨੇ ਅਤੇ ਦਰਮਿਆਨੇ ਦਰਜੇ ਦੀਆਂ ਜ਼ਿਆਦਾ ਉਦਯੋਗਿਕ ਇਕਾਈਆਂ ਪਿੰਡਾਂ ਵਿਚ ਸਥਾਪਤ ਹੁੰਦੀਆਂ ਹਨ। ਪਿਛਲੇ ਸਮਿਆਂ ਵਿਚ ਇਹ ਗੱਲ ਵੇਖੀ ਗਈ ਹੈ ਕਿ ਇਸ ਖੇਤਰ ਵਿਚ ਘੱਟ ਪੂੰਜੀ ਨਾਲ ਜ਼ਿਆਦਾ ਰੁਜ਼ਗਾਰ ਪੈਦਾ ਹੋਇਆ ਹੈ ਜਦ ਕਿ ਇਸ ਖੇਤਰ ਦਾ ਨਿਰਯਾਤ ਵਸਤੂਆਂ ਬਣਾਉਣ ਅਤੇ ਨਿਰਯਾਤ ਨਾਲ ਵਿਦੇਸ਼ੀ ਪੂੰਜੀ ਕਮਾਉਣ ਵਿਚ ਵੀ ਬਹੁਤ ਵੱਡੀ ਭੂਮਿਕਾ ਹੈ। ਇਸ ਬਜਟ ਵਿਚ ਘਰੇਲੂ, ਛੋਟੇ ਅਤੇ ਦਰਮਿਆਨੇ ਦਰਜੇ ਦੀਆਂ ਇਕਾਈਆਂ ਲਈ ਭਾਵੇਂ 20,000 ਕਰੋੜ ਰੁਪਏ ਰੱਖੇ ਗਏ ਹਨ ਅਤੇ ਇਸ ਤੋਂ ਇਲਾਵਾ, ਇਸ ਖੇਤਰ ਲਈ 3000 ਕਰੋੜ ਰੁਪਏ ਦਾ ਕਾਰਪਸ ਗਰੰਟੀ ਰੱਖਿਆ ਗਿਆ ਹੈ ਜੋ ਇਸ ਖੇਤਰ ਦੀਆਂ ਲੋੜਾਂ ਅਤੇ ਮਹੱਤਤਾ ਅਨੁਸਾਰ ਬਹੁਤ ਘੱਟ ਹੈ ਇਨ੍ਹਾਂ ਇਕਾਈਆਂ ਵਿਚੋਂ ਜ਼ਿਆਦਾਤਰ ਪਿੰਡਾਂ ਵਿਚ ਜਾਂ ਪਿੰਡਾਂ ਦੇ ਨਜ਼ਦੀਕ ਸਥਾਪਤ ਹੋਣ ਨਾਲ ਇਸ ਦੇ ਜ਼ਿਆਦਾ ਲਾਭ ਖੇਤੀ ਨਾਲ ਸੰਬੰਧਿਤ ਲੋਕਾਂ ਲਈ ਵੀ ਮਿਲਣਗੇ ਕਿਉਂਕਿ ਖੇਤੀ ਆਧਾਰਿਤ ਸਭ ਉਦਯੋਗਿਕ ਇਕਾਈਆਂ ਤਕਰੀਬਨ ਛੋਟੇ ਪੈਮਾਨੇ ਦੇ ਖੇਤਰ ਦੀਆਂ ਇਕਾਈਆਂ ਹਨ।

ਬਜਟ ਵਿਚ ਸਿਹਤ ਬੀਮੇ ਨੂੰ ਵਿਕਸਤ ਕਰਨ ਲਈ ਅਤੇ ਉਤਸ਼ਾਹ ਦੇਣ ਲਈ 25000 ਦੀ ਪ੍ਰੀਮੀਅਮ 'ਤੇ ਕਰ ਛੋਟਾਂ ਦੇਣ ਦੀ ਵਿਵਸਥਾ ਕੀਤੀ ਗਈ ਹੈ ਜੋ ਪਹਿਲਾਂ 75000 ਰੁਪਏ ਸੀ। ਇਹ ਸਕੀਮ ਸੀਨੀਅਰ ਸਿਟੀਜਨਜ਼ ਲਈ 30,000 ਰੁਪਏ ਹੈ, ਅਪੰਗ ਲੋਕਾਂ ਲਈ ਇਹ ਛੋਟ ਹੋਰ 25000 ਰੁਪਏ ਦੀ ਦਿਤੀ ਗਈ ਹੈ। ਪੈਨਸ਼ਨ ਯੋਜਨਾਵਾਂ ਤਹਿਤ ਪੈਸੇ ਲਾਉਣ ਵਾਲਿਆਂ ਲਈ ਜਿਹੜੀ ਨਵੀਂ ਸਕੀਮ ਤਜਵੀਜ਼ ਕੀਤੀ ਗਈ ਹੈ ਉਸ ਵਿਚ ਪਹਿਲਾਂ 1 ਲੱਖ ਰੁਪਏ ਤਕ ਜਿਹੜੀ ਕਰ ਛੋਟ ਸੀ ਉਸ ਨੂੰ ਵਧਾ ਕੇ 1.5 ਲੱਖ ਰੁਪਏ ਕਰ ਦਿਤਾ ਗਿਆ ਹੈ। ਪ੍ਰਧਾਨ ਮੰਤਰੀ ਦੀ ਸੁਰੱਖਿਆ ਬੀਮਾ ਯੋਜਨਾ ਜਿਸ ਵਿਚ ਦੁਰਘਟਨਾ ਦੀ ਹਾਲਤ ਵਿਚ 2 ਲੱਖ ਦੇ ਬੀਮੇ ਦੀ ਵਿਵਸਥਾ ਜੋ ਸਿਰਫ਼ ਸਾਲਾਨਾ 12 ਪ੍ਰਤਿਸ਼ਤ ਨਾਲ ਕਰਵਾਇਆ ਜਾ ਸਕਦਾ ਹੈ, ਉਸ ਦੇ ਲਾਭ ਤਾਂ ਹੀ ਲਏ ਜਾ ਸਕਦੇ ਹਨ ਜੇ ਇਸ ਸੰਬੰਧੀ ਜਾਗ੍ਰਿਤੀ ਵਧਾਈ ਜਾਵੇ ਕਿਉਂਕਿ ਜੋ 12 ਰੁਪਏ ਦੀ ਨਿਗੂਣੀ ਜਿਹੀ ਰਕਮ ਤਾਂ ਹਰ ਕੋਈ ਦੇ ਸਕਦਾ ਹੈ ਪਰ ਇਸ ਸੰਬੰਧੀ ਜਗ੍ਰਿਤੀ ਜ਼ਿਆਦਾ ਜ਼ਰੂਰੀ ਹੈ। ਕੁੱਲ ਮਿਲਾ ਕੇ ਇਸ ਬਜਟ ਵਿਚ ਜ਼ਿਆਦਾ ਜ਼ੋਰ ਨਿਵੇਸ਼ ਨੂੰ ਆਕਸ਼ਿਤ ਕਰਨ 'ਤੇ ਦਿਤਾ ਗਿਆ ਹੈ, ਜਿਸ 'ਤੇ ਰੁਜ਼ਗਾਰ ਨਿਰਭਰ ਕਰਦਾ ਹੈ ਅਤੇ ਉਸ ਵਿਚ ਜ਼ਿਆਦਾ ਲਾਭ ਪਿੰਡਾਂ ਅਤੇ ਖੇਤੀ ਆਧਾਰਿਤ ਵਸੋਂ ਨੂੰ ਮਿਲਣ ਦੀ ਸੰਭਾਵਨਾ ਹੈ ਜਿਹੜੇ ਬੇਰੁਜ਼ਗਾਰੀ ਤੋਂ ਜ਼ਿਆਦਾ ਪ੍ਰਭਾਵਿਤ ਹਨ।

*(ਲੇਖਕ ਉੱਘਾ ਅਰਥਸ਼ਾਸਤਰੀ ਅਤੇ ਸੁਤੰਤਰ ਪੱਤਰਕਾਰ ਹੈ।)*

# ਬਜਟ 2015–16 : ਪ੍ਰਗਤੀ ਦੇ ਨਵੇਂ ਟੀਚਿਆਂ ਵਲ ਪੁਲਾਂਘ

ਮਨੋਹਰ ਸਿੰਘ ਬਤਰਾ

ਭਾਰਤ ਦੇ ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਨੇ 28 ਫ਼ਰਵਰੀ 2015 ਨੂੰ ਲੋਕ ਸਭਾ ਵਿਚ 2015–16 ਵਿੱਤੀ ਸਾਲ ਲਈ ਬਜਟ ਪੇਸ਼ ਕਰਦਿਆਂ ਦੇਸ਼ ਦੀ ਆਰਥਿਕ ਪ੍ਰਗਤੀ ਦੇ ਨਵੇਂ ਸੰਕੇਤ ਦਿਤੇ। ਬਜਟ ਵਿਚ ਸੰਸਦ ਦੀਆਂ ਚੋਣਾਂ ਦੇ ਰੌਲੇ–ਗੌਲੇ ਨੂੰ ਪਰ੍ਹਾਂ ਛੱਡ ਕੇ ਦੇਸ਼ ਵਿਚ ਰੁਜ਼ਗਾਰ ਦੇ ਨਵੇਂ ਮੌਕੇ ਤਲਾਸ਼ਣ ਅਤੇ ਬੁਨਿਆਦੀ ਲੋੜਾਂ ਨੂੰ ਪੂਰਿਆਂ ਕਰਨ ਲਈ ਇਕ ਨਵੇਂ ਰਸਤੇ ਵੱਲ ਚਲਣ ਦਾ ਹੀਆ ਪ੍ਰਗਟ ਕੀਤਾ ਗਿਆ। ਬਜਟ ਵਿਚ, ਨਵੀਆਂ ਸੜਕਾਂ ਬਣਾਉਣ, ਨਵੇਂ ਬਿਜਲੀ ਘਰ ਉਸਾਰਨ, ਰੁਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਪੂੰਜੀ ਲਗਾਉਣ ਵਾਲਿਆਂ ਨੂੰ ਉਤਸ਼ਾਹਤ ਕਰਨ ਲਈ ਇਕ ਨਵਾਂ ਵਾਤਾਵਰਨ ਸਿਰਜਣ ਦਾ ਜਤਨ ਕੀਤਾ। ਭਾਵੇਂ ਵਿੱਤ ਮੰਤਰੀ ਨੇ ਵਿਅਕਤੀਗਤ ਕਰ–ਪ੍ਰਦਾਤਿਆਂ ਨੂੰ ਕਰਾਂ ਵਿਚ ਕੋਈ ਖ਼ਾਸ ਛੋਟ ਨਹੀਂ ਦਿਤੀ ਪਰ ਉਨ੍ਹਾਂ ਵਲੋਂ ਪੈਨਸ਼ਨਾਂ ਵਿਚ ਵਧੇਰੇ ਹਿੱਸਾ ਪਾਉਣ ਅਤੇ ਸਿਹਤ ਬੀਮਿਆਂ ਲਈ ਪ੍ਰੀਮੀਅਮਾਂ ਵਿਚ ਛੋਟਾਂ ਦਾ ਐਲਾਨ ਕਰ ਕੇ ਰਾਹਤ ਜ਼ਰੂਰ ਪਹੁੰਚਾਈ। ਕੰਪਨੀਆਂ ਵਲੋਂ ਅਦਾ ਕੀਤੇ ਜਾਂਦੇ ਕਰਾਂ ਨੂੰ ਪੜਾਅਵਾਰ ਘਟਾ ਕੇ ਸੱਨਅਤਕਾਰਾਂ ਦੇ ਕਾਰੋਬਾਰ ਨੂੰ ਉਤਸ਼ਾਹਿਤ ਕੀਤਾ।

ਸ੍ਰੀ ਜੇਤਲੀ ਨੇ ਯੂ ਪੀ ਏ ਦੀ ਪਿਛਲੀ ਸਰਕਾਰ ਵਲੋਂ 'ਮਨਰੇਗਾ' ਸਕੀਮ, ਜਿਸ ਦਾ ਮਨੋਰਥ ਦਿਹਾਤੀ ਇਲਾਕਿਆਂ ਵਿਚ ਮਜ਼ਦੂਰਾਂ ਲਈ ਰੁਜ਼ਗਾਰ ਮੁਹੱਈਆ ਕਰਨਾ ਹੈ, ਨੂੰ ਜਾਰੀ ਰੱਖਣ ਦਾ ਐਲਾਨ ਕੀਤਾ। ਉਨ੍ਹਾਂ ਨੇ ਮਾਲੀ ਘਾਟੇ ਨੂੰ ਯੋਜਨਾਬਧ ਤਰੀਕੇ ਨਾਲ ਹੋਰ ਘੱਟ ਕਰਨ ਦਾ ਇਰਾਦਾ ਪ੍ਰਗਟ ਕੀਤਾ। ਉਨ੍ਹਾਂ ਐਲਾਨ ਕੀਤਾ ਕਿ ਲੋਕਾਂ ਅਤੇ ਮੰਦਰਾਂ ਆਦਿ ਵਿਚ ਜਿਹੜਾ ਸੋਨਾ ਬਿਨਾਂ ਕਿਸੇ ਲਾਭ ਦੇ ਪਿਆ ਹੈ, ਜੇ ਉਹ ਜਮ੍ਹਾਂ ਕਰਾਇਆ ਜਾਵੇ ਤਾਂ ਉਸ ਉਤੇ ਵਿਆਜ ਦਿਤਾ ਜਾਵੇਗਾ, ਜਿਹੜਾ ਜਨਤਾ ਲਈ ਲਾਭਦਾਇਕ ਹੋਵੇਗਾ। ਉਨ੍ਹਾਂ ਦਾ ਇਕ ਹੋਰ ਐਲਾਨ ਇਹ ਸੀ ਕਿ ਸਰਕਾਰ ਅਜਿਹੇ ਬਾਂਡ ਜਾਰੀ ਕਰੇਗੀ ਜਿਨ੍ਹਾਂ ਉਤੇ ਮਿਲਣ ਵਾਲੇ ਵਿਆਜ ਉਤੇ ਕੋਈ ਕਰ ਨਹੀਂ ਲੱਗੇਗਾ।

ਵਿੱਤ ਮੰਤਰੀ ਨੇ ਐਲਾਨ ਕੀਤਾ ਕਿ ਦੇਸ਼ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ 70 ਹਜ਼ਾਰ ਕਰੋੜ ਰੁਪਏ ਹੋਰ ਖਰਚ ਕੀਤੇ ਜਾਣਗੇ। ਉਨ੍ਹਾਂ ਦੇ ਕਥਨ ਅਨੁਸਾਰ ਵਿਸ਼ਵ ਵਿਚ ਭਾਰਤ ਦੀ ਆਰਥਿਕਤਾ ਉਤੇ ਭਰੋਸਾ ਮੁੜ ਤੋਂ ਕਾਇਮ ਹੋ ਗਿਆ ਹੈ। ਵਿੱਤ ਮੰਤਰੀ ਨੇ ਕਿਹਾ ਕਿ ਜੋ ਵਿਅਕਤੀ ਕਰਾਂ ਦੀ ਅਦਾਇਗੀ ਵਿਚ ਚੋਰੀ ਕਰੇਗਾ ਅਤੇ ਕਾਲਾ ਧਨ ਵਿਦੇਸ਼ਾਂ ਵਿਚ ਛੁਪਾ ਕੇ ਰੱਖੇਗਾ, ਉਹ ਦਸ ਸਾਲਾਂ ਦੀ ਸਖ਼ਤ ਕੈਦ ਦਾ ਭਾਗੀ ਬਣੇਗਾ, ਜਿਸ ਲਈ ਇਕ ਕਾਨੂੰਨ ਤਿਆਰ ਕੀਤਾ ਜਾ ਰਿਹਾ ਹੈ, ਜੇ ਕਿਸੇ ਵਿਅਕਤੀ ਦੀ ਸਾਲਾਨਾ ਆਮਦਨ ਇਕ ਕਰੋੜ ਰੁਪਏ ਹੈ ਤਾਂ ਉਸ ਉੱਤੇ ਦੋ ਪ੍ਰਤਿਸ਼ਤ ਸਰਚਾਰਜ ਅਰਥਾਤ ਵਾਧੂ ਕਰ ਲੱਗੇਗਾ।

ਵਿੱਤ ਮੰਤਰੀ ਨੇ ਹੋਰ ਦੇਸ਼ਾਂ ਦੇ ਮੁਕਾਬਲੇ ਭਾਰਤ ਦੇ ਕਾਰਪੋਰੇਟ ਕਰ ਢਾਂਚੇ ਸੰਬੰਧੀ ਤਜਵੀਜ਼ ਰੱਖੀ ਕਿ ਇਸ ਉੱਤੇ ਕਰ 30 ਪ੍ਰਤਿਸ਼ਤ ਤੋਂ ਘਟਾ ਕੇ 25 ਪ੍ਰਤਿਸ਼ਤ ਕਰ ਦਿਤਾ ਜਾਵੇ। ਉਨ੍ਹਾਂ ਦੱਸਿਆ ਕਿ ਹੋਰ ਵੱਡੇ ਏਸ਼ਿਆਈ ਦੇਸ਼ਾਂ ਵਿਚ ਇਹ ਕਰ ਘੱਟ ਹੈ। ਦੂਜੀ ਗੱਲ ਇਹ ਹੈ ਕਿ ਅਸੀਂ ਅਸਲ ਵਿਚ ਕੇਵਲ 23 ਪ੍ਰਤਿਸ਼ਤ ਕਾਰਪੋਰੇਟ ਕਰ ਵਸੂਲ ਕਰ ਸਕੇ ਹਾਂ। ਇਸ ਦਾ ਇਕ ਕਾਰਨ ਇਹ ਹੈ ਕਿ ਸਾਡੇ ਦੇਸ਼ ਵਿਚ ਇਸ ਕਰ ਤੋਂ ਛੋਟਾਂ ਦਿਤੀਆਂ ਜਾਂਦੀਆਂ ਰਹੀਆਂ ਹਨ। ਇਸ ਸੰਬੰਧ ਵਿਚ ਮੁਕੱਦਮੇਬਾਜ਼ੀ ਵੀ ਹੁੰਦੀ ਰਹੀ ਹੈ ਅਤੇ ਸਾਡੀ ਕਰ ਆਮਦਨ ਵਿਚ ਘਾਟਾ ਪੈਂਦਾ ਰਿਹਾ ਹੈ। ਇਸ ਲਈ ਚਾਰ ਸਾਲਾਂ ਵਿਚ ਕਾਰਪੋਰੇਟ ਕਰ 30 ਪ੍ਰਤਿਸ਼ਤ ਤੋਂ ਘਟਾ ਕੇ 25 ਪ੍ਰਤਿਸ਼ਤ ਕਰਨਾ ਚਾਹੁੰਦਾ ਹਾਂ। ਇਸ ਨਾਲ ਪੂੰਜੀ ਲਗਾਉਣ ਦੀ ਪੱਧਰ ਉਚੇਰੀ ਹੋ ਜਾਵੇਗੀ, ਵਧੇਰੇ ਪ੍ਰਗਤੀ ਹੋਵੇਗੀ ਅਤੇ ਦੇਸ਼ ਵਿਚ ਨਵੀਆਂ ਨੌਕਰੀਆਂ ਦੀ ਗੁੰਜਾਇਸ਼ ਵਧੇਗੀ। ਮੌਜੂਦਾ ਮਾਲੀ ਸਾਲ ਦੌਰਾਨ ਕਾਰਪੋਰੇਟ ਕਰ 4 ਲੱਖ 26 ਹਜ਼ਾਰ 79 ਕਰੋੜ ਰੁਪਏ ਹਾਸਲ ਕਰਨ ਦਾ ਅੰਦਾਜ਼ਾ ਹੈ ਅਤੇ ਸਾਲ 2015–16 ਦੌਰਾਨ ਇਸ ਦੀ 4 ਲੱਖ 70 ਹਜ਼ਾਰ 628 ਕਰੋੜ ਰੁਪਏ ਹੋਣ ਦੀ ਆਸ ਹੈ।

ਵਿੱਤੀ ਮੰਤਰੀ ਨੇ ਆਪਣੇ ਬਜਟ ਭਾਸ਼ਨ ਵਿਚ ਐਲਾਨ ਕੀਤਾ ਕਿ ਸਰਕਾਰ 2015–16 ਵਿਚ ਦਿਵਾਲੀਆਪਣ ਦੇ ਵਿਸ਼ੇ 'ਤੇ ਇਕ ਮੁਕੰਮਲ ਕਾਨੂੰਨ ਪੇਸ਼ ਕਰੇਗੀ। ਉਨ੍ਹਾਂ ਦੇ ਕਹਿਣ ਮੁਤਾਬਕ ਇਹ ਜ਼ਰੂਰੀ ਹੈ ਕਿ ਵਪਾਰਕ ਕੰਮਕਾਜ ਦੇ ਸੁਖਾਲੇ ਢੰਗ ਨਾਲ ਚਲਣ ਲਈ ਕਾਨੂੰਨ ਵਿਚ ਸੁਧਾਰ ਲਿਆਂਦਾ ਜਾਵੇ। ਸਰਕਾਰ ਨਵੇਂ ਮਾਲੀ ਸਾਲ ਵਿਚ ਦਿਵਾਲੀਏਪਨ ਦੇ ਵਿਸ਼ੇ 'ਤੇ ਇਕ ਪੂਰਾ ਕੋਡ ਸਾਹਮਣੇ ਲਿਆਵੇਗੀ ਜਿਹੜਾ ਵਿਸ਼ਵ ਦੇ ਮਿਆਰਾਂ ਨਾਲ ਮੇਲ ਖਾਂਦਾ ਹੋਵੇ ਅਤੇ ਨਾਲ ਹੀ ਜ਼ਰੂਰੀ ਕਾਨੂੰਨੀ ਸਮਰੱਥਾ ਪ੍ਰਦਾਨ ਕਰੇ।

ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਨੇ ਤਨਖ਼ਾਹਦਾਰ ਮੁਲਾਜ਼ਮਾਂ ਉਤੇ ਲਗਦੇ ਕਰ ਵਿਚ ਕੋਈ ਤਬਦੀਲੀ ਨਹੀਂ ਕੀਤੀ। ਉਨ੍ਹਾਂ ਨੇ ਨਾ ਵੱਧ ਤੇ ਨਾ ਘੱਟ ਟੈਕਸ ਦੀ ਨੀਤੀ ਅਪਣਾਈ। ਉਨ੍ਹਾਂ ਨੇ ਮਿਥੇ ਸਮਿਆਂ ਲਈ ਜਮ੍ਹਾਂ ਕਰਾਈਆਂ ਰਕਮਾਂ 'ਤੇ ਵਿਆਜ ਵਿਚ ਕੋਈ ਵਾਧਾ ਨਹੀਂ ਕੀਤਾ। ਉਨ੍ਹਾਂ ਲੋਕ ਸਭਾ ਵਿਚ ਦੱਸਿਆ ਕਿ ਸਰਕਾਰ ਦੇਸ਼ ਵਿਚ ਆਮ ਜਨਤਾ ਲਈ ਡਾਕਖ਼ਾਨਿਆਂ

ਰਾਹੀਂ ਇਕ ਰਸਮੀ ਮਾਲੀ ਦੁਆਰ ਖੋਲ੍ਹਣਾ ਚਾਹੁੰਦੀ ਹੈ। ਦੇਸ਼ ਦੇ ਪਿੰਡਾਂ ਵਿਚ 1 ਲੱਖ 54 ਹਜ਼ਾਰ ਡਾਕਖ਼ਾਨੇ ਹਨ। ਉਨ੍ਹਾਂ ਨੂੰ ਅਦਾਇਗੀ ਕਰਨ ਵਾਲੇ ਬੈਂਕ ਬਣਾ ਦਿਤਾ ਜਾਵੇਗਾ ਤਾਂ ਕਿ ਇਹ ਪ੍ਰਧਾਨ ਮੰਤਰੀ ਦੀ ਜਨਧਨ ਯੋਜਨਾ ਵਿਚ ਸਹਾਈ ਹੋ ਸਕਣ। ਲੋਕ ਸਭਾ ਵਿਚ ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸਾਲ ਭਾਰਤ ਦੇ ਰਿਣ ਪੱਤਰਾਂ ਦੇ ਐਕਸਚੇਂਜ ਬੋਰਡ ਨੂੰ ਫ਼ਾਰਵਰਡ ਮਾਰਕਿਟਸ ਕਮਿਸ਼ਨ ਨਾਲ ਮਿਲਾ ਦਿਤਾ ਜਾਵੇਗਾ ਤਾਂ ਕਿ ਵਸਤਾਂ ਦੀਆਂ ਫ਼ਾਰਵਰਡ ਮਾਰਕਿਟਾਂ ਨੂੰ ਮਜ਼ਬੂਤ ਬਣਾਇਆ ਜਾ ਸਕੇ ਅਤੇ ਫਜ਼ੂਲ ਕਿਆਸਅਰਾਈਆਂ ਨੂੰ ਘਟਾਇਆ ਜਾ ਸਕੇ। ਸਾਲ 2015-16 ਦੇ ਬਜਟ ਵਿਚ ਸਕਿਉਰਿਟੀਆਂ (ਰਿਣ-ਪੱਤਰਾਂ) ਦੇ ਕਾਰੋਬਾਰ ਵਿਚ ਕਰ ਉਨਾ ਹੀ ਰਖਿਆ ਜਿੰਨਾ ਪਹਿਲਾਂ ਸੀ। ਇਸ ਸਾਲ ਇਸ ਕਰ ਦੁਆਰਾ 6581 ਕਰੋੜ ਰੁਪਏ ਉਗਰਾਹੇ ਜਾਣ ਦੀ ਆਸ ਹੈ।

ਸ੍ਰੀ ਜੇਤਲੀ ਨੇ ਕਿਹਾ ਕਿ ਸਰਕਾਰ ਸਾਲ 2019 ਤਕ ਦੇਸ਼ ਵਿਚ 6 ਕਰੋੜ ਸ਼ੌਚਾਲੇ ਬਣਾਏਗੀ। ਇਸ ਪ੍ਰੋਗਰਾਮ ਦਾ ਇਕ ਮੰਤਵ ਇਹ ਵੀ ਹੈ ਕਿ ਜਨਤਾ ਨੂੰ ਆਪਣੀ ਸਿਹਤ ਦਾ ਧਿਆਨ ਰੱਖਣ ਯੋਗ ਬਣਾਇਆ ਜਾਵੇ। ਵਿੱਤ ਮੰਤਰੀ ਦੇ ਕਹੇ ਅਨੁਸਾਰ 'ਸਵੱਛ ਭਾਰਤ' ਪ੍ਰੋਗਰਾਮ ਲਈ 3625 ਕਰੋੜ ਰੁਪਏ ਰੱਖੇ ਗਏ ਹਨ। ਇਸ ਵਿਚੋਂ 1000 ਕਰੋੜ ਰੁਪਏ ਕੇਂਦਰੀ ਸ਼ਹਿਰੀ ਵਿਕਾਸ ਮੰਤਰਾਲਾ ਵਲੋਂ ਸ਼ਹਿਰੀ ਇਲਾਕਿਆਂ ਵਿਚ ਸ਼ੌਚਾਲੇ ਬਣਾਉਣ ਉਤੇ ਖਰਚ ਕੀਤੇ ਜਾਣਗੇ। ਬਾਕੀ ਦੀ ਰਕਮ ਦਿਹਾਤੀ ਇਲਾਕਿਆਂ ਵਿਚ 31 ਰਾਜਾਂ ਦੇ 627 ਜ਼ਿਲ੍ਹਿਆਂ ਵਿਚ ਖਰਚ ਕੀਤੀ ਜਾਵੇਗੀ। ਸ਼ਹਿਰੀ ਵਿਕਾਸ ਮੰਤਰਾਲਾ ਵਲੋਂ ਸ਼ਹਿਰੀ ਇਲਾਕਿਆਂ ਵਿਚ ਪੰਜ ਸਾਲਾਂ ਦੇ ਅਰਸੇ ਦੌਰਾਨ ਪਖ਼ਾਨੇ ਬਣਾਉਣ ਤੇ ਠੋਸ ਗੰਦ ਦੇ ਪ੍ਰਬੰਧਨ ਉਤੇ 62 ਹਜ਼ਾਰ ਕਰੋੜ ਰੁਪਏ ਖਰਚ ਕੀਤੇ ਜਾਣਗੇ।

ਵਿੱਤ ਮੰਤਰੀ ਨੇ ਰੋਜ਼ਾਨਾ ਖਪਤ ਦੀਆਂ ਵਸਤਾਂ ਉੱਤੇ ਪੈਦਾਵਾਰੀ ਕਰ ਘਟਾ ਕੇ ਆਮ ਲੋਕਾਂ ਨੂੰ ਰਾਹਤ ਪਹੁੰਚਾਉਣ ਦਾ ਜਤਨ ਕੀਤਾ ਹੈ। ਇਕ ਹਜ਼ਾਰ ਰੁਪਏ ਤੋਂ ਵੱਧ ਕੀਮਤ ਦੀ ਜੁੱਤੀ ਉਤੇ ਪੈਦਾਵਾਰੀ ਮਹਿਸੂਲ 12 ਪ੍ਰਤਿਸ਼ਤ ਤੋਂ ਘਟਾ ਕੇ 6 ਪ੍ਰਤਿਸ਼ਤ ਕਰ ਦਿਤਾ ਗਿਆ ਹੈ।

ਕੰਪਿਊਟਰਾਂ ਅਤੇ ਲੈਂਪਾਂ ਆਦਿ ਉਤੇ ਪੈਦਾਵਾਰੀ ਮਹਿਸੂਲ ਵਿਚ ਵੱਡੀ ਰਿਆਇਤ ਦਿਤੀ ਗਈ ਹੈ। ਮਹਿਸੂਲ ਪਹਿਲਾਂ ਨਾਲੋਂ ਅੱਧਾ ਕਰ ਦਿਤਾ ਗਿਆ ਹੈ। ਅਜਿਹਾ ਕਰਨ ਦਾ ਮੰਤਵ ਇਹ ਹੈ ਕਿ ਕਾਰਖ਼ਾਨੇਦਾਰ ਇਹ ਵਸਤਾਂ ਦੇਸ਼ ਅੰਦਰ ਹੀ ਤਿਆਰ ਕਰਨ। ਹਾਂ, ਸਿਗਰਟਾਂ ਅਤੇ ਪੀਣ ਦੀਆਂ ਠੰਢੀਆਂ ਚੀਜ਼ਾਂ ਉਤੇ ਪੈਦਾਵਾਰੀ ਮਹਿਸੂਲ ਵਧਾ ਦਿਤਾ ਗਿਆ ਹੈ। ਪਰ ਬੀੜੀਆਂ ਉਤੇ ਮਹਿਸੂਲ ਨਹੀਂ ਵਧਾਇਆ ਗਿਆ।

ਸਾਲ 2015-16 ਵਿਚ ਮਾਲ ਢੋਣ ਵਾਲੇ ਟਰੱਕਾਂ ਅਤੇ ਸਵਾਰੀ ਵਾਲੀਆਂ ਬੱਸਾਂ ਉਤੇ ਤਿਆਰੀ ਮਹਿਸੂਲ ਪਹਿਲਾਂ ਨਾਲੋਂ ਚਾਰ ਗੁਣਾ ਕਰ ਦਿਤਾ ਗਿਆ ਹੈ।

ਸ਼ਰਾਬ ਉਤੇ ਸੇਵਾ ਕਰ 12 ਪ੍ਰਤਿਸ਼ਤ ਤੋਂ 14 ਪ੍ਰਤਿਸ਼ਤ ਕੀਤੇ ਜਾਣ ਨਾਲ ਸ਼ਰਾਬ ਦੀ ਵਿਕਰੀ ਵਿਚ ਕੁਝ ਫ਼ਰਕ ਤਾਂ ਪਵੇਗਾ, ਪਰ ਇਹ ਬਹੁਤਾ ਪੈਣ ਵਾਲਾ ਨਹੀਂ।

ਮੋਬਾਇਲ ਟੈਲੀਫ਼ੋਨਾਂ, ਬਿਊਟੀ ਪਾਰਲਰਾਂ ਵਿਚ ਜਾਣ ਵਾਲਿਆਂ, ਕੋਰੀਅਰ ਸੇਵਾਵਾਂ, ਡਰਾਈ ਕਲੀਨਿੰਗ ਕਰਵਾਉਣ ਵਾਲਿਆਂ, ਕਰੈਡਿਟ ਅਤੇ ਡੈਬਿਟ ਕਾਰਡ ਸੇਵਾਵਾਂ, ਬੀਮਾ ਸੇਵਾਵਾਂ ਆਦਿ ਉਤੇ ਟੈਕਸ 12 ਪ੍ਰਤਿਸ਼ਤ ਤੋਂ 14 ਪ੍ਰਤਿਸ਼ਤ ਕੀਤੇ ਜਾਣ ਨਾਲ ਨਾਗਰਿਕਾਂ ਉਤੇ ਮਾਲੀ ਬੋਝ ਵਧੇਗਾ। ਪਰ ਇਸਦੀ ਤਾਰੀਖ਼ ਦਾ ਬਾਅਦ ਵਿਚ ਐਲਾਨ ਕੀਤਾ ਜਾਵੇਗਾ।

ਸਾਲ 2015-16 ਦੌਰਾਨ ਬਿਜਲੀ ਨਾਲ ਚਲਣ ਵਾਲੀਆਂ ਮੋਟਰਾਂ-ਲਾਰੀਆਂ ਲਈ 75 ਕਰੋੜ ਰੁਪਏ ਦੀ ਸ਼ੁਰੂਆਤੀ ਰਕਮ ਰਖੀ ਗਈ ਹੈ। ਇਨ੍ਹਾਂ ਨੂੰ ਬਣਾਉਣ ਦੇ ਹਿੱਸੇ ਪੁਰਜ਼ਿਆਂ ਲਈ ਕੇਵਲ 6 ਪ੍ਰਤਿਸ਼ਤ ਪੈਦਾਵਾਰੀ ਮਹਿਸੂਲ ਤਜਵੀਜ਼ ਕੀਤਾ ਗਿਆ ਹੈ।

ਦੇਸ਼ ਦੇ ਸ਼ਹਿਰੀ ਇਲਾਕਿਆਂ ਵਿਚ ਦੋ ਕਰੋੜ ਮਕਾਨਾਂ ਦੀ ਉਸਾਰੀ ਲਈ 4175 ਕਰੋੜ ਰੁਪਏ ਅਤੇ ਦਿਹਾਤੀ ਖੇਤਰਾਂ ਵਿਚ ਚਾਰ ਕਰੋੜ ਘਰ ਬਣਾਉਣ ਵਾਸਤੇ 10025 ਕਰੋੜ ਰੁਪਏ ਦੇਣ ਦੀ ਤਜਵੀਜ਼ ਰੱਖੀ ਗਈ ਹੈ।

ਸਰਕਾਰ ਨੇ ਪੱਕਾ ਇਰਾਦਾ ਕਰ ਲਿਆ ਹੈ ਕਿ ਦੇਸ਼ ਦੇ ਸ਼ਹਿਰੀ ਤੇ ਦਿਹਾਤੀ ਇਲਾਕਿਆਂ ਵਿਚਕਾਰ ਡਿਜ਼ਿਟਲ ਦੂਰੀ ਨੂੰ ਘਟਾਇਆ ਜਾਵੇ। ਢਾਈ ਲੱਖ ਪਿੰਡਾਂ ਵਿਚ ਮਾਰਚ 2016 ਤਕ ਰਾਸ਼ਟਰੀ ਆਪਟੀਕਲ ਫ਼ਾਈਬਰ ਜਾਲ ਵਿਛਾ ਦਿਤਾ ਜਾਵੇਗਾ ਜਿਹੜਾ ਸਾਢੇ ਸੱਤ ਲੱਖ ਕਿਲੋਮੀਟਰਾਂ ਤਕ ਫ਼ੈਲਿਆ ਹੋਵੇਗਾ।

ਸੜਕਾਂ ਦੇ ਨਿਰਮਾਣ ਉਤੇ ਪਿਛਲੇ ਸਾਲ ਨਾਲੋਂ 33 ਪ੍ਰਤਿਸ਼ਤ ਜ਼ਿਆਦਾ ਰਕਮ ਤਜਵੀਜ਼ ਕੀਤੀ ਗਈ ਹੈ। ਸਾਲ 2015-16 ਦੌਰਾਨ ਜਰਨੈਲੀ ਸੜਕਾਂ ਦੇ ਵਿਕਾਸ ਲਈ 45,751 ਕਰੋੜ ਰੁਪਏ ਤਜਵੀਜ਼ ਕੀਤੇ ਗਏ ਹਨ। ਦੇਸ਼ ਦੇ ਉੱਤਰ-ਪੂਰਬੀ ਖੇਤਰ ਲਈ ਸ੍ਰੀ ਜੇਤਲੀ ਨੇ 4000 ਕਰੋੜ ਰੁਪਏ ਰਾਖਵੇਂ ਰਖੇ ਹਨ।

ਔਰਤਾਂ ਦੇ ਸੁਰੱਖਿਆ ਕਾਰਜਾਂ ਲਈ ਵਿੱਤ ਮੰਤਰੀ ਨੇ 1000 ਕਰੋੜ ਰੁਪਏ ਦਾ ਪ੍ਰਾਵਧਾਨ ਤਜਵੀਜ਼ ਕੀਤਾ ਹੈ। ਇਹ ਰਕਮ 'ਨਿਰਭੈਯ' ਫ਼ੰਡ ਦੁਆਰਾ ਖਰਚ ਕੀਤੀ ਜਾਵੇਗੀ। ਬੱਚਿਆਂ ਦੇ ਵਿਕਾਸ ਸੰਬੰਧੀ 0-6 ਸਾਲਾਂ ਦੀ ਉਮਰ ਦੇ ਬਾਲਾਂ ਦੀ ਸਿਹਤ ਅਤੇ ਵਿਕਾਸ ਲਈ ਵੱਖ-ਵੱਖ ਰਾਜਾਂ ਨੂੰ ਸਿੱਧਿਆਂ 8245 ਕਰੋੜ ਰੁਪਏ ਦਿਤੇ ਜਾਣਗੇ। ਇਸ ਤੋਂ ਇਲਾਵਾ, ਪ੍ਰਧਾਨ ਮੰਤਰੀ ਦੇ 'ਬੇਟੀ ਬਚਾਉ, ਬੇਟੀ ਪੜ੍ਹਾਉ' ਪ੍ਰੋਗਰਾਮ ਲਈ ਇਕ ਸੌ ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਜਾ ਰਿਹਾ ਹੈ।

ਸਿੱਖਿਆ ਖੇਤਰ ਲਈ 69,075 ਕਰੋੜ ਰੁਪਏ ਦਾ ਪ੍ਰਾਵਧਾਨ ਕਰਨ ਦੀ ਤਜਵੀਜ਼ ਰੱਖੀ ਹੈ। ਸਕੂਲਾਂ ਲਈ 39,038.5 ਕਰੋੜ ਰੁਪਏ ਹੋਣਗੇ। ਹਰ ਬੱਚੇ ਲਈ ਘਰ ਤੋਂ 5 ਕਿਲੋਮੀਟਰ ਦੀ ਦੂਰੀ ਤਕ ਇਕ ਸੀਨੀਅਰ ਸੈਕੰਡਰੀ ਸਕੂਲ ਹੋਵੇਗਾ। 80,000 ਤੋਂ ਵੱਧ ਸੈਕੰਡਰੀ ਸਕੂਲ ਸੀਨੀਅਰ ਸੈਕੰਡਰੀ ਸਕੂਲ ਬਣਾਏ ਜਾਣਗੇ। 75,000 ਜੂਨੀਅਰ ਜਾਂ ਮਿਡਲ ਸਕੂਲ ਸੈਕੰਡਰੀ ਪੱਧਰ ਤਕ ਪਹੁੰਚਾਏ ਜਾਣਗੇ।

ਦੇਸ਼ ਵਿਚ 31 ਸਕੀਮਾਂ ਅਜਿਹੀਆਂ ਹਨ, ਜਿਨ੍ਹਾਂ ਲਈ ਕੇਂਦਰ ਸਰਕਾਰ 100 ਪ੍ਰਤਿਸ਼ਤ ਫ਼ੰਡ ਮੁਹੱਈਆ ਕਰੇਗੀ। ਇਸ ਤੋਂ ਇਲਾਵਾ, ਵਿੱਤ ਮੰਤਰੀ ਨੇ ਨਿੱਜੀ ਖੇਤਰ ਦੀਆਂ ਬੈਂਕਾਂ ਨੂੰ 7940 ਕਰੋੜ ਰੁਪਏ ਦੇਣ ਦੀ ਤਜਵੀਜ਼ ਰੱਖੀ ਤਾਂ ਕਿ ਉਨ੍ਹਾਂ ਨੂੰ ਕਾਫ਼ੀ ਸਰਮਾਇਆ ਰੱਖਣ ਵਿਚ ਸਹਾਇਤਾ ਪ੍ਰਾਪਤ ਹੋਵੇ।

ਭਾਰਤ ਦੀਆਂ ਰੱਖਿਆ ਸੈਨਾਵਾਂ ਦੀ ਹੋਂਦ, ਦੇਸ਼ ਦੇ ਵਰਤਮਾਨ ਅਤੇ ਭਵਿੱਖ ਲਈ ਅਤਿਅੰਤ ਮਹੱਤਵਪੂਰਨ ਵਿਸ਼ਾ ਹੈ। ਸ੍ਰੀ ਜੇਤਲੀ ਨੇ ਸਾਲ 2015-16 ਲਈ ਰੱਖਿਆ ਬਜਟ ਲਈ 2,46,727

*ਬਾਕੀ ਸਫ਼ਾ 60 ਉੱਤੇ*

# ਸੰਘੀ ਬਜਟ ਬਣਾਉਣ ਵਿਚ ਸ਼ਾਮਿਲ ਪ੍ਰਕਿਰਿਆਵਾਂ

ਰਵਿੰਦਰਾ ਐੱਚ. ਢੋਲਕੀਆ

## ਪਰਿਭਾਸ਼ਾ

ਵਿੱਤੀ ਨੀਤੀ ਵਿਆਪਕ ਆਰਥਿਕ ਨੀਤੀਆਂ ਵਿਚੋਂ ਇਕ ਨੀਤੀ ਹੈ ਜੋ ਆਰਥਿਕਤਾ ਦੇ ਪ੍ਰਬੰਧਨ ਵਿਚ ਮਦਦਗਾਰ ਹੁੰਦੀ ਹੈ। ਦੂਸਰੀ ਮੁਦਰਾ ਸੰਬੰਧਿਤ ਨੀਤੀ ਹੈ। ਇਨ੍ਹਾਂ ਦੋਵਾਂ ਨੀਤੀਆਂ ਦੀ ਭੂਮਿਕਾ ਅਤੇ ਗੁੰਜਾਇਸ਼ ਦੇ ਸਪੱਸ਼ਟ ਨਿਰਧਾਰਨ ਲਈ, ਹਰੇਕ ਦੀ ਵਿਵਹਾਰਕ ਪਰਿਭਾਸ਼ਾ ਹੋਣੀ ਜ਼ਰੂਰੀ ਹੈ। ਵਿੱਤੀ ਨੀਤੀ ਉਹ ਹੈ ਜੋ ਸਰਕਾਰਾਂ ਦੇ ਆਮਦਨ ਤੇ ਖਰਚ ਨੂੰ ਸਿੱਧੇ ਪ੍ਰਭਾਵਿਤ ਕਰਦੀ ਹੈ। ਦੂਜੇ ਪਾਸੇ, ਮੁਦਰਾ ਸੰਬੰਧੀ ਨੀਤੀ ਪ੍ਰਣਾਲੀ ਵਿਚ ਨਗਦੀ/ਅਚਲ ਸੰਪਤੀ ਦੀ ਮਾਤਰਾ ਅਤੇ ਕੀਮਤ ਨੂੰ ਸਿੱਧੇ ਤੌਰ ਤੇ ਪ੍ਰਭਾਵਿਤ ਕਰਦੀ ਹੈ। ਕਿਉਂਕਿ ਸਾਡੇ ਸੰਘੀ ਲੋਕਤੰਤਰ ਵਾਂਗ ਵਿੱਤੀ ਨੀਤੀ ਦੀ ਪਰਿਭਾਸ਼ਾ ਸਰਕਾਰ ਦੀਆਂ ਤਿੰਨੇ ਪਰਤਾਂ ਸ਼ਾਮਿਲ ਹੁੰਦੀਆਂ ਹਨ, ਇਸ ਕਰਕੇ ਸਮੁੱਚੇ ਰੂਪ ਵਿਚ ਨੀਤੀ 'ਤੇ ਵਿਚਾਰ ਕਰਨਾ ਬੜੀ ਟੇਢੀ ਖੀਰ ਹੈ। ਪਰ, ਭਾਰਤ ਵਿਚ ਰਾਜ ਸਰਕਾਰਾਂ ਅਤੇ ਸਥਾਨਕ ਇਕਾਈਆਂ ਦੇ ਮੁਕਾਬਲੇ ਸੰਘੀ ਸਰਕਾਰ ਦੀ ਭੂਮਿਕਾ ਇਤਿਹਾਸਕ ਤੌਰ ਤੇ ਦਬਦਬੇ ਵਾਲੀ ਰਹੀ ਹੈ। ਮਿਸਾਲ ਦੇ ਲਈ, ਖਰਚੇ ਦੇ ਮਾਮਲੇ ਨੂੰ ਲਈਏ ਤਾਂ ਦੇਸ਼ ਦੇ ਕੁੱਲ ਸਰਕਾਰੀ ਖਰਚ ਦਾ ਲਗਭਗ 55 ਤੋਂ 60 ਪ੍ਰਤਿਸ਼ਤ ਸੰਘੀ ਸਰਕਾਰ ਖਰਚ ਕਰਦੀ ਹੈ। ਇਸੇ ਤਰ੍ਹਾਂ ਹੀ, ਆਮਦਨ ਦੇ ਮਾਮਲੇ ਵਿਚ ਇਸ ਦਾ ਹਿੱਸਾ ਫਿਰ 55 ਪ੍ਰਤਿਸ਼ਤ ਦੇ ਲਗਭਗ ਹੈ।

ਹਾਲੀਆ ਸਮੇਂ ਵਿਚ ਰਾਜਾਂ ਦੀ ਭੂਮਿਕਾ ਵਧ ਰਹੀ ਹੈ, ਜਿਸ ਦਾ ਪਹਿਲਾ ਕਾਰਨ ਵੱਖ-ਵੱਖ ਵਿੱਤੀ ਆਯੋਗਾਂ ਦੀਆਂ ਸਿਫ਼ਾਰਿਸ਼ਾਂ ਅਨੁਸਾਰ ਕੇਂਦਰੀ ਕਰਾਂ ਵਿਚ ਉਨ੍ਹਾਂ ਦੀ ਹਿੱਸੇਦਾਰੀ ਵਧਣਾ ਹੈ; ਦੂਜਾ, ਕਿਉਂਕਿ ਬਹੁਤ ਸਾਰੇ ਸਮਾਜਿਕ ਖੇਤਰ ਦੇ ਪ੍ਰੋਗਰਾਮ ਅਤੇ ਯੋਜਨਾਵਾਂ, ਯੋਜਨਾਬਧ ਤਰੀਕੇ ਨਾਲ ਕੇਂਦਰ ਸਰਕਾਰ ਵਲੋਂ ਰਾਜਾਂ ਨੂੰ ਤਬਦੀਲ ਕੀਤੇ ਜਾ ਰਹੇ ਹਨ। ਚੌਦ੍ਹਵੇਂ ਵਿੱਤ ਕਮਿਸ਼ਨ ਨੇ ਕੇਂਦਰ ਤੋਂ ਰਾਜਾਂ ਨੂੰ ਸਰੋਤਾਂ ਦੀ ਤਬਦੀਲੀ ਵਿਚ ਵੱਡੇ ਵਾਧੇ ਦੀ ਸਿਫ਼ਾਰਿਸ਼ ਕੀਤੀ ਹੈ। ਤਾਂ ਵੀ, ਕੇਂਦਰੀ ਸਰਕਾਰ ਸਮੁੱਚੀ ਆਰਥਿਕਤਾ ਲਈ ਵਿੱਤੀ ਨੀਤੀ ਬਾਰੇ ਪ੍ਰਸੰਗਿਕਤਾ ਅਤੇ ਮਹੱਤਵ ਕੇਂਦਰੀ ਬਣਿਆ ਹੋਇਆ ਹੈ, ਕਿਉਂਕਿ ਪ੍ਰਮੁੱਖ ਕੇਂਦਰੀ ਕਰਾਂ ਤੋਂ ਪ੍ਰਾਪਤ ਹੋਣ ਵਾਲੀ ਕੁੱਲ ਆਮਦਨ ਹਾਲੇ ਵੀ ਕੇਂਦਰ ਸਰਕਾਰ ਦੇ ਦਾਇਰੇ ਵਿਚ ਆਉਂਦੀ ਹੈ। ਸਿੱਟੇ ਵਜੋਂ, ਕੇਂਦਰ ਸਰਕਾਰ ਦੇ ਆਮਦਨ ਤੇ ਖਰਚੇ ਬਾਰੇ ਫ਼ੈਸਲੇ ਰਾਸ਼ਟਰ ਦੀ ਵਿੱਤੀ ਨੀਤੀ ਦੇ ਫ਼ੈਸਲਾਕੁੰਨ ਅੰਗ ਬਣ ਜਾਂਦੇ ਹਨ। ਇਸ ਕਰਕੇ, ਸਾਲਾਨਾ ਸੰਘੀ ਬਜਟ ਦੀ ਪੇਸ਼ਕਾਰੀ ਸਾਡੀ ਆਰਥਿਕਤਾ ਦੀ ਇਕ ਮਹੱਤਵਪੂਰਨ ਘਟਨਾ ਹੈ ਕਿਉਂਕਿ ਇਹ ਰਾਸ਼ਟਰ ਦੀ ਇਕੱਲੀ, ਵਿਆਪਕ ਵਿੱਤੀ ਨੀਤੀ ਦੀ ਪ੍ਰਤਿਨਿਧਤਾ ਕਰਦੀ ਹੈ।

## ਉਦੇਸ਼

ਖੇਤਰੀ ਨੀਤੀਆਂ, ਇਥੋਂ ਤਕ ਕਿ ਮੁਦਰਾ ਸੰਬੰਧੀ ਨੀਤੀਆਂ ਤੋਂ ਉਲਟ, ਜਿਨ੍ਹਾਂ ਦੇ ਸਿਰਫ਼ ਇਕ ਜਾਂ ਕੁੱਝ ਸੰਬੰਧਿਤ ਉਦੇਸ਼ ਹੋ ਸਕਦੇ ਹਨ ਦੇ ਮੁਕਾਬਲੇ ਵਿੱਤੀ ਨੀਤੀ ਦੇ ਅਨੇਕ ਵੱਖ-ਵੱਖ ਉਦੇਸ਼ ਹੁੰਦੇ ਹਨ। ਸਰਕਾਰ ਦੀ ਆਮਦਨ ਅਤੇ ਖਰਚ ਦੇ ਘੱਟ ਸਮੇਂ ਵਾਲੇ ਉਦੇਸ਼ ਅਤੇ ਲੰਮੇ ਸਮੇਂ ਦੇ ਪਹਿਲੂ ਹੁੰਦੇ ਹਨ। ਇਸ ਕਰਕੇ, ਵਿੱਤੀ ਨੀਤੀਆਂ ਦੇ ਸਮਾਨਾਂਤਰ ਥੋੜ੍ਹੀ ਮਿਆਦ ਅਤੇ ਲੰਮੀ ਮਿਆਦ ਦੇ ਉਦੇਸ਼ ਹੁੰਦੇ ਹਨ। ਥੋੜ੍ਹੀ ਮਿਆਦ ਦੇ ਉਦੇਸ਼ਾਂ ਵਿਚ ਆਰਥਿਕ ਸਰਗਰਮੀਆਂ ਦੀ ਸਥਿਰਤਾ ਅਤੇ ਬਾਹਰੀ ਹਾਨੀਕਾਰਕ ਝਟਕਿਆਂ ਤੋਂ ਬਚਾਅ ਕੇ ਨਿਆਂਸੰਗਤ ਨਤੀਜਿਆਂ ਦੀ ਪ੍ਰਾਪਤੀ ਲਈ ਆਮਦਨ ਅਤੇ ਅਸਾਸਿਆਂ ਦੀ ਪੁਨਰਵੰਡ ਕਰਕੇ, ਬਰਾਬਰ ਦੇ ਮੌਕੇ ਪ੍ਰਦਾਨ ਕਰਕੇ ਅਤੇ ਹੱਕਾਂ ਦੀ ਰਾਖੀ ਨਾਲ ਗਰੀਬਾਂ ਅਤੇ ਆਰਥਿਕ ਤੌਰ ਤੇ ਪਛੜੇ ਤਬਕਿਆਂ ਦੀ ਹਾਲਤ ਵਿਚ ਸਰਕਾਰ ਦੇ ਇਕ ਫਰਜ਼ ਵਜੋਂ ਸੁਧਾਰ ਕਰਕੇ ਆਰਥਿਕਤਾ ਦੀ ਕਾਰਗੁਜ਼ਾਰੀ ਵਿਚ ਸੁਧਾਰ ਕਰਨਾ ਸ਼ਾਮਿਲ ਹੈ। ਵਿੱਤੀ ਨੀਤੀ ਦੇ ਲੰਮੀ ਮਿਆਦ ਦੇ ਉਦੇਸ਼ਾਂ ਵਿਚ ਉੱਚ ਸਥਿਰਤਾ ਵਾਲਾ ਆਰਥਿਕ ਵਿਕਾਸ ਹਾਸਲ ਕਰਨਾ ਅਤੇ ਜ਼ਿੰਦਗੀ ਦੀ ਭੌਤਿਕ ਹਾਲਤ ਵਿਚ ਸੁਧਾਰ ਕਰਕੇ ਸਾਰੇ ਵਰਗਾਂ ਦੀ ਭਲਾਈ ਯਕੀਨੀ ਬਣਾਉਣਾ ਹੈ। ਇਹ ਸਪੱਸ਼ਟ ਹੈ ਕਿ ਵਿੱਤੀ ਨੀਤੀ ਨੂੰ ਸਮੇਂ ਦੇ ਨਾਲ ਇਨ੍ਹਾਂ ਉਦੇਸ਼ਾਂ ਨੂੰ ਹਾਸਲ ਕਰਨ ਲਈ ਬਚਤ ਅਤੇ ਨਿਵੇਸ਼ ਦੀ ਆਮਦ ਦੇ ਮੁੱਦਿਆਂ 'ਤੇ ਧਿਆਨ ਦੇਣਾ ਹੋਵੇਗਾ।

## ਢੰਗ-ਤਰੀਕੇ

ਸੰਘੀ ਬਜਟ ਦੇ ਵਿਆਪਕ ਮਹੱਤਵ ਨੂੰ ਵੇਖਦਿਆਂ, ਇਹ ਜ਼ਰੂਰੀ ਹੈ ਕਿ ਭਾਰਤ ਵਰਗੇ ਲੋਕਤੰਤਰਿਕ ਦੇਸ਼ ਅੰਦਰ, ਬਜਟ ਇਰਾਦੇ, ਦ੍ਰਿਸ਼ਟੀ ਅਤੇ ਨੀਤੀ ਖ਼ਾਕੇ ਵਜੋਂ ਸੱਤਾਧਾਰੀ ਧਿਰ ਦਾ ਇਕ ਰਾਜਨੀਤਕ ਬਿਆਨ ਬਣ ਜਾਂਦਾ ਹੈ। ਇਸ ਨੂੰ ਅੰਤਿਮ ਰੂਪ ਵਿਚ ਪ੍ਰਵਾਨ ਕਰਨ ਤੋਂ ਪਹਿਲਾਂ ਬਹੁਤ ਹੀ ਬਾਰੀਕੀ ਨਾਲ ਤਿਆਰ, ਪੇਸ਼ਕਾਰੀ ਅਤੇ ਵਿਆਪਕ ਬਹਿਸ ਅਧੀਨ ਲਿਆਇਆ ਜਾਂਦਾ ਹੈ। ਕਿਉਂਕਿ ਇਹ ਸਰਕਾਰ ਦੀ ਆਮਦਨ ਅਤੇ ਖਰਚਿਆਂ ਨਾਲ ਸੰਬੰਧਿਤ ਹੈ, ਇਸ ਕਰਕੇ ਸੰਸਦ ਦੀ ਪ੍ਰਵਾਨਗੀ ਲੈ ਕੇ ਵਿੱਤੀ ਬਿਲ ਵਜੋਂ ਲਾਗੂ ਕੀਤਾ ਜਾਂਦਾ ਹੈ। ਸਿੱਟੇ ਵਜੋਂ, ਇਸ ਮਾਮਲੇ ਵਿਚ ਸਾਰੀਆਂ ਪ੍ਰਕਿਰਿਆਵਾਂ, ਜਿਵੇਂ ਬਿਲ ਪੇਸ਼ ਕਰਨਾ ਜਾਂ ਸੰਸਦ ਸਾਹਮਣੇ ਐਕਟ ਪੇਸ਼ ਕਰਨਾ ਆਦਿ, ਇਹ ਸਾਰੀਆਂ ਕਾਰਵਾਈਆਂ ਅਮਲ ਵਿਚ ਲਿਆਈਆਂ ਜਾਂਦੀਆਂ ਹਨ। ਇਸ ਵਿਚ ਰਸਮੀ ਪੇਸ਼ਕਾਰੀ, ਛਪਾਈ ਅਤੇ ਜਨਤਾ ਵਿਚ ਵੱਡੇ ਪੱਧਰ 'ਤੇ ਵੰਡ ਵੀ ਸ਼ਾਮਿਲ ਹੈ ਤਾਂ ਕਿ ਟਿੱਪਣੀਆਂ, ਬਹਿਸ ਅਤੇ ਵਿਚਾਰ-ਚਰਚਾ ਉਪਰੰਤ ਅੰਤਮ ਮਨਜ਼ੂਰੀ ਲਈ ਸੰਸਦ ਦੇ ਸੈਸ਼ਨ ਵਿਚ ਚੁਣੇ ਹੋਏ

ਲੋਕ ਨੁਮਾਇੰਦਿਆਂ ਦੇ ਸਾਹਮਣੇ ਪੇਸ਼ ਕੀਤਾ ਜਾ ਸਕੇ। ਇਸ ਤਰ੍ਹਾਂ, ਸੰਘੀ ਬਜਟ ਕੇਂਦਰੀ ਵਿੱਤੀ ਨੀਤੀ ਦੇ ਇਕ ਵਿਆਪਕ ਐਲਾਨਨਾਮੇ ਦੀ ਪ੍ਰਤਿਨਿਧਤਾ ਕਰਦਾ ਹੈ, ਉਦੋਂ ਨਹੀਂ ਜਦੋਂ ਇਸ ਨੂੰ ਸੰਸਦ ਵਿਚ ਪੇਸ਼ ਕੀਤਾ ਜਾਂਦਾ ਹੈ, ਪਰ ਜਦੋਂ ਸਾਰੀਆਂ ਸੋਧਾਂ ਨੂੰ ਸ਼ਾਮਿਲ ਕਰਨ ਉਪਰੰਤ ਇਸ ਨੂੰ ਸੰਸਦ ਵਲੋਂ ਪ੍ਰਵਾਨ ਕਰ ਲਿਆ ਜਾਂਦਾ ਹੈ।

ਹੁਣ ਤਕ ਦੀ ਵਿਚਾਰ-ਚਰਚਾ ਤੋਂ ਇਹ ਸਾਫ਼ ਹੈ ਕਿ ਭਾਰਤ ਵਰਗੇ ਸੰਘੀ ਲੋਕਤੰਤਰ ਅੰਦਰ ਸਰਕਾਰ ਦੇ ਕਿਸੇ ਵੀ ਪੱਧਰ 'ਤੇ ਵਿੱਤੀ ਨੀਤੀ ਦਾ ਝਲਕਾਰਾ ਬਜਟ ਬਣਾਉਣ ਵਿਚ ਮਿਲਦਾ ਹੈ ਜੋ ਇਕ ਲੰਮੀ ਅਤੇ ਚੋਖਾ ਸਮਾਂ ਲੈਣ ਵਾਲੀ ਪ੍ਰਕਿਰਿਆ ਹੈ। ਇਸ ਕਰਕੇ ਆਮ ਹਾਲਾਤ ਵਿਚ ਇਹ ਕਾਰਜ ਸਾਲ ਵਿਚ ਇਕ ਵਾਰ ਕੀਤਾ ਜਾਂਦਾ ਹੈ। ਸਰਕਾਰੀ ਆਮਦਨ ਅਤੇ ਖਰਚ ਨੂੰ ਪ੍ਰਭਾਵਿਤ ਕਰਨ ਵਾਲੀਆਂ ਵਿੱਤੀ ਨੀਤੀਆਂ ਵਿਚ ਇਕ ਸਾਲ ਵਿਚ ਬਾਰ-ਬਾਰ ਬਦਲਾਅ ਸਿਧਾਂਤਕ ਤੌਰ ਤੇ ਭਾਵੇਂ ਸੰਭਵ ਹਨ, ਪਰ ਇਹ ਨਾ ਤਾਂ ਇੱਛਤ ਹੁੰਦੇ ਹਨ ਅਤੇ ਨਾ ਹੀ ਸੰਭਵ। ਸਿੱਟੇ ਵਜੋਂ, ਆਰਥਿਕ ਸਰਗਰਮੀਆਂ ਦੀ ਸਥਿਰਤਾ ਅਤੇ ਕਾਰਗੁਜ਼ਾਰੀ ਨੂੰ ਬਜਟ ਇਕ ਸੀਮਤ ਹੱਦ ਤਕ ਹੀ ਹੱਲ ਕਰ ਸਕਦਾ ਹੈ। ਅਜਿਹੇ ਉਦੇਸ਼ਾਂ ਨੂੰ ਹਾਸਲ ਕਰਨ ਲਈ ਮੁਦਰਾ ਸੰਬੰਧੀ ਨੀਤੀ ਦੀ ਹੋਰ ਸਰਗਰਮ ਭੂਮਿਕਾ ਨਿਭਾਅ ਸਕਦਾ ਹੈ ਅਤੇ ਬਚਤ, ਨਿਵੇਸ਼, ਵਿਕਾਸ ਅਤੇ ਕੀਮਤ ਸਥਿਰਤਾ ਲਈ ਬੁਨਿਆਦੀ ਖ਼ਾਕਾ ਪੇਸ਼ ਕਰ ਸਕਦਾ ਹੈ। ਹੋਰ, ਜੇ ਨੀਤੀ ਹੁੰਗਾਰੇ ਨੂੰ ਪ੍ਰਾਪਤ ਕਰਨ ਲਈ ਮੁਢਲਾ ਉਤਸ਼ਾਹ ਸਥਾਈ ਨਾ ਹੋ ਕੇ ਅਸਥਾਈ ਹੈ ਤਾਂ ਇਕ ਵਿੱਤੀ ਨੀਤੀ ਦਾ ਇਕ ਸਾਲ ਤਕ ਲਾਗੂ ਰਹਿਣ ਵਾਲਾ ਬਦਲਾਅ ਸਥਿਰਤਾ ਦੀ ਬਜਾਏ ਅਸਥਿਰਤਾ ਦਾ ਕਾਰਨ ਬਣ ਸਕਦਾ ਹੈ। ਸਿਰਫ਼ ਸਥਾਈ ਜਾਂ ਦੀਰਘਕਾਲੀ ਦਖ਼ਲ ਨੂੰ ਹੀ ਵਿੱਤੀ ਨੀਤੀ ਦੇ ਹੁੰਗਾਰੇ ਦੀ ਲੋੜ ਹੁੰਦੀ ਹੈ। ਅਜਿਹਾ ਇਸ ਲਈ ਕਿਉਂਕਿ ਇੱਛਤ ਵਿਆਪਕ ਆਰਥਿਕ ਸਮੂਹ ਤੇ ਕਿਸੇ ਵਿੱਤੀ ਨੀਤੀ ਦੇ ਬਦਲਾਅ ਦਾ ਅਸਰ ਲੰਮੇ ਸਮੇਂ ਤਕ ਵਿਖਾਈ ਦਿੰਦਾ ਹੈ।

## ਸ਼ਾਮਿਲ ਪ੍ਰਕਿਰਿਆਵਾਂ

ਭਾਰਤ ਵਿਚ ਕੇਂਦਰੀ ਬਜਟ ਤਿਆਰ ਕਰਨ ਵਾਲੀਆਂ ਪ੍ਰਕਿਰਿਆਵਾਂ ਵਿਚ ਲਗਭਗ 4 ਮਹੀਨੇ ਦਾ ਸਮਾਂ ਲਗਦਾ ਹੈ। ਵਿੱਤ ਮੰਤਰਾਲਾ ਵਲੋਂ ਨਵੰਬਰ ਮਹੀਨੇ ਵਿਚ ਇਕ ਨੋਟਿਸ ਭੇਜਣ ਨਾਲ ਇਸ ਦੀ ਸ਼ੁਰੂਆਤ ਹੁੰਦੀ ਹੈ ਜਿਸ ਵਿਚ ਸਾਰੇ ਮੰਤਰਾਲਿਆਂ, ਵਿਭਾਗਾਂ ਅਤੇ ਕੇਂਦਰੀ ਸਰਕਾਰ ਅਧੀਨ ਰਸਮੀ ਇਕਾਈਆਂ ਤੋਂ ਆਮਦਨ ਅਤੇ ਪੂੰਜੀਗਤ ਖਰਚਿਆਂ, ਆਮਦਨ ਅਤੇ ਪੂੰਜੀਗਤ ਪ੍ਰਾਪਤੀਆਂ ਲਈ ਵਿਸਤ੍ਰਿਤ ਰਸਮੀ ਪ੍ਰਸਤਾਵਾਂ ਦੀ ਮੰਗ ਕੀਤੀ ਜਾਂਦੀ ਹੈ। ਮਨੁੱਖੀ ਅਤੇ ਭੌਤਿਕ ਸਰੋਤਾਂ ਦੀਆਂ ਆਪਣੀਆਂ ਰੁਜ਼ਗਾਰ ਦੀਆਂ ਸਰਗਰਮੀਆਂ ਅਤੇ ਪ੍ਰਸਤਾਵਿਤ ਸਰਗਰਮੀਆਂ ਨੂੰ ਜਾਰੀ ਰੱਖਣ ਲਈ ਮੰਤਰਾਲਾ ਅਤੇ ਵਿਭਾਗ ਸ਼ਹਿਰੀ ਸਮੀਖਿਆ ਕਰਦੇ ਹਨ ਜੋ ਆਉਂਦੇ ਵਿੱਤੀ ਸਾਲ ਵਿਚ ਅਮਲ ਵਿਚ ਲਿਆਂਦੇ ਜਾਣੇ ਹਨ। ਵਰਤਮਾਨ ਸਮੇਂ ਵਿਚ ਮੰਤਰਾਲਿਆਂ ਅਤੇ ਵਿਭਾਗਾਂ ਨੂੰ ਮਾਨਵੀ ਅਤੇ ਭੌਤਿਕ ਲੋੜਾਂ ਨੂੰ ਜਾਰੀ ਰੱਖਣ ਲਈ ਲੋੜੀਂਦੀ ਰਕਮ ਨੂੰ ਵਾਜਬ ਠਹਿਰਾਉਣ ਲਈ ਜਾਂ ਸਰਗਰਮੀਆਂ, ਪ੍ਰਾਜੈਕਟਾਂ ਅਤੇ ਯੋਜਨਾਵਾਂ ਜੋ ਪਹਿਲਾਂ ਹੀ ਲਾਗੂ ਕਰਨ ਅਧੀਨ ਹਨ, ਲਈ ਕੋਈ ਖ਼ਾਸ ਕੋਸ਼ਿਸ਼ਾਂ ਨਹੀਂ ਕਰਨੀਆਂ ਪੈਂਦੀਆਂ। ਉਹ ਗ਼ੈਰ ਯੋਜਨਾਕ੍ਰਿਤ ਖਰਚੇ ਦੀ ਸ਼੍ਰੇਣੀ ਅਧੀਨ ਆਉਂਦੇ ਹਨ।

ਕੋਈ ਵੀ ਨਵੀਂ ਸਰਗਰਮੀ, ਪ੍ਰਾਜੈਕਟ ਅਤੇ ਯੋਜਨਾਵਾਂ, ਜਿਸ ਵਿਚ ਮੌਜੂਦਾ ਯੋਜਨਾਵਾਂ ਦਾ ਵਿਸਥਾਰ ਸ਼ਾਮਿਲ ਹੈ, ਨੂੰ ਮੰਤਰਾਲਿਆਂ ਅਤੇ ਵਿਭਾਗਾਂ ਵਲੋਂ ਪੇਸ਼ ਕੀਤੇ ਜਾਣ ਵਾਲੇ ਪ੍ਰਸਤਾਵਾਂ ਵਿਚ ਪੂਰਨ ਰੂਪ ਵਿਚ ਜਾਇਜ਼ ਠਹਿਰਾਉਣਾ ਜ਼ਰੂਰੀ ਹੈ। ਇਨ੍ਹਾਂ ਪ੍ਰਸਤਾਵਾਂ ਵਿਚ ਆਮਦਨ ਅਤੇ ਪੂੰਜੀਗਤ ਖਰਚ ਪ੍ਰਤਿਬਧਤਾਵਾਂ, ਮਨਜ਼ੂਰ ਹੋਣ ਉਪਰੰਤ, ਸ਼ਾਮਿਲ ਹਨ। ਅਜਿਹੀਆਂ ਪ੍ਰਸਤਾਵਿਤ ਸਾਰੀਆਂ ਸਰਗਰਮੀਆਂ ਦੀ ਉੱਚਿਤਤਾ ਵਿਚ ਅਜਿਹੇ ਖਰਚਿਆਂ ਦਾ, ਸੰਬੰਧਿਤ ਮੰਤਰਾਲਿਆਂ ਤੇ ਵਿਭਾਗਾਂ ਵਲੋਂ ਮਿਥੇ ਟੀਚੇ ਅਤੇ ਉਦੇਸ਼ ਹਾਸਲ ਕਰਨ ਵਿਚ ਪੈਣ ਵਾਲਾ ਅਨੁਮਾਨਿਤ ਪ੍ਰਭਾਵ ਸ਼ਾਮਿਲ ਹੈ ਜੋ ਆਮ ਜਨਤਾ ਦੀ ਭਲਾਈ ਲਈ ਕੀਤੇ ਜਾਣੇ ਹਨ। ਇਹ ਪ੍ਰਸਤਾਵ ਆਮ ਤੌਰ ਤੇ ਯੋਜਨਾਕ੍ਰਿਤ ਖਰਚ ਸ਼੍ਰੇਣੀ ਦਾ ਹਿੱਸਾ ਬਣਦੇ ਹਨ।

ਸਰਕਾਰੀ ਅਦਾਰਿਆਂ ਦੇ ਦੇਸ਼ ਅੰਦਰ ਫ਼ੈਲਾਅ ਅਤੇ ਗਿਣਤੀ ਨੂੰ ਦੇਖਦਿਆਂ ਇਹ ਸਾਫ਼ ਹੈ ਕਿ ਇਹ ਬਹੁਤ ਵੱਡਾ ਕੰਮ ਹੈ। ਕੇਂਦਰੀ ਮੰਤਰਾਲਿਆਂ ਅਤੇ ਵਿਭਾਗਾਂ ਨੇ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੀਆਂ ਇਕਾਈਆਂ ਕੋਲੋਂ ਅਜਿਹੇ ਪ੍ਰਸਤਾਵ ਹਾਸਲ ਕਰਨੇ ਹੁੰਦੇ ਹਨ। ਇਸ ਸਭ ਲਈ ਬਹੁਤ ਹੀ ਕੁਸ਼ਲ, ਪ੍ਰਭਾਵੀ ਅਤੇ ਚੁਸਤ-ਦਰੁਸਤ ਸੰਚਾਰ ਮਾਧਿਅਮ ਕੇਂਦਰ ਅਤੇ ਉਪ ਕੇਂਦਰ ਵਿਚਕਾਰ ਹੋਣੇ ਜ਼ਰੂਰੀ ਹਨ, ਜਦੋਂ ਤਕ ਕਿ ਸਾਰੀ ਸੰਸਥਾ ਤਾਨਾਸ਼ਾਹ ਅਤੇ ਵੱਡੀ ਪੱਧਰ 'ਤੇ ਕੇਂਦਰੀਕ੍ਰਿਤ ਨਾ ਹੋਵੇ। ਭਾਵੇਂ ਕਿ ਆਮ ਪ੍ਰਭਾਵ ਹੈ ਕਿ ਸਰਕਾਰੀ ਸੰਸਥਾਵਾਂ ਉੱਪਰ ਤੋਂ ਹੇਠਾਂ ਨੂੰ ਬਹੁਤ ਹੀ ਕੇਂਦਰੀਕ੍ਰਿਤ ਵਾਤਾਵਰਨ ਵਿਚ ਕੰਮ ਕਰਦੀਆਂ ਹਨ, ਸਚਾਈ ਇਹ ਹੈ ਕਿ ਸਰਕਾਰੀ ਤੌਰ ਤੇ ਵੱਖ-ਵੱਖ ਪੱਧਰਾਂ 'ਤੇ ਕਾਫ਼ੀ ਲਚਕੀਲਾਪਨ, ਆਜ਼ਾਦੀ ਅਤੇ ਖ਼ੁਦਮੁਖ਼ਤਿਆਰੀ ਮੌਜੂਦ ਹੈ। ਸਿੱਟੇ ਵਜੋਂ, ਬਜਟ ਪ੍ਰਸਤਾਵ ਉਤੋਂ ਹੇਠਾਂ ਤਕ ਦੀ ਪ੍ਰਕਿਰਿਆ ਅਧੀਨ ਸਮਾਂਬਧ ਸੀਮਾ ਤਹਿਤ ਮੰਗਵਾਏ ਜਾਣੇ ਹੁੰਦੇ ਹਨ ਜਿਨ੍ਹਾਂ ਦੀ ਵੱਖ-ਵੱਖ ਪੱਧਰਾਂ 'ਤੇ ਢੁਕਵੀਂ ਤੁਲਨਾ ਕਰਕੇ ਅੱਗੋਂ ਕੇਂਦਰੀ ਮੰਤਰਾਲੇ ਜਾਂ ਵਿਭਾਗ ਨੂੰ ਭੇਜਿਆ ਜਾਣਾ ਹੁੰਦਾ ਹੈ। ਉਹ ਮੰਤਰਾਲਾ ਅਤੇ ਵਿਭਾਗ, ਜਿਥੇ ਫੀਸ, ਜੁਰਮਾਨੇ, ਕਰ, ਉਗਰਾਹੀ ਆਦਿ ਦੇ ਰੂਪ ਵਿਚ ਆਮਦਨ ਦੇ ਅਟੁੱਟ ਸਰੋਤ ਮੌਜੂਦ ਹੁੰਦੇ ਹਨ, ਉਥੇ ਇਹੋ ਜਿਹੇ ਪ੍ਰਸਤਾਵ ਆਮਦਨ ਪੱਖ ਦੇ ਵੀ ਬਣਾਏ ਜਾਂਦੇ ਹਨ ਜਿਸ ਵਿਚ ਮੁੱਲੰਕਣ ਜਾਂ ਸੋਧਾਂ ਕਰਨ ਦੇ ਸੁਝਾਅ ਸ਼ਾਮਿਲ ਹੁੰਦੇ ਹਨ।

ਇਹ ਸਾਰੀ ਪ੍ਰਕਿਰਿਆ ਲੰਮਾ ਸਮਾਂ ਲੈਂਦੀ ਹੈ ਪਰ ਵਿਕੇਂਦਰੀਕ੍ਰਿਤ ਲੋਕਤੰਤਰਿਕ ਪ੍ਰਣਾਲੀ ਵਿਚ ਇਸ ਨੂੰ ਬਿਲਕੁਲ ਵੀ ਟਾਲਿਆ ਨਹੀਂ ਜਾ ਸਕਦਾ। ਵੱਖ-ਵੱਖ ਪੱਧਰਾਂ 'ਤੇ, ਸਰਕਾਰੀ ਸੰਸਥਾਵਾਂ ਬਜਟ ਦੀ ਤਿਆਰੀ ਲਈ ਲੋਕਾਂ ਦੀ ਭਾਗੀਦਾਰੀ ਕਰ ਸਕਦੀਆਂ ਹਨ। ਪਰ, ਵਰਤਮਾਨ ਸਮੇਂ, ਸਾਲਾਨਾ ਬਜਟ ਦੀ ਤਿਆਰੀ ਲਈ ਲੋਕਾਂ ਦੀ ਭਾਗੀਦਾਰੀ ਜੇ ਹੈ ਤਾਂ ਉਹ ਯੋਗਾਤਮਕ ਪੱਧਰ ਤਕ ਹੀ ਹੈ। ਇਹ ਵੀ ਜ਼ਿਆਦਾਤਰ ਜ਼ਿੰਦਗੀ ਦੇ ਵੱਖ-ਵੱਖ ਖੇਤਰਾਂ ਦੇ ਨਿੱਜੀ ਵਿਅਕਤੀਆਂ, ਯੂਨੀਅਨਾਂ ਦੇ ਪ੍ਰਤਿਨਿਧਾਂ, ਸਭਾਵਾਂ, ਕਾਰਪੋਰੇਸ਼ਨਾਂ ਅਤੇ ਖੇਤਰਾਂ ਤੋਂ ਸਲਾਹ, ਸੁਝਾਅ ਅਤੇ ਖ਼ਾਸ ਮਸ਼ਵਰਾ ਲੈਣ ਤਕ ਹੀ ਸੀਮਤ ਹੈ। ਭਾਵੇਂ ਕਿ ਬਜਟ ਬਣਾਉਣ ਦੀ ਪ੍ਰਕਿਰਿਆ ਸਮਾਜ ਅਤੇ ਵੱਖ-ਵੱਖ ਧਿਰਾਂ ਦੀ ਹੇਠਲੇ ਪੱਧਰ ਤੋਂ ਭਾਗੀਦਾਰੀ ਦੀ ਆਗਿਆ ਦਿੰਦੀ ਹੈ, ਪਰ ਇਹ ਹੇਠਲੇ ਪੱਧਰ 'ਤੇ ਸਪੱਸ਼ਟ ਹਦਾਇਤਾਂ ਅਤੇ ਢੁਕਵੇਂ ਸਮੇਂ ਦੀ ਅਣਹੋਂਦ ਕਾਰਨ ਸਿਰੇ ਨਹੀਂ ਚੜ੍ਹਦੀ, ਜਿਸ ਦਾ ਕਾਰਨ ਉਤਲੇ ਪੱਧਰ ਤੋਂ ਇਤਫਾਕਨ ਦੇਰੀ ਨਾਲ ਪੁੱਜਿਆ ਸੁਨੇਹਾ ਹੁੰਦਾ ਹੈ।

ਜਦੋਂ ਹੇਠਲੇ ਪੱਧਰ ਤੋਂ ਇਹ ਸਾਰੇ ਪ੍ਰਸਤਾਵ

ਇਕੱਠੇ ਕਰਕੇ, ਵਿੱਤ ਮੰਤਰਾਲਾ ਦੇ ਵੱਖ-ਵੱਖ ਪੱਧਰਾਂ ਨਾਲ ਤੁਲਨਾ ਅਤੇ ਢੁਕਵੀਂ ਵਰਗ ਵੰਡ ਕਰ ਲਏ ਜਾਂਦੇ ਹਨ ਤਾਂ ਅਜਿਹੀ ਕਾਰਵਾਈ ਬਜਟ ਦੇ ਗਣਿਤ ਦੀ ਨਿਰੰਤਰਤਾ ਬਣਾਈ ਰੱਖਣ ਲਈ ਆਜ਼ਾਦਾਨਾ ਤੌਰ ਤੇ ਵੀ ਕੀਤੀ ਜਾਂਦੀ ਹੈ। ਇਸ ਪੜਾਅ 'ਤੇ, ਬਜਟ ਬਣਾਉਣ ਲੱਗਿਆਂ ਖਰਚ ਅਤੇ ਆਮਦਨ ਪੱਖ ਦੀਆਂ ਅਨੇਕ ਮਜਬੂਰੀਆਂ ਨੂੰ ਵੀ ਧਿਆਨ ਵਿਚ ਰੱਖਣਾ ਪੈਂਦਾ ਹੈ। ਇਸੇ ਤਰ੍ਹਾਂ ਹੀ, ਵਿੱਤੀ ਜ਼ਿੰਮੇਵਾਰੀਆਂ ਅਤੇ ਬਜਟ ਪ੍ਰਬੰਧਨ ਐਕਟ ਵਲੋਂ ਲਾਈਆਂ ਪਾਬੰਦੀਆਂ ਨੂੰ ਆਮਦਨ ਘਾਟੇ, ਮੁੱਖ ਘਾਟੇ, ਵਿੱਤੀ ਘਾਟੇ ਅਤੇ ਕੁੱਲ ਜਨਤਕ ਕਰਜ਼ੇ ਦੇ ਪਰਿਪੇਖ ਵਿਚ ਧਿਆਨ ਵਿਚ ਰੱਖਣਾ ਪੈਂਦਾ ਹੈ।

ਆਮਦਨ ਪੱਖ ਤੋਂ, ਧਿਆਨ ਵਿਚ ਰੱਖਣ ਵਾਲੀਆਂ ਪਾਬੰਦੀਆਂ ਸੁਖਦ ਮਾਨਤਾਵਾਂ ਦੇ ਪਰਿਪੇਖ ਵਿਚ ਹਨ ਜਿਨ੍ਹਾਂ ਦੇ ਆਧਾਰ 'ਤੇ ਵੱਖ-ਵੱਖ ਕਰ ਅਤੇ ਗ਼ੈਰ-ਕਰ ਪ੍ਰਾਪਤੀਆਂ ਦਾ ਅੰਦਾਜ਼ਾ ਲਾਉਣਾ ਹੁੰਦਾ ਹੈ। ਇਹ ਮਾਨਤਾਵਾਂ ਸਾਫ਼ ਤੌਰ ਤੇ ਵਿਆਪਕ ਆਰਥਿਕ ਵਾਤਾਵਰਨ ਦੇ ਪਰਿਪੇਖ ਵਿਚ ਹੁੰਦੀਆਂ ਹਨ। ਜਿਸ ਦੇ ਲਾਗੂ ਹੋਣ ਦੀ ਉਮੀਦ ਹੁੰਦੀ ਹੈ ਅਤੇ ਅਰਥਚਾਰੇ ਲਈ, ਜਿਸ ਦਾ ਨਤੀਜਾ ਵਿਆਪਕ ਜੋੜ ਜਿਵੇਂ ਅਸਲ ਆਮਦਨ ਜਾਂ ਖੇਤਰਾਂ, ਆਯਾਤ, ਨਿਰਯਾਤ ਅਤੇ ਕੀਮਤਾਂ ਦੇ ਪੱਧਰ ਵਿਚ ਬਦਲਾਅ, ਵਟਾਂਦਰਾ ਦਰ, ਕਾਰਪੋਰੇਟ ਮੁਨਾਫ਼ਾ ਅਤੇ ਸੌਦਿਆਂ ਦੀ ਮਾਤਰਾ ਦੇ ਸਟੀਕ ਅੰਦਾਜ਼ੇ ਦੇ ਰੂਪ ਵਿਚ ਨਿਕਲਦਾ ਹੈ।

ਆਖ਼ਿਰ ਨੂੰ, ਇਹ ਸਾਰੇ ਹਿਸਾਬ-ਕਿਤਾਬ ਸਿੱਧੇ ਤੌਰ ਤੇ ਦੋ ਬੁਨਿਆਦੀ ਮਾਨਤਾਵਾਂ – ਅਸਲ ਆਮਦਨ ਦਾ ਵਿਕਾਸ (ਸਥਿਰ ਕੀਮਤਾਂ ਤੇ ਕੁੱਲ ਘਰੇਲੂ ਉਤਪਾਦ) ਅਤੇ ਆਉਣ ਵਾਲੇ ਵਰ੍ਹੇ ਅੰਦਰ ਰਹਿਣ ਵਾਲੀ ਮਹਿੰਗਾਈ ਦਰ 'ਤੇ ਨਿਰਭਰ ਕਰਦੇ ਹਨ। ਇਹੀ ਮਾਨਤਾਵਾਂ ਬਜਟ ਦੀ ਸੋਚ ਪਿੱਛੇ ਹੁੰਦੀਆਂ ਹਨ ਜਾਂ ਬੁਨਿਆਦੀ ਤੌਰ ਤੇ ਉਹ ਟੀਚੇ ਜੋ ਬਜਟ ਬਣਾਉਣ ਦੀ ਬੁਨਿਆਦ ਹੁੰਦੇ ਹਨ। ਇਨ੍ਹਾਂ ਦੋ ਟੀਚਿਆਂ ਤੋਂ ਜ਼ਰਾ ਜਿੰਨਾ ਵੀ ਆਸੇ-ਪਾਸੇ ਜਾਣਾ ਆਮਦਨ ਪ੍ਰਾਪਤੀ ਅਤੇ ਐੱਫ ਆਰ ਬੀ ਐੱਮ ਦੇ ਟੀਚਿਆਂ ਬਾਰੇ ਬਜਟ ਦੇ ਹਿਸਾਬ-ਕਿਤਾਬ ਨੂੰ ਗ਼ੈਰ ਪ੍ਰਸੰਗਿਕ ਬਣਾ ਕੇ ਰੱਖ ਦੇਵੇਗਾ ਅਤੇ ਬਜਟ ਤਿਆਰ ਕਰਨ ਦੀ ਪ੍ਰਕਿਰਿਆ 'ਤੇ ਸਵਾਲੀਆ ਨਿਸ਼ਾਨ ਲੱਗ ਜਾਵੇਗਾ। ਇਸ ਕਰਕੇ, ਮੱਧ ਵਰਤੀ ਮੁੱਲੰਕਣ ਵਾਰ-ਵਾਰ ਕੀਤੇ ਜਾਂਦੇ ਹਨ, ਖ਼ਾਸ ਕਰਕੇ ਉਦੋਂ ਜਦੋਂ ਸ਼ਕਤੀਸ਼ਾਲੀ ਬਾਹਰੀ ਝਟਕੇ ਲਗਦੇ ਹਨ ਜੋ ਬੁਨਿਆਦੀ ਮਾਨਤਾਵਾਂ ਅਤੇ ਬਜਟ ਦੇ ਟੀਚਿਆਂ ਦੀ ਪੁਨਰ-ਸਮੀਖਿਆ ਜ਼ਰੂਰੀ ਬਣਾ ਦਿੰਦੇ ਹਨ।

ਖਰਚ ਵਾਲੇ ਪੱਖ ਤੋਂ, ਕੁੱਲ ਪੱਧਰ 'ਤੇ ਪਾਬੰਦੀਆਂ ਵਚਨਬੱਧ ਖਰਚਿਆਂ ਦੇ ਮਾਮਲੇ ਵਿਚ ਹੁੰਦੀਆਂ ਹਨ। ਇਨ੍ਹਾਂ ਵਿਚ ਖ਼ਾਸ ਤੌਰ ਤੇ ਪਿਛਲੇ ਸਾਲਾਂ ਅੰਦਰ ਸੰਚਿਤ ਜਨਤਕ ਕਰਜ਼ੇ ਤੇ ਅਦਾ ਕੀਤੇ ਵਿਆਜ ਦਾ ਭੁਗਤਾਨ ਸ਼ਾਮਿਲ ਹੁੰਦਾ ਹੈ। ਇਸੇ ਤਰ੍ਹਾਂ ਹੀ, ਕੇਂਦਰ ਸਰਕਾਰ ਦੀ ਪੈਨਸ਼ਨ ਦੇਣ ਦੀ ਜ਼ਿੰਮੇਵਾਰੀ ਵੀ ਪੂਰੀ ਕਰਨੀ ਹੁੰਦੀ ਹੈ। ਮੌਜੂਦਾ ਸਰਕਾਰੀ ਕਰਮਚਾਰੀਆਂ ਨੂੰ ਦਿਤੀਆਂ ਜਾਣ ਵਾਲੀਆਂ ਤਨਖ਼ਾਹਾਂ ਵੀ ਵਚਨਬੱਧ ਖਰਚੇ ਵਿਚ ਸ਼ਾਮਿਲ ਹੁੰਦੀਆਂ ਹਨ ਜਦ ਤਕ ਕਿ ਸਰਕਾਰ ਰੁਜ਼ਗਾਰ ਘੱਟ ਕਰਨ ਦੀ ਯੋਜਨਾ ਬਣਾ ਲਏ। ਹਾਲ ਹੀ ਵਿਚ ਅਨੇਕ ਕਾਨੂੰਨ ਲਾਗੂ ਕੀਤੇ ਗਏ ਹਨ ਜਿਨ੍ਹਾਂ ਵਿਚ ਸਬਸਿਡੀਆਂ ਦੇ ਰੂਪ ਵਿਚ ਵੱਡੇ ਜਨਤਕ ਖਰਚੇ ਦੀ ਵਚਨਬਧਤਾ ਕੀਤੀ ਗਈ ਹੈ, ਜਿਵੇਂ ਅੰਨ ਸੁਰੱਖਿਆ ਕਾਨੂੰਨ, ਸਿੱਖਿਆ ਦਾ ਅਧਿਕਾਰ ਕਾਨੂੰਨ ਆਦਿ। ਹੋਰ ਬਹੁਤ ਸਾਰੀਆਂ ਸਬਸਿਡੀਆਂ ਵੀ ਸਰਕਾਰ ਵਲੋਂ ਲੋਕਾਂ ਨੂੰ ਵਚਨਬੱਧ ਕੀਤੀਆਂ ਗਈਆਂ ਹਨ। ਭਾਵੇਂ ਕਿ ਇਹ ਅਤੇ ਰੱਖਿਆ ਖਰਚੇ ਸਖ਼ਤੀ ਨਾਲ ਕਿਸੇ ਵੀ ਆਰਥਿਕਤਾ ਵਿਚ ਵਚਨਬੱਧ ਖਰਚੇ ਨਹੀਂ ਹਨ, ਇਹ ਰਾਜਨੀਤਕ ਅਤੇ ਵਿਹਾਰਕ ਤੌਰ ਤੇ ਬਹੁਤ ਹੀ ਸੰਵੇਦਨਸ਼ੀਲ ਮਸਲਾ ਹੈ ਜਿਸ ਨੂੰ ਸਰਕਾਰ ਦੇ ਅਰਧ-ਵਚਨਬੱਧ ਖਰਚੇ ਸਰਕਾਰ ਵਲੋਂ ਦਿਤੇ ਹੀ ਜਾਣੇ ਹਨ ਅਤੇ ਸਰਕਾਰਾਂ ਕੋਲ ਇਨ੍ਹਾਂ ਨੂੰ ਘੱਟ ਕਰਨ ਜਾਂ ਪੁਨਰਵੰਡ ਕਰਨ ਦੀ ਗੁੰਜਾਇਸ਼ ਨਾਂ ਦੇ ਬਰਾਬਰ ਹੈ।

ਇਸ ਸੰਦਰਭ ਵਿਚ ਇਹ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਸਾਲ 2013-14 ਵਿਚ ਕੁੱਲ ਘਰੇਲੂ ਉਤਪਾਦ ਅੰਦਰ ਅਜਿਹੇ ਵਚਨਬੱਧ ਖਰਚਿਆਂ ਵਿਚ 3.3 ਪ੍ਰਤਿਸ਼ਤ ਵਿਆਜ ਦੇ ਭੁਗਤਾਨ 2.3 ਪ੍ਰਤਿਸ਼ਤ ਤਨਖ਼ਾਹ ਅਤੇ ਪੈਨਸ਼ਨ, 2.2 ਪ੍ਰਤਿਸ਼ਤ ਮੁੱਖ ਸਬਸਿਡੀਆਂ ਅਤੇ 1.1 ਪ੍ਰਤਿਸ਼ਤ ਰੱਖਿਆ ਖਰਚੇ ਸ਼ਾਮਿਲ ਹਨ। ਰਲਾ-ਮਿਲਾ ਕੇ ਇਹ ਕੁੱਲ ਘਰੇਲੂ ਉਤਪਾਦ ਦਾ 8.9 ਪ੍ਰਤਿਸ਼ਤ ਬਣਦਾ ਹੈ। ਸੰਯੋਗਵਸ, ਕੇਂਦਰੀ ਸਰਕਾਰ ਦੀ ਸਾਲ 2013-14 ਵਿਚ ਕੁੱਲ ਆਮਦਨ ਪ੍ਰਾਪਤੀ ਵੀ ਕੁੱਲ ਘਰੇਲੂ ਉਤਪਾਦ ਦਾ 8.9 ਪ੍ਰਤਿਸ਼ਤ ਸੀ। ਇਸ ਪ੍ਰਕਾਰ 2013-14 ਦੇ ਕੇਂਦਰੀ ਬਜਟ ਦੀ ਆਮਦਨ ਪ੍ਰਾਪਤੀ ਵਚਨਬੱਧ ਖਰਚਿਆਂ ਦੀ ਭੇਟ ਚੜ੍ਹ ਗਈ। ਕਈ ਨਵੇਂ ਸਮਰਥਾ ਵਿਕਸਤ ਕਰਨ ਵਾਲੇ ਖਰਚੇ ਜਾਂ ਨਵੇਂ ਪ੍ਰਾਜੈਕਟ ਅਤੇ ਯੋਜਨਾਵਾਂ, ਕਰਜ਼ਾ ਪੈਦਾ ਨਾ ਕਰਨ ਵਾਲੀ ਪੂੰਜੀਗਤ ਆਮਦਨ ਪ੍ਰਾਪਤੀ ਜਿਵੇਂ ਵਿਨਿਵੇਸ਼ ਅਤੇ ਜਨਤਕ ਉਧਾਰ ਨਾਲ ਪੂਰੇ ਕਰਨੇ ਪੈਣਗੇ ਜਿਸ ਨਾਲ ਸਰਕਾਰ 'ਤੇ ਕਰਜ਼ੇ ਦਾ ਬੋਝ ਵਧ ਜਾਵੇਗਾ।

ਬਜਟ ਤਿਆਰੀ ਨੂੰ ਅੰਤਮ ਛੋਹਾਂ ਦੇਣ ਲਈ ਵਿੱਤ ਮੰਤਰਾਲਾ ਵਲੋਂ ਵੱਖ-ਵੱਖ ਮੰਤਰਾਲਿਆਂ ਤੇ ਵਿਭਾਗਾਂ ਤੋਂ ਖਰਚੇ ਅਤੇ ਆਮਦਨ ਸੰਬੰਧੀ ਪ੍ਰਾਪਤ ਪ੍ਰਸਤਾਵਾਂ ਨੂੰ ਇਕੱਤਰ ਕਰ ਕੇ ਉੱਚ ਪੱਧਰ 'ਤੇ ਉਸ ਦਾ ਮੁੱਲੰਕਣ ਕੀਤਾ ਜਾਂਦਾ ਹੈ। ਇਸ ਸਮੇਂ ਉਪਰ ਵਰਣਨ ਕੀਤੀਆਂ ਕੁੱਲ ਵਿਆਪਕ ਆਰਥਿਕ ਪਾਬੰਦੀਆਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ। ਬਜਟ ਤਿਆਰ ਕਰਨ ਵਿਚ ਜੋ ਵੀ ਆਜ਼ਾਦੀ ਅਤੇ ਲਚਕ ਮੌਜੂਦ ਹੁੰਦੀ ਹੈ, ਉਸ ਨੂੰ ਸਕੀਮਾਂ, ਪ੍ਰਾਜੈਕਟਾਂ ਅਤੇ ਯੋਜਨਾਵਾਂ ਦਾ ਪੁਨਰ-ਸਮੂਹੀਕਰਨ ਅਤੇ ਉਨ੍ਹਾਂ ਨੂੰ ਨਵਾਂ ਰੂਪ ਦੇਣ ਲਈ ਅਮਲ ਵਿਚ ਲਿਆਇਆ ਜਾਂਦਾ ਹੈ ਤਾਂ ਕਿ ਉਨ੍ਹਾਂ ਨੂੰ ਸਾਲ ਲਈ ਤਿਆਰ ਕੀਤੇ ਜਾ ਰਹੇ ਬਜਟ ਦੇ ਉਦੇਸ਼ਾਂ ਦੇ ਅਨੁਕੂਲ ਕੀਤਾ ਜਾ ਸਕੇ।

ਐੱਫ ਆਰ ਬੀ ਐੱਮ ਐਕਟ ਤੋਂ ਬਾਅਦ ਕੇਂਦਰ ਸਰਕਾਰ ਨੇ ਅਗਲੇ ਤਿੰਨ ਸਾਲਾਂ ਲਈ ਵਡੇਰੇ ਵਿੱਤੀ ਮਾਪਦੰਡਾਂ ਦੇ ਸੰਦਰਭ ਵਿਚ ਬਜਟ ਤਿਆਰ ਕਰਨਾ ਹੁੰਦਾ ਹੈ। ਵਿੱਤ ਮੰਤਰਾਲਾ ਦਰਮਿਆਨੀ ਮਿਆਦ ਲਈ ਸਪੱਸ਼ਟ ਵਿੱਤੀ ਸੁਦ੍ਰਿੜੀਕਰਨ ਯੋਜਨਾ ਤਿਆਰ ਕਰ ਰਿਹਾ ਹੈ ਜਿਸ ਵਿਚ ਸਪੱਸ਼ਟ ਵਿੱਤੀ ਰਣਨੀਤੀ ਖਰਚਾ ਹੋਵੇਗਾ ਜਿਸ ਵਿਚ ਅਨੇਕ ਪ੍ਰਸੰਗਿਕ ਵਿੱਤੀ ਅਤੇ ਵਿਆਪਕ ਜੋੜਾਂ ਬਾਰੇ ਖ਼ਾਸ ਟੀਚਿਆਂ ਅਤੇ ਮਾਨਤਾਵਾਂ ਬਾਰੇ ਦੱਸਿਆ ਹੋਵੇਗਾ। ਇਹ ਸਾਰੇ ਦਸਤਾਵੇਜ਼ ਕੇਂਦਰੀ ਬਜਟ ਦੇ ਦਸਤਾਵੇਜ਼ਾਂ ਦਾ ਅਨਿੱਖੜਵਾਂ ਅੰਗ ਬਣ ਜਾਂਦੇ ਹਨ ਜੋ ਜਨਤਕ ਬਹਿਸ ਅਤੇ ਪੜਚੋਲ ਲਈ ਉਪਲਬਧ ਹਨ।

## ਆਰਥਿਕ ਸਰਵੇਖਣ ਦੀ ਭੂਮਿਕਾ

ਕੇਂਦਰੀ ਬਜਟ ਤਿਆਰ ਕਰਨ ਦੀ ਸਮੁੱਚੀ ਪ੍ਰਕਿਰਿਆ ਵਿਚ ਇਕ ਆਜ਼ਾਦਾਨਾ ਖੋਜ, ਜੋ ਮੁੱਖ ਆਰਥਿਕ ਸਲਾਹਕਾਰ ਦੀ ਅਗਵਾਈ ਹੇਠ (ਵਿੱਤੀ ਮੰਤਰਾਲਾ ਅਧੀਨ ਅਤੇ ਕੇਂਦਰੀ ਅੰਕੜਾ ਦਫ਼ਤਰ ਵਲੋਂ ਸਹਾਇਤਾ ਪ੍ਰਾਪਤ) ਪੇਸ਼ਾਵਰ ਆਰਥਿਕ ਵਿੰਗ

ਵਲੋਂ ਕੀਤੀ ਜਾਂਦੀ ਹੈ, ਵੀ ਸ਼ਾਮਿਲ ਹੁੰਦੀ ਹੈ। ਉਹ ਭੂਤਕਾਲ, ਖ਼ਾਸ ਕਰਕੇ ਪਿਛਲੇ ਸਾਲ ਦੌਰਾਨ ਭਾਰਤੀ ਆਰਥਿਕਤਾ ਦੀ ਕਾਰਗੁਜ਼ਾਰੀ ਦਾ ਗੰਭੀਰ ਮੁੱਲੰਕਣ ਕਰਦੇ ਹਨ। ਇਹ ਐੱਸ ਡਬਲਯੂ ਓ ਟੀ ਦੀ ਪੜਚੋਲ ਹੁੰਦੀ ਹੈ – ਤਾਕਤ, ਕਮਜ਼ੋਰੀ, ਮੌਕਾ ਅਤੇ ਖ਼ਤਰੇ – ਜੋ ਭਾਰਤੀ ਆਰਥਿਕਤਾ ਨੂੰ ਦਰਪੇਸ਼ ਹਨ ਤਾਂ ਜੋ ਬੇਹਤਰ ਕਾਰਗੁਜ਼ਾਰੀ ਅਤੇ ਮੌਜੂਦਾ ਵਸੀਲਿਆਂ ਦਾ ਭਰਪੂਰ ਇਸਤੇਮਾਲ ਨੂੰ ਦਰਪੇਸ਼ ਵਰਤਮਾਨ ਚੁਨੌਤੀਆਂ ਨੂੰ ਸਪੱਸ਼ਟ ਕਰਦੀ ਹੈ ਜਿਨ੍ਹਾਂ ਨੂੰ ਮੌਜੂਦਾ ਬਜਟ ਵਿਚ ਹੱਲ ਕੀਤਾ ਜਾ ਸਕਦਾ ਹੈ। ਇਸ ਪ੍ਰਕਾਰ, ਬਜਟ ਦਾ ਆਰਥਿਕ ਸਰਵੇਖਣ ਦੇ ਖ਼ਾਕੇ ਅੰਦਰ ਢੁੱਕਵਾਂ ਮੁੱਲੰਕਣ ਹੋਣਾ ਚਾਹੀਦਾ ਹੈ।

ਇਹ ਨੀਤੀ ਬਦਲਾਅ ਅਤੇ ਸਰਕਾਰ ਵਲੋਂ ਅਪਨਾਏ ਜਾ ਸਕਣ ਵਾਲੇ ਪ੍ਰਸਤਾਵਿਤ ਕਦਮਾਂ ਲਈ ਇਕ ਖ਼ਾਕਾ ਪ੍ਰਦਾਨ ਕਰਦਾ ਹੈ। ਇਸ ਤਹਿਤ ਉਹ ਸਾਰੇ ਪੱਖ ਅਤੇ ਖੇਤਰ ਆਉਂਦੇ ਹਨ ਜਿਨ੍ਹਾਂ ਵਿਚ ਵਿੱਤੀ ਨੀਤੀ 'ਤੇ ਵਿਸ਼ੇਸ਼ ਧਿਆਨ ਦਿੰਦਿਆਂ ਕੇਂਦਰੀ ਸਰਕਾਰ ਦੀ ਦਿਲਚਸਪੀ ਹੋ ਸਕਦੀ ਹੈ। ਸੰਖੇਪ ਵਿਚ, ਆਰਥਿਕ ਸਰਵੇਖਣ ਥੋੜ੍ਹੇ ਅਤੇ ਲੰਮੇ ਸਮੇਂ ਵਿਚ ਕੇਂਦਰੀ ਸਰਕਾਰ ਦੀ ਵਿੱਤੀ ਨੀਤੀ ਵਿਚ ਬਦਲਾਅ ਲਈ ਬਹੁਤ ਹੀ ਜਾਇਜ਼ ਅਤੇ ਸਪੱਸ਼ਟ ਖ਼ਾਕਾ ਪ੍ਰਦਾਨ ਕਰਦਾ ਹੈ।

ਜੇ ਵਿੱਤ ਮੰਤਰਾਲਾ ਆਰਥਿਕ ਸਰਵੇਖਣ ਵਿਚ ਦਿਤੀਆਂ ਸਿਫ਼ਾਰਿਸ਼ਾਂ ਤੋਂ ਭਟਕ ਜਾਏ, ਕੁੱਝ ਅਪਵਾਦਾਂ ਨੂੰ ਛੱਡ ਕੇ, ਉਹ ਸਪੱਸ਼ਟ ਤੌਰ ਤੇ ਵਰਨਣ ਕਰਦਾ ਹੈ ਅਤੇ ਵਿਸਥਾਰ ਵਿਚ ਸਫ਼ਾਈ ਪੇਸ਼ ਕਰਦਾ ਹੈ ਕਿ ਕੁੱਝ ਸਮੇਂ ਲਈ ਉਸ ਨੇ ਰਸਤੇ ਤੋਂ ਹਟਣਾ ਕਿਉਂ ਚੁਣਿਆ। 1991 ਦੇ ਸੁਧਾਰਾਂ ਤੋਂ ਬਾਅਦ ਦੇਸ਼ ਵਿਚ ਇਹ ਰੁਝਾਨ ਰਿਹਾ ਹੈ। ਇਹ ਭਰੋਸੇਯੋਗ ਦਸਤਾਵੇਜ਼ ਵਜੋਂ ਆਰਥਿਕ ਸਰਵੇਖਣ ਦਾ ਕੱਦ ਵਧਾਉਂਦਾ ਹੈ ਜਿਸ ਵਿਚ ਸਰਕਾਰ ਲਈ ਅਨੁਮਾਨਿਤ ਵਿੱਤੀ ਨੀਤੀ 'ਤੇ ਚੱਲਣ ਦਾ ਰਸਤਾ ਦਿਖਾਇਆ ਹੁੰਦਾ ਹੈ। ਇਹ ਭਵਿੱਖੀ ਵਿੱਤੀ ਨੀਤੀ ਬਦਲਾਵਾਂ ਬਾਰੇ ਕੀਤੀਆਂ ਜਾਣ ਵਾਲੀਆਂ ਗ਼ੈਰ-ਜ਼ਰੂਰੀ ਪੇਸ਼ੀਨਗੋਈਆਂ ਨੂੰ ਘਟਾਉਂਦਾ ਹੈ ਅਤੇ ਲੰਮੇ ਸਮੇਂ ਲਈ ਘਰੇਲੂ ਅਤੇ ਵਿਦੇਸ਼ੀ ਨਿਵੇਸ਼ਕਾਂ ਲਈ ਘੱਟ ਅਨਿਸਚਿਤਤਾ ਦਾ ਵਾਤਾਵਰਨ ਪੈਦਾ ਕਰਦਾ ਹੈ।

## ਸੁਧਾਰਾਂ ਲਈ ਏਜੰਡਾ

ਆਮ ਤੌਰ ਤੇ ਅਰਥਸ਼ਾਸਤਰੀਆਂ ਵਿਚ ਆਮ ਸਹਿਮਤੀ ਹੁੰਦੀ ਹੈ ਕਿ ਵਿੱਤੀ ਨੀਤੀ ਵਿਚ ਲੰਮੇ ਸਮੇਂ ਦੇ ਟੀਚੇ ਅਤੇ ਵਿਆਪਕ ਆਰਥਿਕ ਵਾਤਾਵਰਨ ਵਿਚ ਸਥਾਈ ਦਖ਼ਲ ਬਾਰੇ ਹੱਲ ਹੋਣਾ ਚਾਹੀਦਾ ਹੈ। ਭਾਰਤ ਵਰਗੇ ਸੰਘੀ ਲੋਕਤੰਤਰਿਕ ਦੇਸ਼ ਅੰਦਰ, ਜਿਥੇ ਭਾਰਤੀ ਰਿਜ਼ਰਵ ਬੈਂਕ ਕਾਫ਼ੀ ਹੱਦ ਤਕ ਸੁੰਤਤਰ ਹੈ, ਅਕਸਰ ਰਾਜਨੀਤਕ ਮਜਬੂਰੀਆਂ ਵਿੱਤੀ ਮਾਮਲਿਆਂ ਵਿਚ ਸਾਵਧਾਨੀਆਂ 'ਤੇ ਭਾਰੀ ਪੈ ਜਾਂਦੀਆਂ ਹਨ। ਇਸ ਲਈ, ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਸਰਕਾਰਾਂ ਨੂੰ ਅਨੁਸ਼ਾਸਨ ਵਿਚ ਰੱਖਣ ਲਈ ਸਖ਼ਤ ਵਿੱਤੀ ਨੇਮਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾ ਸਕੇ। ਐੱਫ ਆਰ ਬੀ ਐੱਮ ਐਕਟ ਇਸ ਦਿਸ਼ਾ ਵਿਚ ਇਕ ਕੋਸ਼ਿਸ਼ ਹੈ। ਪਰ, ਇਸ ਵਿਚਲੇ ਕਾਨੂੰਨ, ਜਿਵੇਂ ਸਿਫ਼ਰ ਆਮਦਨੀ ਘਾਟਾ ਜਾਂ ਕੁੱਲ ਘਰੇਲੂ ਉਤਪਾਦ ਦਾ 3 ਪ੍ਰਤਿਸ਼ਤ ਤੋਂ ਉਪਰ ਨਾ ਜਾਣ ਵਾਲਾ ਵਿੱਤੀ ਘਾਟਾ, ਆਰਥਿਕਤਾ ਵਿਚ ਆਉਣ ਵਾਲੇ ਮੌਸਮੀ ਉਤਾਰ-ਚੜ੍ਹਾਅ ਅਧੀਨ, ਵਿੱਤੀ ਨੀਤੀਆਂ ਵਿਚ ਤਰਕਸੰਗਤ ਬਦਲਾਅ ਯਕੀਨੀ ਬਣਾਉਣ ਲਈ ਕਾਫ਼ੀ ਨਹੀਂ ਹਨ। ਵਿਰੋਧੀ-ਚੱਕਰੀ ਵਿੱਤੀ ਨੀਤੀ ਕਾਨੂੰਨਾਂ 'ਤੇ ਪਹਿਲਾਂ ਸਹਿਮਤੀ ਬਣਨੀ ਜ਼ਰੂਰੀ ਹੈ, ਬਾਅਦ ਵਿਚ ਬਜਟ ਤਿਆਰ ਕਰਨ ਦੀ ਪ੍ਰਕਿਰਿਆ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ।

ਇਕ ਹੋਰ ਜ਼ਰੂਰੀ ਲੋੜੀਂਦਾ ਸੁਧਾਰ ਇਕ ਉੱਚ ਤਾਕਤੀ ਕਮੇਟੀ ਦੀ ਸਥਾਪਨਾ ਕਰਨਾ ਹੈ ਜਿਸ ਵਿਚ ਅਰਥਸ਼ਾਸਤਰੀ ਅਤੇ ਵਿਆਪਕ ਆਰਥਿਕਤਾ ਦੇ ਪ੍ਰਬੰਧਕ ਮੁਖੀ ਹੋਣ ਜੋ ਦੇਸ਼ ਲਈ ਪ੍ਰਸਤਾਵਿਤ ਮੁਦਰਾ ਨੀਤੀ ਕਮੇਟੀ ਵਾਂਗ ਵਿੱਤੀ ਨੀਤੀ ਬਣਾਉਣ। ਇਸ ਨਾਲ ਪੇਸ਼ਾਵਰਾਨਾ ਪਹੁੰਚ, ਪਾਰਦਰਸ਼ਿਤਾ ਅਤੇ ਸਾਰੀ ਪ੍ਰਕਿਰਿਆ ਵਿਚ ਜਵਾਬਦੇਹੀ ਨਿਸ਼ਚਿਤ ਹੋਵੇਗੀ। ਆਖ਼ਰ ਨੂੰ, ਨਿਵੇਸ਼ਕਾਂ ਅਤੇ ਉਤਪਾਦਕਾਂ ਦਰਮਿਆਨ ਬਜਟ ਤਿਆਰ ਕਰਨ ਦੀ ਭਰੋਸੇਯੋਗਤਾ ਵਧਣੀ ਚਾਹੀਦੀ ਹੈ ਅਤੇ ਇਹ ਉਨ੍ਹਾਂ ਨੂੰ ਘੱਟ ਜ਼ੋਖਮ ਦੇਖਣ ਅਤੇ ਅਨਿਸਚਿਤਤਾਵਾਂ ਨਾਲ ਸਿੱਝਣ ਵਿਚ ਸਹਾਇਕ ਹੋਣੀ ਚਾਹੀਦੀ ਹੈ।

ਅੰਤ ਵਿਚ, ਉੱਪਰ ਦਿਤੇ ਅਨੁਸਾਰ ਬਜਟ ਪ੍ਰਕਿਰਿਆਵਾਂ ਨੂੰ ਵੱਖ-ਵੱਖ ਪੜਾਵਾਂ 'ਤੇ ਲੋਕਾਂ ਅਤੇ ਸਮਾਜ ਦੀ ਪ੍ਰਭਾਵੀ ਸ਼ਮੂਲੀਅਤ ਲਈ ਪ੍ਰਭਾਵੀ ਤਰੀਕੇ ਨਾਲ ਇਸਤੇਮਾਲ ਕੀਤਾ ਜਾ ਸਕਦਾ ਹੈ। ਇਹ ਬਹੁ-ਪੱਧਰੀ ਬਜਟ ਤਿਆਰ ਕਰਨ ਦੇ ਫ਼ੈਸਲੇ ਲੈਣ ਦੇ ਵਿਕੇਂਦਰੀਕਰਨ ਦੇ ਸੰਕਲਪ ਦੇ ਅਨੁਸਾਰ ਹੀ ਹੈ। ਦੇਸ਼ ਕਿਉਂਕਿ ਵਧੇਰੇ ਵਿੱਤੀ ਖ਼ੁਦਮੁਖਤਿਆਰੀ ਅਤੇ ਕੇਂਦਰੀਕ੍ਰਿਤ ਪ੍ਰਣਾਲੀ ਤੋਂ ਸਰਕਾਰ ਦੇ ਹੇਠਲੇ ਪੱਧਰਾਂ ਦੀ ਜਵਾਬਦੇਹੀ ਵੱਲ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ, ਲੋਕਾਂ ਦੀ ਸ਼ਮੂਲੀਅਤ ਲਈ ਮੌਜੂਦਾ ਪ੍ਰਕਿਰਿਆਵਾਂ ਨੂੰ ਹੋਰ ਤਿੱਖੇ ਕਰਨਾ ਹੀ ਤਰਕਸੰਗਤ ਹੈ।


*(ਲੇਖਕ ਪਿਛਲੇ 30 ਸਾਲਾਂ ਤੋਂ ਪ੍ਰੋਫੈਸਰ, ਆਈ ਆਈ ਐੱਮ, ਅਹਿਮਦਾਬਾਦ ਹੈ।)*

*e-mail :rdholkia@iimahd.ermet.in*



***ਸਫ਼ਾ 56 ਦੀ ਬਾਕੀ***


ਕਰੋੜ ਰੁਪਏ ਦੀ ਤਜਵੀਜ਼ ਰੱਖੀ ਹੈ। ਇਹ ਰਕਮ ਮੌਜੂਦਾ ਮਾਲੀ ਸਾਲ ਦੇ ਬਜਟ ਨਾਲੋਂ 7.7 ਪ੍ਰਤਿਸ਼ਤ ਜ਼ਿਆਦਾ ਹੈ। ਪਿਛਲੇ ਸਾਲ ਲਈ ਰੱਖਿਆ ਮੰਤਰਾਲਾ ਨੂੰ 2,29,000 ਕਰੋੜ ਰੁਪਏ ਦਿਤੇ ਗਏ ਸਨ। ਸੰਨ 2015-16 ਵਿਚ 94,588 ਕਰੋੜ ਰੁਪਏ ਮੁੱਲ ਦੇ ਨਵੇਂ ਹਥਿਆਰ ਅਤੇ ਸਾਜ਼-ਸਾਮਾਨ ਖਰੀਦੇ ਜਾਣ ਦੀ ਆਸ ਹੈ। ਪਿਛਲੇ ਸਾਲ ਰੱਖਿਆ ਮੰਤਰਾਲਾ ਹਥਿਆਰਾਂ ਆਦਿ ਦੇ ਆਧੁਨਿਕੀਕਰਨ ਲਈ 12,622 ਕਰੋੜ ਰੁਪਏ ਖਰਚ ਨਹੀਂ ਸੀ ਕਰ ਸਕਿਆ। ਇਸ ਵੇਲੇ ਦੇਸ਼ ਨੂੰ ਆਪਣੀਆਂ ਹਥਿਆਰਬੰਦ ਸੈਨਾਵਾਂ ਦੇ ਆਧੁਨਿਕੀਕਰਨ ਦੀ ਜ਼ਬਰਦਸਤ ਜ਼ਰੂਰਤ ਹੈ, ਜਿਵੇਂ ਕਿ ਨਵੇਂ ਲੜਾਕੂ ਹਵਾਈ ਜਹਾਜ਼ਾਂ, ਪਣਡੁੱਬੀਆਂ, ਹੈਲੀਕਾਪਟਰਾਂ, ਮਿਜ਼ਾਈਲਾਂ ਅਤੇ ਤੋਪਖ਼ਾਨੇ ਦੀ ਖਰੀਦ। ਹੁਣ ਸਰਕਾਰ ਨੇ ਰੱਖਿਆ ਦੇ ਖੇਤਰ ਵਿਚ ਵਿਦੇਸ਼ੀ ਪੂੰਜੀ ਲਾਉਣ ਦੀ ਆਗਿਆ ਦੇ ਦਿਤੀ ਹੈ ਤਾਂ ਕਿ ਸਾਡੇ ਆਪਣੇ ਫੌਜੀ ਕਾਰਖ਼ਾਨੇ ਮਾਲ ਬਰਾਮਦ ਵੀ ਕਰ ਸਕਣ। ਸਾਡੀ ਸਰਕਾਰ ਦੇ ਕੁੱਲ ਖਰਚ ਦਾ 13.88 ਪ੍ਰਤਿਸ਼ਤ ਰੱਖਿਆ ਕਾਰਜਾਂ 'ਤੇ ਹੁੰਦਾ ਹੈ, ਜਿਹੜਾ ਚੀਨ ਦੇ ਖਰਚੇ ਨਾਲੋਂ ਬਹੁਤ ਘੱਟ ਹੈ। ਇਸ ਦੇ ਨਾਲ ਹੀ ਸਾਨੂੰ ਆਪਣੇ ਸਾਹਿਲਾਂ ਦੀ ਸੁਰੱਖਿਆ ਦੀ ਵੀ ਬੜੀ ਲੋੜ ਹੈ।

ਸਵਾ ਸੌ ਕਰੋੜ ਦੀ ਆਬਾਦੀ ਵਾਲੇ ਭਾਰਤ ਦੀਆ ਜ਼ਰੂਰਤਾਂ ਦਿਨੋ-ਦਿਨ ਵਧਦੀਆਂ ਜਾ ਰਹੀਆਂ ਹਨ। ਇਨ੍ਹਾਂ ਲੋੜਾਂ ਨੂੰ ਪੂਰਾ ਕਰਨ ਦੇ ਨਾਲ ਸਿਹਤ, ਸਿੱਖਿਆ, ਰੁਜ਼ਗਾਰਾਂ, ਏਕਤਾ ਅਤੇ ਸਾਂਝੀਵਾਲਤਾ ਦੀ ਸਭ ਤੋਂ ਜ਼ਿਆਦਾ ਜ਼ਰੂਰਤ ਹੈ।


*(ਲੇਖਕ ਸੁਤੰਤਰ ਪੱਤਰਕਾਰ ਹੈ।)*

*e-mail :srbatra@yahoo.com*

# 2015-16 ਦਾ ਕੇਂਦਰੀ ਬਜਟ ਤੇ ਸਵੱਛ ਭਾਰਤ ਦੀ ਦ੍ਰਿਸ਼ਟੀ

✍ ਨਿਰੂਪਮ ਹਜ਼ਰਾ

ਨਵੀਂ ਸਰਕਾਰ ਲਈ ਸਭ ਤੋਂ ਪ੍ਰਮੁੱਖ ਜ਼ੋਰ ਦੇਣ ਵਾਲੇ ਮੁੱਦਿਆਂ ਵਿਚੋਂ ਇਕ ਸਾਫ਼-ਸਫ਼ਾਈ ਅਤੇ ਸਵੱਛਤਾ ਦਾ ਮੁੱਦਾ ਹੈ। ਇਹ ਆਖਣ ਦੀ ਲੋੜ ਨਹੀਂ ਕਿ ਭਾਰਤ ਵਿਚ ਸਾਫ਼-ਸਫ਼ਾਈ ਅਤੇ ਸਵੱਛਤਾ ਦਾ ਕਿੰਨਾ ਭੈੜਾ ਅਤੇ ਸ਼ਰਮਨਾਕ ਹਾਲ ਹੈ - ਭਾਵੇਂ ਇਹ ਨਿੱਜੀ ਪੱਧਰ 'ਤੇ ਹੋਵੇ ਜਾਂ ਇਕ ਰਾਸ਼ਟਰ ਵਜੋਂ। ਭਾਰਤ ਅਜਿਹਾ ਦੇਸ਼ ਹੈ ਜਿਥੇ ਖੁੱਲ੍ਹੇ ਵਿਚ ਮਲ ਤਿਆਗਣ ਵਾਲਿਆਂ ਦੀ ਸੰਖਿਆ ਸਭ ਤੋਂ ਵੱਧ ਹੈ। ਇਹ ਸਿਰਫ਼ ਸ਼ਰਮ ਦਾ ਵਿਸ਼ਾ ਨਹੀਂ ਸਗੋਂ ਦੁੱਖ ਦਾ ਵੀ ਹੈ ਕਿਉਂਕਿ ਸਾਫ਼-ਸਫ਼ਾਈ ਅਤੇ ਸਵੱਛਤਾ ਦਾ ਸਿੱਧਾ ਸੰਬੰਧ ਰਾਸ਼ਟਰ ਦੀ ਸਿਹਤ ਨਾਲ ਹੈ। ਸੋ, ਜਦੋਂ ਨਵੀਂ ਸਰਕਾਰ ਨੇ ਸਾਫ਼-ਸਫ਼ਾਈ ਨੂੰ ਆਪਣੇ ਪਹਿਲ ਵਾਲੇ ਪ੍ਰਾਜੈਕਟਾਂ ਵਿਚ ਸ਼ਾਮਿਲ ਕੀਤਾ ਤਾਂ ਇਸ ਸਮੱਸਿਆ ਵੱਲ ਧਿਆਨ ਖਿੱਚਿਆ ਗਿਆ। ਇਹ ਰਾਸ਼ਟਰੀ ਸੰਵਾਦ ਦਾ ਹਿੱਸਾ ਬਣ ਗਿਆ ਅਤੇ ਰਾਸ਼ਟਰੀ ਮਹੱਤਵ ਵਾਲੇ ਮੁੱਦਿਆਂ ਵਿਚ ਸ਼ਾਮਿਲ ਹੋ ਗਿਆ।

## ਸਵੱਛ ਭਾਰਤ ਮਿਸ਼ਨ ਦੇ ਉਦੇਸ਼

ਸਵੱਛ ਭਾਰਤ ਮਿਸ਼ਨ ਆਪਣੇ ਆਪ ਵਿਚ ਕੋਈ ਨਵਾਂ ਪ੍ਰੋਗਰਾਮ ਨਹੀਂ, ਸਗੋਂ ਇਹ ਪਹਿਲਾਂ ਚਲਦੇ ਨਿਰਮਲ ਭਾਰਤ ਅਭਿਆਨ ਦਾ ਪੁਨਰ-ਗਠਿਤ ਰੂਪ ਹੈ। ਨਿਰਮਲ ਭਾਰਤ ਅਭਿਆਨ ਨੂੰ ਦੋ ਉੱਪ ਮਿਸ਼ਨਾਂ ਨਾਲ ਸਵੱਛ ਭਾਰਤ ਮਿਸ਼ਨ ਦਾ ਨਾਮ ਦਿਤਾ ਗਿਆ। ਦੋ ਉੱਪ ਮਿਸ਼ਨ ਹਨ - ਸਵੱਛ ਭਾਰਤ ਮਿਸ਼ਨ (ਪੇਂਡੂ) ਅਤੇ ਸਵੱਛ ਭਾਰਤ ਮਿਸ਼ਨ (ਸ਼ਹਿਰੀ)। ਇਸ ਅਭਿਆਨ ਦੇ ਪ੍ਰਸਤਾਵਿਤ ਉਦੇਸ਼ ਇਸ ਪ੍ਰਕਾਰ ਹਨ :

1) ਸਾਰੇ ਪੇਂਡੂ ਘਰਾਂ ਨੂੰ ਇਸ ਦਾਇਰੇ ਵਿਚ ਲਿਆਉਣਾ, ਜਿਸ ਵਿਚ ਨਿੱਜੀ ਘਰਾਂ ਦੇ ਪਖ਼ਾਨੇ, ਸਮੂਹਿਕ ਪਖ਼ਾਨੇ ਅਤੇ ਭਾਈਚਾਰੇ ਦੇ ਪਖ਼ਾਨੇ ਸ਼ਾਮਿਲ ਹਨ।

2) ਸਕੂਲਾਂ ਅਤੇ ਆਂਗਨਵਾੜੀ ਕੇਂਦਰਾਂ ਵਿਚ ਪਖ਼ਾਨਿਆਂ ਦੀ ਉਸਾਰੀ ਅਤੇ ਸਾਰੀਆਂ ਪਿੰਡ ਪੰਚਾਇਤਾਂ ਵਿਚ ਠੋਸ ਤਰਲ ਕੂੜਾ ਪ੍ਰਬੰਧਨ ਦੀਆਂ ਸਰਗਰਮੀਆਂ ਚਲਾਉਣਾ।

3) ਮੰਗ ਨੂੰ ਵਧਾਉਣਾ, ਵੱਖ-ਵੱਖ ਏਜੰਸੀਆਂ ਅਤੇ ਧਿਰਾਂ ਦੁਆਰਾ ਸੰਮਿਲਤ ਕਾਰਜ।

4) ਲਾਗੂ ਕਰਨ ਦੇ ਤੰਤਰ ਨੂੰ ਮਜ਼ਬੂਤ ਕਰਨਾ।

5) ਕੀਤੇ ਕੰਮ (ਪਖ਼ਾਨਿਆਂ ਦਾ ਨਿਰਮਾਣ) ਅਤੇ ਨਤੀਜਿਆਂ (ਪਖ਼ਾਨਿਆਂ ਦੀ ਵਰਤੋਂ) ਦੀ ਗਰਾਮ ਪੰਚਾਇਤ ਤੇ ਘਰਾਂ ਦੇ ਪੱਧਰ 'ਤੇ ਢੁੱਕਵੀ ਨਿਗਰਾਨੀ।

ਇਨ੍ਹਾਂ ਪ੍ਰਸਤਾਵਿਤ ਉਦੇਸ਼ਾਂ ਨੂੰ ਹਾਸਲ ਕਰਨ ਦੀ ਇਕ ਪਹਿਲੀ ਸ਼ਰਤ ਢੁਕਵੇਂ ਫ਼ੰਡ ਦੀ ਉਪਲਬਧਤਾ ਹੈ। ਇਸ ਆਕਾਰ ਦੇ ਕਿਸੇ ਵੀ ਪ੍ਰੋਗਰਾਮ ਦੇ ਪਿੱਛੇ ਸਮੇਂ ਸਿਰ ਅਤੇ ਢੁਕਵੇਂ ਵਿੱਤ ਦੀ ਉਪਲਬਧਤਾ ਬਹੁਤ ਜ਼ਰੂਰੀ ਹੈ। ਸਵੱਛ ਭਾਰਤ ਮਿਸ਼ਨ ਦੇ ਲਈ ਵਿੱਤ ਦੇ ਚਾਰ ਮੁੱਖ ਸਰੋਤਾਂ ਦੀ ਪਛਾਣੀ ਕੀਤੀ ਗਈ ਹੈ :

(ੳ) ਬਜਟ ਵੰਡ (ਅ) ਸਵੱਛ ਭਾਰਤ ਕੋਸ਼ ਵਿਚ ਯੋਗਦਾਨ (ੲ) ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ ਐੱਸ ਆਰ) ਤਹਿਤ ਪ੍ਰਤਿਬਧਤਾ (ਸ) ਬਹੁਪੱਖੀ ਸਰੋਤਾਂ ਤੋਂ ਵਿੱਤੀ ਸਹਾਇਤਾ।

## ਕੇਂਦਰੀ ਬਜਟ 2015

ਇਸ ਅਭਿਆਨ ਦੀ ਸ਼ੁਰੂਆਤ ਤੋਂ ਬਜਟ 2015 ਦਾ ਇਹ ਪਹਿਲਾ ਬਜਟ ਹੈ। ਇਸ ਕਰਕੇ, ਇਹ ਮੁੱਲੰਕਣ ਕਰਨਾ ਮਹੱਤਵਪੂਰਨ ਬਣ ਜਾਂਦਾ ਹੈ ਕਿ ਇਸ ਬਜਟ ਵਿਚ ਸਵੱਛ ਭਾਰਤ ਮਿਸ਼ਨ ਦੀ ਕੀ ਥਾਂ ਹੈ ਕਿਉਂਕਿ ਬਜਟ ਇਸ ਪ੍ਰੋਗਰਾਮ ਲਈ ਵਿੱਤ ਵਾਸਤੇ ਇਕ ਪ੍ਰਮੁੱਖ ਸਰੋਤ ਹੈ। ਪਰ, ਦਿਲਚਸਪ ਗੱਲ ਹੈ ਕਿ ਕੋਈ ਵਿਸ਼ੇਸ਼ ਐਲਾਨ ਨਹੀਂ ਹੋਇਆ ਪਰ ਜੇ ਭਵਿੱਖ ਵਿਚ ਲੋੜ ਪਵੇ ਤਾਂ ਫ਼ੰਡ ਵਾਸਤੇ ਰਸਤਾ ਰੱਖਿਆ ਗਿਆ ਹੈ। ਵੱਡਾ ਐਲਾਨ 2 ਪ੍ਰਤਿਸ਼ਤ ਸਵੱਛ ਭਾਰਤ ਕਰ ਲਾਉਣਾ ਸੀ, ਜੋ ਕੁਝ ਖ਼ਾਸ ਜਾਂ ਸਾਰੀਆਂ ਸੇਵਾਵਾਂ ਤੋਂ ਲੋੜ ਅਨੁਸਾਰ ਲਾਇਆ ਜਾਵੇਗਾ। ਇਸ ਤੋਂ ਇਲਾਵਾ, ਮਿਸ਼ਨ ਵਾਸਤੇ ਫ਼ੰਡ ਜੁਟਾਉਣਾ ਇਕ ਵੱਡਾ ਉਪਰਾਲਾ ਦਾਨ ਹੈ ਜਿਸ 'ਤੇ 100 ਪ੍ਰਤਿਸ਼ਤ ਕਰ ਦੀ, ਗ਼ੈਰ-ਕਾਰਪੋਰੇਟ ਦਾਨੀਆਂ ਵਾਸਤੇ ਛੋਟ ਹੈ। ਇਹ ਦਾਨ ਸਵੱਛ ਭਾਰਤ ਕੋਸ਼ ਦਾ ਹਿੱਸਾ ਹੋਵੇਗਾ ਜੋ ਇਸ ਮਿਸ਼ਨ ਨੂੰ ਫ਼ੰਡ ਮੁਹੱਈਆ ਕਰਾਉਣ ਲਈ ਸਥਾਪਤ ਕੀਤਾ ਗਿਆ ਹੈ। ਦੂਜੇ ਪਾਸੇ, ਫ਼ੰਡ ਦਾ ਪ੍ਰਬੰਧ ਕਰਨ ਦੇ ਨਾਲ ਹੀ, ਬਜਟ ਵਿਚ ਮਿਸ਼ਨ ਸਫ਼ਾਈ ਦਾ ਮੰਤਵ ਵੀ ਮਿਥਿਆ ਗਿਆ ਹੈ। ਹੁਣ ਤਕ, ਇਸ ਮਿਸ਼ਨ ਤਹਿਤ ਲਗਭਗ 50 ਲੱਖ ਪਖ਼ਾਨਿਆਂ ਦਾ ਨਿਰਮਾਣ ਹੋ ਚੁੱਕਿਆ ਹੈ ਜਦ ਕਿ ਨਿਸ਼ਾਨਾ ਛੇ ਕਰੋੜ ਪਖ਼ਾਨੇ ਉਸਾਰਨ ਦਾ ਹੈ ਤਾਂ ਕਿ ਖੁੱਲ੍ਹੇ ਵਿਚ ਮਲ ਤਿਆਗਣ ਦੀ ਪ੍ਰਥਾ ਨੂੰ ਖ਼ਤਮ ਕੀਤਾ ਜਾ ਸਕੇ।

## ਸਰੋਕਾਰ ਅਤੇ ਆਲੋਚਨਾਵਾਂ

ਸਵੱਛ ਭਾਰਤ ਮਿਸ਼ਨ ਦਾ ਇਕ ਸ਼ੁਰੂਆਤੀ ਨਿਸ਼ਾਨਾ ਚੰਗੀ ਸਿਹਤ ਨੂੰ ਉਤਸ਼ਾਹਿਤ ਕਰਨਾ ਹੈ ਜਿਸ 'ਤੇ ਵਿੱਤ ਮੰਤਰੀ ਦੁਆਰਾ ਆਪਣੇ ਬਜਟ ਭਾਸ਼ਨ ਵਿਚ ਜ਼ੋਰ ਦਿਤਾ ਗਿਆ। ਸਾਫ਼-ਸਫ਼ਾਈ ਅਤੇ ਸਵੱਛਤਾ ਦਾ ਸਿੱਧਾ ਸੰਬੰਧ ਸਿਹਤ ਅਤੇ ਭਲਾਈ ਨਾਲ ਹੈ ਅਤੇ ਇਹ ਨਿਰੋਧਕ ਸਿਹਤ ਸੰਭਾਲ ਦਾ ਅੰਗ ਹੈ। ਦਸਤ ਵਰਗੀ ਬੀਮਾਰੀ ਦਾ ਮੁੱਖ ਕਾਰਨ ਮਾੜੀ ਸਾਫ਼-ਸਫ਼ਾਈ ਹੈ। ਖੋਜਾਂ ਨੇ ਦਰਸਾਇਆ ਹੈ ਕਿ ਬਿਹਤਰ ਸਾਫ਼-ਸਫ਼ਾਈ ਅਤੇ ਸਾਫ਼ ਪੀਣ ਵਾਲੇ ਪਾਣੀ ਤਕ ਰਸਾਈ ਦਸਤਾਂ ਕਾਰਨ ਹੋਣ ਵਾਲੀ ਮੌਤ ਦਰ ਨੂੰ ਕਾਫ਼ੀ ਹੱਦ ਤਕ ਘੱਟ ਕਰ ਦਿੰਦੀ ਹੈ। ਸਾਫ਼-ਸਫ਼ਾਈ

ਬੱਚਿਆਂ ਦੀ ਸਿਹਤ ਲਈ ਵੀ ਬਹੁਤ ਅਹਿਮ ਹੈ ਕਿਉਂਕਿ ਇਹ ਉਨ੍ਹਾਂ ਦੇ ਬਚਣ, ਵਿਕਾਸ ਅਤੇ ਵਾਧੇ ਲਈ ਮੁੱਖ ਕੁੰਜੀ ਹੈ। ਭਾਰਤ ਦੇ ਅਵਿਕਸਿਤ ਬੱਚਿਆਂ ਦੀ ਵੱਡੀ ਜਨਸੰਖਿਆ, ਜੋ ਦੁਨੀਆਂ ਭਰ ਵਿਚ ਸਭ ਤੋਂ ਵੱਧ ਹੈ, ਇਸ ਦਾ ਮੁੱਖ ਕਾਰਨ ਮਾੜੀ ਸਾਫ਼-ਸਫ਼ਾਈ ਹੈ ਬਜਾਇ ਕਿ ਕੁਪੋਸ਼ਣ ਜਾਂ ਖਾਣੇ ਦੀ ਕਮੀ। ਏਸ਼ੀਅਨ ਵਿਕਾਸ ਬੈਂਕ ਦੇ ਸਹਿਯੋਗ ਨਾਲ ਕਰਵਾਏ ਇਕ ਅਧਿਐਨ ਵਿਚ ਅੰਦਾਜ਼ਾ ਲਾਇਆ ਗਿਆ ਕਿ ਢੁਕਵੀਂ ਸਾਫ਼-ਸਫ਼ਾਈ ਦੀਆਂ ਸਹੂਲਤਾਂ ਨਾ ਹੋਣ ਕਰਕੇ ਭਾਰਤ 240 ਬਿਲੀਅਨ ਰੁਪਏ ਸਾਲਨਾ ਗੁਆਉਂਦਾ ਹੈ। ਇਸ ਕਰਕੇ ਭਾਰਤ ਵਿਚ ਕਿਸੇ ਜਨ ਸਿਹਤ ਪ੍ਰੋਗਰਾਮ ਦੀ ਸ਼ੁਰੂਆਤ ਕਰਨਾ, ਸਾਫ਼-ਸਫ਼ਾਈ ਨੂੰ ਬਣਦਾ ਮਹੱਤਵ ਦਿਤੇ ਬਗੈਰ ਸੰਭਵ ਨਹੀਂ। ਪਰ ਇਸ ਬਜਟ ਵਿਚ ਸਾਫ਼-ਸਫ਼ਾਈ ਨੂੰ ਜਨ ਸਿਹਤ ਨਾਲ ਜੋੜਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਇਸ ਨਾਲ ਇਹ ਕੋਸ਼ਿਸ਼ ਹੋਰ ਸਮੂਹਿਕ ਹੋ ਜਾਣੀ ਸੀ ਕਿਉਂਕਿ ਭਾਰਤ ਜਨ-ਸਿਹਤ 'ਤੇ ਘੱਟ ਖਰਚ ਕਰਨ ਵਾਲੇ ਦੇਸ਼ਾਂ ਵਿਚ ਸ਼ਾਮਿਲ ਹੈ।

ਬਜਟ ਵੰਡ ਕਿਸੇ ਵੀ ਪ੍ਰੋਗਰਾਮ ਦਾ ਇਕ ਮਹੱਤਵਪੂਰਨ ਪੱਖ ਹੁੰਦਾ ਹੈ ਪਰ ਇਹ ਪੈਸੇ ਦੀ ਢੁਕਵੀਂ ਵਰਤੋਂ ਹੁੰਦੀ ਹੈ ਜੋ ਪ੍ਰੋਗਰਾਮ ਦੀ ਸਫਲਤਾ ਦਾ ਫ਼ੈਸਲਾ ਕਰਦੀ ਹੈ। ਸਵੱਛ ਭਾਰਤ ਕੋਸ਼ ਵਰਗੇ ਉੱਦਮ ਕਰ ਪ੍ਰੋਤਸਾਹਨਾਂ ਨਾਲ ਮਿਲ ਕੇ ਵਿੱਤੀ ਲਾਮਬੰਦੀ ਲਈ ਅਹਿਮ ਹਨ ਪਰ ਦਾਨੀਆਂ ਵਿਚ ਭਰੋਸਾ ਪੈਦਾ ਕਰਨ ਲਈ ਜ਼ਮੀਨੀ ਪੱਧਰ 'ਤੇ ਇਸ ਦੀ ਢੁਕਵੀਂ ਨਿਗਰਾਨੀ ਅਤੇ ਲਾਗੂਕਰਨ ਹੋਣਾ ਚਾਹੀਦਾ ਹੈ। ਸਵੱਛਤਾ ਅਭਿਆਨ ਦੇ ਨਾਮ 'ਤੇ ਵਾਧੂ ਕਰ ਲਾਉਣ ਦਾ ਵਿਚਾਰ ਸਮੱਸਿਆ ਵਾਲਾ ਹੋ ਸਕਦਾ ਹੈ। ਭਾਵੇਂ ਕਿ ਇਸ ਨੂੰ ਸਮਰੱਥਾ ਵਧਾਉਣ ਵਾਲੀ ਮਦ ਕਰਾਰ ਦਿਤਾ ਗਿਆ ਹੈ, ਕਰ ਦੀ ਕਿਸਮ ਅਤੇ ਸੰਭਾਵਨਾ ਇਸ ਮਿਸ਼ਨ ਦਾ ਕਈ ਮਾਮਲਿਆਂ ਵਿਚ ਭਵਿੱਖੀ ਮਾਰਗ ਤੈਅ ਕਰੇਗੀ। ਸੈਸ ਦੇ ਰੂਪ ਵਿਚ ਵਾਧੂ ਅਤੇ ਸਿੱਧਾ ਬੋਝ ਲੋਕਾਂ 'ਤੇ ਹੌਸਲਾ ਢਾਹੂ ਪ੍ਰਭਾਵ ਪਾਵੇਗਾ। ਸਵੱਛ ਭਾਰਤ ਦੀ ਦ੍ਰਿਸ਼ਟੀ ਸਮੂਹਿਕ ਜ਼ਿੰਮੇਵਾਰੀ ਦੇ ਥਾਂ 'ਤੇ ਸਮੂਹਿਕ ਦੇਣਦਾਰੀ ਬਣ ਜਾਵੇਗੀ ਜੋ ਇਸ ਮਿਸ਼ਨ ਦੇ ਉਦੇਸ਼ ਨੂੰ ਹੀ ਖਤਮ ਕਰ ਦੇਵੇਗੀ।

## ਸਵੱਛ ਭਾਰਤ ਲਈ ਸੰਗਠਿਤ ਪਹੁੰਚ

ਅਜਿਹੇ ਪ੍ਰੋਗਰਾਮ ਦੇ ਲਈ ਲੋਕਾਂ ਨੂੰ ਨਾਲ ਤੋਰਨਾ ਬਹੁਤ ਮਹੱਤਵਪੂਰਨ ਹੈ, ਸਿਰਫ਼ ਨੌਕਰਸ਼ਾਹੀ ਅਮਲ ਅਤੇ ਸਾਧਾਰਨ ਫ਼ੰਡ ਦੀ ਵੰਡਾਈ ਦਾ ਕੋਈ ਵੱਡਾ ਫ਼ਰਕ ਨਹੀਂ ਪਵੇਗਾ। ਜਿਥੋਂ ਤਕ ਬਜਟ ਵੰਡ ਦਾ ਸਵਾਲ ਹੈ, ਇਹ ਜ਼ਿਆਦਾ ਸਪੱਸ਼ਟ ਅਤੇ ਕਲਪਨਾਸ਼ੀਲ ਹੋਣੇ ਚਾਹੀਦੇ ਸਨ। ਭਾਵੇਂ ਕਿ ਮਿਸ਼ਨ ਦਾ ਖ਼ਾਕਾ ਸੰਬੰਧਿਤ ਮੰਤਰਾਲਿਆਂ ਵਲੋਂ ਤਿਆਰ ਕੀਤਾ ਜਾਵੇਗਾ, ਸੰਗਠਿਤ ਪਹੁੰਚ ਜ਼ਿਆਦਾ ਫ਼ਾਇਦੇਮੰਦ ਹੁੰਦੀ। ਮਿਸਾਲ ਦੇ ਲਈ, ਪੇਂਡੂ ਘਰ ਯੋਜਨਾ ਦੀ ਇੰਦਰਾ ਆਵਾਸ ਯੋਜਨਾ ਨਾਲ ਸਵੱਛ ਭਾਰਤ ਮਿਸ਼ਨ ਤਹਿਤ ਚਾਲੂ ਪਖ਼ਾਨੇ ਦੀ ਸਹੂਲਤ ਨੂੰ ਜੋੜਿਆ ਜਾ ਸਕਦਾ ਹੈ। ਭਾਵੇਂ ਕਿ ਸਵੱਛ ਭਾਰਤ ਮਿਸ਼ਨ ਵਿਚ ਇਸ ਲਈ ਪ੍ਰਾਵਧਾਨ ਹਨ, ਪਰ ਇਨ੍ਹਾਂ ਦਾ ਠੀਕ ਢੰਗ ਨਾਲ ਇਸਤੇਮਾਲ ਨਹੀਂ ਕੀਤਾ ਗਿਆ। ਇਸੇ ਤਰ੍ਹਾਂ ਹੀ, ਪੇਂਡੂ ਰੁਜ਼ਗਾਰ ਜ਼ਾਮਨੀ ਸਕੀਮ ਵਿਚ ਵਿੱਤ ਦੇ ਮਾਮਲੇ ਵਿਚ ਸਾਫ਼-ਸਫ਼ਾਈ, ਭੌਤਿਕ ਢਾਂਚਾ ਅਤੇ ਸਰੋਤ ਜੁਟਾਉਣ ਲਈ ਵਿਸ਼ੇਸ਼ ਪ੍ਰਾਵਧਾਨ ਕੀਤਾ ਜਾ ਸਕਦਾ ਹੈ। ਸਿੱਖਿਆ ਅਧਿਕਾਰ ਤਹਿਤ ਸਕੂਲ ਦੀ ਸਾਫ਼-ਸਫ਼ਾਈ 'ਤੇ ਵਿਸ਼ੇਸ਼ ਜ਼ੋਰ ਦਿਤਾ ਜਾ ਸਕਦਾ ਹੈ। ਭਾਵੇਂ ਤਰੀਕੇ ਵੱਖ-ਵੱਖ ਅਤੇ ਵਿਸ਼ੇਸ਼ ਹੋ ਸਕਦੇ ਹਨ ਤਾਂ ਵੀ ਸਾਰਿਆਂ ਦਾ ਉਦੇਸ਼ ਇਕ ਹੋਵੇਗਾ ਅਤੇ ਸਭ ਤੋਂ ਉੱਤੇ, ਇਹ ਸੰਗਠਿਤ ਪਹੁੰਚ ਨਿੱਜੀ, ਪਰਿਵਾਰ ਅਤੇ ਭਾਈਚਾਰੇ ਨੂੰ ਸਾਫ਼-ਸਫ਼ਾਈ ਦੀ ਕਮੀ ਨੂੰ ਇਕ ਸਮੱਸਿਆ ਸਮਝਣ ਅਤੇ ਇਕ ਵਧੀਆ ਤਰੀਕੇ ਨਾਲ ਆਪਣੀਆਂ ਕੋਸ਼ਿਸ਼ਾਂ ਨੂੰ ਦਿਸ਼ਾ ਦੇਣ ਵਿਚ ਮਦਦ ਕਰੇਗੀ। ਅਜਿਹਾ ਹੀ ਵੱਖ-ਵੱਖ ਪ੍ਰੋਗਰਾਮਾਂ ਤਹਿਤ ਬਜਟ ਵੰਡ ਬਾਰੇ ਪਾਇਆ ਜਾ ਸਕਦਾ ਹੈ।

## ਸਮਾਜ ਅਤੇ ਸਾਫ਼-ਸਫ਼ਾਈ

ਸਾਫ਼-ਸਫ਼ਾਈ ਭਾਰਤ ਨੂੰ ਇਕ ਹਕੀਕਤ ਬਣਾਉਣ ਲਈ, ਭਾਰਤ ਦੀ ਸਮਾਜਿਕ ਸਚਾਈ ਨੂੰ ਨਜ਼ਰਅੰਦਾਜ਼ ਕਰਕੇ ਬਾਹਰੋਂ ਸਮੱਸਿਆ ਦਾ ਹੱਲ ਕਰਨਾ ਕਾਫ਼ੀ ਨਹੀਂ। ਸਾਫ਼-ਸਫ਼ਾਈ ਦਾ ਵਿਚਾਰ ਜਾਤ ਆਧਾਰਿਤ ਸਮਾਜਿਕ ਦਰਜਾਬੰਦੀ ਵਿਚ ਡੂੰਘਾ ਜੜਿਆ ਹੋਇਆ ਹੈ ਜਿਸ ਦਾ ਆਧਾਰ ਸ਼ੁੱਧਤਾ ਪ੍ਰਦੂਸ਼ਨ ਦਾ ਦੁਹਰਾਅ ਹੈ। ਮਿੱਟੀ ਘੱਟੇ ਅਤੇ ਗੰਦਗੀ ਨਾਲ ਸਿੱਝਣ ਦਾ ਜ਼ਿੰਮਾ ਇਕ ਖ਼ਾਸ ਜਾਤ ਸਿਰ ਹੈ। ਇਹ ਆਮ ਤੌਰ ਤੇ ਨੀਵੀਆਂ ਜਾਤਾਂ ਹੁੰਦੀਆਂ ਹਨ ਜੋ ਹੱਥੀਂ ਮੈਲ਼ਾ ਢੋਣ, ਪਖ਼ਾਨੇ ਸਾਫ਼ ਕਰਨ ਅਤੇ ਝਾੜੂ ਦੇਣ ਵਾਲੇ ਵਜੋਂ ਕੰਮ ਕਰਦੇ ਹਨ ਜਦ ਕਿ ਉੱਚੀ ਜਾਤੀਆਂ ਵਾਲਿਆਂ ਨੂੰ ਜਾਤੀ ਸ੍ਰੇਸ਼ਟਤਾ ਕਰਕੇ ਇਸ ਤੋਂ ਛੋਟ ਹੁੰਦੀ ਹੈ। ਸਾਫ਼-ਸਫ਼ਾਈ ਦੀ ਜ਼ਿੰਮੇਵਾਰੀ ਦੀ ਪਛਾਣ ਇਕ ਜਾਤੀ ਵਿਸ਼ੇਸ਼ ਨਾਲ ਹੋਣਾ ਸਵੱਛ ਭਾਰਤ ਮੁਹਿੰਮ ਦੇ ਰਸਤੇ ਵਿਚ ਸਭ ਤੋਂ ਵੱਡੀ ਰੁਕਾਵਟ ਹੈ। ਇਸੇ ਤਰ੍ਹਾਂ ਹੀ, ਸਭਿਆਚਾਰਕ ਤੇ ਰਵਾਇਤੀ ਪ੍ਰਥਾਵਾਂ ਹੋਰ ਰੁਕਾਵਟ ਬਣ ਜਾਂਦੀਆਂ ਹਨ। ਖੁੱਲ੍ਹੇ ਵਿਚ ਮਲ਼ ਤਿਆਗ ਦਾ ਕਾਰਨ ਸਿਰਫ਼ ਘਰ ਵਿਚ ਪਖ਼ਾਨੇ ਦਾ ਨਾ ਹੋਣਾ ਨਹੀਂ, ਸਗੋਂ ਇਹ ਰਵਾਇਤੀ ਪ੍ਰਥਾ ਦਾ ਹਿੱਸਾ ਹੈ, ਜਿਸ ਵਿਚ ਮੰਨਿਆ ਜਾਂਦਾ ਹੈ ਕਿ ਖੁੱਲ੍ਹੇ ਵਿਚ ਮਲ਼ ਤਿਆਗ ਕਰਨਾ ਜ਼ਿਆਦਾ ਸਿਹਤਮੰਦ ਹੈ ਬਜਾਇ ਕਿ ਉਸ ਸਥਾਨ ਦੇ ਬਿਲਕੁਲ ਨੇੜੇ ਜਿਥੇ ਅਸੀਂ ਰਹਿੰਦੇ ਹਾਂ। ਇਸ ਪ੍ਰਕਾਰ ਪਖ਼ਾਨੇ ਦੀ ਉਸਾਰੀ ਖੁੱਲ੍ਹੇ ਵਿਚ ਮਲ਼ ਤਿਆਗ ਨੂੰ ਖਤਮ ਕਰਨ ਦਾ ਕੋਈ ਪ੍ਰਭਾਵੀ ਤਰੀਕਾ ਨਹੀਂ। ਇਹ ਸੱਭਿਆਚਾਰਕ ਰੋਕ ਅਤੇ ਸਮਾਜਿਕ ਪੱਖਪਾਤ ਤੋਂ ਪਾਰ ਪਾ ਕੇ ਲੋਕਾਂ ਦੀ ਉਸਾਰੂ ਅਤੇ ਸੰਮਿਲਤ ਭਾਗੀਦਾਰੀ ਦੀ ਮੰਗ ਕਰਦਾ ਹੈ।

## ਸਿੱਟਾ

ਇਹ ਸੱਚ ਹੈ ਕਿ ਹਾਲ ਹੀ ਵਿਚ ਭਾਰਤ ਨੇ ਸਾਫ਼-ਸਫ਼ਾਈ ਅਤੇ ਸਵੱਛਤਾ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਉਤਸੁਕਤਾ ਵਿਖਾਈ ਹੈ ਜੋ ਲੰਮੇ ਸਮੇਂ ਤੋਂ ਹੋਣਾ ਚਾਹੀਦਾ ਸੀ। ਪਰ ਇਸ ਸਮੱਸਿਆ ਨਾਲ ਨਜਿੱਠਣ ਲਈ ਸਰਕਾਰ ਨੂੰ ਆਪਣੀ ਪਹੁੰਚ ਵਿਚ ਜ਼ਿਆਦਾ ਸੰਮਿਲਤ ਅਤੇ ਸੰਗਠਿਤ ਹੋਣਾ ਪਵੇਗਾ। ਇਥੋਂ ਤਕ ਕਿ ਇਸ ਮੰਤਵ ਲਈ ਬਜਟ ਪ੍ਰਾਵਧਾਨਾਂ ਨੂੰ ਵੀ ਇਕ ਖੋਜੀ ਤਰੀਕੇ ਨਾਲ ਵਰਤੇ ਜਾਣ ਦੀ ਲੋੜ ਹੈ। ਇਸੇ ਸਮੇਂ, ਇਹ ਵੀ ਗੌਰ ਕਰਨਾ ਬਣਦਾ ਹੈ ਕਿ ਸਮੱਸਿਆ ਦਾ ਹੱਲ ਸਿਰਫ਼ ਪਖ਼ਾਨੇ ਉਸਾਰ ਕੇ ਹੀ ਨਹੀਂ ਹੋਣਾ। ਵੱਡੇ ਮੁੱਦੇ, ਜਿਨ੍ਹਾਂ ਦਾ ਇਸ ਸਮੱਸਿਆ ਨਾਲ ਸਿੱਧਾ ਸੰਬੰਧ ਨਾ ਵੀ ਹੋਵੇ, 'ਤੇ ਵੀ ਧਿਆਨ ਕੇਂਦਰਿਤ ਕਰਨ ਦੀ ਜ਼ਰੂਰਤ ਹੈ ਅਤੇ ਇਹ ਇਕੱਲੀ ਸਰਕਾਰ ਦੀ ਜ਼ਿੰਮੇਵਾਰੀ ਨਹੀਂ, ਸਾਰੀਆਂ ਧਿਰਾਂ ਨੂੰ ਅੱਗੇ ਆ ਕੇ ਵੱਖ-ਵੱਖ ਪੱਧਰਾਂ 'ਤੇ ਇਸ ਵਿਚ ਸ਼ਾਮਿਲ ਹੋਣਾ ਪਵੇਗਾ ਤਾਂ ਕਿ ਸਵੱਛ ਭਾਰਤ ਦੇ ਸੁਪਨੇ ਨੂੰ ਹਕੀਕਤ ਵਿਚ ਬਦਲਿਆ ਜਾ ਸਕੇ।

*(ਲੇਖਿਕਾ ਸਮਾਜਿਕ ਕਾਰਜ ਵਿਭਾਗ, ਦਿੱਲੀ ਯੂਨੀਵਰਸਿਟੀ ਵਿਖੇ ਰੀਸਰਚ ਸਕਾਲਰ ਤੇ ਸਮਾਜਿਕ ਕਾਰਜ ਕਰਤਾ ਹੈ।)*

*e-mail :hazra.nirupam@gmail.com*

### • ਉੱਦਮੀਆਂ ਨੂੰ ਉਤਸ਼ਾਹ ਦੇਣਾ

***ਮੁਦਰਾ ਬੈਂਕ :***

➢ ਮੁਦਰਾ ਬੈਂਕ ਛੋਟੀਆਂ ਇਕਾਈਆਂ ਸਥਾਪਤ ਕਰਨ ਲਈ ਉੱਦਮੀਆਂ ਨੂੰ ਉਤਸ਼ਾਹ ਦੇਣ ਲਈ ਬਣਾਈ ਗਈ। ➢ ਇਹ ਬੈਂਕ ਪ੍ਰਧਾਨ ਮੰਤਰੀ ਮੁਦਰਾ ਯੋਜਨਾ ਤਹਿਤ ਛੋਟੇ ਵਿੱਤੀ ਸੰਸਥਾਨਾਂ ਨੂੰ ਮੁੜ ਵਿੱਤ ਮੁਹੱਈਆ ਕਰਵਾਏਗਾ। ➢ 20,000 ਕਰੋੜ ਰੁਪਏ ਦਾ ਇਕ ਫ਼ੰਡ ਅਤੇ ਰਿਣ ਜ਼ਾਮਨੀ ਫ਼ੰਡ ਲਈ ਬੈਂਕ ਵਲੋਂ 30,000 ਕਰੋੜ ਰੁਪਏ ਰੱਖੇ ਗਏ ਹਨ। ➢ ਕਰਜ਼ਾ ਦੇਣ ਵੇਲੇ ਅਨੁਸੂਚਿਤ ਜਾਤੀਆਂ/ਜਨਜਾਤੀਆਂ ਨੂੰ ਪਹਿਲ ਦਿਤੀ ਜਾਵੇਗੀ।

### • ਅਟਲ ਨਵੀਂ ਕਾਢ ਮਿਸ਼ਨ (ਏਮ) ਨੀਤੀ ਆਯੋਗ ਵਿਚ ਸਥਾਪਤ ਹੋਵੇਗਾ

➢ ਨਵੀਆਂ ਕਾਢਾਂ ਨੂੰ ਉਤਸ਼ਾਹਿਤ ਕਰਨ ਲਈ ਇਕ ਮੰਚ ਮੁਹੱਈਆ ਕਰਵਾਉਣਾ ਜਿਸ ਵਿਚ ਸਿੱਖਿਆ ਸ਼ਾਸਤਰੀ, ਉੱਦਮੀ ਅਤੇ ਖੋਜਕਾਰ ਸ਼ਾਮਿਲ ਹੋਣਗੇ ਅਤੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਤਜਰਬਿਆਂ ਦੇ ਆਧਾਰ 'ਤੇ ਨਵੀਨਤਾ, ਖੋਜ ਤੇ ਵਿਕਾਸ ਅਤੇ ਵਿਗਿਆਨਕ ਖੋਜ ਨੂੰ ਭਾਰਤ ਵਿਚ ਹੁਲਾਰਾ ਦੇਣਗੇ। ➢ ਵਿਸ਼ਵ ਪੱਧਰ ਦੇ ਨਵੀਨੀਕਰਨ ਕੇਂਦਰਾਂ ਅਤੇ ਭਾਰਤ ਸਾਹਮਣੇ ਪੇਸ਼ ਵੱਡੀਆਂ ਚੁਨੌਤੀਆਂ ਦੇ ਹੱਲ ਲਈ ਨੈੱਟਵਰਕ ਤਿਆਰ ਕਰਨਾ। ➢ ਸ਼ੁਰੂ ਵਿਚ ਇਸ ਮੰਤਵ ਲਈ 150 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖੀ ਜਾਵੇਗੀ।

### • *ਸੇਤੂ*

➢ ਸੇਤੂ (ਸਵੈ-ਰੁਜ਼ਗਾਰ ਅਤੇ ਯੋਗਤਾ ਦੀ ਵਰਤੋਂ) ਤੰਤਰ ਦੀ ਸਥਾਪਨਾ ਕੀਤੀ ਜਾਵੇਗੀ। ➢ ਤਕਨੀਕੀ ਵਿੱਤੀ, ਪ੍ਰਫੁੱਲਤ ਅਤੇ ਸਹੂਲਤ ਪ੍ਰੋਗਰਾਮਾਂ ਦੀ ਸ਼ੁਰੂਆਤ ਤਾਂ ਕਿ ਨਵੇਂ ਸ਼ੁਰੂ ਕਰਨ ਵਾਲੇ ਵਪਾਰ ਅਤੇ ਦੂਜੀਆਂ ਸਵੈ-ਰੁਜ਼ਗਾਰ ਸਰਗਰਮੀਆਂ, ਖ਼ਾਸ ਕਰਕੇ ਤਕਨੀਕ ਦੇ ਜ਼ੋਰ ਵਾਲੇ ਖੇਤਰਾਂ ਵਿਚ, ਨੂੰ ਸਹਾਇਤਾ ਦਿਤੀ ਜਾ ਸਕੇ। ➢ ਇਸ ਉਦੇਸ਼ ਲਈ ਨੀਤੀ ਆਯੋਗ ਵਿਚ ਸ਼ੁਰੂਆਤ ਸਮੇਂ 1000 ਕਰੋੜ ਰੁਪਏ ਰੱਖੇ ਗਏ ਹਨ।

### • *ਸਮਾਜਿਕ ਸੁਰੱਖਿਆ ਸਕੀਮਾਂ*

ਬਜਟ ਵਿਚ ਇਕ ਸਮਾਨ ਸਮਾਜਿਕ ਸੁਰੱਖਿਆ ਪ੍ਰਣਾਲੀ ਸਾਰੇ ਭਾਰਤੀਆਂ ਵਾਸਤੇ ਬਣਾਏ ਜਾਣ ਦਾ ਪ੍ਰਾਵਧਾਨ ਰੱਖਿਆ ਗਿਆ ਹੈ, ਖ਼ਾਸ ਕਰਕੇ ਗਰੀਬਾਂ ਅਤੇ ਕਮਜ਼ੋਰ ਤਬਕਿਆਂ ਲਈ।

➢ **ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ** ਇਸ ਵਿਚ 12 ਰੁਪਏ ਦੇ ਸਾਲਾਨਾ ਪ੍ਰੀਮੀਅਮ ਨਾਲ 2 ਲੱਖ ਦਾ ਦੁਰਘਟਨਾ ਬੀਮਾ ਮਿਲੇਗਾ। ➢ **ਅਟਲ ਪੈਨਸ਼ਨ ਯੋਜਨਾ** ਪਾਏ ਗਏ ਯੋਗਦਾਨ ਅਤੇ ਸਮਾਂ ਸੀਮਾ ਦੇ ਮੁਤਾਬਿਕ ਨਿਰਧਾਰਤ ਪੈਨਸ਼ਨ ਪ੍ਰਦਾਨ ਕਰੇਗੀ। ➢ ਸਰਕਾਰ ਲਾਭਪਾਤਰੀ ਦੇ ਪ੍ਰੀਮੀਅਮ, ਜੋ 1000 ਰੁਪਏ ਸਾਲਾਨਾ ਤਕ ਸੀਮਤ ਹੋਵੇਗਾ, ਲਈ 50 ਪ੍ਰਤਿਸ਼ਤ ਯੋਗਦਾਨ ਕਰੇਗੀ ਜੋ ਪੰਜ ਸਾਲ ਲਈ ਹੋਵੇਗਾ, 31 ਦਸੰਬਰ 2015 ਤੋਂ ਪਹਿਲਾਂ ਖੋਲ੍ਹੇ ਜਾਣ ਵਾਲੇ ਖਾਤਿਆਂ ਲਈ ➢ **ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ** 2 ਲੱਖ ਰੁਪਏ ਬੀਮੇ ਤਹਿਤ ਕੁਦਰਤੀ ਅਤੇ ਦੁਰਘਟਨਾ ਦੀ ਹਾਲਤ ਵਿਚ ਮੌਤ ਹੋਣ ਨੂੰ ਦਾਇਰੇ ਵਿਚ ਲਿਆਵੇਗੀ। ਇਸ ਦਾ ਸਾਲਾਨਾ ਪ੍ਰੀਮੀਅਮ 330 ਰੁਪਏ ਹੋਵੇਗਾ ਜੋ ਰੋਜ਼ਾਨਾ ਇਕ ਰੁਪਏ ਤੋਂ ਵੀ ਘੱਟ ਹੋਵੇਗਾ। ਇਹ ਸਕੀਮ 18-50 ਸਾਲ ਉਮਰ ਵਰਗ ਲਈ ਹੋਵੇਗੀ। ➢ ਪੀ ਪੀ ਐਫ਼ ਵਿਚ 3000 ਕਰੋੜ ਰੁਪਏ ਅਤੇ ਈ ਪੀ ਐੱਫ ਵਿਚਲੇ 6000 ਕਰੋੜ ਰੁਪਏ ਜੋ ਲਾਵਾਰਸ ਖਾਤਿਆਂ ਵਿਚ ਪਏ ਹਨ, ਸੀਨੀਅਰ ਨਾਗਰਿਕਾਂ ਦੀ ਭਲਾਈ ਲਈ ਬਣਾਏ ਜਾਣ ਵਾਲੇ ਫ਼ੰਡ ਵਿਚ ਜਾਣਗੇ। ਕਮਜ਼ੋਰ ਵਰਗਾਂ ਜਿਵੇਂ ਵੱਡੀ ਉਮਰ ਦੇ ਪੈਨਸ਼ਨ ਧਾਰਕ, ਬੀ ਪੀ ਐੱਲ ਕਾਰਡ ਧਾਰਕ, ਛੋਟੇ ਅਤੇ ਸੀਮਾਂਤ ਕਿਸਾਨ ਅਤੇ ਦੂਜਿਆਂ ਦੇ ਪ੍ਰੀਮੀਅਮ ਵਿਚ ਸਬਸਿਡੀ ਦਿਤੀ ਜਾਵੇਗੀ। ਵਿਸਤਾਰ ਸਕੀਮ ਮਾਰਚ ਵਿਚ ਜਾਰੀ ਕੀਤੀ ਜਾਵੇਗੀ। ➢ ਭੌਤਿਕ ਸਹਾਇਤਾ ਅਤੇ ਸੀਨੀਅਰ ਨਾਗਰਿਕਾਂ ਲਈ ਸਹਾਇਤਾ ਜੀਵਨ ਯੰਤਰ ਉਪਲਬਧ ਕਰਵਾਉਣ ਲਈ ਨਵੀਂ ਸਕੀਮ ਸ਼ੁਰੂ ਕੀਤੀ ਜਾਵੇਗੀ। ਇਹ ਸਕੀਮ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਲਈ ਹੋਵੇਗੀ। ➢ 'ਨਵੀਂ ਮੰਜ਼ਿਲ' ਨਾਮ ਦੀ ਸਿੱਖਿਆ ਅਤੇ ਉਪਜੀਵਕਾ ਵਾਸਤੇ ਇਕ ਸੰਗਠਿਤ ਸਕੀਮ ਇਸ ਸਾਲ ਸ਼ੁਰੂ ਕੀਤੀ ਜਾਵੇਗੀ ਜਿਸ ਨਾਲ ਘੱਟ ਗਿਣਤੀ ਨੌਜਵਾਨ, ਜਿਨ੍ਹਾਂ ਕੋਲ ਸਕੂਲ ਛੱਡਣ ਦਾ ਸਰਟੀਫਿਕੇਟ ਨਹੀਂ ਹੈ, ਪ੍ਰਾਪਤ ਕਰਕੇ ਬੇਹਤਰ ਰੁਜ਼ਗਾਰ ਹਾਸਲ ਕਰ ਸਕਣਗੇ।

### • ਬੁਨਿਆਦੀ ਸਹੂਲਤਾਂ

➢ ਰਾਸ਼ਟਰੀ ਨਿਵੇਸ਼ ਅਤੇ ਬੁਨਿਆਦੀ ਸਹੂਲਤਾਂ ਫ਼ੰਡ (ਨਿਫ) ਬਣਾਏ ਜਾਣ ਦਾ ਪ੍ਰਸਤਾਵ ਹੈ ਜਿਸ ਨੂੰ ਸਾਲਾਨਾ 20,000 ਕਰੋੜ ਰੁਪਏ ਦਿਤੇ ਜਾਣਗੇ। ਇਸ ਨਾਲ ਟ੍ਰਸਟ ਕਰਜ਼ਾ ਲੈਣ ਅਤੇ ਬਦਲੇ ਵਿਚ ਬੁਨਿਆਦੀ ਢਾਂਚਾ ਵਿਕਾਸ ਕੰਪਨੀਆਂ ਜਿਵੇਂ ਆਈ ਆਰ ਐੱਫ ਸੀ ਅਤੇ ਐੱਨ ਐੱਚ ਬੀ ਵਿਚ ਨਿਵੇਸ਼ ਕਰ ਸਕਣਗੇ। ਬੁਨਿਆਦੀ ਸਹੂਲਤਾਂ ਦੇਣ ਵਾਲੀਆਂ ਕੰਪਨੀਆਂ ਇਸ ਵਾਧੂ ਪੈਸੇ ਨੂੰ ਕਈ ਗੁਣਾ ਵਧਾ ਸਕਦੀਆਂ ਹਨ - ਕਰ ਛੋਟ ਵਾਲੇ ਬੁਨਿਆਦੀ ਢਾਂਚਾ ਬਾਂਡ ਰੇਲ, ਸੜਕ ਅਤੇ ਸਿੰਜਾਈ ਯੋਜਨਾਵਾਂ ਲਈ ਜਾਰੀ ਕੀਤੇ ਜਾਣਗੇ। ➢ ਬੁਨਿਆਦੀ ਢਾਂਚਾ ਵਿਕਾਸ ਦੇ ਪੀ ਪੀ ਪੀ ਮਾਡਲ ਨੂੰ ਪੁਨਰ ਜਾਗ੍ਰਿਤ ਕਰਨ ਲਈ, ਜਿਸ ਵਿਚ ਮੁੱਖ ਮੁੱਦਾ ਜੋਖਮ ਨੂੰ ਸੰਤੁਲਿਤ ਕਰਨ ਦਾ ਹੈ, ਬਾਰੇ ਫ਼ੈਸਲਾ ਕੀਤਾ ਗਿਆ ਹੈ ਕਿ ਬੁਨਿਆਦੀ ਢਾਂਚਾ ਯੋਜਨਾਵਾਂ ਵਿਚ ਖ਼ੁਦਮੁਖ਼ਤਿਆਰ ਨੂੰ ਜੋਖਮ ਦਾ ਵੱਡਾ ਭਾਗ ਸਹਿਣ ਕਰਨਾ ਪਵੇਗਾ, ਬੇਸ਼ੱਕ ਪੂਰੀ ਤਰ੍ਹਾਂ ਨਹੀਂ।

### • ਹੁਨਰ ਦਾ ਵਿਕਾਸ

➢ ਰਾਸ਼ਟਰੀ ਹੁਨਰ ਮਿਸ਼ਨ ਜੋ ਹੁਨਰ ਵਿਕਾਸ ਅਤੇ ਉੱਦਮ ਮੰਤਰਾਲਾ ਵਲੋਂ ਸ਼ੁਰੂ ਕੀਤਾ ਗਿਆ ਹੈ, ਵੱਖ-ਵੱਖ ਮੰਤਰਾਲਿਆਂ ਵਿਚ ਚੱਲ ਰਹੇ ਹੁਨਰ ਦੇ ਉੱਦਮਾਂ ਨੂੰ ਸੁਦ੍ਰਿੜ ਕਰੇਗਾ ਅਤੇ ਹੁਨਰ ਪਰਿਸ਼ਦ ਦੇ 31 ਖੇਤਰਾਂ ਵਿਚ ਪ੍ਰਕਿਰਿਆਵਾਂ ਅਤੇ ਨਤੀਜਿਆਂ ਦਾ ਮਾਨਕੀਕਰਨ ਕਰੇਗਾ। ➢ ਦੀਨਦਿਆਲ ਉਪਾਧਿਆਏ ਗ੍ਰਾਮੀਣ ਪਰਿਸ਼ਦ ਯੋਜਨਾ ਪੇਂਡੂ ਨੌਜਵਾਨਾਂ ਦੀ ਰੁਜ਼ਗਾਰ ਦੇ ਮੌਕਿਆਂ ਦੀ ਪੂਰਤੀ ਲਈ ਆਰੰਭ ਕੀਤੀ ਗਈ ਹੈ। ਇਸ ਸਕੀਮ ਲਈ 1500 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਇਸ ਦੀ ਅਦਾਇਗੀ ਡਿਜ਼ੀਟਲ ਭੁਗਤਾਨ ਪੱਤਰ ਰਾਹੀਂ ਯੋਗ ਵਿਦਿਆਰਥੀਆਂ ਦੇ ਬੈਂਕ ਖਾਤੇ ਵਿਚ ਸਿੱਧੀ ਜਮ੍ਹਾਂ ਕੀਤੀ ਜਾਵੇਗੀ। ਪੇਂਡੂ ਵਸੋਂ ਦੀ ਹਾਲੇ ਵੀ ਭਾਰਤ ਦੀ ਕੁੱਲ ਵਸੋਂ ਦਾ 70 ਪ੍ਰਤਿਸ਼ਤ ਹੋਣ ਕਰਕੇ, ਪੇਂਡੂ ਨੌਜਵਾਨਾਂ ਦੀ ਰੁਜ਼ਗਾਰ ਸਮਰਥਾ ਨੂੰ ਵਧਾਉਣਾ ਭਾਰਤ ਦੀ ਜਨਸੰਖਿਆ ਵੰਡ ਦੇ ਤਾਲੇ ਨੂੰ ਖੋਲ੍ਹਣ ਦੀ ਚਾਬੀ

ਹੈ। ➢ ਗਰੀਬ ਅਤੇ ਮੱਧ ਵਰਗ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਆਪਣੀ ਪਸੰਦ ਮੁਤਾਬਿਕ ਉੱਚ ਸਿੱਖਿਆ ਪ੍ਰਾਪਤ ਕਰਨ ਦੇ ਕਾਬਲ ਬਣਾਉਣ ਲਈ, ਉਹ ਵੀ ਪੈਸੇ ਦੀ ਕਮੀ ਤੋਂ ਬਿਨਾਂ, ਆਈ ਟੀ ਆਧਾਰਿਤ ਵਿਦਿਆਰਥੀ ਵਿੱਤੀ ਮਦਦ ਪ੍ਰਾਧਿਕਰਨ ਦੀ ਸਥਾਪਨਾ, ਜੋ ਵਜ਼ੀਫਿਆਂ ਅਤੇ ਸਿੱਖਿਆ ਕਰਜ਼ੇ ਪ੍ਰਧਾਨ ਮੰਤਰੀ ਵਿਦਿਆ ਲਕਸ਼ਮੀ ਕਾਰਜਕ੍ਰਮ ਤਹਿਤ ਸਥਾਪਤ ਕਰਨ ਦਾ ਪ੍ਰਸਤਾਵ ਹੈ, ਦਾ ਪ੍ਰਬੰਧ ਅਤੇ ਨਿਗਰਾਨੀ ਕਰੇਗੀ। ਇਹ ਯਕੀਨੀ ਬਣਾਏਗਾ ਕਿ ਪੈਸੇ ਦੀ ਕਮੀ ਕਾਰਨ ਕੋਈ ਵਿਦਿਆਰਥੀ ਉੱਚ ਸਿੱਖਿਆ ਤੋਂ ਵਾਂਝਾ ਨਾ ਰਹੇ।

## • ਸੋਨੇ ਦਾ ਮੁਦਰੀਕਰਨ

➢ ਭਾਰਤ ਦੁਨੀਆਂ ਭਰ ਵਿਚ ਸੋਨੇ ਦਾ ਸਭ ਤੋਂ ਵੱਡਾ ਖਪਤਕਾਰ ਹੈ ਅਤੇ 800 ਤੋਂ 1000 ਟਨ ਤਕ ਸੋਨਾ ਹਰ ਸਾਲ ਆਯਾਤ ਕਰਦਾ ਹੈ। ਭਾਵੇਂ ਕਿ ਭਾਰਤ ਵਿਚ ਸੋਨੇ ਦੇ ਭੰਡਾਰ 20,000 ਟਨ ਤੋਂ ਵੱਧ ਹੋਣ ਦਾ ਅਨੁਮਾਨ ਹੈ, ਜ਼ਿਆਦਾਤਰ ਇਸ ਸੋਨੇ ਦਾ ਵਪਾਰ ਨਹੀਂ ਕੀਤਾ ਜਾਂਦਾ ਹੈ, ਨਾ ਹੀ ਮੁਦਰੀਕਰਨ ਕੀਤਾ ਜਾਂਦਾ ਹੈ। ਬਜਟ ਵਿਚ ਪ੍ਰਾਵਧਾਨ ਹੈ:- ➢ ਇਕ ਸੋਨਾ ਮੁਦਰੀਕਰਨ ਸਕੀਮ ਜਾਰੀ ਕੀਤੀ ਜਾਵੇ ਜੋ ਵਰਤਮਾਨ ਦੀ ਸੋਨਾ ਜਮ੍ਹਾਂ ਕਰਨ ਅਤੇ ਸੋਨਾ ਧਾਤੂ ਕਰਜ਼ ਸਕੀਮ ਦੀ ਥਾਂ ਲਵੇਗੀ। ਨਵੀਂ ਸਕੀਮ ਜਮ੍ਹਾਂ ਕਰਤਾਵਾਂ ਨੂੰ ਆਪਣੇ ਧਾਤੂ ਖਾਤਿਆਂ 'ਤੇ ਵਿਆਜ ਕਮਾਉਣ ਦੀ ਆਗਿਆ ਦੇਵੇਗੀ ਅਤੇ ਸੁਨਿਆਰਿਆਂ ਨੂੰ ਧਾਤੂ ਖਾਤਿਆਂ ਦੇ ਬਦਲੇ ਕਰਜ਼ਾ ਪ੍ਰਾਪਤ ਕਰਨ ਦੀ/ਬੈਂਕ/ ਦੂਸਰੇ ਵਿਕਰੇਤਾ ਸੋਨੇ ਦਾ ਮੁਦਰੀਕਰਨ ਕਰ ਸਕਣਗੇ। ➢ ਇਕ ਵਿਕਲਪਿਕ ਵਿੱਤੀ ਅਸਾਸਾ ਵਿਕਸਤ ਕਰਨਾ, ਇਕ ਖੁਦਮੁਖਤਿਆਰ ਸੋਨੇ ਦਾ ਬਾਂਡ, ਜੋ ਸੋਨਾ ਖਰੀਦਣ ਦਾ ਇਕ ਵਿਕਲਪ ਹੋਵੇਗਾ। ਬਾਂਡ ਤੇ ਵਿਆਜ ਦੀ ਇਕ ਪੱਕੀ/ਬੱਝੀ ਦਰ ਮਿਲੇਗੀ ਜੋ ਬਾਂਡ ਧਾਰਕ ਵਲੋਂ ਇਸ ਨੂੰ ਭੁਨਾਉਣ ਵੇਲੇ ਸੋਨੇ ਦੀ ਉਸ ਵੇਲੇ ਦੀ ਕੀਮਤ ਮੁਤਾਬਿਕ ਨਗਦੀ ਵਿਚ ਵੀ ਬਦਲੀ ਜਾ ਸਕੇਗੀ। ➢ ਭਾਰਤੀ ਸੋਨੇ ਦੇ ਸਿੱਕੇ ਵਿਕਸਤ ਕਰਨ ਦਾ ਕੰਮ ਸ਼ੁਰੂ ਕਰਨਾ ਜਿਸ 'ਤੇ ਅਸ਼ੋਕ ਚੱਕਰ ਦਾ ਨਿਸ਼ਾਨ ਹੋਵੇਗਾ। ਅਜਿਹਾ ਭਾਰਤੀ ਸਿੱਕਾ ਭਾਰਤ ਤੋਂ ਬਾਹਰ ਬਣੇ ਸਿੱਕਿਆਂ ਦੀ ਮੰਗ ਨੂੰ ਘਟਾਏਗਾ ਅਤੇ ਭਾਰਤ ਵਿਚ ਉਪਲਬਧ ਸੋਨੇ ਦੇ ਨਵੀਨੀਕਰਨ ਵਿਚ ਵੀ ਮਦਦ ਕਰੇਗਾ।

## • ਕਾਲੇ ਧਨ ਨੂੰ ਕਾਬੂ ਕਰਨ/ਬੇਨਕਾਬ ਕਰਨ ਦੇ ਉਪਰਾਲੇ

➢ ਕਾਲੇ ਧਨ 'ਤੇ ਨਵੇਂ ਵਿਆਪਕ ਕਾਨੂੰਨ ਦਾ ਪ੍ਰਸਤਾਵ ➢ ਵਿਦੇਸ਼ੀ ਅਸਾਸਿਆਂ 'ਤੇ ਕਰ ਚੋਰੀ ਕਰਨ 'ਤੇ 10 ਸਾਲ ਦੀ ਬਾਮੁਸ਼ੱਕਤ ਕੈਦ ਦੀ ਸਜ਼ਾ, ਜੋ ਗ਼ੈਰ-ਸਮਝੌਤਾਕਾਰੀ ਹੋਵੇਗੀ ਅਤੇ 300 ਗੁਣਾ ਜੁਰਮਾਨਾ ਦੇਣਾ ਪਵੇਗਾ ਅਤੇ ਜੁਰਮ ਕਰਨ ਵਾਲੇ ਨੂੰ ਸਮਝੌਤਾ ਆਯੋਗ ਕੋਲ ਜਾਣ ਦੀ ਆਗਿਆ ਨਹੀਂ ਹੋਵੇਗੀ ➢ ਆਮਦਨ ਕਰ ਰਿਟਰਨ ਨਾ ਕਰਨਾ। ਪੂਰੇ ਖੁਲਾਸੇ ਨਾ ਕਰਨ ਬਦਲੇ 7 ਸਾਲ ਦੀ ਬਾਮੁਸ਼ੱਕਤ ਕੈਦ ਹੋਵੇਗੀ। ➢ ਕਿਸੇ ਵੀ ਵਿਦੇਸ਼ੀ ਅਸਾਸੇ ਤੋਂ ਪ੍ਰਾਪਤ ਆਮਦਨ ਦਾ ਖੁਲਾਸਾ ਨਾ ਕਰਨ 'ਤੇ ਵੱਧ ਤੋਂ ਵੱਧ ਸੀਮਾਂਤ ਦਰ ਨਾਲ ਕਰ ਲਾਇਆ ਜਾਵੇਗਾ। ➢ ਵਿਦੇਸ਼ੀ ਅਸਾਸਿਆਂ ਦੀ ਰਿਟਰਨ ਭਰਨਾ ਜ਼ਰੂਰੀ। ➢ ਇਕ ਨਵਾਂ ਢਾਂਚਾ ਜਿਸ ਤਹਿਤ ਸਟੇਟਮੈਂਟ ਨੂੰ ਇਲੈਕਟ੍ਰਾਨਿਕ ਤਰੀਕੇ ਨਾਲ ਭਰਨਾ ਜ਼ਰੂਰੀ ਹੈ, ਸਥਾਪਤ ਕੀਤਾ ਜਾ ਰਿਹਾ ਹੈ। ਇਸ ਨਾਲ ਅੰਕੜਿਆਂ ਦਾ ਨਿਰੰਤਰ ਸੰਗਠਿਤ ਅਤੇ ਪ੍ਰਭਾਵੀ ਅਮਲ ਯਕੀਨੀ ਹੋਵੇਗਾ। ➢ ਇਕ ਨਵਾਂ ਅਤੇ ਜ਼ਿਆਦਾ ਵਿਆਪਕ ਬੇਨਾਮੀ ਸੌਦੇ ਰੋਕੂ ਬਿੱਲ ਪੇਸ਼ ਕੀਤਾ ਜਾਵੇਗਾ ਤਾਂ ਕਿ ਘਰੇਲੂ ਕਾਲੇ ਧਨ 'ਤੇ ਕਾਬੂ ਪਾਇਆ ਜਾ ਸਕੇ। ਇਸ ਕਾਨੂੰਨ ਤਹਿਤ ਬੇਨਾਮੀ ਜਾਇਦਾਦ ਨੂੰ ਜ਼ਬਤ ਕਰਕੇ ਮੁਕੱਦਮਾ ਚਲਾਇਆ ਜਾ ਸਕੇਗਾ ਅਤੇ ਬੇਨੇਮੀ ਜਾਇਦਾਦ, ਖ਼ਾਸ ਕਰਕੇ ਰੀਅਲ ਅਸਟੇਟ ਵਿਚ ਕਾਲੇ ਧਨ ਨੂੰ ਪੈਦਾ ਕਰਨ ਅਤੇ ਰੱਖਣ ਦਾ ਇਕ ਵੱਡਾ ਰਸਤਾ ਬੰਦ ਹੋ ਜਾਵੇਗਾ। ➢ ਆਮਦਨ ਕਰ ਐਕਟ ਵਿਚ ਸੋਧ ਕਰਨ ਦਾ ਸੁਝਾਅ ਜੋ ਕਿਸੇ ਅਚਲ ਜਾਇਦਾਦ ਦੀ ਖਰੀਦ ਲਈ ਪੇਸ਼ਗੀ ਵਜੋਂ 20,000 ਰੁਪਏ ਜਾਂ ਇਸ ਤੋਂ ਵੱਧ ਰਕਮ ਦੇਣ ਜਾਂ ਹਾਸਲ ਕਰਨ 'ਤੇ ਪਾਬੰਦੀ ਲਾਏਗਾ। ➢ ਇਕ ਲੱਖ ਤੋਂ ਉੱਪਰ ਦੀ ਕਿਸੇ ਵੀ ਖਰੀਦ ਜਾਂ ਵੇਚ ਲਈ ਪੈਨ ਨੰਬਰ ਜ਼ਰੂਰੀ ਕਰਾਰ ਦਿਤਾ ਜਾਵੇਗਾ। ਤੀਜੀ ਧਿਰ ਦੇ ਰਿਪੋਰਟ ਕਰਨ ਵਾਲਿਆਂ ਨੂੰ ਵਿਦੇਸ਼ੀ ਮੁਦਰਾ ਵੇਚ ਅਤੇ ਅੰਤਰ ਸਰਹੱਦੀ ਸੌਦਿਆਂ ਬਾਰੇ ਜਾਣਕਾਰੀ ਦੇਣੀ ਲਾਜ਼ਮੀ ਹੋਵੇਗੀ। ਦੱਸਣ ਯੋਗ ਸੌਦਿਆਂ ਨੂੰ ਨਿਖੇੜਨ ਦੀ ਸਮੱਸਿਆ ਨਾਲ ਨਜਿੱਠਣ ਲਈ ਵੀ ਪ੍ਰਾਵਧਾਨ ਕੀਤਾ ਜਾ ਰਿਹਾ ਹੈ। ਅਸਲ ਵਿਚ, ਸੁਧਾਰ ਕਰਨ ਲਈ ਸੀ ਬੀ ਡੀ ਟੀ ਅਤੇ ਸੀ ਬੀ ਈ ਸੀ ਤਕਨੀਕ ਦਾ ਵਿਸਤਾਰ ਕਰਨਗੇ ਅਤੇ ਇਕ ਦੂਜੇ ਦੇ ਅੰਕੜੇ ਸਾਂਝੇ ਕਰ ਸਕਣਗੇ।

## • ਸਵੱਛ ਭਾਰਤ

➢ ਕੇਂਦਰ ਸਰਕਾਰ ਸਾਰੀਆਂ ਜਾਂ ਕੁੱਝ ਚੋਣਵੀਆਂ ਕਰ ਦੇ ਘੇਰੇ ਵਿਚ ਆਉਣ ਵਾਲੀਆਂ ਸੇਵਾਵਾਂ 'ਤੇ ਸਵੱਛ ਭਾਰਤ ਸੈਸ ਲਾਏਗੀ ਜੋ 2 ਪ੍ਰਤਿਸ਼ਤ ਦੀ ਦਰ ਨਾਲ ਹੋਵੇਗਾ। ਇਸ ਦੀ ਤਾਰੀਖ ਦਾ ਐਲਾਨ ਕਰਨਾ ਬਾਕੀ ਹੈ। ਇਸ ਸੈਸ ਤੋਂ ਪ੍ਰਾਪਤ ਰਾਸ਼ੀ ਸਵੱਛ ਭਾਰਤ ਦੇ ਉੱਦਮਾਂ ਲਈ ਵਰਤੀ ਜਾਵੇਗੀ। ਇਸੇ ਤਰ੍ਹਾਂ ਦੀ ਇਕ ਘਟਨਾ ਵਿਚ, ਕੋਲਾ ਨਿਗਨਾਈਟ ਅਤੇ ਪੀਣ 'ਤੇ ਲਾਏ ਜਾਣ ਵਾਲੇ ਸਵੱਛ ਊਰਜਾ ਸੈਸ ਦੀ ਦਰ 100 ਰੁਪਏ ਪ੍ਰਤਿ ਟਨ ਤੋਂ ਵਧਾ ਕੇ 300 ਰੁਪਏ ਪ੍ਰਤਿ ਟਨ ਕੀਤੀ ਜਾ ਰਹੀ ਹੈ। ਸਵੱਛ ਊਰਜਾ ਸੈਸ ਦੀ ਪ੍ਰਭਾਵੀ ਦਰ 100 ਰੁਪਏ ਪ੍ਰਤਿ ਦਰ ਤੋਂ ਵਧਾ ਕੇ 200 ਰੁਪਏ ਪ੍ਰਤਿ ਟਨ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਹੀ ਉਦਯੋਗਿਕ ਵਰਤੋਂ ਨੂੰ ਛੱਡ ਕੇ, ਐਥਲੀਨ ਦੇ ਪਾਲੀਮਰ ਦੇ ਥੈਲਿਆਂ ਅਤੇ ਬੋਰਿਆਂ 'ਤੇ ਐਕਸਾਈਜ਼ ਡਿਊਟੀ 12 ਪ੍ਰਤਿਸ਼ਤ ਤੋਂ ਵਧਾ ਕੇ 15 ਪ੍ਰਤਿਸ਼ਤ ਕੀਤੀ ਜਾ ਰਹੀ ਹੈ।

## • ਜਾਮ (ਜਨ ਧਨ ਯੋਜਨਾ, ਆਧਾਰ ਤੇ ਮੋਬਾਇਲ)

➢ ਜਨਧਨ ਯੋਜਨਾ, ਆਧਾਰ ਅਤੇ ਮੋਬਾਇਲ ਦੀ ਤਿਕੜੀ ਲਾਭ ਦੀ ਤਬਦੀਲੀ, ਜਿਵੇਂ ਸਬਸਿਡੀਆਂ ਨੂੰ ਬਿਨਾਂ ਕਿਸੇ ਚੋਰੀ ਦੇ, ਬਿਨਾਂ ਨਗਦੀ ਅਤੇ ਸੇਧਿਤ ਤਰੀਕੇ ਨਾਲ ਗਰੀਬਾਂ ਅਤੇ ਕਮਜ਼ੋਰ ਤਬਕਿਆਂ ਤਕ ਪਹੁੰਚਾਉਣ ਵਿਚ ਮਦਦ ਕਰੇਗੀ, ਜਿਸ ਨਾਲ ਉਹ ਆਪਣੀਆਂ ਆਰਥਿਕ ਇੱਛਾਵਾਂ ਦੀ ਪੂਰਤੀ ਕਰ ਸਕਣਗੇ। ➢ ਦਸੰਬਰ 2014 ਤਕ 720 ਮਿਲੀਅਨ ਤੋਂ ਵੱਧ ਨਾਗਰਿਕਾਂ ਨੂੰ ਆਧਾਰ ਕਾਰਡ ਦਿਤਾ ਜਾ ਚੁੱਕਾ ਸੀ। ਦਸੰਬਰ 2015 ਤਕ ਪੰਜੀਕਰਨ 1 ਬਿਲੀਅਨ ਤੋਂ ਟੱਪਣ ਦੀ ਆਸ ਹੈ। ➢ ਆਧਾਰ ਨੰਬਰ ਨੂੰ ਚਾਲੂ ਬੈਂਕ ਖਾਤੇ ਨਾਲ ਜੋੜਨਾ ਆਮਦਨ ਤਬਦੀਲੀ ਲਾਗੂ ਕਰਨ ਦੀ ਕੁੰਜੀ ਹੈ। ਦਸੰਬਰ 2014 ਤਕ 100 ਮਿਲੀਅਨ ਤੋਂ ਵੱਧ ਬੈਂਕ ਖਾਤੇ ਆਧਾਰ ਕਾਰਡ ਪੰਜੀਕ੍ਰਿਤ ਕੀਤੇ ਗਏ ➢ ਬੈਂਕ ਖਾਤਿਆਂ ਦੀ ਸੰਖਿਆ ਜਨਧਨ ਯੋਜਨਾ ਨਾਲ ਹੋਰ ਵਧਣ ਦੀ ਉਮੀਦ ਹੈ। ਰਸੋਈ ਗੈਸ ਸਬਸਿਡੀ ਸਿੱਧੇ ਲਾਭ ਤਬਦੀਲੀ ਰਾਹੀਂ 9.75 ਕਰੋੜ ਰੁਪਏ ਲਾਭਪਾਤਰਾਂ ਦੇ ਸਿੱਧੇ ਬੈਂਕ ਖਾਤੇ ਵਿਚ ਜਾਵੇਗੀ। ➢ ਦੋ

ਵਿਕਲਪਿਕ ਵਿੱਤੀ ਸੇਵਾ ਦੇਣ ਦੇ ਤੰਤਰ – ਮੋਬਾਇਲ ਮਨੀ 900 ਮਿਲੀਅਨ ਤੋਂ ਉਤੇ ਮੋਬਾਇਲ ਵਰਤਣ ਵਾਲੇ ਅਤੇ 600 ਮਿਲੀਅਨ ਦੇ ਲਗਭਗ ਨਵੇਂ ਵਰਤੋਂਕਾਰ, ਮੋਬਾਇਲ ਮਨੀ ਜਨਸੰਖਿਆ ਦੇ ਇਕ ਵੱਡੇ ਭਾਗ ਨੂੰ ਲਾਭ ਸਿੱਧੇ ਪਹੁੰਚਾਉਣ ਦਾ ਇਕ ਸੌਖਾ ਤੇ ਆਸਾਨ ਤੰਤਰ ਪ੍ਰਦਾਨ ਕਰ ਸਕਦਾ ਹੈ। ਜਦ ਕਿ ਅਨੇਕ ਮੋਬਾਇਲ ਸੇਵਾ ਦੇਣ ਵਾਲੀਆਂ ਕੰਪਨੀਆਂ ਨੇ ਅਦਾਇਗੀ ਬੈਂਕ ਲਾਇਸੰਸ ਲੈਣ ਲਈ ਪ੍ਰਾਰਥਨਾ ਪੱਤਰ ਦਿਤੇ ਹੋਏ ਹਨ, ਮੋਬਾਇਲ ਮਨੀ ਦਾ ਮੰਚ ਆਧਾਰ 'ਤੇ ਆਧਾਰਿਤ ਸਿੱਧੀ ਤਬਦੀਲੀ ਲਈ ਬੇਅੰਤ ਮੌਕੇ ਪੇਸ਼ ਕਰੇਗਾ। ➢ 1,55,015 ਡਾਕਖਾਨਿਆਂ ਨਾਲ ਭਾਰਤ ਦਾ ਡਾਕ ਨੈੱਟਵਰਕ ਸਭ ਤੋਂ ਵੱਡਾ ਹੈ ਜਿਨ੍ਹਾਂ ਵਿਚੋਂ 89.76 ਪ੍ਰਤਿਸ਼ਤ ਪੇਂਡੂ ਖੇਤਰਾਂ ਵਿਚ ਹਨ। ਡਾਕਖਾਨਾ (ਭਾਵੇਂ ਅਦਾਇਗੀ ਭੇਜਣ ਵਾਲਾ ਜਾਂ ਇਕ ਆਮ ਬੈਂਕ ਵਜੋਂ) ਆਧਾਰ ਸੰਬੰਧਿਤ ਲਾਭ ਦੀ ਤਬਦੀਲੀ ਦੇ ਢਾਂਚੇ ਵਿਚ ਆਈ ਐੱਫ ਐੱਸ ਸੀ ਕੋਡ ਵਾਸਤੇ ਪ੍ਰਾਰਥਨਾ ਕਰਕੇ ਨਿਰੰਤਰਤਾ ਨਾਲ ਸੇਵਾਵਾਂ ਦੇ ਸਕਦਾ ਹੈ ਜਿਸ ਨਾਲ ਡਾਕਖਾਨੇ ਆਧਾਰ ਨਾਲ ਜੁੜੇ ਖਾਤੇ ਖੋਲ੍ਹਣ ਦੇ ਸਮਰੱਥ ਹੋ ਸਕਣਗੇ।

## ਕਾਲੇ ਧਨ ਉੱਤੇ ਲਗਾਮ ਲਗਾਉਣ ਲਈ ਨਵਾਂ ਕਾਨੂੰਨ

ਦੇਸ਼ ਵਿਚ ਕਾਲੇ ਧਨ ਨੂੰ ਠੱਲ੍ਹ ਪਾਉਣ ਲਈ ਇਕ ਨਵਾਂ ਬਿੱਲ ਮੌਜੂਦਾ ਇਜਲਾਸ ਵਿਚ ਲਿਆਉਣ ਦਾ ਐਲਾਨ ਵਿੱਤ ਮੰਤਰੀ ਨੇ ਲੋਕ ਸਭਾ ਵਿਚ ਆਮ ਬਜਟ 2015–16 ਪੇਸ਼ ਕਰਦਿਆਂ ਕੀਤਾ। ਇਸ ਬਿੱਲ ਵਿਚ ਆਮਦਨ ਅਤੇ ਸੰਪਤੀ ਵਿਚ ਕਰ ਚੋਰੀ ਲਈ 10 ਸਾਲ ਦੀ ਸਖ਼ਤ ਸਜ਼ਾ ਦੀ ਵਿਵਸਥਾ ਕੀਤੀ ਜਾਵੇਗੀ। ਇਨ੍ਹਾਂ ਜ਼ੁਲਮਾਂ ਨੂੰ ਸੰਗੀਨ ਜੁਰਮ ਮੰਨਿਆ ਜਾਵੇਗਾ। ਅਜਿਹੇ ਜੁਰਮਾਂ ਲਈ ਆਮਦਨ ਅਤੇ ਸੰਪਤੀ ਦੀ ਮੌਜੂਦਾ ਦਰ ਤੋਂ 300 ਪ੍ਰਤਿਸ਼ਤ ਜੁਰਮਾਨਾ ਲਗਾਇਆ ਜਾਵੇਗਾ। ਨਵੇਂ ਬਿੱਲ ਵਿਚ ਆਮਦਨ ਕਰ ਵੇਰਵਾ ਦਾਖ਼ਲ ਨਾ ਕਰਨ ਉਤੇ 7 ਸਾਲ ਦੀ ਸਜ਼ਾ ਦੀ ਵਿਵਸਥਾ ਹੋਵੇਗੀ। ਬੈਂਕਾਂ, ਵਿੱਤੀ ਅਦਾਰਿਆਂ ਅਤੇ ਵਿਅਕਤੀਆਂ ਦੇ ਮਾਮਲਿਆਂ ਵਿਚ ਇਸ ਬਿੱਲ ਦੇ ਆਧਾਰ ਉਤੇ ਕਾਰਵਾਈ ਕੀਤੀ ਜਾਵੇਗੀ।

❑❑

# ਕੀ ਤੁਸੀਂ ਜਾਣਦੇ ਹੋ?

## ਸਾਰਫੇਸੀ ਐਕਟ

ਸਾਰਫੇਸੀ ਐਕਟ (ਐੱਸ ਏ ਆਰ ਐੱਫ ਏ ਈ ਐੱਸ ਆਈ) ਦਾ ਸ਼ਾਬਦਿਕ ਅਰਥ ਹੈ ਸਕਿਉਰਿਟੀਜ਼ੇਸ਼ਨ ਐਂਡ ਰੀ-ਕੰਸਟ੍ਰਕਸ਼ਨ ਆਫ਼ ਫਾਇਨੈਂਸ਼ਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ ਐਕਟ। ਇਹ ਐਕਟ ਬੈਂਕਾਂ ਨੂੰ ਅਖ਼ਤਿਆਰ ਦਿੰਦਾ ਹੈ ਕਿ ਰਿਹਾਇਸ਼ੀ ਜਾਂ ਵਪਾਰਕ ਜਾਇਦਾਦਾਂ ਲਈ ਲਿਆ ਕਰਜ਼ਾ ਜੇ ਸਮੇਂ ਸਿਰ ਨਾ ਮੋੜਿਆ ਜਾ ਸਕੇ ਤਾਂ ਉਹ ਇਨ੍ਹਾਂ ਜਾਇਦਾਦਾਂ ਦੀ ਨਿਲਾਮੀ ਕਰ ਸਕਦੇ ਹਨ। ਇਹ ਐਕਟ ਬੈਂਕਾਂ ਨੂੰ ਨਾਨ-ਪਰਫਾਰਮਿੰਗ ਐਸਟਸ (ਐੱਨ ਪੀ ਏ ਐੱਸ) ਨੂੰ ਵਸੂਲੀ ਜਾਂ ਪੁਨਰ ਉਸਾਰੀ ਦੇ ਤਰੀਕੇ ਅਪਣਾ ਕੇ, ਘੱਟ ਕਰਨ ਦੇ ਸਮਰੱਥ ਬਣਾਉਂਦਾ ਹੈ।

ਜੇ ਕੋਈ ਕਰਜ਼ਦਾਰ ਛੇ ਮਹੀਨਿਆਂ ਤਕ ਲਗਾਤਾਰ ਘਰ ਦਾ ਕਰਜ਼ਾ ਮੋੜਨ ਤੋਂ ਅਸਫਲ ਰਹਿੰਦਾ ਹੈ ਤਾਂ ਬੈਂਕ ਉਸ ਨੂੰ ਅਦਾਇਗੀ ਸ਼ੁਰੂ ਕਰਨ ਲਈ 60 ਦਿਨ ਦਾ ਨੋਟਿਸ ਦਿੰਦਾ ਹੈ। ਪਰ ਜੇ ਇਸ ਸਮੇਂ ਦੇ ਅੰਦਰ ਵੀ ਕਰਜ਼ਦਾਰ ਕਰਜ਼ਾ ਮੋੜਨਾ ਆਰੰਭ ਨਹੀਂ ਕਰਦਾ ਤਾਂ ਬੈਂਕ ਉਸ ਜਾਇਦਾਦ ਨੂੰ ਐੱਨ ਪੀ ਏ ਐਲਾਨ ਕੇ ਕਰਜ਼ਾ ਵਸੂਲ ਕਰਨ ਲਈ ਇਸ ਦੀ ਨਿਲਾਮੀ ਦਾ ਐਲਾਨ ਕਰ ਦਿੰਦਾ ਹੈ। ਨਿਲਾਮੀ ਦੀ ਕੀਮਤ ਜਾਇਦਾਦ ਦੇ ਬਾਜ਼ਾਰ ਭਾਅ ਮੁਤਾਬਕ ਨਿਰਧਾਰਤ ਕੀਤੀ ਜਾਂਦੀ ਹੈ ਜਿਸ ਨੂੰ ਆਧਾਰ ਮੰਨ ਕੇ ਬੈਂਕ ਇਕ ਰਾਖਵੀਂ ਜਾਂ ਘੱਟੋ-ਘੱਟ ਨਿਲਾਮੀ ਦੀ ਕੀਮਤ ਤੈਅ ਕਰ ਦਿੰਦੇ ਹਨ। ਜੇ ਨਿਲਾਮੀ ਤੋਂ ਪ੍ਰਾਪਤ ਰਕਮ ਬੈਂਕ ਦੇ ਕਰਜ਼ੇ ਤੋਂ ਜ਼ਿਆਦਾ ਹੋਵੇ ਤਾਂ ਵਾਧੂ ਰਕਮ ਕਰਜ਼ਦਾਰ ਨੂੰ ਦੇ ਦਿਤੀ ਜਾਂਦੀ ਹੈ। ਅਜਿਹੀ ਨਿਲਾਮੀ ਬਾਰੇ ਬੈਂਕ ਵਲੋਂ ਘੱਟੋ-ਘੱਟ ਇਕ ਅੰਗਰੇਜ਼ੀ ਅਤੇ ਇਕ ਖੇਤਰੀ ਭਾਸ਼ਾ ਦੇ ਅਖ਼ਬਾਰ ਵਿਚ ਨਿਲਾਮੀ ਤੋਂ 30 ਦਿਨ ਪਹਿਲਾਂ ਇਸ਼ਤਿਹਾਰ ਦਿਤਾ ਜਾਂਦਾ ਹੈ। ਨਿਲਾਮੀ ਦੇ ਚਾਹਵਾਨ ਆਪਣੀ ਬੋਲੀ ਸੀਲਬੰਦ ਲਿਫ਼ਾਫ਼ੇ ਵਿਚ, ਨਿਰਧਾਰਤ ਰਾਖਵੀਂ ਰਕਮ ਦੇ ਇਕ ਮਿੱਥੇ ਪ੍ਰਤਿਸ਼ਤ ਵਜੋਂ ਅਗਾਊਂ ਰਾਸ਼ੀ ਦੇ ਤੌਰ ਤੇ ਬੈਂਕ ਕੋਲ ਜਮ੍ਹਾਂ ਕਰਵਾਉਣਗੇ ਜੋ ਬੋਲੀ ਵਾਪਸ ਲੈਣ ਜਾਂ ਮਨਜ਼ੂਰ ਨਾ ਹੋਣ ਦੀ ਹਾਲਤ ਵਿਚ ਵਾਪਸ ਕਰ ਦਿਤਾ ਜਾਂਦਾ ਹੈ।

ਇਹ ਸੀਲਬੰਦ ਲਿਫ਼ਾਫ਼ੇ ਨਿਲਾਮੀ ਵਾਲੇ ਦਿਨ ਬੋਲੀਕਾਰਾਂ ਦੇ ਸਾਹਮਣੇ ਖੋਲ੍ਹੇ ਜਾਂਦੇ ਹਨ ਅਤੇ ਸਭ ਤੋਂ ਉੱਚੀ ਬੋਲੀ ਦਾ ਐਲਾਨ ਕਰ ਦਿਤਾ ਜਾਂਦਾ ਹੈ। ਜਿੱਤਣ ਵਾਲੇ ਨੂੰ ਖਰੀਦ ਪੱਕੀ ਕਰਨ ਲਈ ਆਪਣੀ ਬੋਲੀ ਦੀ ਰਕਮ ਦਾ 25 ਪ੍ਰਤਿਸ਼ਤ ਮੌਕੇ 'ਤੇ ਜਮ੍ਹਾਂ ਕਰਵਾਉਣਾ ਹੁੰਦਾ ਹੈ। ਫ਼ਾਇਦਾ ਇਹ ਹੁੰਦਾ ਹੈ ਕਿ ਇਹ ਜਾਇਦਾਦਾਂ ਬਾਜ਼ਾਰੀ ਭਾਅ ਤੋਂ 20-30 ਪ੍ਰਤਿਸ਼ਤ ਸਸਤੀਆਂ ਹੁੰਦੀਆਂ ਹਨ। ਜਾਇਦਾਦ ਬਾਰੇ ਪੂਰੀ ਪਾਰਦਰਸ਼ਤਾ ਵੀ ਹੁੰਦੀ ਹੈ ਕਿਉਂਕਿ ਪਹਿਲਾਂ ਬੈਂਕ ਵਲੋਂ ਇਸ ਜਾਇਦਾਦ ਲਈ ਕਰਜ਼ਾ ਦਿਤਾ ਗਿਆ ਹੁੰਦਾ ਹੈ। ਨੁਕਸਾਨ ਇਹ ਹੈ ਕਿ ਇਹ ਜਾਇਦਾਦਾਂ; ਜਿਵੇਂ ਅਤੇ ਜਿੱਥੇ ਹੈ ਦੀ ਹਾਲਤ ਵਿਚ ਵੇਚੀਆਂ ਜਾਂਦੀਆਂ ਹਨ, ਜਿਵੇਂ ਕਿ ਇਨ੍ਹਾਂ ਬਾਰੇ ਮੁਕੱਦਮੇ-ਬਾਜ਼ੀ ਜਾਂ ਬਕਾਏ ਦਾ ਝਗੜਾ ਹੋ ਸਕਦਾ ਹੈ ਜੋ ਜਿੱਤਣ ਵਾਲੇ ਬੋਲੀਕਾਰ ਨੂੰ ਆਪਣੇ-ਆਪ ਤਬਦੀਲ ਹੋ ਜਾਵੇਗਾ।

ਸਾਰਫੇਸੀ ਐਕਟ, 2002 ਤਹਿਤ ਪ੍ਰਾਪਤੀ ਸ਼ਕਤੀਆਂ ਦੇ ਇਸਤੇਮਾਲ ਲਈ ਭਾਰਤ ਦੇ ਰਿਜ਼ਰਵ ਬੈਂਕ ਵਲੋਂ ਵਿੱਤੀ ਅਸਾਸਿਆਂ ਦੇ ਪੰਜੀਕਰਨ, ਅਸਾਸਿਆਂ ਦੇ ਪੁਨਰਗਠਨ ਦੇ ਤਰੀਕੇ, ਸਾਵਧਾਨੀ ਵਾਲੇ ਨੇਮ ਅਤੇ ਅਧਿਗ੍ਰਹਿਣ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ ਜਿਨ੍ਹਾਂ ਨੂੰ 'ਦਿ ਸਕਿਉਰਿਟੀਜ਼ੇਸ਼ਨ ਕੰਪਨੀਜ਼ ਐਂਡ ਰੀਕੰਸਟ੍ਰਕਸ਼ਨ ਕੰਪਨੀਜ਼ (ਰਿਜ਼ਰਵ ਬੈਂਕ) ਗਾਈਡਲਾਈਨਜ਼ ਐਂਡ ਡਾਇਰੈਕਟਸ਼ਨਜ਼, 2003' ਆਖਿਆ ਜਾਂਦਾ ਹੈ। ਹਾਲ ਹੀ ਵਿਚ 2015–16 ਦੇ ਕੇਂਦਰੀ ਬਜਟ ਵਿਚ, ਜਿਹੜੇ ਐੱਨ ਬੀ ਐੱਫ ਸੀ ਐੱਸ ਰਿਜ਼ਰਵ ਬੈਂਕ ਕੋਲ ਪੰਜੀਕ੍ਰਿਤ ਹਨ ਅਤੇ ਜਿਨ੍ਹਾਂ ਦੇ ਅਸਾਸੇ 500 ਕਰੋੜ ਜਾਂ ਵੱਧ ਹਨ, ਉਨ੍ਹਾਂ ਨੂੰ ਸਾਰਫੇਸੀ ਐਕਟ–2002 ਤਹਿਤ 'ਵਿੱਤੀ ਸਰੋਤ' ਮੰਨਿਆ ਜਾਵੇਗਾ। ❑❑

- ਉਹ ਲੇਖਕ ਸਭ ਤੋਂ ਵੱਧ ਚੰਗਾ ਲਿਖਦਾ ਹੈ, ਜਿਹੜਾ ਆਪਣੇ ਪਾਠਕਾਂ ਦਾ ਘੱਟ ਤੋਂ ਘੱਟ ਸਮਾਂ ਲੈ ਕੇ ਵੱਧ ਤੋਂ ਵੱਧ ਗਿਆਨ ਦਿੰਦਾ ਹੈ। – ਸਿਡਨੀ ਸਮਿੱਥ

# ਭਾਰਤ ਦੇ ਗਰੀਬਾਂ ਦੇ ਫ਼ਾਇਦੇ ਲਈ ਬੀਮਾ ਖੇਤਰ ਵਿਚ ਵਿਦੇਸ਼ੀ ਹਿੱਸੇਦਾਰੀ ਵਧਾਉਣਾ

✍ ਧੀਰਜ ਨਾਇਰ

ਬੀਮਾ ਸਿਰਫ਼ ਖ਼ਤਰਾ ਪ੍ਰਬੰਧਨ ਹੀ ਨਹੀਂ ਹੈ। ਇਹ ਸਮਾਜਿਕ ਸੁਰੱਖਿਆ ਦਾ ਵੀ ਯੰਤਰ ਹੈ। ਬੀਮਾ ਅਮੀਰ ਦੇਸ਼ਾਂ ਦੇ ਰੱਜੇ-ਪੁੱਜੇ ਲੋਕਾਂ ਲਈ ਹੀ ਨਹੀਂ ਹੈ। ਅਸਲ ਵਿਚ, ਇਹ ਭਾਰਤ ਵਰਗੇ ਉੱਭਰ ਰਹੇ ਅਰਥਚਾਰਿਆਂ ਦੇ ਕਮਜ਼ੋਰ ਵਰਗਾਂ ਲਈ ਜ਼ਿਆਦਾ ਮਹੱਤਵਪੂਰਨ ਹੈ। ਬਦਕਿਸਮਤੀ ਨੂੰ, ਭਾਰਤ ਬੀਮੇ ਪੱਖੋਂ ਬੁਰੀ ਤਰ੍ਹਾਂ ਪਛੜਿਆ ਹੋਇਆ ਦੇਸ਼ ਹੈ। ਭਾਰਤ ਦਾ ਬੀਮਾ ਪੱਖੋਂ ਪ੍ਰਵੇਸ਼, ਜੋ ਇਕੱਤਰ ਕੀਤੇ ਗਏ ਬੀਮਾ ਪ੍ਰੀਮੀਅਮ ਦੀ ਪ੍ਰਤਿਸ਼ਤਤਾ ਦੇ ਕੁੱਲ ਘਰੇਲੂ ਉਤਪਾਦ ਦੇ ਪ੍ਰਤਿਸ਼ਤ ਮਾਪਿਆ ਜਾਂਦਾ ਹੈ, ਵਿਕਸਤ ਦੇਸ਼ਾਂ ਦੀ ਔਸਤ 90 ਪ੍ਰਤਿਸ਼ਤ ਦੇ ਮੁਕਾਬਲੇ ਸਿਰਫ਼ 3.96 ਪ੍ਰਤਿਸ਼ਤ ਹੈ। ਭਾਰਤ ਦੀ ਕਾਰਗੁਜ਼ਾਰੀ ਚੀਨ ਨਾਲੋਂ ਥੋੜ੍ਹੀ ਬਿਹਤਰ ਹੈ ਜਿਸ ਦਾ ਪ੍ਰਵੇਸ਼ ਸਿਰਫ਼ 3 ਪ੍ਰਤਿਸ਼ਤ ਹੈ। ਭਾਰਤ ਦੀ ਬੀਮਾ ਘਣਤਾ, ਜਿਸ ਨੂੰ ਪ੍ਰਤਿ ਵਿਅਕਤੀ ਬੀਮਾ ਪ੍ਰੀਮੀਅਮ ਵਜੋਂ ਮਾਪਿਆ ਜਾਂਦਾ ਹੈ, ਸਿਰਫ਼ 53 ਡਾਲਰ ਹੈ ਜਦ ਕਿ ਵਿਕਸਤ ਦੇਸ਼ਾਂ ਦੀ ਔਸਤ 2000 ਡਾਲਰ ਤੋਂ 7000 ਡਾਲਰ ਦਰਮਿਆਨ ਹੈ। ਇਸ ਪੈਮਾਨੇ ਤੋਂ, 178 ਡਾਲਰ ਦੀ ਬੀਮਾ ਘਣਤਾ ਨਾਲ ਚੀਨ ਭਾਰਤ ਤੋਂ ਅਗਾਂਹ ਹੈ।

ਇਸ ਦਾ ਇਕ ਕਾਰਨ ਹੈ ਕਿ ਬੀਮਾ ਰਾਸ਼ੀ ਦੇ ਫੈਲਾਅ ਬਾਰੇ ਪ੍ਰਮੁੱਖ ਪੱਖਾਂ ਤੋਂ ਭਾਰਤ ਅਤੇ ਚੀਨ ਵਿਕਸਤ ਅਰਥਵਿਵਸਥਾਵਾਂ ਤੋਂ ਪਛੜੇ ਹੋਏ ਕਿਉਂ ਹਨ। ਦੋਨੋਂ ਬਾਜ਼ਾਰ ਲੰਮੇ ਸਮੇਂ ਤਕ ਸਰਕਾਰੀ ਬੀਮਾ ਕੰਪਨੀਆਂ ਦੇ ਅਧਿਕਾਰ ਖੇਤਰ ਵਾਲੇ ਰਹੇ ਹਨ; ਦੋਵਾਂ ਦੇਸ਼ਾਂ ਨੇ ਹਾਲ ਹੀ ਵਿਚ ਵਿਦੇਸ਼ੀ ਨਿਵੇਸ਼ ਨੂੰ ਅੰਸ਼ਿਕ ਖੁੱਲ੍ਹ ਦਿਤੀ ਹੈ; ਨਿੱਜੀ ਅਤੇ ਵਿਦੇਸ਼ੀ ਬੀਮਾ ਕੰਪਨੀਆਂ ਦੀ ਬਾਜ਼ਾਰੀ ਹਿੱਸੇਦਾਰੀ ਬਹੁਤ ਘੱਟ ਹੈ।

ਸਚਾਈ ਇਹ ਹੈ ਕਿ ਭਾਰਤ ਦਾ ਬੀਮਾ ਬਾਜ਼ਾਰ ਮੁਕਾਬਲੇਬਾਜ਼ੀ ਵਾਲਾ ਨਹੀਂ ਹੈ। ਬਾਜ਼ਾਰ ਦੇ ਘੱਟ ਅਧਿਕਾਰਾਂ ਵਾਲੇ ਹਾਲਾਤ ਦਾ ਮਤਲਬ ਹੈ ਕਿ ਕੰਪਨੀਆਂ, ਜ਼ਿਆਦਾਤਰ ਸਰਕਾਰੀ ਕੰਪਨੀਆਂ, ਚੋਖਾ ਮੁਨਾਫ਼ਾ ਕਮਾਉਂਦੀਆਂ ਹਨ ਅਤੇ ਬੀਮੇ ਤੋਂ ਤਬਕਿਆਂ ਨੂੰ ਬਹੁਤ ਨਿਗੂਣਾ ਫ਼ਾਇਦਾ ਦਿੰਦੀਆਂ ਹਨ। ਉਨ੍ਹਾਂ ਕੋਲ ਨਵੀਨਤਮ ਉਤਪਾਦ ਪੇਸ਼ ਕਰਨ ਲਈ ਵੀ ਉਤਸ਼ਾਹ ਨਹੀਂ ਹੈ ਜਿਹੜੇ ਘੱਟ ਆਮਦਨ ਵਾਲੇ ਖਪਤਕਾਰਾਂ ਨੂੰ ਆਕਰਸ਼ਿਤ ਕਰਨਗੇ। ਸਿਰਫ਼ ਉਹ ਰਸਤਾ, ਜਿਸ 'ਤੇ ਚੱਲ ਕੇ ਭਾਰਤ ਦਾ ਬੀਮਾ ਉਦਯੋਗ ਮੁਕਾਬਲੇਬਾਜ਼ੀ ਵਾਲਾ ਬਣ ਸਕਦਾ ਹੈ, ਉਹ ਹੈ ਜੇ ਵਿਦੇਸ਼ੀ ਨਿਵੇਸ਼ ਦੀ ਆਗਿਆ ਦਿਤੀ ਜਾਵੇ।

***ਕੇਂਦਰੀ ਬਜਟ ਵਿਚ ਬੀਮਾ ਖੇਤਰ ਨੂੰ ਭਾਰਤ ਦੇ ਗਰੀਬ ਤਬਕਿਆਂ ਤਕ ਪੁੱਜਦੇ ਕਰਨ ਲਈ ਸਰਕਾਰ ਦੀ ਦ੍ਰਿੜ੍ਹ ਇੱਛਾ ਸ਼ਕਤੀ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸਰਕਾਰ ਵਲੋਂ ਵਿਆਪਕ ਸਮਾਜਿਕ ਸੁਰੱਖਿਆ ਪ੍ਰਣਾਲੀ ਤਿਆਰ ਕਰਨ ਦੀਆਂ ਕੋਸ਼ਿਸ਼ਾਂ ਦੇ ਮੱਦੇਨਜ਼ਰ ਬਜਟ ਵਿਚ ਘੱਟ ਆਮਦਨ ਵਰਗਾਂ ਵਾਸਤੇ ਦੋ ਨਵੀਆਂ ਬੀਮਾ ਯੋਜਨਾਵਾਂ ਦਾ ਐਲਾਨ ਕੀਤਾ ਗਿਆ ਹੈ। ਸੁਰੱਖਿਆ ਬੀਮਾ ਯੋਜਨਾ ਤਹਿਤ, ਸਾਲਾਨਾ 12 ਰੁਪਏ ਪ੍ਰੀਮੀਅਮ ਭਰ ਕੇ ਕੋਈ ਵਿਅਕਤੀ 2 ਲੱਖ ਰੁਪਏ ਦੇ ਦੁਰਘਟਨਾ ਬੀਮਾ ਸੁਰੱਖਿਆ ਦਾ ਹੱਕਦਾਰ ਬਣ ਜਾਵੇਗਾ।***

ਜੀਵਨ ਜਯੋਤੀ ਬੀਮਾ ਯੋਜਨਾ ਤਹਿਤ, ਕੋਈ ਵਿਅਕਤੀ 330 ਰੁਪਏ ਸਾਲਾਨਾ ਪ੍ਰੀਮੀਅਮ (ਰੋਜ਼ਾਨਾ ਇਕ ਰੁਪਏ ਤੋਂ ਵੀ ਘੱਟ) 2 ਲੱਖ ਰੁਪਏ ਦੀ ਜੀਵਨ ਬੀਮਾ ਸੁਰੱਖਿਆ ਪ੍ਰਾਪਤ ਕਰ ਸਕਦਾ ਹੈ। ਆਸ ਅਨੁਸਾਰ, ਜੀਵਨ ਬੀਮਾ ਨਿਗਮ ਅਤੇ ਜੀ ਆਈ ਸੀ ਵਰਗੀਆਂ ਸਰਕਾਰੀ ਬੀਮਾ ਕੰਪਨੀਆਂ ਇਨ੍ਹਾਂ ਯੋਜਨਾਵਾਂ ਨੂੰ ਪੇਸ਼ ਕਰਨਗੀਆਂ।

ਪਰ, ਸਰਕਾਰ ਸਿਰਫ਼ ਇੰਨਾ ਕੁਝ ਹੀ ਕਰ ਸਕਦੀ ਹੈ। ਘੱਟ ਆਮਦਨ ਵਾਲੇ ਵਰਗਾਂ ਨੂੰ ਜੀਵਨ ਅਤੇ ਦੁਰਘਟਨਾ ਬੀਮਾ ਤੋਂ ਇਲਾਵਾ ਵੀ ਬੀਮਾ ਸੁਰੱਖਿਆ ਦੀ ਲੋੜ ਹੈ – ਸਾਰੇ ਭਾਰਤ ਵਾਸੀਆਂ ਦੀ ਸਿਹਤ ਬੀਮਾ ਤਕ ਪਹੁੰਚ ਹੋਣੀ ਚਾਹੀਦੀ ਹੈ; ਹਰੇਕ ਕਿਸਾਨ ਕੋਲ ਫ਼ਸਲ ਦਾ ਬੀਮਾ ਹੋਣਾ ਜ਼ਰੂਰੀ ਹੈ। ਸਮੱਸਿਆ ਇਹ ਹੈ ਕਿ ਵਰਤਮਾਨ ਸਮੇਂ ਨਾ ਤਾਂ ਸਰਕਾਰੀ ਅਤੇ ਨਾ ਹੀ ਨਿੱਜੀ ਬੀਮਾ ਕੰਪਨੀਆਂ (ਜਿਨ੍ਹਾਂ ਵਿਚ 26 ਪ੍ਰਤਿਸ਼ਤ ਵਿਦੇਸ਼ੀ ਬੀਮਾ ਹਿੱਸੇਦਾਰੀ ਵੀ ਸ਼ਾਮਿਲ ਹੈ), ਵੱਡੇ ਬਾਜ਼ਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਨਾ ਤਾਂ ਤਿਆਰ ਹਨ ਅਤੇ ਨਾ ਹੀ ਸਮਰੱਥ। ਇਸ ਦੇ ਲਈ ਕੰਪਨੀਆਂ ਦਰਮਿਆਨ ਮੁਕਾਬਲੇਬਾਜ਼ੀ ਪੈਦਾ ਕਰਨੀ ਹੋਵੇਗੀ ਅਤੇ ਉਨ੍ਹਾਂ ਕੋਲ ਨਵੀਨਤਮ ਉਤਪਾਦ ਪੇਸ਼ ਕਰਨ ਦੀ ਜਾਣਕਾਰੀ ਅਤੇ ਵਿੱਤੀ ਸਮਰੱਥਾ ਹੋਣੀ ਚਾਹੀਦੀ ਹੈ ਤਾਂ ਕਿ ਬਾਜ਼ਾਰ ਦੇ ਸਖ਼ਤ ਮੁਕਾਬਲੇ ਵਿਚ ਟਿਕਿਆ ਜਾ ਸਕੇ। ਇਸ ਕਸੌਟੀ 'ਤੇ ਸਿਰਫ਼ ਵਿਦੇਸ਼ੀ ਨਿਵੇਸ਼ਕ ਹੀ ਪੂਰੇ ਉੱਤਰਦੇ ਹਨ। ਉਤਪਾਦਾਂ ਬਾਰੇ ਬਿਹਤਰ ਜਾਣਕਾਰੀ ਹੀ ਉਨ੍ਹਾਂ ਕੋਲ ਇਕ ਫ਼ਾਇਦਾ ਹੈ। ਵਿਦੇਸ਼ੀ ਬੀਮਾ ਕੰਪਨੀਆਂ ਦੁਨੀਆਂ ਭਰ ਵਿਚ ਪੈਸਾ ਨਿਵੇਸ਼ ਕਰ ਸਕਦੀਆਂ ਹਨ ਜਿਸ ਨਾਲ ਉਨ੍ਹਾਂ ਦਾ ਜੋਖ਼ਮ ਵੀ ਵੰਡਿਆ ਜਾਂਦਾ ਹੈ। ਜ਼ਾਹਰਾ ਤੌਰ

ਤੇ ਭਾਰਤੀ ਕੰਪਨੀਆਂ ਦੇਸ਼ ਅੰਦਰ ਹੀ ਨਿਵੇਸ਼ ਕਰਨਗੀਆਂ ਜੋ ਉਨ੍ਹਾਂ ਦੇ ਜੋਖ਼ਮ ਨੂੰ ਹੋਰ ਵਧਾਵੇਗਾ। ਕਹਿਣ ਦੀ ਲੋੜ ਨਹੀਂ ਕਿ ਸਿੱਟੇ ਵਜੋਂ ਵਿਦੇਸ਼ੀ ਬੀਮਾ ਕੰਪਨੀਆਂ ਵਲੋਂ ਪੇਸ਼ ਕੀਤੀ ਜਾਣ ਵਾਲੀ ਪ੍ਰੀਮੀਅਮ ਦੀ ਰਕਮ ਭਾਰਤੀ ਕੰਪਨੀਆਂ ਨਾਲੋਂ ਘੱਟ ਹੋਵੇਗੀ। ਵਿਦੇਸ਼ੀ ਬੀਮਾ ਸੇਵਾਵਾਂ ਦੇਣ ਵਾਲਿਆਂ ਦੀ ਹਾਜ਼ਰੀ ਨਾਲ ਬੀਮਾ ਸਮਰੱਥਾ ਵਿਚ ਵਾਧਾ ਹੋਵੇਗਾ। ਜੇ ਸਰਕਾਰ ਬੀਮੇ ਨੂੰ ਸਮਾਜਿਕ ਸੁਰੱਖਿਆ ਦੇ ਯੰਤਰ ਵਜੋਂ ਅੱਗੇ ਵਧਾਉਣ ਲਈ ਗੰਭੀਰ ਹੈ ਤਾਂ ਇਸ ਨੂੰ ਤੇਜ਼ੀ ਨਾਲ ਉਦਾਰੀਕਰਨ ਕਰਨਾ ਪਵੇਗਾ।

***ਮੌਜੂਦਾ ਸਮੇਂ, ਸਰਕਾਰ ਦੀ ਇੱਛਾ ਬੀਮਾ ਖੇਤਰ ਵਿਚ ਵਿਦੇਸ਼ੀ ਨਿਵੇਸ਼ ਦੀ ਸੀਮਾ 26 ਪ੍ਰਤਿਸ਼ਤ ਤੋਂ ਵਧਾ ਕੇ 49 ਪ੍ਰਤਿਸ਼ਤ ਕਰਨ ਦੀ ਹੈ। ਇਹ ਸੁਧਾਰ ਲੰਮੇ ਸਮੇਂ ਤੋਂ ਲਮਕਦਾ ਆ ਰਿਹਾ ਹੈ ਜੋ ਸੰਸਦ ਵਿਚ ਪਾਸ ਨਹੀਂ ਹੋ ਸਕਿਆ। ਸਰਕਾਰ ਨੇ ਰਾਸ਼ਟਰਪਤੀ ਅਧਿਆਦੇਸ਼ ਜਾਰੀ ਕੀਤਾ ਹੈ ਪਰ ਜ਼ਰੂਰੀ ਹੈ ਕਿ ਨਵਾਂ ਬੀਮਾ ਬਿੱਲ ਸੰਸਦ ਵਿਚ ਪਾਸ ਕੀਤਾ ਜਾਵੇ। ਭਾਰਤ ਨੂੰ ਹੋਰ ਬਹੁਤ ਸਾਰੀਆਂ ਬੀਮਾ ਕੰਪਨੀਆਂ ਦੀ ਲੋੜ ਹੈ। ਵਰਤਮਾਨ ਸਮੇਂ ਵਿਚ ਦੇਸ਼ ਅੰਦਰ ਸਿਰਫ਼ 52 ਬੀਮਾ ਕੰਪਨੀਆਂ ਹਨ ਜਿਨ੍ਹਾਂ ਵਿਚੋਂ 24 ਜੀਵਨ ਬੀਮਾ ਅਤੇ 28 ਗ਼ੈਰ-ਜੀਵਨ ਬੀਮਾ ਵਪਾਰ ਵਿਚ ਸਰਗਰਮ ਹਨ। 26 ਪ੍ਰਤਿਸ਼ਤ ਦੀ ਬੀਮਾ ਨਾਲ ਭਾਰਤੀ ਬੀਮਾ ਖੇਤਰ ਵਿਚ ਵਿਦੇਸ਼ੀ ਹਿੱਸੇਦਾਰੀ 8700 ਕਰੋੜ ਰੁਪਏ ਹੈ ਜਦ ਕਿ ਘਰੇਲੂ ਨਿੱਜੀ ਹਿੱਸੇਦਾਰੀ 35,000 ਕਰੋੜ ਰੁਪਏ ਹੈ। 49 ਪ੍ਰਤਿਸ਼ਤ ਦੀ ਦਰ ਨਾਲ, ਅੰਦਾਜ਼ਾ ਹੈ ਕਿ ਵਿਦੇਸ਼ੀ ਹਿੱਸੇਦਾਰੀ 50,000 ਕਰੋੜ ਰੁਪਏ ਤਕ ਜਾ ਸਕਦੀ ਹੈ।***

ਬੇਸ਼ੱਕ, ਸਰਕਾਰ ਨੂੰ ਇਹ ਹਿੱਸੇਦਾਰੀ 49 ਪ੍ਰਤਿਸ਼ਤ ਤੋਂ ਵਧਾਉਣ ਲਈ ਤੇਜ਼ੀ ਨਾਲ ਕੰਮ ਕਰਨਾ ਚਾਹੀਦਾ ਹੈ। ਮਾਲਕੀ ਨੂੰ ਭਾਰਤੀ ਹੱਥਾਂ ਤਕ ਹੀ ਸੀਮਤ ਰੱਖਣ ਦੀ ਕੋਈ ਠੋਸ ਦਲੀਲ ਨਹੀਂ ਹੈ। ਯਕੀਨਨ ਹੀ ਅਜਿਹੀ ਪਾਬੰਦੀ ਸਥਾਨਕ ਉੱਦਮੀ ਨੂੰ ਹੀ ਉਤਸ਼ਾਹਿਤ ਕਰੇਗੀ ਜਿਸ ਦੇ ਕੋਲ ਹੋ ਸਕਦਾ ਹੈ ਵਿਦੇਸ਼ੀ ਕੰਪਨੀਆਂ ਦੇ ਉੱਚ ਪਾਇ ਦੇ ਹੁਨਰ ਦਾ ਮੁਕਾਬਲਾ ਕਰਨ ਲਈ ਬੀਮਾ ਖੇਤਰ ਵਿਚ ਲੋੜੀਂਦੀ ਸਮਰੱਥਾ/ਯੋਗਤਾ ਨਾ ਹੋਵੇ। ਜੇ 74 ਪ੍ਰਤਿਸ਼ਤ ਜਾਂ 100 ਪ੍ਰਤਿਸ਼ਤ ਵਿਦੇਸ਼ੀ ਨਿਵੇਸ਼ ਦੀ ਆਗਿਆ ਦੇ ਦਿਤੀ ਜਾਵੇ ਤਾਂ ਭਾਰਤੀ ਬੀਮਾ ਖੇਤਰ ਅੰਦਰ ਨਿਵੇਸ਼ ਕਈ ਗੁਣਾ ਵਧ ਜਾਵੇਗਾ। ਜੇ ਇਕ ਵਿਦੇਸ਼ੀ ਬੀਮਾ ਕੰਪਨੀ ਨੂੰ ਪ੍ਰਬੰਧਨ ਦੀ ਕਮਾਨ ਹੱਥ ਲੈਣ ਦੀ ਆਗਿਆ ਮਿਲ ਜਾਵੇ ਤਾਂ ਭਾਰਤੀ ਬਾਜ਼ਾਰ ਵਿਚ ਦਾਖ਼ਲ ਹੋਣ ਲਈ ਉਸ ਕੋਲ ਵੱਡਾ ਸਵੈ-ਭਰੋਸਾ ਹੋਵੇਗਾ। ਬੀਮਾ ਖੇਤਰ ਵਿਚ ਵਿਦੇਸ਼ੀ ਨਿਵੇਸ਼ 'ਤੇ ਪਾਬੰਦੀਆਂ ਖਤਮ ਕਰਨਾ ਆਉਣ ਵਾਲੇ ਸਮੇਂ ਵਿਚ ਸਭ ਤੋਂ ਉੱਚ ਪਹਿਲ ਹੋਣੀ ਚਾਹੀਦੀ ਹੈ।

ਵਿਦੇਸ਼ੀ ਨਿਵੇਸ਼ਕਾਂ ਲਈ ਇਹ ਖੇਤਰ ਖੋਲ੍ਹਣ ਦੇ ਕੀ ਜੋਖ਼ਮ ਹੋ ਸਕਦੇ ਹਨ? ਸ਼ੰਕਾਵਾਦੀ 2008 ਦੇ ਵਿਸ਼ਵ ਵਿੱਤ ਸੰਕਟ ਨੂੰ ਹੋਰ ਗਹਿਰਾ ਕਰਨ ਲਈ ਦੁਨੀਆਂ ਦੀਆਂ ਵੱਡੀਆਂ ਬੀਮਾ ਕੰਪਨੀਆਂ ਦੀ ਭੂਮਿਕਾ ਵੱਲ ਇਸ਼ਾਰਾ ਕਰਨਗੇ? ਭਾਰਤੀ ਅਰਥਵਿਵਸਥਾ ਅਮਰੀਕਾ ਵਰਗੀ ਨਹੀਂ ਹੈ। ਇਹ ਕਿਸੇ ਵੱਡੇ ਵਿੱਤੀ ਖੇਤਰ ਦੇ ਉਦਯੋਗ ਦੇ ਯੋਜਨਾਬਧ ਪਤਨ ਨੂੰ ਪੂਰੀ ਤਰ੍ਹਾਂ ਜਜ਼ਬ ਨਹੀਂ ਕਰ ਸਕੀ। 2008 ਤੋਂ ਪਹਿਲਾਂ ਦੇ ਵਰ੍ਹਿਆਂ ਅੰਦਰ, ਪੱਛਮੀ ਬੀਮਾ ਕੰਪਨੀਆਂ ਜਟਿਲ ਵਿੱਤੀ ਉਤਪਾਦਾਂ ਵਿਚ ਨਿਵੇਸ਼ ਅਤੇ ਬੀਮਾ ਕਰ ਰਹੀਆਂ ਹਨ ਜਿਨ੍ਹਾਂ ਨੂੰ ਬਹੁਤ ਘੱਟ ਲੋਕ ਸਮਝਦੇ ਸਨ ਸਿਵਾਇ ਉਨ੍ਹਾਂ ਨੂੰ ਵਿੱਤੀ ਤੌਰ ਤੇ ਬਣਾਉਣ ਵਾਲੇ। ਇਹ ਸਾਹਮਣੇ ਆਇਆ ਇਨ੍ਹਾਂ ਉਤਪਾਦਾਂ ਦੀ ਬਹੁਤਾਤ – ਜੋ ਜੋਖ਼ਮ ਨੂੰ ਵੰਡਣ ਲਈ ਬਣਾਏ ਗਏ ਸਨ – ਅਸਲ ਵਿਚ ਤੰਤਰ ਲਈ ਗੰਭੀਰ ਖ਼ਤਰਾ ਬਣ ਗਏ ਸਨ। ਇਨ੍ਹਾਂ ਉਤਪਾਦਾਂ ਦੀ ਅਸਪੱਸ਼ਟਤਾ ਅਤੇ ਇਨ੍ਹਾਂ ਨੂੰ ਵੇਚਣ ਵੇਲੇ ਵਰਤੀ ਗਈ ਪਾਰਦਰਸ਼ਤਾ ਦੀ ਘਾਟ ਵਿਸ਼ਵੀ ਵਿੱਤੀ ਸੰਕਟ ਦੇ ਦੋ ਮੂਲ ਕਾਰਨ ਸਨ। ਬੇਸ਼ੱਕ ਬਾਕੀ ਵਿੱਤੀ ਕੰਪਨੀਆਂ ਵਾਂਗ ਬੀਮਾ ਕੰਪਨੀਆਂ ਵੀ ਵੱਡੇ ਮੁਨਾਫ਼ੇ ਦੀ ਤਾਕ ਵਿਚ, ਤੰਤਰ ਨੂੰ ਨੁਕਸਾਨ ਪਹੁੰਚਾਉਣ ਅਤੇ ਪੱਛਮੀ ਆਰਥਿਕਤਾਵਾਂ ਅੰਦਰ ਲੰਮੀ ਮੰਦੀ ਅਤੇ ਵਿਸ਼ਵ ਦੇ ਬਾਕੀ ਹਿੱਸਿਆਂ ਵਿਚ ਲੰਮਾ ਸਮਾਂ ਚੱਲਣ ਵਾਲੇ ਮੰਦੇ ਲਈ ਜ਼ਿੰਮੇਵਾਰ ਸਨ।

ਫਿਰ ਵੀ, ਇਹ ਕਾਰਨ ਹੀ ਕਾਫ਼ੀ ਨਹੀਂ ਕਿ ਵਿਦੇਸ਼ੀ ਬੀਮਾ ਕੰਪਨੀਆਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਵੇ। ਜ਼ਿਆਦਤੀਆਂ ਨੂੰ ਹੱਲ ਕਰਨ ਦਾ ਸਹੀ ਤਰੀਕਾ ਠੋਸ ਨਿਯਮਨ ਹੈ, ਨਾ ਕਿ ਪੂਰੀ ਤਾਲਾਬੰਦੀ। 2008 ਦੇ ਸੰਕਟ ਪ੍ਰਤਿ ਵਿਕਸਤ ਅਰਥਚਾਰਿਆਂ ਨੇ ਨਵੇਂ ਅਤੇ ਬਿਹਤਰ ਨਿਯਮਨ ਨਾਲ ਹੁੰਗਾਰਾ ਭਰਿਆ ਹੈ ਜੋ ਜਟਿਲ ਉਤਪਾਦਾਂ ਦੀ ਅਸਪੱਸ਼ਟਤਾ ਦੂਰ ਕਰਦੇ ਹਨ ਅਤੇ ਜੋ ਖੁੱਲ੍ਹੇ ਬਾਜ਼ਾਰ ਰਾਹੀਂ ਵੇਚੇ ਜਾਂਦੇ ਹਨ ਨਾ ਕਿ ਮੇਜ਼ ਦੇ ਉੱਤੇ ਹੀ।ਭਾਰਤੀ ਵਿਚ ਨਿਯਮਨ ਨੇ ਜ਼ਿਆਦਾਤਰ ਜਟਿਲ ਉਤਪਾਦਾਂ ਦੀ ਆਗਿਆ ਨਹੀਂ ਦਿਤੀ ਜੋ ਵਿਸ਼ਵ ਵਿੱਤੀ ਸੰਕਟ ਨੂੰ ਗਹਿਰਾ ਕਰਨ ਦਾ ਕਾਰਨ ਬਣੇ ਸਨ। ਉਨ੍ਹਾਂ ਸ਼ਬਦਾਂ ਵਿਚ, ਭਾਰਤ ਨੂੰ ਡਰਨ ਦੀ ਕੋਈ ਲੋੜ ਨਹੀਂ। ਅਸਲ ਵਿਚ, ਭਾਰਤ ਨੂੰ ਆਪਣੇ ਵਿੱਤ ਬਾਜ਼ਾਰਾਂ ਵਿਚ ਵੱਡਾ ਉਦਾਰੀਕਰਨ ਕਰਨ ਦੀ ਲੋੜ ਹੈ ਤਾਂ ਜੋ ਵਿਕਸਤ ਦੇਸ਼ਾਂ ਦੇ ਵਿੱਤ ਬਾਜ਼ਾਰਾਂ ਦੇ ਪੱਧਰ ਦੇ ਨੇੜੇ-ਤੇੜੇ ਪੁੱਜਿਆ ਜਾ ਸਕੇ। ਇਸ ਤਰ੍ਹਾਂ, ਭਾਰਤ ਵਿਚ ਕੰਮ ਕਰ ਰਹੀਆਂ ਵਿਦੇਸ਼ੀ ਬੀਮਾ ਕੰਪਨੀਆਂ ਬਾਰੇ ਤੌਖਲੇ ਵਧਾ-ਚੜ੍ਹਾ ਕੇ ਪੇਸ਼ ਕੀਤੇ ਗਏ ਹਨ। ਭਾਰਤ ਵਿਚ ਬੀਮਾ ਨਿਯਮਨ ਅਤੇ ਵਿਕਾਸ ਅਥਾਰਿਟੀ (ਆਈ ਆਰ ਡੀ ਏ) ਰੂਪੀ ਬੀਮਾ ਖੇਤਰ ਦਾ ਤਕੜਾ ਨਿਯਮਨ ਹੈ। ਭਾਰਤੀ ਕੰਪਨੀਆਂ ਵਾਂਗ ਇਹ ਵਿਦੇਸ਼ੀ ਕੰਪਨੀਆਂ ਦਾ ਵੀ ਨਿਯਮਨ ਕਰ ਸਕਦਾ ਹੈ।

ਚੀਨ ਦੇ ਮਹਾਨ ਸੁਧਾਰਕ ਨੇਤਾ ਡੇਂਗ ਜ਼ਿਆਓਪਿੰਗ ਨੇ ਇਕ ਵਾਰ ਆਖਿਆ ਸੀ ਕਿ ਬਿੱਲੀ ਨੂੰ ਚੂਹੇ ਫੜਨ ਨਾਲ ਮਤਲਬ ਹੈ, ਫਿਰ ਚਾਹੇ ਉਹ ਕਾਲੀ ਹੋਵੇ ਜਾਂ ਚਿੱਟੀ। ਭਾਰਤ ਲਈ ਪਹਿਲ ਆਮ ਲੋਕਾਂ ਤਕ ਬੀਮੇ ਨੂੰ ਲੈ ਕੇ ਜਾਣਾ ਹੈ। ਭਾਰਤੀ ਕੰਪਨੀਆਂ ਆਜ਼ਾਦੀ ਦੇ 67 ਸਾਲ ਬਾਅਦ ਵੀ ਇਹ ਟੀਚਾ ਹਾਸਲ ਕਰਨ ਵਿਚ ਅਸਫਲ ਰਹੀਆਂ ਹਨ। ਸਮਾਂ ਆ ਗਿਆ ਹੈ ਕਿ ਸੁਰੱਖਿਆਵਾਦ ਨੂੰ ਤਿਲਾਂਜਲੀ ਦੇ ਕੇ ਬੀਮਾ ਖੇਤਰ ਵਿਚ ਜ਼ਿਆਦਾ ਵਿਦੇਸ਼ੀ ਹਿੱਸੇਦਾਰੀ ਨੂੰ ਬੁਲਾਵਾ ਦਿਤਾ ਜਾਵੇ। ਸੰਭਾਵਿਤ ਫ਼ਾਇਦੇ ਖ਼ਤਰਿਆਂ ਤੋਂ ਕਿਤੇ ਵੱਧ ਹਨ।

*(ਲੇਖਕ ਸੁਤੰਤਰ ਪੱਤਰਕਾਰ ਤੇ ਬਲੂਮਬਰਗ ਵੀਊ ਦਾ ਕਾਲਮਨਵੀਸ ਹੈ।)*

*e-mail :dhiraj.nayyar@gmail.com*

# ਭਾਰਤੀ ਨਾਰੀ ਦਾ ਸ਼ਕਤੀਕਰਨ - ਸੰਘਰਸ਼ ਤੇ ਸਫਲਤਾਵਾਂ

**ਬਾਲ ਆਨੰਦ**

ਸਾਲ 2015 ਦੇ ਆਪਣੇ ਵਿਸ਼ਵ ਪ੍ਰਸਿੱਧ ਸਾਲਾਨਾ ਸਰਵੇਖਣ ਵਿਚ ਬ੍ਰਤਾਨਵੀ ਪ੍ਰਕਾਸ਼ਨ 'ਦਿ ਇਕੋਨੋਮਿਸਟ' ਨੇ ਹੈਰਾਨ ਕਰਨ ਵਾਲੀ ਟਿੱਪਣੀ ਕਰਦੇ ਹੋਏ ਲਿਖਿਆ ਹੈ ਕਿ ਕਿਵੇਂ ਭਾਰਤੀ ਨਾਰੀਆਂ ਔਸਤਨ ਛੇ ਟ੍ਰਿਲੀਅਨ ਘੰਟੇ ਹਰ ਰੋਜ਼ ਕੰਮ ਕਰ ਕੇ 1.7 ਟ੍ਰਿਲੀਅਨ ਡਾਲਰ ਦੇ ਬਰਾਬਰ ਦਾ ਬਿਨਾਂ ਮਜ਼ਦੂਰੀ ਹਿੱਸਾ ਪਾਉਂਦੀਆਂ ਹਨ। ਹੋਰ ਗਹਿਰੇ ਵਿਸ਼ਲੇਸ਼ਣ ਮੁਤਾਬਕ ਹੁਣ ਅਸੀਂ ਨਵੇਂ ਅੰਕੜਿਆਂ ਦੇ ਪ੍ਰਯੋਗ ਤੇ ਤਰੀਕਿਆਂ ਅਨੁਸਾਰ, ਵਿਸ਼ਵ 'ਚ ਸਮੁੱਚੇ ਜੀਵਨ ਦੇ ਸੁਚੱਜੇ ਸੰਚਾਲਨ ਤੇ ਖ਼ੁਸ਼ਹਾਲੀ ਵਿਚ ਇਸਤਰੀਆਂ ਤੇ ਕਿਸ਼ੋਰੀਆਂ ਦੇ ਕਿਰਦਾਰ ਦੇ ਸਹੀ ਅਨੁਮਾਨ ਲਗਾ ਸਕਦੇ ਹਾਂ। ਅਮਰੀਕਾ ਦੀ ਕਲਿੰਟਨ ਫਾਊਂਡੇਸ਼ਨ ਤੇ ਬਿਲ ਗੇਟਸ ਫਾਊਂਡੇਸ਼ਨ ਮਿਲ ਕੇ ਇਸ ਸਾਲ ਦੀ ਵਿਸ਼ਵ ਰਿਪੋਰਟ ਤਿਆਰ ਕਰਨਗੇ ਕਿ ਇਸਤਰੀਆਂ ਦੀ ਪ੍ਰਗਤੀ ਲਈ ਪ੍ਰਸਥਿਤੀਆਂ ਦੀ ਅਸਲੀਅਤ ਕੀ ਹੈ - ਪਿਛਲੇ ਦੋ ਦਹਾਕਿਆਂ ਵਿਚ ਕਿੰਨਾ ਕੁਝ ਹੋ ਸਕਿਆ ਹੈ ਤੇ ਕਿੰਨਾ ਕੁਝ ਕਰਨਾ ਬਾਕੀ ਹੈ।

ਇਸ ਸਾਲ ਸਤੰਬਰ ਵਿਚ ਬੀਜਿੰਗ 'ਚ ਹੋਏ ਚੌਥੇ ਵਿਸ਼ਵ ਇਸਤਰੀ ਸੰਮੇਲਨ ਦੀ 20ਵੀਂ ਵਰ੍ਹੇ-ਗੰਢ ਮਨਾਈ ਜਾ ਰਹੀ ਹੈ ਜੋ ਰਾਸ਼ਟਰ ਸੰਘ ਵਲੋਂ 1995 ਵਿਚ ਕਰਵਾਇਆ ਗਿਆ ਸੀ। ਅਮਰੀਕਾ ਦੀ ਸਾਬਕ ਰਾਜ ਸਕੱਤਰ ਹਿਲੇਰੀ ਕਲਿੰਟਨ ਦੇ ਸ਼ਬਦਾਂ ਵਿਚ, "ਮਾਨਵ ਅਧਿਕਾਰ ਇਸਤਰੀਆਂ ਦੇ (ਵੀ) ਅਧਿਕਾਰ ਹਨ ... ਸਦਾ, ਸਦਾ ਲਈ" ਅਤੇ 189 ਦੇਸ਼ਾਂ ਦੇ ਪ੍ਰਤਿਨਿਧੀ ਸਹਿਮਤ ਹੋ ਕੇ ਐਲਾਨ ਕਰ ਚੁੱਕੇ ਹਨ, ਇਸਤਰੀਆਂ ਦੀ ਸੰਪੂਰਣ ਤੇ ਬਰਾਬਰੀ ਦੀ ਭਾਗੀਦਾਰੀ ਰਾਜਨੀਤਕ, ਸ਼ਹਿਰੀ, ਆਰਥਿਕ, ਸਮਾਜਿਕ ਤੇ ਸਭਿਆਚਾਰਕ ਖੇਤਰਾਂ ਵਿਚ।" ਸ਼ੁਭ ਸੂਚਨਾ ਇਹ ਹੈ ਕਿ ਬੀਜਿੰਗ ਸੰਮੇਲਨ ਦੇ ਵੀਹ ਸਾਲਾਂ ਬਾਅਦ ਨਿਸ਼ਚੇ ਹੀ ਨਾਰੀ ਅਧਿਕਾਰਾਂ ਦੇ ਖੇਤਰ ਵਿਚ ਅਨੇਕ ਪੱਖਾਂ ਤੋਂ ਅਸਲ ਪ੍ਰਗਤੀ ਹੋਈ ਹੈ। ਵਿਸ਼ਵ ਸੰਦਰਭ ਵਿਚ ਇਸਤਰੀਆਂ ਲਈ ਸਿਹਤ ਤੇ ਸਿੱਖਿਆ ਦੀਆਂ ਸਹੂਲਤਾਂ ਵਿਚ ਪ੍ਰਸ਼ੰਸਾਯੋਗ ਵਾਧਾ ਹੋਇਆ ਹੈ। ਜਣੇਪੇ 'ਚ ਮਾਤਾਵਾਂ ਦੀ ਮੌਤ ਦਰ ਘਟ ਕੇ ਅੱਧੀ ਹੋ ਗਈ ਹੈ। ਵਿਸ਼ਵ ਪੱਧਰ 'ਤੇ ਕੁੜੀਆਂ ਲਈ ਸਕੂਲਾਂ 'ਚ ਦਾਖ਼ਲੇ ਦਾ ਵਿਤਕਰਾ ਲਗਭਗ ਖ਼ਤਮ ਹੋ ਰਿਹਾ ਹੈ।

ਇੱਕੀਵੀਂ ਸਦੀ ਦੇ ਡੇਢ ਦਹਾਕੇ 'ਚ ਮਾਨਵਤਾ ਦੇ 'ਵਧੀਆ ਅੱਧੇ ਹਿੱਸੇ' - ਭਾਵ ਇਸਤਰੀ ਵਰਗ ਦੀਆਂ ਸਭ ਪੁਰਾਤਨ ਤੇ ਨਵੀਆਂ ਸਮੱਸਿਆਵਾਂ ਨੂੰ ਨਿਸ਼ਚੇ ਹੀ 'ਵਿਸ਼ਵ-ਪਿੰਡ' ਦੀਆਂ ਹਕੀਕਤਾਂ ਤੇ ਸਮੁੱਚੇ ਹਾਲਾਤ ਨਾਲ ਜੋੜ ਕੇ ਸਮਝਣਾ ਬੜਾ ਹੀ ਤਰਕਸੰਗਤ ਹੈ। ਇਹ ਵੀ ਠੋਸ ਸਚਾਈ ਹੈ ਕਿ ਵਿਸ਼ਵ ਦੇ ਵੱਖ-ਵੱਖ ਭੂਗੋਲਿਕ ਖੰਡਾਂ ਵਿਚ ਸਭਿਅਤਾਵਾਂ ਦੇ ਵਿਕਾਸ ਨੇ ਔਰਤ ਦੀ ਕਿਸਮਤ ਤੇ ਪਰਿਵਾਰਕ-ਸਮਾਜਿਕ ਕਿਰਦਾਰ ਨੂੰ ਸਮਿਆਂ ਅਨੁਸਾਰ ਪਰਿਭਾਸ਼ਿਤ ਕੀਤਾ ਹੈ। ਭਾਰਤ, ਚੀਨ, ਅਫ਼ਰੀਕਾ ਵਿਚ ਔਰਤ ਦੀ ਤਕਦੀਰ ਦੀ ਕਹਾਣੀ ਦੇ ਅਨੇਕ ਚੰਗੇ-ਮਾੜੇ ਅਧਿਆਇ ਮਿਲਦੇ ਹਨ। ਸੰਯੁਕਤ ਰਾਸ਼ਟਰ ਸੰਘ ਤੇ ਅਨੇਕ ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਇਸਤਰੀ ਵਰਗ ਦੀਆਂ ਗੁੰਝਲਦਾਰ ਸਮੱਸਿਆਵਾਂ ਨੂੰ ਦੇਸ਼-ਵਿਦੇਸ਼ ਤੇ ਅਨੇਕ ਧਾਰਮਿਕ ਤੇ ਸਭਿਆਚਾਰਕ ਪਰੰਪਰਾਵਾਂ ਅਨੁਸਾਰ ਹੱਲ ਲੱਭਣ ਲਈ ਭਰਪੂਰ ਤੇ ਸੰਵੇਦਨਸ਼ੀਲ ਯਤਨ ਕਰ ਰਹੇ ਹਨ। ਵਿਗਿਆਨ ਤੇ ਤਕਨਾਲੋਜੀ ਦੀ ਅਥਾਹ ਪ੍ਰਗਤੀ ਨੇ ਜਿਥੇ 'ਨਾਰੀ-ਸ਼ਕਤੀਕਰਨ' ਦੇ ਖੇਤਰ ਵਿਚ ਮਹਾਨ ਯੋਗਦਾਨ ਪਾਇਆ ਹੈ, ਉਥੇ ਕਈ ਪਹਿਲੂਆਂ ਵਿਚ ਨਵੀਆਂ ਚੁਣੌਤੀਆਂ ਵੀ ਦਰਪੇਸ਼ ਕੀਤੀਆਂ ਹਨ। ਇਹ ਬੜੀ ਤਸੱਲੀ ਵਾਲੀ ਸਥਿਤੀ ਹੈ ਕਿ ਭਾਰਤ ਜਿਹੇ ਪੁਰਾਤਨ ਤੇ ਬਹੁ-ਰੀਤੀ-ਰਿਵਾਜ ਵਾਲੇ ਦੇਸ਼ ਵਿਚ ਔਰਤ ਦੇ ਅਧਿਕਾਰਾਂ ਸੰਬੰਧੀ ਸੁਤੰਤਰਤਾਵਾਦ ਮੁੱਖ ਤੌਰ ਤੇ 'ਰਾਸ਼ਟਰੀ ਆਮ ਸਹਿਮਤੀ' ਦਾ ਵਾਤਾਵਰਨ ਬਣਿਆ ਰਿਹਾ ਹੈ।

***ਵਿਦਵਾਨ ਇਤਿਹਾਸਕਾਰਾਂ ਅਨੁਸਾਰ ਪ੍ਰਾਚੀਨ ਭਾਰਤ ਵਿਚ ਇਸਤਰੀਆਂ ਨੂੰ ਸਮਾਨਤਾ ਦੇ ਅਧਿਕਾਰ ਪ੍ਰਾਪਤ ਸਨ। ਵਿਦਵਾਨ ਦਾਰਸ਼ਨਿਕ ਪਤਾਂਜਲੀ ਤੇ ਕਾਤਿਆਯਾਨਾ ਜ਼ਿਕਰ ਕਰਦੇ ਹਨ ਕਿ ਮੁਢਲੇ ਵੈਦਿਕ ਕਾਲ ਵਿਚ ਇਸਤਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦਾ ਪੂਰਨ ਅਧਿਕਾਰ ਸੀ। ਉਨ੍ਹਾਂ ਨੂੰ ਪਤੀ ਚੁਣਨ ਦੀ ਵੀ ਆਜ਼ਾਦੀ ਸੀ ਤੇ ਰਿਗਵੇਦ ਦੇ ਸ਼ਲੋਕਾਂ ਅਨੁਸਾਰ ਸ਼ਾਦੀ ਯੋਗ ਵਿਕਸਤ ਉਮਰ ਵਿਚ ਕੀਤੀ ਜਾਂਦੀ ਸੀ।***

ਪੁਰਾਣੇ ਸ਼ਾਸਤਰ ਅਨੇਕ ਇਸਤਰੀ ਵਿਦਵਾਨਾਂ ਤੇ ਆਤਮ-ਗਿਆਨ ਮਹਿਲਾਵਾਂ ਜਿਵੇਂ ਕਿ ਗਾਰਗੀ ਤੇ ਮੈਤ੍ਰੇਈ ਦਾ ਵੀ ਹਵਾਲਾ ਦਿੰਦੇ ਹਨ। ਬੁੱਧ ਮਤ ਤੇ ਜੈਨ ਮਤ ਵਿਚ ਇਸਤਰੀਆਂ ਨੂੰ ਧਰਮ ਪ੍ਰਚਾਰ ਦੇ ਕੰਮ ਵਿਚ ਬਰਾਬਰੀ ਦੇ ਜ਼ਿਕਰ ਮਿਲਦੇ ਹਨ। ਮੱਧਕਾਲ ਤੇ ਇਸਲਾਮੀ ਰਾਜ ਨੂੰ ਭਾਰਤ ਵਿਚ ਇਸਤਰੀ ਦੀ ਸਮਾਜਿਕ ਅਵਸਥਾ ਵਿਚ ਗਿਰਾਵਟ ਦਾ ਸਮਾਂ ਗਿਣਿਆ ਜਾਂਦਾ ਹੈ। ਭਗਤੀ ਲਹਿਰ ਤੇ ਸੂਫ਼ੀ ਵਿਚਾਰਧਾਰਾ ਔਰਤ ਪ੍ਰਤਿ ਉਦਾਰਤਾ ਪ੍ਰਗਟਾਉਂਦੇ ਹਨ। ਸਤੀ ਪ੍ਰਥਾ, ਜੌਹਰ ਪਰਦਾ, ਬਾਲ ਵਿਆਹ, ਲੜਕੀਆਂ ਨੂੰ ਪੈਦਾ ਹੁੰਦੇ ਹੀ ਮਾਰ ਦੇਣਾ, ਦੇਵਦਾਸੀ ਪ੍ਰਥਾ, ਨਿਮਨ ਵਰਗ ਦੀਆਂ ਔਰਤਾਂ 'ਤੇ ਅਤਿਆਚਾਰ - ਭਾਰਤੀ ਸਮਾਜ ਵਿਚ ਆਮ ਪ੍ਰਚਲਤ ਬੁਰਾਈਆਂ

ਬਣ ਗਈਆਂ ਸਨ। ਭਾਰਤ ਦੀ ਪੁਰਾਤਨ ਸੰਸਕ੍ਰਿਤੀ ਦੇ ਪ੍ਰਤਿਨਿਧੀ ਮਹਾਂ-ਕਾਵਿ *ਰਾਮਾਇਣ* ਤੇ *ਮਹਾਂਭਾਰਤ* ਅਨੇਕ ਮਹੱਤਵਪੂਰਨ ਇਸਤਰੀ ਪਾਤਰਾਂ ਦੇ ਚਰਿਤਰ ਵਿਸਤਾਰ ਵਿਚ ਬਿਆਨ ਕਰਦੇ ਹਨ ਤੇ ਲਕਸ਼ਮੀ, ਪਾਰਵਤੀ, ਸਵਿੱਤਰੀ ਤੇ ਸੀਤਾ ਸਮੇਤ ਅਨੇਕ ਹੋਰ ਦੇਵੀਆਂ ਦੀ ਪੂਜਾ ਦਾ ਪ੍ਰਚਲਨ ਵੀ ਹੋਇਆ। ਦਰੋਪਤੀ ਦੇ ਗੁੰਝਲਦਾਰ ਚਰਿਤਰ ਦੀਆਂ ਅਨੇਕ ਨਵੇਂ ਸੰਦਰਭਾਂ ਵਿਚ ਵਿਆਖਿਆਵਾਂ ਹੋਈਆਂ ਹਨ। ਰਜ਼ੀਆ ਸੁਲਤਾਨ ਤੇ ਨੂਰ ਜਹਾਂ ਦੀਆਂ ਸਖ਼ਸ਼ੀਅਤਾਂ ਨੂੰ ਵੀ ਨਵ ਪਰਿਭਾਸ਼ਿਤ ਕੀਤਾ ਗਿਆ ਹੈ।

ਭਾਰਤੀ ਨਾਰੀ ਦੇ ਆਧੁਨਿਕ ਦੌਰ ਦੇ ਪੁਨਰ ਜਾਗਰਣ ਦੀ ਗੌਰਵ ਗਾਥਾ ਉੱਨੀਵੀਂ ਸਦੀ ਵਿਚ ਬ੍ਰਤਾਨਵੀ ਰਾਜ ਦੀਆਂ ਬਰਕਤਾਂ 'ਚ ਗਿਣੀ ਜਾ ਸਕਦੀ ਹੈ। ਰਾਜਾ ਰਾਮ ਮੋਹਨ ਰਾਏ, ਈਸ਼ਵਰ ਚੰਦਰ ਵਿਦਿਆਸਾਗਰ ਤੇ ਜਿਓਤੀਰਾਓ ਫੂਲੇ ਇਸਤਰੀਆਂ ਦੇ ਅਧਿਕਾਰਾਂ ਤੇ ਸਮਾਜਿਕ ਸਮਾਨਤਾ ਲਈ ਸੰਘਰਸ਼ ਕਰਨ ਵਾਲੇ ਮੁਢਲੇ ਮਹਾਨ ਸੁਧਾਰਕ ਸਨ। ਸਵਿਤਰੀਬਾਈ ਫੂਲੇ ਵਲੋਂ 1848 ਈ. ਵਿਚ ਪੂਨੇ 'ਚ ਪਹਿਲੀ ਪੁੱਤਰੀ ਪਾਠਸ਼ਾਲਾ ਖੋਲ੍ਹੇ ਜਾਣਾ ਇਕ ਮਹਾਨ ਇਨਕਲਾਬੀ ਕਦਮ ਸੀ। ਯਾਦ ਰਹੇ ਕਿ ਸਤੀ ਪ੍ਰਥਾ 1829 ਵਿਚ ਕਾਨੂੰਨੀ ਤੌਰ ਤੇ ਬੰਦ ਕਰ ਦਿਤੀ ਗਈ ਤੇ ਵਿਧਵਾ-ਵਿਆਹ ਦਾ ਕਾਨੂੰਨ 1856 ਵਿਚ ਪਾਸ ਕੀਤਾ ਗਿਆ। ਅਨੇਕ ਬ੍ਰਤਾਨਵੀ ਔਰਤਾਂ ਨੇ ਭਾਰਤੀ ਭੈਣਾਂ ਦੀਆਂ ਦੁੱਖ ਤਕਲੀਫ਼ਾਂ ਸਮਝਦੇ ਹੋਏ ਮੁਢਲੀਆਂ ਸਿਹਤ ਸੇਵਾਵਾਂ, ਵਿੱਦਿਆ ਤੇ ਸਿੱਖਿਆ ਸੰਸਥਾਵਾਂ ਦਾ ਮੁੱਢ ਬੰਨ੍ਹਿਆ। ਉੱਨੀਵੀਂ ਸਦੀ ਦੀ ਆਖ਼ਰੀ ਚੌਥਾਈ ਵਿਚ ਈਸਾਈ ਪਾਦਰੀਆਂ ਦੇ ਮੁਕਾਬਲੇ ਵਿਚ ਸਭ ਧਰਮਾਂ ਵਿਚ ਸੁਧਾਰਾਂ ਦਾ ਦੌਰ ਸ਼ੁਰੂ ਹੋਇਆ ਜਿਸ ਵਿਚ ਇਸਤਰੀਆਂ ਪ੍ਰਤਿ ਨਿਆਂ ਤੇ ਵਿੱਦਿਆ ਦੇ ਸਿਧਾਂਤਾਂ ਨੂੰ ਪ੍ਰਮੁੱਖਤਾ ਦਿਤੀ ਗਈ। ਆਜ਼ਾਦੀ ਪ੍ਰਾਪਤੀ ਦੇ ਅੰਦੋਲਨ ਵਿਚ ਇਸਤਰੀਆਂ ਨੂੰ ਸ਼ਾਮਿਲ ਕੀਤੇ ਜਾਣਾ ਨਵੇਂ ਭਾਰਤ ਦੇ ਉਜਲੇ ਭਵਿੱਖ ਦਾ ਆਧਾਰ ਬਣਿਆ। 'ਵਿੱਦਿਆ ਫੈਲੇ ਚਾਨਣ ਹੋਇ' ਦੀ ਵਾਸਤਵਿਕਤਾ ਵੀਹਵੀਂ ਸਦੀ ਨੂੰ ਦਸਤਕ ਦੇ ਰਹੀ ਸੀ।

ਭਾਰਤ ਦੇ ਸੁਤੰਤਰਤਾ ਸੰਗ੍ਰਾਮ ਵਿਚ ਇਸਤਰੀਆਂ ਦਾ ਯੋਗਦਾਨ ਇਕ ਪੂਰੇ ਮਜ਼ਮੂਨ ਦਾ ਵਿਸ਼ਾ ਹੈ। ਇਹ ਵਰਨਣਯੋਗ ਹੈ ਕਿ 1917 ਵਿਚ ਭਾਰਤੀ ਇਸਤਰੀਆਂ ਦਾ ਪਹਿਲਾ ਵਫ਼ਦ, ਸੈਕਰੇਟਰੀ ਆਫ਼ ਸਟੇਟ ਫਾਰ ਇੰਡੀਆ ਨੂੰ ਇਸਤਰੀਆਂ ਦੇ ਰਾਜਨੀਤਕ ਅਧਿਕਾਰਾਂ ਨੂੰ ਮੰਗਣ ਲਈ ਮਿਲਿਆ। ਸਰਵ ਭਾਰਤੀ ਮਹਿਲਾ ਸਿੱਖਿਆ ਸੰਮੇਲਨ 1927 ਵਿਚ ਪੂਨੇ 'ਚ ਹੋਇਆ ਤੇ ਇਹ ਸੰਸਥਾ ਸਮਾਜਿਕ ਪਰਿਵਰਤਨਾਂ ਲਈ ਆਵਾਜ਼ ਬੁਲੰਦ ਕਰਨ ਦਾ ਮਹੱਤਵਪੂਰਨ ਮਾਧਿਅਮ ਬਣੀ। 1929 ਵਿਚ ਬਾਲ-ਵਿਆਹ ਰੋਕੂ ਕਾਨੂੰਨ ਪਾਸ ਕੀਤਾ ਗਿਆ ਜਿਸ ਅਨੁਸਾਰ ਲੜਕੀ ਦੀ ਸ਼ਾਦੀ ਲਈ ਘੱਟੋ-ਘੱਟ ਉਮਰ ਚੌਦਾਂ ਸਾਲ ਨਿਸ਼ਚਿਤ ਕੀਤੀ ਗਈ। ਮਹਾਤਮਾ ਗਾਂਧੀ ਔਰਤਾਂ ਦੇ ਹੱਕਾਂ ਲਈ ਖੁੱਲ੍ਹ ਕੇ ਮੈਦਾਨ ਵਿਚ ਆਏ ਤੇ ਉਨ੍ਹਾਂ ਨੇ ਬਾਲ-ਵਿਆਹ ਦੇ 'ਬਾਈਕਾਟ' ਦਾ ਐਲਾਨ ਕੀਤਾ ਤੇ ਬਾਲ-ਵਿਧਵਾਵਾਂ ਨਾਲ ਮੁੜ-ਵਿਆਹ ਲਈ ਨੌਜਵਾਨਾਂ ਨੂੰ ਪ੍ਰੇਰਿਆ। ਐਨੀ ਬੇਸੈਂਟ ਰਮਾਬਾਈ ਰਾਨਾਡੇ, ਸਰੋਜਨੀ ਨਾਇਡੂ, ਕੁਮਾਰੀ ਲੱਜਾਵਤੀ, ਅਰੁਣਾ ਆਸਿਫ਼ ਅਲੀ, ਰਾਜ ਕੁਮਾਰੀ ਅੰਮ੍ਰਿਤ ਕੌਰ, ਸੁਚੇਤਾ ਕ੍ਰਿਪਲਾਨੀ, ਦੁਰਗਾਬਾਈ ਦੇਸ਼ਮੁਖ, ਪ੍ਰੇਮਵਤੀ ਥਾਪਰ ਆਦਿ ਨੇ ਪ੍ਰਮੁੱਖ ਨੇਤਾ ਬਣ ਕੇ ਸੁਤੰਤਰਤਾ ਸੰਗ੍ਰਾਮ ਵਿਚ ਹਿੱਸਾ ਪਾਇਆ। ਇਹ ਨਿਹਾਇਤ ਅਫ਼ਸੋਸ ਤੇ ਸ਼ਰਮਨਾਕ ਗੱਲ ਹੈ ਕਿ ਦੇਸ਼ ਦੀ ਵੰਡ ਕਾਰਨ ਹੋਈ ਹਿੰਸਾ ਦੌਰਾਨ ਲੱਖਾਂ ਇਸਤਰੀਆਂ ਨੂੰ ਘਿਣਾਉਣੇ ਵਹਿਸ਼ੀਪੁਣੇ ਦਾ ਸ਼ਿਕਾਰ ਹੋਣਾ ਪਿਆ। ਇਹ ਅਜੀਬ ਵਿਡੰਬਨਾ ਹੈ ਕਿ ਯੁੱਧ, ਦੰਗੇ-ਫ਼ਸਾਦ ਤੇ ਹੋਰ ਸਮਾਜਿਕ ਉਥਲ-ਪੁਥਲ ਦੌਰਾਨ ਇਸਤਰੀਆਂ ਨੂੰ ਅਤਿਆਚਾਰਾਂ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਆਜ਼ਾਦੀ ਦੇ ਮੁਢਲੇ ਸਾਲਾਂ ਦੌਰਾਨ ਅਨੇਕ ਬੇਘਰ, ਬੇਆਸਰਾ ਤੇ ਘਿਣਾਉਣੇ ਜ਼ੁਲਮਾਂ ਦਾ ਸ਼ਿਕਾਰ ਸ਼ਰਨਾਰਥੀ ਇਸਤਰੀਆਂ ਦਾ ਮੁੜ-ਵਸੇਬਾ ਇਕ ਦਿਲ ਹਿਲਾਊ ਅਨੁਭਵ ਵੀ ਸੀ ਤੇ ਅਦੁਤੀ ਸੇਵਾ ਵੀ ਸੀ। ਸਮਾਜਿਕ ਤੇ ਰਾਜਨੀਤਕ ਕਾਰਕੁਨਾਂ ਲਈ ਮਹਾਤਮਾ ਗਾਂਧੀ ਤੇ ਹੋਰ ਮਹਾਨ ਨੇਤਾਵਾਂ ਦੀ ਅਗਵਾਈ ਵਿਚ ਸੁਤੰਤਰ ਭਾਰਤ ਦੇ ਸੰਵਿਧਾਨ ਨੇ ਭਾਰਤੀ ਨਾਰੀਆਂ ਨੂੰ ਰਾਸ਼ਟਰੀ ਜੀਵਨ ਦੇ ਹਰ ਖੇਤਰ ਵਿਚ ਸੰਪੂਰਨ ਭਾਗੀਦਾਰੀ ਦੀ ਕਾਨੂੰਨੀ ਵਿਵਸਥਾ ਅਨੁਸਾਰ ਰਾਜਨੀਤਕ, ਆਰਥਿਕ, ਸਮਾਜਿਕ ਤੇ ਸਭਿਆਚਾਰਕ ਅਧਿਕਾਰ ਪ੍ਰਦਾਨ ਕੀਤੇ ਹਨ। ਸੰਵਿਧਾਨ ਦੀ ਧਾਰਾ 14 ਸਭ ਇਸਤਰੀਆਂ ਨੂੰ ਸਮਾਨਤਾ ਦੇ ਅਧਿਕਾਰ ਦਾ ਪ੍ਰਾਵਧਾਨ ਕਰਦੇ ਹੋਏ ਹਰ ਤਰ੍ਹਾਂ ਦੇ ਪੱਖਪਾਤ ਤੋਂ ਮੁਕਤੀ (ਧਾਰਾ 15 (1); ਮੌਕਿਆਂ ਦੀ ਸਮਾਨਤਾ (ਧਾਰਾ 16) ਅਤੇ ਸਮਾਨ ਕੰਮ ਲਈ ਸਮਾਨ ਤਨਖ਼ਾਹ ਧਾਰਾ 39 (ਡੀ) ਦਾ ਵੀ ਨਿਸ਼ਚਾ ਕਰਦੀ ਹੈ। ਇਸ ਤੋਂ ਇਲਾਵਾ, ਸੰਵਿਧਾਨ ਦੀ ਧਾਰਾ 15 (3) ਅਨੁਸਾਰ ਇਸਤਰੀਆਂ ਤੇ ਬੱਚਿਆਂ ਨੂੰ ਵਿਸ਼ੇਸ਼ ਸਹੂਲਤਾਂ ਦਿਤੀਆਂ ਜਾ ਸਕਦੀਆਂ ਹਨ ਅਤੇ ਇਸਤਰੀਆਂ ਦੇ ਸਨਮਾਨ ਨੂੰ ਠੇਸ ਪਹੁੰਚਾਉਣ ਵਾਲੀਆਂ ਰਵਾਇਤਾਂ ਤੋਂ ਛੋਟ ਧਾਰਾ 51 (ਈ) ਅਨੁਸਾਰ ਦਿਤੀ ਜਾ ਸਕਦੀ ਹੈ। ਸੰਵਿਧਾਨ ਦੀ ਧਾਰਾ 42 ਅਨੁਸਾਰ ਸਰਕਾਰ ਇਸਤਰੀਆਂ ਦੇ ਕੰਮਕਾਜ ਸੰਬੰਧੀ ਵਿਸ਼ੇਸ਼ ਮਾਨਵੀ ਸਹੂਲਤਾਂ ਤੇ ਜਣੇਪਾ ਰਾਹਤ ਲਈ ਨਿਯਮ ਬਣਾ ਸਕਦੀ ਹੈ। ਇਹ ਬੜੇ ਗੌਰਵ ਵਾਲੀ ਗੱਲ ਹੈ ਕਿ ਸੰਵਿਧਾਨ ਦੇ ਪ੍ਰਮੁੱਖ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਨੇ ਕਿਹਾ ਸੀ, "ਮੈਂ ਕਿਸੇ ਕੌਮ ਦੀ ਤਰੱਕੀ ਨੂੰ ਉਸ ਦੀਆਂ ਇਸਤਰੀਆਂ ਦੀ ਤਰੱਕੀ ਨਾਲ ਜੋੜ ਕੇ ਹੀ ਨਿਰਣਾ ਕਰ ਸਕਦਾ ਹਾਂ।" ਦੇਸ਼ ਦੇ ਪਹਿਲੇ ਕਾਨੂੰਨ ਤੇ ਨਿਆਂ ਮੰਤਰੀ ਨੇ ਭਾਰਤ ਦੇ ਇਸਤਰੀ ਵਿਰੋਧੀ ਧਾਰਮਿਕ ਤੇ ਸਭਿਆਚਾਰਕ ਪਿਛੋਕੜ ਦਾ ਗਹਿਰਾ ਅਧਿਅਨ ਕਰਦੇ ਹੋਏ ਅਜਿਹੀ ਨਿਆਂ ਵਿਵਸਥਾ ਬਾਰੇ ਸੋਚਿਆ ਜੋ ਮਾਨਵਵਾਦ ਤੇ ਤਰਕ-ਸੰਗਤ ਸੋਚ 'ਤੇ ਆਧਾਰਿਤ ਹੋਵੇ।

ਭਾਰਤ ਦੇ ਲੋਕਤੰਤਰ ਵਿਚ ਇਹ ਬੜੀ ਤਸੱਲੀ ਵਾਲੀ ਸਥਿਤੀ ਬਣ ਰਹੀ ਹੈ ਕਿ ਇਸਤਰੀਆਂ ਦੀ ਯੋਗ ਪ੍ਰਤਿਨਿਧਤਾ ਲਈ ਪੂਰੇ ਪ੍ਰਸ਼ਾਸਨੀ ਢਾਂਚੇ ਅਤੇ ਉੱਚ ਰਾਜਸੀ ਸੰਸਥਾਵਾਂ ਦੀ ਰਚਨਾ 'ਤੇ ਉਂਗਲੀ ਉੱਠ ਰਹੀ ਹੈ। ਸੰਵਿਧਾਨ ਦੀ 243 (ਡੀ) (3) ਧਾਰਾ ਅਨੁਸਾਰ ਸੋਧ 1993 ਸਭ ਗ੍ਰਾਮ ਪੰਚਾਇਤਾਂ ਦੇ ਤੀਸਰਾ ਹਿੱਸਾ ਪ੍ਰਧਾਨ ਜਾਂ ਮੁਖੀਆ ਇਸਤਰੀਆਂ ਹੋਣ ਦਾ ਨਿਸ਼ਚਾ ਹੋਇਆ। ਇਹ ਰਾਖਵੇਂਕਰਨ ਦੀ ਵਿਵਸਥਾ ਨੇ ਪੇਂਡੂ ਜੀਵਨ ਦੇ ਹਰ ਖੇਤਰ ਵਿਚ ਇਸਤਰੀਆਂ ਨੂੰ ਹਿੱਸੇਦਾਰ ਬਣਾਉਣ ਤੇ ਚੋਣ ਪ੍ਰਕਿਰਿਆ ਰਾਹੀਂ ਨਵੇਂ ਅਨੁਭਵਾਂ ਦੀ ਮਹੱਤਵਪੂਰਨ ਜਾਣਕਾਰੀ ਰਾਹੀਂ ਬੇਮਿਸਾਲ ਸ਼ਕਤੀਕਰਨ ਕੀਤਾ ਹੈ। ਇਹ ਰਾਖਵਾਂਕਰਨ ਸੰਵਿਧਾਨ ਦੀਆਂ ਧਾਰਾਵਾਂ 243 (ਟੀ) (3) ਅਤੇ 243(ਟੀ)(4) ਰਾਹੀ ਸ਼ਹਿਰਾਂ ਦੀਆਂ ਨਗਰ ਪਾਲਿਕਾ ਕਮੇਟੀਆਂ 'ਤੇ ਵੀ ਲਾਗੂ ਕਰ ਦਿਤਾ ਗਿਆ ਹੈ। ਲੋਕ ਸਭਾ ਤੇ ਰਾਜ ਵਿਧਾਨ ਸਭਾਵਾਂ ਵਿਚ ਇਸਤਰੀਆਂ ਲਈ ਤੀਸਰਾ ਹਿੱਸਾ ਰਾਖਵੇਂਕਰਨ ਦਾ ਕਾਨੂੰਨ ਸੰਵਿਧਾਨਕ ਸੋਧ 108 ਲੰਬੇ ਸਮੇਂ ਤੋਂ ਲਮਕ ਰਹੀ ਹੈ। ਰਾਜ ਸਭਾ ਇਸ ਕਾਨੂੰਨ ਨੂੰ 9 ਮਾਰਚ 2010 ਨੂੰ ਪਾਸ ਕਰ ਚੁੱਕੀ ਹੈ। ਦੇਸ਼ ਦੇ

ਪ੍ਰਧਾਨ ਮੰਤਰੀ, ਰਾਸ਼ਟਰਪਤੀ, ਲੋਕ ਸਭਾ ਦੇ ਸਭਾਪਤੀ, ਅਨੇਕ ਮੁੱਖ ਮੰਤਰੀ, ਰਾਜਪਾਲ, ਚੀਫ ਜਸਟਿਸ ਤੇ ਹੋਰ ਪ੍ਰਮੁੱਖ ਸੰਵਿਧਾਨਿਕ ਪਦਵੀਆਂ 'ਤੇ ਇਸਤਰੀਆਂ ਬਿਰਾਜਮਾਨ ਹੋ ਚੁੱਕੀਆਂ ਹਨ ਤੇ ਸਭ ਖੇਤਰਾਂ ਵਿਚ ਉਨ੍ਹਾਂ ਦੀ ਗਿਣਤੀ ਵਧ ਰਹੀ ਹੈ। ਪਿਛਲੇ ਸਾਲਾਂ ਵਿਚ ਅਨੇਕ ਪ੍ਰਮੁੱਖ ਵਪਾਰਕ ਸੰਸਥਾਵਾਂ ਜਿਨ੍ਹਾਂ ਵਿਚ ਬੈਂਕਾਂ ਤੇ ਬਹੁ-ਰਾਸ਼ਟਰੀ ਕੰਪਨੀਆਂ ਵਿਸ਼ੇਸ਼ ਮਹੱਤਵ ਰਖਦੀਆਂ ਹਨ, ਦੀਆਂ ਇਸਤਰੀਆਂ ਦੇ ਮੁੱਖੀ ਹੋਣ ਦੀ ਗਿਣਤੀ ਲਗਾਤਾਰ ਵਧ ਰਹੀ ਹੈ।

***ਜੀਵ-ਵਿਗਿਆਨ ਦੇ ਖੇਤਰ 'ਚ ਅਨੇਕ ਨਵੀਆਂ ਖੋਜਾਂ ਨੇ ਇਸਤਰੀ-ਮਰਦ ਦੇ ਸਰੀਰਕ ਰਿਸ਼ਤਿਆਂ ਵਿਚ ਅਨੇਕ ਸਿਹਤਮੰਦ ਵਾਧੇ ਕੀਤੇ ਹਨ। ਜਣੇਪੇ ਅਤੇ ਇਸਤਰੀ ਦੇ ਸਮੁੱਚੇ ਜੀਵਨ ਤੇ ਇਸ ਵਿਸ਼ੇਸ਼ ਸਮਰੱਥਾ ਬਾਰੇ ਨਵੀਆਂ ਖੋਜਾਂ ਤੇ ਦਵਾਈਆਂ ਨੇ ਨਾਰੀ ਜੀਵਨ ਦੀ ਨੁਹਾਰ ਹੀ ਬਦਲ ਦਿਤੀ ਹੈ। ਗਰਭ ਰੋਕੂ ਸਹੂਲਤਾਂ ਨੇ ਇਸਤਰੀਆਂ ਨੂੰ ਬੇਲੋੜੀ ਸੰਤਾਨ ਤੋਂ ਮੁਕਤੀ ਦਿਵਾਈ ਹੈ। ਉਂਝ, ਪਰਿਵਾਰ ਕਲਿਆਣ ਇਸਤਰੀ ਤੇ ਮਰਦ ਦੀ ਸਾਂਝੀ ਜ਼ਿੰਮੇਵਾਰੀ ਸਮਝੀ ਜਾਣੀ ਚਾਹੀਦੀ ਹੈ।***

ਨਾਰੀ ਚਿਕਿਤਸਾ ਦੇ ਨਵੇਂ ਸਾਧਨਾਂ ਨੇ ਜਿਥੇ ਮਨੁੱਖੀ ਜੀਵਨ ਨੂੰ ਗਰਭ ਅਵਸਥਾ ਤੋਂ ਹੀ ਸੰਭਾਲਣ, ਕਿਰਿਆਤਮਕ ਢੰਗ ਨਾਲ ਗਰਭ ਠਹਿਰਾਉਣਾ, ਕਿਰਾਏ ਦੀ ਕੁੱਖ ਵਿਚ ਗਰਭ ਦੀ ਵਿਵਸਥਾ ਜਿਹੀਆਂ ਅਨੇਕ ਹੈਰਾਨ ਕਰਨ ਵਾਲੀਆਂ ਪ੍ਰਾਪਤੀਆਂ ਕੀਤੀਆਂ ਹਨ ਉਥੇ ਕੁਝ ਦੁਰਉਪਯੋਗ ਵੀ ਸਮਾਜਿਕ ਤੇ ਪਰਿਵਾਰਕ ਢਾਂਚੇ ਨੂੰ ਗਹਿਰੀ ਠੇਸ ਪਹੁੰਚਾਉਣ ਵਾਲੇ ਸਾਬਤ ਹੋ ਰਹੇ ਹਨ। ਸਭ ਤੋਂ ਵੱਡੀ ਸਮੱਸਿਆ ਭਾਰਤ, ਚੀਨ ਤੇ ਹੋਰ ਅਨੇਕ ਦੇਸ਼ਾਂ ਵਿਚ ਲਿੰਗ ਅਨੁਪਾਤ ਦੇ ਵਿਗੜਨ ਦੀ ਹੋ ਰਹੀ ਹੈ। ਭਰੂਣ ਹੱਤਿਆ ਕਾਰਨ ਭਾਰਤ ਦਾ ਨਾਮ ਕਲੰਕਿਤ ਹੋ ਰਿਹਾ ਹੈ ਤੇ ਅਨੇਕ ਖੇਤਰਾਂ ਵਿਚ 2011 ਦੇ ਅੰਕੜਿਆਂ ਅਨੁਸਾਰ ਛੇ ਸਾਲਾਂ ਦੀ ਉਮਰ ਵਰਗ ਦੇ ਬੱਚਿਆਂ ਦਾ ਲਿੰਗ ਅਨੁਪਾਤ 919 ਲੜਕੀਆਂ ਪ੍ਰਤਿ ਹਜ਼ਾਰ ਲੜਕਿਆਂ ਦਾ ਹੋ ਗਿਆ – ਜੋ ਆਜ਼ਾਦੀ ਤੋਂ ਬਾਅਦ ਲੜਕੀਆਂ ਦੀ ਲਗਾਤਾਰ ਘਟ ਰਹੀ ਗਿਣਤੀ ਪ੍ਰਗਟ ਕਰਦਾ ਹੈ। ਸੂਤਰਾਂ ਅਨੁਸਾਰ ਕੁੜੀਆਂ ਦਾ ਗਰਭਪਾਤ ਤੇ ਨਿੱਕੀ ਉਮਰ ਵਿਚ ਪਰਵਰਸ਼ ਵਿਚ ਲਾਪ੍ਰਵਾਹੀ ਇਸ ਸਥਿਤੀ ਲਈ ਸਿੱਧੇ ਤੌਰ ਤੇ ਜ਼ਿੰਮੇਵਾਰ ਹਨ। ਲੜਕੀਆਂ ਨੂੰ ਪਰਿਵਾਰ ਵਾਲੇ ਬੋਝ ਸਮਝਦੇ ਹਨ ਅਤੇ ਮਰਦ-ਪ੍ਰਧਾਨ ਵਿਵਸਥਾ ਤੇ ਰੂੜ੍ਹੀਵਾਦੀ ਸੰਸਕਾਰਾਂ ਅਨੁਸਾਰ ਖ਼ਾਨਦਾਨੀ ਵਿਰਸਾ ਮੁੰਡਿਆਂ 'ਤੇ ਨਿਰਭਰ ਸਮਝਿਆ ਜਾਂਦਾ ਹੈ। ਰਾਸ਼ਟਰ ਸੰਘ ਦੀ ਰਿਪੋਰਟ ਅਨੁਸਾਰ ਭਾਰਤ ਦੀ ਲਿੰਗ ਅਨੁਪਾਤ ਸਥਿਤੀ ਬੜੀ ਚਿੰਤਾਜਨਕ ਹੈ ਤੇ ਖ਼ਤਰਨਾਕ ਸਿੱਟਿਆਂ ਵਾਲੀ ਹੈ। ਭਾਰਤ ਨੂੰ ਅਨੇਕ ਕਾਨੂੰਨਾਂ ਨੂੰ ਸੋਧਣ ਦੀ ਜ਼ਰੂਰਤ ਹੈ ਤੇ ਬਾਲ-ਵਿਆਹ, ਲਿੰਗ-ਪਰਖ, ਦਾਜ ਪ੍ਰਥਾ ਆਦਿ ਦੇ ਕਾਨੂੰਨਾਂ ਨੂੰ ਦ੍ਰਿੜ੍ਹਤਾ ਨਾਲ ਲਾਗੂ ਕਰਨ ਦੀ ਲੋੜ ਹੈ।

ਪਿਛਲੇ ਕੁਝ ਸਾਲਾਂ ਵਿਚ ਵਿਸ਼ਵ ਪੱਧਰ 'ਤੇ ਬਲਾਤਕਾਰ ਦੇ ਅਪਰਾਧ ਦੀਆਂ ਵਧਦੀਆਂ ਘਟਨਾਵਾਂ ਨੇ ਸਰਕਾਰਾਂ ਦੇ ਸੰਬੰਧਿਤ ਅਦਾਰਿਆਂ, ਸਮਾਜ ਸ਼ਾਸਤਰੀਆਂ ਤੇ ਨਾਰੀ ਅੰਦੋਲਨ ਦੇ ਚਿੰਤਕਾਂ ਨੂੰ ਬੇਹੱਦ ਪ੍ਰੇਸ਼ਾਨ ਕੀਤਾ ਹੈ। ਇਹ ਬੜੀ ਦੁਖਦਾਈ ਤੇ ਸ਼ਰਮਸਾਰ ਕਰਨ ਵਾਲੀ ਹਕੀਕਤ ਹੈ ਕਿ ਬਲਾਤਕਾਰ ਭਾਰਤ ਦਾ ਚੌਥਾ ਮੁੱਖ ਅਪਰਾਧ ਬਣ ਗਿਆ ਹੈ। 2012 ਵਿਚ ਬਲਾਤਕਾਰ ਦੇ 24,912 ਮੁਕੱਦਮੇ ਦਰਜ ਕੀਤੇ ਗਏ। ਇਹ ਵੀ ਦੱਸਿਆ ਗਿਆ ਕਿ ਔਸਤਨ ਦਸ ਜੁਰਮਾਂ ਵਿਚੋਂ ਇਕ ਹੀ ਮਾਮਲਾ ਦਰਜ ਕਰਵਾਇਆ ਜਾਂਦਾ ਹੈ। ਅਮਰੀਕਾ ਵਿਚ 46 ਪ੍ਰਤਿਸ਼ਤ ਅਜਿਹੇ ਮਾਮਲੇ ਪੁਲਿਸ ਕੋਲ ਦਰਜ ਕੀਤੇ ਜਾਣ ਦਾ ਅਨੁਮਾਨ ਹੈ ਤੇ ਇਕ ਲੱਖ ਇਸਤਰੀਆਂ ਵਿਚੋਂ 27 ਬਲਾਤਕਾਰੀ ਘਟਨਾਵਾਂ ਦਾ ਸ਼ਿਕਾਰ ਹੁੰਦੀਆਂ ਹਨ।

ਦੇਹ-ਵਪਾਰ ਦੇ ਅਨੇਕ ਰੂਪ ਵੀ ਇਸਤਰੀਆਂ ਤੇ ਘੱਟ ਉਮਰ ਦੀਆਂ ਲੜਕੀਆਂ ਦਾ ਧੰਦੇ ਵਿਚ ਧੱਕੇ ਜਾਣਾ ਇਕ ਦੁਖਦਾਈ ਸਚਾਈ ਹੈ। ਜਿਸਮ-ਫਰੋਸ਼ੀ ਦੀ ਗੰਭੀਰ ਤੇ ਗੁੰਝਲਦਾਰ ਸਮੱਸਿਆ ਅਕਸਰ ਗਰੀਬੀ ਨਾਲ ਜੋੜ ਕੇ ਦੇਖੀ ਜਾਂਦੀ ਹੈ ਪਰ ਇਸ ਦੇ ਅਨੇਕ ਅੰਤਰਰਾਸ਼ਟਰੀ ਪਹਿਲੂ ਵੀ ਹਨ। ਭਾਰਤ ਨੇ 1956 ਵਿਚ ਵਿਭਚਾਰ ਰੋਕੂ ਕਾਨੂੰਨ ਰਾਹੀਂ ਖੁੱਲ੍ਹੇ ਆਮ ਦੇਹ-ਵਪਾਰ 'ਤੇ ਪਾਬੰਦੀਆਂ ਲਾ ਦਿਤੀਆਂ ਹਨ। 'ਏਡਜ਼' ਦੀ ਖ਼ਤਰਨਾਕ ਬੀਮਾਰੀ ਨੇ ਜਿਨਸੀ ਕਾਮਿਆਂ ਦੀ ਸਿਹਤ ਬਾਰੇ ਰਾਜ ਦੀ ਜ਼ਿੰਮੇਵਾਰੀ ਵੱਲ ਧਿਆਨ ਆਕਰਸ਼ਿਤ ਕੀਤਾ ਹੈ। ਇਸਤਰੀਆਂ ਦੀ ਲੁੱਟ-ਖਸੁੱਟ ਤੇ ਉਨ੍ਹਾਂ 'ਤੇ ਕਿਸੇ ਵੀ ਤਰ੍ਹਾਂ ਦੀਆਂ ਜ਼ਿਆਦਤੀਆਂ ਦਾ ਹਰ ਸਰਕਾਰ ਨੂੰ ਹੱਲ ਲੱਭਣਾ ਚਾਹੀਦਾ ਹੈ।

ਨੋਬਲ ਇਨਾਮ ਜੇਤੂ ਪ੍ਰਸਿੱਧ ਅਰਥਵਿਗਿਆਨੀ ਡਾ. ਅਮ੍ਰਿਤਿਆ ਸੇਨ ਨੇ ਇਸਤਰੀ ਜਾਤੀ ਨਾਲ ਹੋਣ ਵਾਲੇ ਭੇਦ-ਭਾਵ ਤੇ ਵਿਤਕਰਿਆਂ ਬਾਰੇ ਆਪਣੇ ਵਿਚਾਰ ਵਿਸਤਾਰ ਨਾਲ ਪ੍ਰਗਟਾਉਂਦੇ ਹੋਏ ਦੱਸਿਆ ਹੈ ਕਿ ਕਿਵੇਂ ਔਰਤਾਂ ਨੂੰ ਪੈਰ-ਪੈਰ 'ਤੇ ਮੁਸ਼ਕਿਲਾਂ ਨਾਲ ਸੰਘਰਸ਼ ਕਰਨਾ ਪੈਂਦਾ ਹੈ। ਸਿੱਖਿਆ, ਪੇਸ਼ੇ, ਮਲਕੀਅਤ ਦੇ ਹੱਕ, ਘਰ-ਪਰਿਵਾਰ ਵਿਚ ਸਥਾਨ ਅਤੇ ਸਮੁੱਚੇ ਸਮਾਜਿਕ ਜੀਵਨ ਵਿਚ ਇਸਤਰੀਆਂ ਲਈ ਸੀਮਾਵਾਂ ਤੇ ਔਕੜਾਂ ਦਾ ਸਾਹਮਣਾ ਹੁੰਦਾ ਹੈ। ਡਾ. ਸੇਨ ਕਹਿੰਦੇ ਹਨ ਕਿ ਸੰਯੁਕਤ ਰਾਸ਼ਟਰ ਅਮਰੀਕਾ ਤੇ ਜਾਪਾਨ ਵਿਚ ਅਜੇ ਵੀ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਦੀ ਪਦਵੀ ਤੇ ਕਿਸੇ ਇਸਤਰੀ ਦੇ ਪੁੱਜਣ ਦੇ ਕੋਈ ਆਸਾਰ ਨਜ਼ਰ ਨਹੀਂ ਆਉਂਦੇ। ਭਾਰਤ ਦੇ ਸੰਦਰਭ ਵਿਚ ਡਾਕਟਰ ਸੇਨ ਲੜਕੀਆਂ ਨੂੰ ਪੌਸ਼ਟਿਕ ਖੁਰਾਕ ਦੇ ਮਾਮਲੇ ਵਿਚ ਵਿਤਕਰੇ ਦਾ ਵਿਸ਼ੇਸ਼ ਜ਼ਿਕਰ ਕਰਦੇ ਹਨ। ਕਿਉਂਕਿ ਜਣਨ ਕਿਰਿਆ ਵਿਚ ਇਸਤਰੀ ਦੀ ਹੀ ਅਦੁਤੀ ਜ਼ਿੰਮੇਵਾਰੀ ਹੈ, ਇਸ ਲਈ ਉਸ ਨਾਲ ਕੀਤੀ ਲਾਪ੍ਰਵਾਹੀ ਦਾ ਨਤੀਜਾ ਔਲਾਦ ਰਾਹੀਂ ਮਰਦਾਂ ਨੂੰ ਹੀ ਭੁਗਤਣਾ ਪਵੇਗਾ। ਅਨੇਕ ਅਧਿਐਨਾਂ ਤੋਂ ਸਪੱਸ਼ਟ ਹੋਇਆ ਹੈ ਕਿ ਇਸਤਰੀ ਦਾ ਸ਼ਕਤੀਕਰਨ ਪਰਿਵਾਰ ਲਈ ਬੜਾ ਹੀ ਸੁਖਾਵਾਂ ਵਾਤਾਵਰਨ ਬਣਾ ਕੇ, ਬੱਚਿਆਂ ਦੀ ਵਧੀਆ ਸਾਂਭ-ਸੰਭਾਲ, ਮਰਦਾਂ ਨੂੰ ਤਣਾਅ ਤੋਂ ਮੁਕਤੀ ਤੇ ਸਮੁੱਚੇ ਸਮਾਜ ਲਈ ਚੰਗਾ ਪ੍ਰਭਾਵ ਪਾਉਂਦਾ ਹੈ। ਲਿੰਗ ਅਨੁਪਾਤ ਸਿੰਗਾਪੁਰ, ਤਾਇਵਾਨ, ਦੱਖਣੀ ਕੋਰੀਆ ਤੇ ਚੀਨ (100 ਮੁੰਡਿਆਂ ਪਿੱਛੇ ਕੇਵਲ 85 ਕੁੜੀਆਂ) ਜਿਹੇ ਦੇਸ਼ਾਂ ਦੇ ਆਰਥਿਕ ਵਿਕਾਸ 'ਤੇ ਪ੍ਰਸ਼ਨ ਚਿੰਨ੍ਹ ਲਗਾਉਂਦੇ ਹਨ। ਡਾ. ਸੇਨ ਚਿਤਾਵਨੀ ਦਿੰਦੇ ਹਨ ਕਿ ਲਿੰਗ ਅਨੁਪਾਤ ਦਾ ਵਧ ਰਿਹਾ ਰੁਝਾਨ ਮਨੁੱਖ ਵਿਕਾਸ ਦੇ ਅਨੇਕ ਪਹਿਲੂਆਂ 'ਤੇ ਬੁਰਾ ਪ੍ਰਭਾਵ ਪਾਵੇਗਾ। ਇਸਤਰੀ ਪ੍ਰਤਿ ਵਿਵਹਾਰ ਵਿਚ ਭੇਦ-ਭਾਵ ਪਿੱਤਰ ਪ੍ਰਧਾਨ ਵਿਰਸੇ ਦਾ ਕੋਝਾ ਪਹਿਲੂ ਹੈ ਤੇ ਅੱਜ ਦੇ ਬਦਲੇ ਵਿਸ਼ਵ ਹਾਲਾਤ ਵਿਚ ਲਿੰਗ ਵਿਤਕਰੇ ਲਈ ਕੋਈ ਸਥਾਨ ਨਹੀਂ ਹੋ ਸਕਦਾ।

ਭਾਰਤ ਦੇ ਸੰਦਰਭ ਵਿਚ ਪਿਛਲੇ ਚਾਰ ਦਹਾਕਿਆਂ ਦਾ ਲੇਖਾ-ਜੋਖਾ ਇਸਤਰੀਆਂ ਦੀ ਪ੍ਰਸਥਿਤੀ ਬਾਰੇ ਅਨੇਕ ਦਿਲਚਸਪ ਪੱਖ ਉਜਾਗਰ ਕਰਦਾ ਹੈ। ਪੱਤਰਕਾਰ ਜਿਉਤੀ ਮਲਹੋਤਰਾ ਅਨੁਸਾਰ ਮੁੰਬਈ, ਗੁਜਰਾਤ ਵਿਚ ਕੀਮਤਾਂ ਵਿਰੁੱਧ ਅੰਦੋਲਨ,

ਸ੍ਰੀਮਤੀ ਇਲਾ ਭੱਟ ਦੁਆਰਾ 'ਸੈਲਫ ਇੰਪਲਾਇਡ ਵੁਮੈਨਜ਼ ਐਸੋਸੀਏਸ਼ਨ (ਸੇਵਾ) ਦੀ 1972 ਵਿਚ ਸਥਾਪਨਾ, ਚਿਪਕੋ ਅੰਦੋਲਨ ਜਿਸ ਵਿਚ ਪਹਾੜੀ ਔਰਤਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ, ਸ਼ਰੱਮਿਕ ਸੰਗਠਨ ਦੁਆਰਾ ਦੋ ਭੀਲ ਔਰਤਾਂ ਦੇ ਬਲਾਤਕਾਰ ਕਾਰਨ ਭੂਮੀਹਾਰਾਂ ਵਿਰੁੱਧ ਸੰਘਰਸ਼ ਜਿਸ ਨਾਲ ਨਸ਼ਾਖੋਰੀ, ਘਰੇਲੂ ਹਿੰਸਾ ਤੇ ਜਾਤ-ਜਮਾਤ ਵੀ ਜੁੜ ਗਏ ਆਦਿ ਲਹਿਰਾਂ ਨੇ ਕੁਝ ਅਜਿਹੇ ਮੁੱਦੇ ਚੁੱਕੇ ਜੋ ਇਸਤਰੀਆਂ ਦੇ ਸਮੁੱਚੇ ਅਧਿਕਾਰਾਂ ਦੀ ਪੈਰਵੀ ਕਰਦੇ ਸਨ। ਫਿਰ 1974 ਵਿਚ ਵੀਨਾ ਮਜ਼ੂਮਦਾਰ ਦੀ ਰਿਪੋਰਟ ''ਟੂਵਾਰਡਜ਼ ਈਕੁਏਲਿਟੀ (ਸਮਾਨਤਾ ਵੱਲ) ਪ੍ਰਕਾਸ਼ਿਤ ਹੋਈ ਜੋ ਇਸਤਰੀ ਅੰਦੋਲਨਾਂ ਲਈ ਆਧਾਰ ਦਸਤਾਵੇਜ਼ ਬਣ ਗਈ। ਜਨਸੰਖਿਆ ਦੇ ਅੰਕੜਿਆਂ ਦੇ ਹਵਾਲਿਆਂ ਨਾਲ, ਇਸ ਰਿਪੋਰਟ ਨੇ ਦੇਸ਼ ਵਿਚ ਇਸਤਰੀਆਂ ਦੀ ਖ਼ਸਤਾ ਹਾਲਤ ਦੇ ਵੇਰਵੇ ਪੇਸ਼ ਕੀਤੇ। 2002 ਵਿਚ ਪੇਸ਼ ਕੀਤੀ ਰਿਪੋਰਟ ਵਿਚ ਰਾਸ਼ਟਰੀ ਮਹਿਲਾ ਆਯੋਗ ਨੇ ਇਸਤਰੀਆਂ ਦੀਆਂ ਯੋਜਨਾਵਾਂ ਵੱਲ ਧਿਆਨ ਦਿਵਾਉਂਦੇ ਹੋਏ 'ਯੂਨੀਫਾਰਮ ਸਿਵਲ ਕੋਡ' ਅਤੇ ਹੋਰ ਲਟਕ ਰਹੇ ਮਸਲਿਆਂ ਪ੍ਰਤਿ ਸਿਆਸੀ ਹਲਕਿਆਂ ਤੇ ਸਮਾਜ ਨੂੰ ਸੁਚੇਤ ਕੀਤਾ। ਦੇਸ਼ ਦੀਆਂ ਮਹਿਲਾਵਾਂ ਅਜੇ ਅਨੇਕ ਵਾਅਦਿਆਂ ਦੇ ਪੂਰਾ ਹੋਣ ਦੀ ਉਡੀਕ ਵਿਚ ਹਨ।

ਭਾਰਤ ਵਿਚ ਨਾਰੀ ਸ਼ਕਤੀਕਰਨ ਸੰਬੰਧੀ ਸਾਹਿਤ ਤੇ ਹੋਰ ਕਲਾਵਾਂ ਦੇ ਖੇਤਰ ਵਿਚ ਨਵੇਂ ਵਿਚਾਰ ਉੱਭਰ ਕੇ ਆਏ ਹਨ। ਇਸਤਰੀ ਚਰਚਾ ਦੇ ਸ਼ੁਰੂ ਵਿਚ ਇਸ ਧਾਰਨਾ ਨੂੰ ਰੇਖਾਂਕਿਤ ਕੀਤਾ ਜਾਂਦਾ ਹੈ ਕਿ ਪੁਰਸ਼ ਪ੍ਰਧਾਨ ਸਮਾਜ ਇਸਤਰੀ ਨੂੰ ਵਿਅਕਤੀ ਦੀ ਬਜਾਇ 'ਵਸਤੂ' ਦੇ ਤੌਰ ਤੇ ਪ੍ਰਭਾਸ਼ਿਤ ਕਰਦਾ ਹੈ ਜਿਸ 'ਤੇ ਪਿਤਾ, ਪਤੀ ਅਤੇ ਅਖੀਰ ਪੁੱਤਰ ਦਾ ਅਧਿਕਾਰ ਬਣਿਆ ਰਹਿੰਦਾ ਹੈ। ਇਸ ਤਰ੍ਹਾਂ ਇਸਤਰੀ ਦਾ ਪ੍ਰਾਧੀਨ ਹੋਣਾ ਹੀ ਉਸ ਦੀ 'ਹੋਣੀ' ਕਰਾਰ ਦੇ ਦਿਤਾ ਗਿਆ ਜਿਸ ਵਿਰੁੱਧ ਇਸਤਰੀ ਨੇ ਮੁਕਤੀ ਦਾ ਲੰਬਾ ਸੰਘਰਸ਼ ਆਰੰਭ ਕੀਤਾ।

2014 ਸਾਲ ਦਾ ਅਹਿਮ ਸਰਵੇਖਣ ਕਰਦੇ ਹੋਏ 'ਰਾਸ਼ਟਰ ਸੰਘ ਮਹਿਲਾਵਾਂ' ਸੰਸਥਾ ਨੇ ਭਾਵ ਪੂਰਣ ਟਿੱਪਣੀ ਕੀਤੀ ਹੈ ਕਿ ਅਨੇਕ ਆਫ਼ਤਾਂ ਦੇ ਬਾਵਜੂਦ ਇਸਤਰੀਆਂ ਨੇ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਲਈ ਵੀ ਉਪਲਬਧੀਆਂ ਹਾਸਲ ਕੀਤੀਆਂ ਹਨ। ਇਸਤਰੀਆਂ ਤੇ ਕਿਸ਼ੋਰੀਆਂ ਨੇ ਬੀਤੇ ਸਾਲ ਵਿਚ ਡਰਾਉਣੀਆਂ ਮੁਸੀਬਤਾਂ ਝੱਲੀਆਂ ਹਨ।

ਭਾਰਤ ਵਿਚ ਕੁੜੀ ਦੇ ਰੂਪ ਵਿਚ ਪੈਦਾ ਹੋਣਾ ਅੱਜ ਵੀ ਅਨੇਕ ਤਰ੍ਹਾਂ ਦੀਆਂ ਪਰਿਵਾਰਕ ਤੇ ਸਮਾਜਿਕ ਔਕੜਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਜਾਤ ਤੇ ਜਮਾਤ ਦੇ ਵਾਤਾਵਰਨ ਤੇ ਵਿਤਕਰਿਆਂ ਦਾ ਸੰਤਾਪ ਭੋਗਣ ਨਾਲ, ਲੜਕੀਆਂ ਨੂੰ ਗਰੀਬੀ, ਧਰਮ ਤੇ ਬੰਸ਼ਵਾਦ ਦੀਆਂ ਮੁਸੀਬਤਾਂ ਵਿਚੋਂ ਲੰਘਣਾ ਪੈਂਦਾ ਹੈ। ਇਹ ਸੰਤੁਸ਼ਟੀ ਵਾਲੀ ਗੱਲ ਹੈ ਕਿ 2009 ਵਿਚ ਪਾਸ ਕੀਤੇ ਸਿੱਖਿਆ ਅਧਿਕਾਰ ਕਾਨੂੰਨ ਨੇ 6-14 ਸਾਲ ਦੇ ਸਭ ਬੱਚਿਆਂ ਨੂੰ ਸਕੂਲ ਦਾਖ਼ਲ ਕਰਵਾਉਣਾ ਜ਼ਰੂਰੀ ਕਰਾਰ ਦਿਤਾ ਹੈ। ਪਿਛਲੇ ਕੁਝ ਸਾਲਾਂ ਵਿਚ ਲੜਕੀਆਂ ਦੀ ਸਕੂਲ ਵਿਚ ਹਾਜ਼ਰੀ ਵਧੀ ਹੈ ਤੇ ਦੇਸ਼ ਵਿਚ ਜਾਗਰੂਕਤਾ ਦਾ ਮਾਹੌਲ ਬਣਾਇਆ ਜਾ ਰਿਹਾ ਹੈ ਪਰ ਅਜੇ ਵੀ 35 ਜ਼ਿਲ੍ਹੇ ਕੁੜੀਆਂ ਦੀ ਸਿੱਖਿਆ ਵਿਚ ਬਹੁਤ ਪਿੱਛੇ ਹਨ। ਸੰਯੁਕਤ ਰਾਸ਼ਟਰ ਦੇ ਏਸ਼ੀਆ ਪੈਸੀਫਿਕ ਬਾਰੇ ਆਰਥਿਕ ਤੇ ਸਮਾਜਿਕ ਆਯੋਗ ਦੀ ਨਵੰਬਰ 2014 ਵਿਚ ਬੈਂਕੌਕ ਵਿਚ ਹੋਈ ਵਿਸ਼ੇਸ਼ ਇਕੱਤਰਤਾ 'ਚ ਭਾਰਤ ਵਿਚ ਹਥਿਆਰਬੰਦ ਝਗੜਿਆਂ ਵਾਲੇ ਖੇਤਰਾਂ ਵਿਚ ਤੇ ਜਾਤੀ ਆਧਾਰਿਤ ਹਿੰਸਾ ਦੌਰਾਨ ਇਸਤਰੀਆਂ 'ਤੇ ਅਤਿਆਚਾਰਾਂ ਵੱਲ ਧਿਆਨ ਆਕਰਸ਼ਿਤ ਕਰਵਾਇਆ ਗਿਆ। ਇਸਤਰੀ ਅਧਿਕਾਰਾਂ ਦੇ ਸਮਰਥਕਾਂ ਤੇ ਚਿੰਤਕਾਂ ਦੀ ਨਿਗਾਹ ਹੁਣ ਸਤੰਬਰ 2015 ਵਿਚ ਹੋਣ ਵਾਲੇ ਰਾਸ਼ਟਰ ਸੰਘ ਸੰਮੇਲਨ 'ਤੇ ਲੱਗੀ ਹੋਈ ਹੈ। ਉਮੀਦ ਕੀਤੀ ਜਾਂਦੀ ਹੈ ਕਿ ਭਾਰਤ ਰਾਸ਼ਟਰੀ ਪੱਧਰ 'ਤੇ ਅੰਤਰਰਾਸ਼ਟਰੀ ਖੇਤਰ ਵਿਚ ਇਸਤਰੀਆਂ ਦੇ ਅਧਿਕਾਰਾਂ ਦੀ ਬਹਾਲੀ ਤੇ ਲਾਗੂ ਕਰਨ ਤੇ ਕਰਾਉਣ ਵਿਚ ਪ੍ਰਮੁੱਖ ਭੂਮਿਕਾ ਨਿਭਾਏਗਾ।

***ਭਾਰਤ ਦੀ ਪੁਰਾਤਨ ਸੰਸਕ੍ਰਿਤੀ 'ਜਗਤ ਜਨਨੀ' ਨਾਰੀ ਦੇ ਸਨਮਾਨ ਤੇ ਸਮਾਜਿਕ ਸਥਾਨ ਬਾਰੇ ਸਪੱਸ਼ਟ ਸ਼ਬਦਾਂ ਵਿਚ ਧਾਰਨਾਵਾਂ ਸਥਾਪਤ ਕਰਦੀ ਹੈ। ਸੰਵਿਧਾਨ ਵਿਚ ਦਰਜ ਨਾਰੀ ਅਧਿਕਾਰਾਂ ਨੂੰ ਨੇਕ ਨੀਤੀ ਨਾਲ ਲਾਗੂ ਕਰਨ ਦੀ ਲੋੜ ਹੈ। ਗਾਂਧੀ ਜੀ ਨੇ ਕਿਹਾ ਸੀ, ''ਜੇ ਸ਼ਕਤੀ ਤੋਂ ਭਾਵ ਸਦਾਚਾਰਕ ਸ਼ਕਤੀ ਹੈ ਤਾਂ ਇਸਤਰੀ ਆਦਮੀ ਤੋਂ ਅਣਗਿਣਤ ਦਰਜੇ ਉੱਚੀ ਹੈ ... ਇਸਤਰੀ ਤੋਂ ਵਗੈਰ ਆਦਮੀ ਦਾ ਵਜੂਦ ਹੀ ਨਹੀਂ। ਜੇ ਅਹਿੰਸਾ ਸਾਡੀ ਹੋਂਦ ਦਾ ਆਧਾਰ ਅਸੂਲ ਹੈ ਤਾਂ ਭਵਿੱਖ ਔਰਤਾਂ ਨਾਲ ਹੈ।" ਔਰਤਾਂ ਲਈ ਸਮਾਨਤਾ ਤੇ ਸਨਮਾਨ ਨਾਲ ਹੀ ਸੰਸਾਰ ਦਾ ਕਲਿਆਣ ਹੈ।***

*(ਲੇਖਕ ਸਮਾਜਿਕ ਮਸਲਿਆਂ ਬਾਰੇ ਚਿੰਤਕ ਤੇ ਭਾਰਤੀ ਵਿਦੇਸ਼ ਸੇਵਾ ਤੋਂ ਸੇਵਾ-ਮੁਕਤ ਅਧਿਕਾਰੀ ਹੈ।)*

*e-mail :baal.anand@gmail.com*

- ਔਰਤ ਨੂੰ ਮਰਦ ਦੀ ਰਾਖੀ ਵਿਚ ਨਹੀਂ ਰਹਿਣਾ ਚਾਹੀਦਾ, ਸਗੋਂ ਆਪਣੀ ਰੱਖਿਆ ਆਪ ਕਰਨ ਯੋਗ ਹੋਣਾ ਚਾਹੀਦਾ ਹੈ।

  – ਐੱਸ ਬੀ ਐਨਥਨੀ
- ਔਰਤਾਂ ਘੱਟ ਵੱਧ ਹੀ ਗਲਤ ਹੁੰਦੀਆਂ ਹਨ।

  – ਅਗਿਆਤ
- ਔਰਤਾਂ ਮਰਦਾਂ ਨਾਲੋਂ ਵੱਧ ਬੁੱਧੀਮਾਨ ਹੁੰਦੀਆਂ ਹਨ ਕਿਉਂਕਿ ਉਹ ਜਾਣਦੀਆਂ ਘੱਟ ਅਤੇ ਸਮਝਦੀਆਂ ਵੱਧ ਹਨ।

  – ਜੇਮਜ਼ ਸਟੀਫ਼ਨ
- ਇਸਤਰੀ ਦੀ ਉੱਨਤੀ ਉੱਪਰ ਹੀ ਰਾਸ਼ਟਰ ਦੀ ਉੱਨਤੀ ਨਿਰਭਰ ਕਰਦੀ ਹੈ।

  – ਅਰਸਤੂ
- ਇਸਤਰੀ ਦੇ ਸਨਮਾਨ ਨਾਲ ਸਭਿਅਤਾ ਦੀ ਪਛਾਣ ਹੈ।

  – ਕਰਟਿਸ
- ਚੰਗੀ ਇਸਤਰੀ ਕੰਡੇਦਾਰ ਝਾੜੀ ਨੂੰ ਫੁੱਲ ਬਣਾਉਂਦੀ ਹੈ ਅਤੇ ਗ਼ਰੀਬ ਘਰ ਨੂੰ ਵੀ ਸਵਰਗ ਬਣਾ ਸਕਦੀ ਹੈ।

  – ਗੋਲਡ ਸਮਿਥ
- ਇਸਤਰੀ ਦਾ ਜੀਵਨ ਵੱਖੋ-ਵੱਖ ਸਦਭਾਵਨਾਵਾਂ ਦਾ ਇਤਿਹਾਸ ਹੈ।

  – ਵਾਸ਼ਿੰਗਟਨ
- ਪੁਰਖ ਦੇ ਸਾਰੇ ਤਰਕ ਇਸਤਰੀ ਦੇ ਇਕ ਭਾਵ ਦਾ ਮੁਕਾਬਲਾ ਨਹੀਂ ਕਰ ਸਕਦੇ।

  – ਵਾਲਟੇਅਰ

# ਜੰਗਲਾਂ ਦੀ ਸਥਿਤੀ, ਵਾਤਾਵਰਨ ਤੇ ਨੀਤੀਆਂ

ਗੁਰਿੰਦਰ ਕੌਰ

ਜੰਗਲ, ਦਰਖ਼ਤ, ਫੁੱਲ, ਪੌਦੇ, ਝਾੜੀਆਂ ਆਦਿ ਭਾਵ ਹਰ ਤਰ੍ਹਾਂ ਦੀ ਬਨਸਪਤੀ ਕੁਦਰਤ ਦੀ ਇਕ ਅਨਮੋਲ ਦਾਤ ਹੈ। ਜੰਗਲ ਕਿਸੇ ਵੀ ਦੇਸ਼ ਦਾ ਉਹ ਕੁਦਰਤੀ ਧਨ ਹੈ ਜਿਸ ਦੇ ਆਧਾਰ ਉੱਤੇ ਇਕ ਚੰਗੀ ਅਰਥ-ਵਿਵਸਥਾ ਉਸਾਰੀ ਜਾ ਸਕਦੀ ਹੈ। ਜੰਗਲਾਂ ਨੂੰ ਦੁਨੀਆਂ ਦੇ ਸਾਰੇ ਦੇਸ਼ਾਂ ਨੇ ਰਾਸ਼ਟਰੀ ਸੰਪਤੀ ਦਾ ਦਰਜਾ ਦਿਤਾ ਹੋਇਆ ਹੈ। ਜੰਗਲਾਂ ਨੂੰ ਹਰਾ ਸੋਨਾ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਮਨੁੱਖ ਦੀ ਤਕਰੀਬਨ ਹਰ ਤਰ੍ਹਾਂ ਦੀ ਲੋੜ ਨੂੰ ਪੂਰਾ ਕਰਦੇ ਹਨ। ਜੰਗਲ ਹਵਾ ਵਿਚੋਂ ਕਾਰਬਨ ਡਾਈਆਕਸਾਈਡ ਗੈਸ ਆਪਣੇ ਅੰਦਰ ਜਜ਼ਬ ਕਰਕੇ ਪ੍ਰਕਾਸ਼-ਸ਼ੰਸਲੇਸ਼ਣ ਕਿਰਿਆ ਦੁਆਰਾ ਆਪਣਾ ਭੋਜਨ ਬਣਾਉਣ ਦੇ ਨਾਲ-ਨਾਲ ਹਵਾ ਵਿਚ ਮਨੁੱਖਾਂ ਅਤੇ ਬਾਕੀ ਜੀਵ ਜੰਤੂਆਂ ਦੇ ਸਾਹ ਲੈਣ ਲਈ ਆਕਸੀਜਨ ਗੈਸ ਵੀ ਦਿੰਦੇ ਹਨ। ਇਹ ਮਨੁੱਖ ਅਤੇ ਜੀਵ-ਜੰਤੂਆਂ ਦੀਆਂ ਭੋਜਨ ਸਬੰਧੀ ਲੋੜਾਂ ਪੂਰੀਆਂ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਰਹਿਣ ਲਈ ਥਾਂ ਵੀ ਪ੍ਰਦਾਨ ਕਰਦੇ ਹਨ। ਇਸ ਤੋਂ ਇਲਾਵਾ ਮਨੁੱਖ ਦੀ ਤਾਂ ਸਾਹ ਲੈਣ ਤੋਂ ਲੈ ਕੇ ਭੋਜਨ ਅਤੇ ਭੋਜਨ ਬਣਾਉਣ ਲਈ ਬਾਲਣ, ਘਰ ਬਣਾਉਣ ਲਈ ਲੱਕੜੀ, ਉਦਯੋਗਾਂ ਲਈ ਕੱਚਾ ਮਾਲ, ਦਵਾਈਆਂ ਬਣਾਉਣ ਲਈ ਜੜੀਆਂ-ਬੂਟੀਆਂ ਦੇ ਨਾਲ-ਨਾਲ ਮੌਤ ਤੋਂ ਬਆਦ ਸਸਕਾਰ ਲਈ ਲੱਕੜੀ ਵੀ ਜੰਗਲ ਹੀ ਪ੍ਰਦਾਨ ਕਰਦੇ ਹਨ।

ਜੰਗਲਾਂ ਵਿਚ ਜਿੰਨੇ ਜ਼ਿਆਦਾ ਦਰਖ਼ਤਾਂ ਅਤੇ ਹੋਰ ਬੂਟਿਆਂ ਦੀਆਂ ਕਿਸਮਾਂ ਹੋਣਗੀਆਂ ਉਨੀਆਂ ਹੀ ਜ਼ਿਆਦਾ ਜੀਵ-ਜੰਤੂਆਂ ਦੀਆਂ ਕਿਸਮਾਂ ਹੋਣਗੀਆਂ। ਸੋ, ਜੰਗਲ ਜੀਵ-ਜੰਤੂਆਂ ਦੇ ਭੋਜਨ ਅਤੇ ਉਨ੍ਹਾਂ ਦੇ ਰਹਿਣ ਲਈ ਥਾਂ ਤਾਂ ਮੁਹੱਈਆ ਕਰਵਾਉਂਦੇ ਹੀ ਹਨ, ਸਗੋਂ ਉਨ੍ਹਾਂ ਦੀਆਂ ਪ੍ਰਜਾਤੀਆਂ ਵਧਾਉਣ ਵਿਚ ਵੀ ਯੋਗਦਾਨ ਪਾਉਂਦੇ ਹਨ।

ਕੁਦਰਤ ਨੇ ਤਿੰਨ ਤਰ੍ਹਾਂ ਦੇ ਜੈਵਿਕ: ਮਨੁੱਖ, ਜੀਵ-ਜੰਤੂ ਅਤੇ ਪੌਦੇ ਧਰਤੀ ਉੱਤੇ ਪੈਦਾ ਕੀਤੇ ਹਨ ਜੋ ਕੁਦਰਤ ਦੇ ਸੰਤੁਲਨ ਅਤੇ ਆਪਣੀ-ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਇਕ ਦੂਜੇ ਉੱਤੇ ਨਿਰਭਰ ਕਰਦੇ ਹਨ। ਇਸੇ ਕਰਕੇ ਇਨ੍ਹਾਂ ਤਿੰਨਾਂ ਜੈਵਿਕਾਂ ਨੂੰ ਧਰਤੀ ਉੱਤੇ ਰਹਿਣ ਲਈ ਇਕੋ ਜਿਹੀ ਥਾਂ ਚਾਹੀਦੀ ਹੈ ਭਾਵ 100 ਵਿਚੋਂ 33 ਪ੍ਰਤਿਸ਼ਤ ਰਕਬਾ ਜੰਗਲਾਂ, 33 ਪ੍ਰਤਿਸ਼ਤ ਜੀਵ-ਜੰਤੂਆਂ ਅਤੇ 33 ਪ੍ਰਤਿਸ਼ਤ ਹੀ ਮਨੁੱਖਾਂ ਲਈ ਚਾਹੀਦਾ ਹੈ, ਪਰ ਮਨੁੱਖਾਂ ਨੇ ਛੇਤੀ ਨਾਲ ਦੂਜੇ ਦੋਵਾਂ ਜੈਵਿਕਾਂ ਦੇ ਹਿੱਸੇ ਉੱਤੇ ਵੀ ਕਬਜ਼ਾ ਕਰਨਾ ਸ਼ੁਰੂ ਕਰ ਦਿਤਾ ਹੋਇਆ ਹੈ।

''ਦਿ ਗਲੋਬਲ ਫੋਰੈਸਟ ਰਿਸੋਰਸ ਅਸੈਸਮੈਂਟ'' 2010 ਦੀ ਰਿਪੋਰਟ ਦੇ ਅਨੁਸਾਰ ਦੂਨੀਆਂ ਦੇ ਕੁੱਲ ਭੂਗੋਲਿਕ ਰਕਬੇ ਦਾ ਸਿਰਫ਼ 31 ਪ੍ਰਤਿਸ਼ਤ ਰਕਬਾ ਜੰਗਲਾਂ ਦੇ ਥੱਲੇ ਹੈ। ਇਹ ਰਿਪੋਰਟ 233 ਦੇਸ਼ਾਂ ਦੇ ਸਾਰੇ ਤਰ੍ਹਾਂ ਦੇ ਜੰਗਲਾਂ ਦੀਆਂ ਕਿਸਮਾਂ ਦੇ ਅੰਕੜਿਆਂ ਦੇ ਆਧਾਰ ਉੱਤੇ ਤਿਆਰ ਕੀਤੀ ਗਈ ਹੈ। ਇਸ ਰਿਪੋਰਟ ਅਨੁਸਾਰ ਸਾਰੀ ਦੁਨੀਆਂ ਵਿਚ 4 ਬਿਲੀਅਨ ਹੈਕਟੇਅਰ ਧਰਤੀ ਉੱਤੇ ਜੰਗਲ ਫੈਲੇ ਹੋਏ ਹਨ। ਦੁਨੀਆਂ ਦੇ 5 ਦੇਸ਼ਾਂ ਬਰਾਜ਼ੀਲ, ਕੈਨੇਡਾ, ਅਮਰੀਕਾ ਅਤੇ ਚੀਨ ਵਿਚ ਦੁਨੀਆਂ ਦੇ ਕੁੱਲ ਜੰਗਲਾਂ ਥੱਲੇ ਰਕਬੇ ਵਿਚੋਂ ਅੱਧੇ ਰਕਬੇ ਉੱਤੇ ਜੰਗਲ ਹਨ ਅਤੇ 54 ਦੇਸ਼ਾਂ ਵਿਚ ਉਨ੍ਹਾਂ ਦੇ ਕੁੱਲ ਭੂਗੋਲਿਕ ਰਕਬੇ ਦੇ 10 ਪ੍ਰਤਿਸ਼ਤ ਰਕਬੇ ਤੋਂ ਵੀ ਘੱਟ ਰਕਬੇ ਉੱਤੇ ਜੰਗਲ



ਹਨ, ਪਰ ਇਸ ਤੋਂ ਵੀ ਅਫ਼ਸੋਸ ਦੀ ਗੱਲ ਹੈ ਕਿ ਸਰਵੇ ਕੀਤੇ 233 ਦੇਸ਼ਾਂ ਵਿਚੋਂ 10 ਦੇਸ਼ਾਂ ਵਿਚ ਜੰਗਲਾਂ ਦਾ ਨਾਮੋ-ਨਿਸ਼ਾਨ ਨਹੀਂ ਹੈ ਭਾਵ ਉੱਥੇ ਜੰਗਲ ਹੀ ਨਹੀਂ ਹਨ।

ਭਾਵੇਂ ਤਾਪਮਾਨ ਵਿਚ ਤੇਜ਼ੀ ਨਾਲ ਵਾਧਾ ਹੋਣ ਕਾਰਨ ਜੰਗਲਾਂ ਦੇ ਰੱਖ-ਰਖਾਅ ਵਲ ਦੁਨੀਆਂ ਦੇ ਸਾਰੇ ਦੇਸ਼ ਕਾਫ਼ੀ ਜ਼ਿਆਦਾ ਧਿਆਨ ਦੇ ਰਹੇ ਹਨ, ਫਿਰ ਵੀ ਜੰਗਲਾਂ ਦੀ ਕਟਾਈ ਬਹੁਤ ਤੇਜ਼ੀ ਨਾਲ ਹੋ ਰਹੀ ਹੈ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ 1990-2000 ਦੇ ਦਹਾਕੇ ਦੌਰਾਨ 16 ਮਿਲੀਅਨ ਹੈਕਟੇਅਰ ਰਕਬੇ ਤੋਂ ਜੰਗਲ ਕੱਟੇ ਗਏ ਸਨ ਤੇ 2000-2010 ਦੇ ਦਹਾਕੇ ਦੌਰਾਨ ਇਨ੍ਹਾਂ ਦੀ ਕਟਾਈ ਦੇ ਰਕਬੇ ਵਿਚ ਕਮੀ ਵੀ ਆਈ ਸੀ, ਪਰ ਕਮੀ ਆਉਣ ਦੇ ਬਾਵਜੂਦ ਵੀ ਇਸ ਅਰਸੇ ਦੌਰਾਨ 13 ਮਿਲੀਅਨ ਹੈਕਟੇਅਰ ਰਕਬੇ ਤੋਂ ਜੰਗਲ ਕੱਟੇ ਗਏ ਸਨ ਜੋ ਕਿ ਬਹੁਤ ਜ਼ਿਆਦਾ ਰਕਬਾ ਹੈ। ਬਰਾਜ਼ੀਲ ਤੇ ਇੰਡੋਨੇਸ਼ੀਆ ਵਿਚ 1990ਵਿਆਂ ਦੇ ਦਹਾਕੇ ਦੌਰਾਨ ਵੱਡੇ ਪੱਧਰ ਉੱਤੇ ਆਰਥਿਕ ਵਿਕਾਸ ਦੇ ਨਾਂ ਉੱਤੇ ਜੰਗਲਾਂ ਦੀ ਕਟਾਈ ਹੋਈ ਹੈ। ਆਸਟਰੇਲੀਆ ਵਿਚ ਜੰਗਲਾਂ ਦੇ ਰਕਬੇ ਵਿਚ ਕਮੀ ਅੱਗ ਲੱਗਣ ਅਤੇ ਸੋਕਾ ਪੈਣ ਕਾਰਨ ਹੋਈ ਹੈ। ਜੰਗਲਾਂ ਦੇ ਘਟਦੇ ਹੋਏ ਰਕਬੇ ਨੂੰ ਦੇਖਦੇ ਹੋਏ ਕੁਝ ਦੇਸ਼ਾਂ ਵਲੋਂ ਨਵੇਂ ਦਰਖ਼ਤ ਲਗਾਉਣ ਦਾ ਉਪਰਾਲਾ ਵੀ ਸ਼ੁਰੂ ਕੀਤਾ ਗਿਆ ਹੈ ਜਿਸ ਨਾਲ ਜੰਗਲਾਂ ਦੇ ਘਟਦੇ ਰਕਬੇ ਦੀ ਦਰ ਕੁੱਝ ਘਟੀ ਹੈ।

ਦੱਖਣੀ ਅਮਰੀਕਾ ਦੇ ਦੇਸ਼ਾਂ ਵਿਚ 4 ਮਿਲੀਅਨ ਹੈਕਟੇਅਰ, ਅਫ਼ਰੀਕਾ ਵਿਚ 3.4 ਮਿਲੀਅਨ ਅਤੇ ਆਸਟਰੇਲੀਆ ਵਿਚ 70000 ਹੈਕਟੇਅਰ ਜੰਗਲ ਪ੍ਰਤਿ ਸਾਲ ਦੀ ਦਰ ਨਾਲ 2000 ਤੋਂ 2010 ਦੌਰਾਨ ਜੰਗਲ ਕੱਟੇ ਗਏ ਸਨ। ਭਾਵੇਂ ਏਸ਼ੀਆ ਵਿਚ ਜੰਗਲਾਂ ਦੇ ਕੱਟਣ ਦੀ ਦਰ ਸੰਨ 1999-2000 ਦੇ ਦਹਾਕੇ ਦੌਰਾਨ 600000 ਹੈਕਟੇਅਰ ਪ੍ਰਤਿ ਸਾਲ ਸੀ ਜਿਹੜੀ 2000-2010 ਦੇ ਦਹਾਕੇ ਦੌਰਾਨ 2.2 ਮਿਲੀਅਨ ਹੈਕਟੇਅਰ ਪ੍ਰਤਿ ਸਾਲ ਵਾਧੇ ਵਿਚ ਬਦਲ ਗਈ ਸੀ। ਏਸ਼ੀਆ ਮਹਾਂਦੀਪ ਵਿਚ ਨਵੇਂ ਦਰਖ਼ਤ ਲਗਾਉਣ ਦਾ ਰੁਝਾਨ ਜ਼ਿਆਦਾਤਰ ਚੀਨ ਵਿਚ ਪਾਇਆ

ਗਿਆ ਜਦ ਕਿ ਦੱਖਣੀ ਏਸ਼ੀਆ ਅਤੇ ਦੱਖਣੀ-ਪੂਰਬੀ ਏਸ਼ੀਆ ਦੇ ਦੇਸ਼ਾਂ ਵਿਚ ਜੰਗਲਾਂ ਦੀ ਕਟਾਈ ਲਗਾਤਾਰ ਜਾਰੀ ਹੈ।

ਭਾਰਤ ਦੀ ਜੰਗਲਾਂ ਥੱਲੇ ਰਕਬੇ ਸੰਬੰਧੀ ਸਥਿਤੀ ਬਹੁਤ ਹੀ ਚਿੰਤਾਜਨਕ ਹੈ। ਸਾਲ 2013 ਦੀ ਜੰਗਲਾਂ ਸੰਬੰਧੀ ਇਕ ਰਿਪੋਰਟ ਅਨੁਸਾਰ ਭਾਰਤ ਵਿਚ ਜੰਗਲਾਂ ਥੱਲੇ ਕੁਝ ਰਕਬਾ 697, 898 ਵਰਗ ਕਿਲੋਮੀਟਰ ਹੈ, ਜਿਹੜਾ ਕੁੱਲ ਭੂਗੋਲਿਕ ਖੇਤਰ ਦਾ 21.23 ਪ੍ਰਤਿਸ਼ਤ ਬਣਦਾ ਹੈ ਜਿਸ ਵਿਚੋਂ ਸਿਰਫ਼ 2.54 ਪ੍ਰਤਿਸ਼ਤ ਘਣੇ ਜੰਗਲ, 9.70 ਪ੍ਰਤਿਸ਼ਤ ਦਰਿਆਨੇ ਅਤੇ 8.99 ਪ੍ਰਤਿਸ਼ਤ ਖੁੱਲ੍ਹੇ ਜੰਗਲ ਹਨ। ਭਾਰਤ ਵਿਚ ਜੰਗਲਾਂ ਥੱਲੇ ਰਕਬਾ ਦੁਨੀਆਂ ਦੇ ਔਸਤਨ ਰਕਬੇ ਤੋਂ ਲਗਭਗ 10 ਪ੍ਰਤਿਸ਼ਤ ਘੱਟ ਹੈ। ਜੰਗਲ (ਭਾਵ ਦਰਖ਼ਤ) ਭਾਰਤੀ ਸਭਿਆਚਾਰ ਵਿਚ ਇੰਨੀ ਜ਼ਿਆਦਾ ਡੂੰਘੀ ਤਰ੍ਹਾਂ ਰਚੇ ਹੋਏ ਹਨ ਕਿ ਇਨ੍ਹਾਂ ਦੀ ਪੂਜਾ ਵੀ ਕੀਤੀ ਜਾਂਦੀ ਹੈ। ਪੁਰਾਣੇ ਸਮਿਆਂ ਵਿਚ ਤਾਂ ਲੋਕ ਦਰਖ਼ਤਾਂ ਨੂੰ ਬੱਚਿਆਂ ਵਾਂਗ ਪਾਲਦੇ ਸਨ ਅਤੇ ਕਹਿੰਦੇ ਸਨ "ਇਕ ਰੁੱਖ, ਸੌ ਸੁੱਖ"। ਇਥੋਂ ਤਕ ਕਿ ਲੋਕ ਗੀਤਾਂ ਅਤੇ ਪੁਰਾਣੇ ਰਸਮੋਂ-ਰਿਵਾਜ਼ਾਂ ਵਿਚ ਵੀ ਦਰਖ਼ਤਾਂ ਦੀ ਖ਼ਾਸ ਮਹੱਤਤਾ ਹੁੰਦੀ ਸੀ। ਆਜ਼ਾਦੀ ਤੋਂ ਬਾਅਦ ਜਦੋਂ ਆਰਥਿਕ ਵਿਕਾਸ ਦੇ ਨਾਂ ਉੱਤੇ ਜੰਗਲਾਂ ਥੱਲੇ ਰਕਬਾ ਤੇਜ਼ੀ ਨਾਲ ਘਟਣ ਲੱਗ ਗਿਆ ਸੀ ਤਾਂ ਸਰਕਾਰ ਵੱਲੋਂ ਸਾਲ 1952 ਵਿਚ ਜੰਗਲਾਂ ਥੱਲੇ ਘੱਟੋ-ਘੱਟ 33 ਪ੍ਰਤਿਸ਼ਤ ਰਕਬਾ ਹੋਣ ਦੀ ਰਾਸ਼ਟਰੀ ਨੀਤੀ ਬਣਾਈ ਗਈ ਸੀ। ਇਸੇ ਮੁੱਦੇ ਨੂੰ ਮੁੱਖ ਰੱਖਦਿਆਂ ਹੋਇਆ ਜੁਲਾਈ 1952 ਵਿਚ ਭਾਰਤ ਵਿਚ ਪਹਿਲੀ ਵਾਰੀ 'ਵਣ ਮਹਾਂਉਤਸਵ' ਮਨਾਇਆ ਗਿਆ ਸੀ। ਉਸ ਤੋਂ ਬਾਅਦ ਭਾਵੇਂ ਇਹ ਉਤਸਵ ਹਰ ਸਾਲ ਮਨਾਇਆ ਜਾਂਦਾ ਹੈ ਤਾਂ ਵੀ ਸਾਡੇ ਦੇਸ਼ ਵਿਚ ਜੰਗਲਾਂ ਦੀ ਸਥਿਤੀ ਵਿਚ ਕੋਈ ਖ਼ਾਸ ਸੁਧਾਰ ਨਹੀਂ ਹੋ ਸਕਿਆ ਹੈ।

ਦੇਸ਼ ਦੇ ਵੱਖੋ-ਵੱਖਰੇ ਰਾਜਾਂ ਵਿਚ ਵੀ ਜੰਗਲਾਂ ਦੀ ਸਥਿਤੀ ਚਿੰਤਾ ਵਾਲੀ ਹੈ। ਜੰਗਲਾਂ ਦਾ ਸਭ ਤੋਂ ਵੱਧ ਰਕਬਾ ਮੱਧ ਪ੍ਰਦੇਸ਼ ਰਾਜ ਵਿਚ (77,522 ਕਿਲੋਮੀਟਰ) ਮਿਲਦਾ ਹੈ। ਦੂਜੇ ਨੰਬਰ ਉੱਤੇ ਛੱਤੀਸਗੜ੍ਹ (55,621 ਕਿਲੋਮੀਟਰ), ਤੀਜੇ ਉੱਤੇ ਮਹਾਂਰਾਸ਼ਟਰ (50,632 ਵਰਗ ਕਿਲੋਮੀਟਰ ਅਤੇ ਓਡੀਸ਼ਾ ਚੌਥੇ ਨੰਬਰ ਉੱਤੇ (50,347 ਵਰਗ ਕਿਲੋਮੀਟਰ) ਆਉਂਦੇ ਹਨ। ਕੁੱਲ ਭੂਗੋਲਿਕ ਰਕਬੇ ਦੇ ਹਿਸਾਬ ਨਾਲ ਸਭ ਤੋਂ ਜ਼ਿਆਦਾ ਰਕਬਾ ਮਿਜ਼ੋਰਮ 90.38 ਪ੍ਰਤਿਸ਼ਤ, ਦੂਜੇ ਦਰਜੇ ਉੱਤੇ ਲਕਸ਼ਦੀਪ 84.56 ਪ੍ਰਤਿਸ਼ਤ, ਤੀਜੇ ਉੱਤੇ ਅੰਡੇਮਾਨ ਅਤੇ ਨਿਕੋਬਾਰ 81.36 ਪ੍ਰਤਿਸ਼ਤ ਅਤੇ ਚੌਥੇ ਨੰਬਰ ਅਰੁਣਾਚਲ ਪ੍ਰਦੇਸ਼ 80.39 ਪ੍ਰਤਿਸ਼ਤ ਆਉਂਦੇ ਹਨ। ਬਾਕੀ ਦੇ ਚਾਰ ਰਾਜਾਂ ਨਾਗਾਲੈਂਡ, ਮੇਘਾਲਿਆ, ਮਨੀਪੁਰ ਅਤੇ ਤ੍ਰਿਪੁਰਾ ਵਿਚ ਵੀ ਜੰਗਲਾਂ ਦਾ ਰਕਬਾ 75 ਪ੍ਰਤਿਸ਼ਤ ਤੋਂ ਉੱਤੇ ਹੈ ਅਤੇ 7 ਹੋਰ ਰਾਜਾਂ ਵਿਚ ਜੰਗਲਾਂ ਥੱਲੇ ਰਕਬਾ 33 ਪ੍ਰਤਿਸ਼ਤ ਰਕਬੇ ਤੋਂ ਉਪਰ ਹੈ। ਇਸ ਤਰ੍ਹਾਂ ਭਾਰਤ ਦੇ 35 ਰਾਜਾਂ ਅਤੇ ਕੇਂਦਰੀ ਸ਼ਾਸਤ ਇਲਾਕਿਆਂ ਵਿਚੋਂ ਸਿਰਫ਼ 15 ਰਾਜ ਅਤੇ ਕੇਂਦਰੀ-ਸ਼ਾਸ਼ਤ ਇਲਾਕੇ ਹੀ ਇਹੋ ਜਿਹੇ ਹਨ ਜਿਥੇ ਜੰਗਲਾਂ ਦੀ ਸਥਿਤੀ ਸੰਤੋਖਜਨਕ ਹੈ ਜਾਂ ਕੁਦਰਤ ਦੇ ਸੰਤੁਲਨ ਨੂੰ ਕਾਇਮ ਰੱਖਣ ਲਈ ਜ਼ਰੂਰੀ ਹਾਲਾਤ ਪੂਰਾ ਕਰਨ ਵਿਚ ਸਮੱਰਥ ਹਨ, ਪਰ ਇਥੇ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਜੀਵ-ਜੰਤੂਆਂ ਅਤੇ ਜਾਨਵਰਾਂ ਦੇ ਪੂਰੇ ਦੇ ਪੂਰੇ ਹਿੱਸੇ ਬਾਰੇ ਜ਼ਿਕਰ ਹੀ ਨਹੀਂ ਕਰ ਰਹੇ ਹਾਂ। ਭਾਰਤ ਸੰਬੰਧੀ ਉਪਰੋਕਤ ਰਿਪੋਰਟ ਅਨੁਸਾਰ, ਜੰਗਲਾਂ ਥੱਲੇ ਸਭ ਤੋਂ ਘੱਟ ਪ੍ਰਤਿਸ਼ਤ ਰਕਬਾ ਪੰਜਾਬ (3.52 ਪ੍ਰਤਿਸ਼ਤ) ਵਿਚ ਆਂਕਿਆ ਗਿਆ। ਹਰਿਆਣਾ (3.59 ਪ੍ਰਤਿਸ਼ਤ), ਰਾਜਸਥਾਨ (4.70 ਪ੍ਰਤਿਸ਼ਤ), ਉੱਤਰ ਪ੍ਰਦੇਸ਼ (5.96 ਪ੍ਰਤਿਸ਼ਤ), ਗੁਜਰਾਤ (7.48 ਪ੍ਰਤਿਸ਼ਤ), ਬਿਹਾਰ (7.74 ਪ੍ਰਤਿਸ਼ਤ) ਅਤੇ ਦਮਨ ਅਤੇ ਦਿਯੂ (8.28 ਪ੍ਰਤਿਸ਼ਤ) ਰਕਬਾ ਜੰਗਲਾਂ ਥੱਲੇ ਹੈ ਭਾਵ ਭਾਰਤ ਦੇ 7 ਰਾਜਾਂ ਵਿਚ ਜੰਗਲਾਂ ਥੱਲੇ ਰਕਬਾ 10 ਪ੍ਰਤਿਸ਼ਤ ਰਕਬੇ ਤੋਂ ਵੀ ਘੱਟ ਹੈ ਅਤੇ 9 ਰਾਜਾਂ ਵਿਚ 10 ਪ੍ਰਤਿਸ਼ਤ ਤੋਂ 20 ਪ੍ਰਤਿਸ਼ਤ ਅਤੇ ਚਾਰ ਰਾਜਾਂ ਵਿਚ ਇਹ 20 ਤੋਂ 32 ਪ੍ਰਤਿਸ਼ਤ ਰਕਬੇ ਵਿਚ ਜੰਗਲਾਂ ਪਾਏ ਜਾਂਦੇ ਹਨ।

ਉਪਰੋਕਤ ਵਿਖਿਆਨ ਤੋਂ ਇਹ ਪਤਾ ਲਗਦਾ ਹੈ ਦੇਸ਼ ਦੇ 7 ਰਾਜਾਂ ਵਿਚ ਸਥਿਤੀ ਬਹੁਤ ਹੀ ਨਾਜ਼ੁਕ ਹੈ ਅਤੇ 9 ਰਾਜਾਂ ਵਿਚ ਚਿੰਤਾਜਨਕ ਹੈ। ਜੰਗਲਾਂ ਦੀ ਨਾਜ਼ੁਕ ਹਾਲਤ ਤੋਂ ਕੇਂਦਰ ਅਤੇ ਰਾਜ ਸਰਕਾਰਾਂ ਦੋਵੇਂ ਜਾਣੂ ਹਨ। ਸਾਲ 2013 ਅਤੇ ਸਾਲ 2011 ਦੀਆਂ ਇੰਡੀਆ ਸਟੇਟ ਆਫ਼ ਫੋਰੈਸਟ ਰਿਪੋਰਟਾਂ ਦੇ ਅਨੁਸਾਰ ਇਨ੍ਹਾਂ ਦੋ ਸਾਲਾਂ ਵਿਚ ਦੇਸ਼ ਦੇ ਜੰਗਲਾਂ ਦੇ ਰਕਬੇ ਵਿਚ ਸਿਰਫ਼ 5,871 ਵਰਗ ਕਿਲੋਮੀਟਰ ਦਾ (0.18 ਪ੍ਰਤਿਸ਼ਤ) ਵਾਧਾ ਆਂਕਿਆ ਗਿਆ ਹੈ ਜਿਸ ਵਿਚੋਂ 3810 ਵਰਗ ਕਿਲੋਮੀਟਰ ਪੱਛਮੀ ਬੰਗਾਲ ਅਤੇ 1444 ਵਰਗ ਕਿਲੋਮੀਟਰ ਓਡੀਸ਼ਾ ਰਾਜਾਂ ਵਿਚ ਜੰਗਲਾਂ ਦੇ ਰਕਬੇ ਵਿਚ ਵਾਧਾ ਦਰਜ ਕੀਤਾ ਗਿਆ ਹੈ ਅਤੇ ਬਾਕੀ ਦਾ 617 ਵਰਗ ਕਿਲੋਮੀਟਰ ਦਾ ਵਾਧਾ ਦੇਸ਼ ਦੇ ਬਾਕੀ ਰਾਜਾਂ ਵਿਚ ਹੋਇਆ ਹੈ।

ਪੰਜਾਬ ਅਤੇ ਹਰਿਆਣਾ ਇਸ ਸੰਬੰਧ ਵਿਚ ਕ੍ਰਮਵਾਰ ਥੱਲੇ ਤੋਂ ਪਹਿਲੇ ਅਤੇ ਦੂਜੇ ਸਥਾਨ ਉੱਤੇ ਆਉਂਦੇ ਹਨ। ਇਨ੍ਹਾਂ ਦੋਹਾਂ ਰਾਜਾਂ ਵਿਚ ਜੰਗਲਾਂ ਦੀ ਮਾੜੀ ਸਥਿਤੀ ਦਾ ਕਾਰਨ ਇਥੋਂ ਦੀ ਖੇਤੀ ਦਾ ਮਸ਼ੀਨਰੀਕਰਨ ਅਤੇ ਹਰਾ ਇਨਕਲਾਬ ਜ਼ਿੰਮੇਵਾਰ ਹਨ। ਜੰਗਲਾਂ ਦੇ ਘਟਦੇ ਰਕਬੇ ਲਈ ਸ਼ਹਿਰੀਕਰਨ ਅਤੇ ਆਰਥਿਕ ਵਿਕਾਸ ਦੇ ਨਾਂ ਉੱਤੇ ਤਰ੍ਹਾਂ-ਤਰ੍ਹਾਂ ਦੀਆਂ ਯੋਜਨਾਵਾਂ ਤਹਿਤ ਜੰਗਲਾਂ ਦੀ ਕਟਾਈ, ਸੜਕਾਂ, ਪੁਲ ਅਤੇ ਬੰਨ੍ਹ ਬਣਾਉਣ ਲਈ, ਖਣਿਜ ਪਦਾਰਥਾਂ ਦੀ ਖੁਦਾਈ ਲਈ, ਵੱਧਦੀ ਜਨਸੰਖਿਆ ਅਤੇ ਸਥਾਨਾਂਤਰ ਖੇਤੀ (ਸ਼ਿਫ਼ਟਿੰਗ ਕਲਟੀਵੈਸ਼ਨ) ਆਦਿ ਜ਼ਿੰਮੇਵਾਰ ਹਨ।

ਉਸ ਸਮੇਂ ਦੇ ਵਾਤਾਵਰਨ ਮੰਤਰੀ ਜੈਰਾਮ ਰਮੇਸ਼ ਨੇ ਘਣੇ ਜੰਗਲਾਂ ਵਿਚੋਂ ਖਣਿਜ ਨਾ ਕੱਢਣ ਦੀ ਸਕੀਮ ਹੇਠ ਜੂਨ 2009 ਵਿਚ 44 ਪ੍ਰਤਿਸ਼ਤ ਘਣੇ ਜੰਗਲ ਵਾਲੇ ਹਿੱਸੇ ਨੂੰ 'ਨੋ-ਗੋ ਏਰੀਆ' ਘੋਸ਼ਿਤ ਕੀਤਾ ਸੀ। ਉਨ੍ਹਾਂ ਨੇ ਉਨ੍ਹਾਂ ਜੰਗਲਾਂ ਨੂੰ ਘਣੇ ਕਿਹਾ ਸੀ ਜਿਨ੍ਹਾਂ ਦੀ ਛੱਤਰੀ ਤੋਂ ਧੁੱਪ ਧਰਤੀ ਤਕ ਨਾ ਪਹੁੰਚ ਸਕਦੀ ਹੋਵੇ ਅਤੇ ਉਨ੍ਹਾਂ ਵਿਚ ਜੀਵ-ਜੰਤੂ ਅਤੇ ਬਨਸਪਤੀ ਦੀ ਚੋਖੀ ਵਿਭਿੰਨਤਾ ਹੋਣ ਦੇ ਨਾਲ-ਨਾਲ ਉਨ੍ਹਾਂ ਨੂੰ ਮੁੜ ਉਸੇ ਰੂਪ ਵਿਚ ਲਿਆਉਣਾ ਵੀ ਅਸੰਭਵ ਹੋਵੇ ਪਰ ਸਰਕਾਰ ਨੇ ਇਸ 44 ਪ੍ਰਤਿਸ਼ਤ ਦੇ ਜੰਗਲੀ ਰਕਬੇ ਨੂੰ ਘਟਾ ਕੇ ਨਵੰਬਰ 2010 ਵਿਚ 30 ਪ੍ਰਤਿਸ਼ਤ ਅਤੇ ਫ਼ਰਵਰੀ 2011 ਵਿਚ 20 ਪ੍ਰਤਿਸ਼ਤ ਕਰ ਦਿਤਾ ਸੀ।

ਇਸ ਤੋਂ ਬਾਅਦ ਉਸ ਸਮੇਂ ਦੇ ਵਾਤਾਵਰਨ ਮੰਤਰੀ ਨੇ ਜੰਗਲਾਂ ਦਾ ਹੋਰ ਰਕਬਾ ਘਟਾਉਣ ਤੋਂ ਨਾਂਹ ਕਰ ਦਿਤੀ। ਫਿਰ ਸਰਕਾਰ ਨੇ ਜੂਨ 2011 ਵਿਚ ਬੀ.ਕੇ. ਚੁਤਰਵੇਦੀ (ਜੋ ਯੋਜਨਾ ਕਮਿਸ਼ਨ ਦੇ ਮੈਂਬਰ ਵੀ ਸਨ) ਦੀ ਅਗਵਾਈ ਹੇਠ ਕਈ ਮੰਤਰੀਆਂ ਦੀ ਇਕ ਕਮੇਟੀ ਬਣਾ ਕੇ 'ਨੋ-ਗੋ' ਸਕੀਮ ਨੂੰ ਮੁਢੋਂ ਹੀ ਨਕਾਰ ਕੇ, ਕਿਸੇ ਵੀ ਜੰਗਲ ਨੂੰ ਰਾਖਵਾਂ ਨਾ ਰੱਖਣ ਦਾ ਮਤਾ ਪਾਸ ਕਰ ਦਿਤਾ ਅਤੇ ਕੋਲੇ ਦੀਆਂ ਖਾਣਾਂ ਦੀ ਖੁਦਾਈ ਪਹਿਲਾਂ

ਵਾਂਗ ਹੀ, ਘਣੇ ਜੰਗਲਾਂ ਦੇ ਉਜਾੜੇ ਦੀ ਪਰਵਾਹ ਨਾ ਕਰਦੇ ਹੋਏ, ਸ਼ੁਰੂ ਕਰਾ ਦਿੱਤੀ (ਚੇਤਨ ਚੌਹਾਨ 2011)। ਸੈਂਟਰ ਫਾਰ ਸਾਇੰਸ ਐਂਡ ਐਨਵਾਇਰਨਮੈਂਟ ਦੇ ਅਨੁਸਾਰ ਖਣਿਜਾਂ ਦੀ ਬਹੁਤਾਤ ਵਾਲੇ ਇਲਾਕੇ ਘਣੇ ਜੰਗਲਾਂ ਵਿਚ ਹੀ ਸਥਿਤ ਹਨ। ਵਾਤਾਵਰਨ ਮਾਹਿਰਾਂ ਦਾ ਕਹਿਣਾ ਹੈ ਕਿ ਅਜਿਹੀਆਂ ਯੋਜਨਾਵਾਂ ਦੇ ਤਹਿਤ ਸਰਕਾਰ ਨੇ ਇਕੱਲੇ ਜੰਗਲਾਂ ਦਾ ਉਜਾੜਾ ਹੀ ਨਹੀਂ, ਸਗੋਂ ਉੱਥੇ ਰਹਿੰਦੇ ਲੋਕਾਂ ਦੀ ਸਿਹਤ-ਸੰਭਾਲ, ਰੁਜ਼ਗਾਰ ਅਤੇ ਉਨ੍ਹਾਂ ਦੇ ਰਹਿਣ-ਸਹਿਣ ਉੱਤੇ ਵੀ ਡੂੰਘਾ ਪ੍ਰਭਾਵ ਪਾਇਆ ਹੈ। ਪੱਛਮੀ ਬੰਗਾਲ ਅਤੇ ਝਾਰਖੰਡ ਦਾ ਸਾਰਾਨਡਾ ਜੰਗਲ ਜਿਹੜਾ 85000 ਹੈਕਟੇਅਰ ਵਿਚ ਫੈਲਿਆ ਹੈ ਅਤੇ ਛੱਤੀਸਗੜ੍ਹ ਦਾ ਕੋਰਬਾ ਜੰਗਲ ਆਦਿ ਇਸ ਤਰ੍ਹਾਂ ਦੀਆਂ ਕੁਝ ਉਦਾਹਰਣਾਂ ਹਨ।

ਇਸੇ ਤਰ੍ਹਾਂ ਹੀ ਭਾਰਤ ਦੇ ਪੱਛਮੀ ਤੱਟੀ ਘਾਟ ਤੋਂ ਵੀ ਆਰਥਿਕ ਵਿਕਾਸ ਦੇ ਨਾਂ ਉੱਤੇ ਜੰਗਲਾਂ ਦੇ ਅੰਧਾਧੁੰਦ ਕਟਾਈ ਕਾਰਨ ਜੀਵ-ਜੰਤੂਆਂ ਅਤੇ ਬਨਸਪਤੀ ਦੀਆਂ ਕਈ ਕਿਸਮਾਂ ਖ਼ਤਰੇ ਵਿਚ ਹਨ। ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਪੱਛਮੀ ਤੱਟੀ ਖੇਤਰ ਦੇ ਜੰਗਲਾਂ ਦੀ 1600 ਕਿਲੋਮੀਟਰ ਲੰਬਾਈ ਵਾਲੇ ਖੇਤਰ ਨੂੰ 'ਵਾਤਾਵਰਨ ਨਾਜ਼ੁਕ ਖੇਤਰ' ਦੀ ਸਮੀਖਿਆ ਕਰਨ ਲਈ ਵੱਖੋ-ਵੱਖਰੀਆਂ ਕਮੇਟੀਆਂ ਦਾ ਤਾਂ ਗਠਨ ਕੀਤਾ ਸੀ (ਹਿੰਦੁਸਤਾਨ ਟਾਈਮਜ਼, 2014) ਪਰ ਉਨ੍ਹਾਂ ਕਮੇਟੀਆਂ ਦੀਆਂ ਰਿਪੋਰਟਾਂ ਜਨਤਕ ਕਰਨ ਤੋਂ ਹਾਲੇ ਤਕ ਪਾਸਾ ਵੱਟ ਰਹੀਆਂ ਹਨ ਤਾਂ ਕਿ ਸੌੜੇ ਹਿੱਤਾਂ ਨੂੰ ਸੌਖਾਲਿਆਂ ਹੀ ਪੂਰਾ ਕਰ ਸਕਣ। ਇਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਜੇ ਇਸੇ ਤਰ੍ਹਾਂ ਕੁਦਰਤੀ ਸਾਧਨਾਂ ਦੀ ਦੁਰਵਰਤੋਂ ਹੁੰਦੀ ਰਹੀ ਤਾਂ ਦੇਸ਼ ਵਿਚ ਮਹਾਂਰਾਸ਼ਟਰ ਦੇ ਮਾਲਿਨ ਪਿੰਡ ਅਤੇ ਉਤਰਾਖੰਡ ਵਿਚ ਵਾਪਰੀਆਂ ਭਿਆਨਕ ਤਰਾਸਦੀਆਂ ਹਰ ਸਾਲ ਦੇਸ਼ ਦੇ ਕਿਸੇ ਨਾ ਕਿਸੇ ਹਿੱਸੇ ਵਿਚ ਵਾਪਰਦੀਆਂ ਰਹਿਣਗੀਆਂ। ਪੰਜਾਬ ਵਿਚ ਤਾਂ ਸੜਕਾਂ ਨੂੰ ਚੌੜਾ ਕਰਨ ਦੇ ਪ੍ਰੋਜੈਕਟਾਂ ਲਈ ਸਾਲ 2008 ਤੋਂ 2011 ਦੇ ਅਰਸੇ ਵਿਚ 3868 ਏਕੜ ਤੋਂ 7 ਲੱਖ ਦਰਖ਼ਤ ਵੱਢ ਦਿੱਤੇ ਗਏ ਸਨ (ਹਿੰਦੁਸਤਾਨ ਟਾਈਮਜ਼, 2011, 15 ਸਤੰਬਰ)।

ਜੰਗਲ ਧਰਤੀ ਦੇ ਫੇਫੜਿਆਂ ਦਾ ਕੰਮ ਕਰਦੇ ਹਨ। ਕੁਦਰਤ ਦੇ ਇਹ ਕਾਰਖ਼ਾਨੇ ਸਾਡੇ ਲਈ ਅਸੀਮ ਮਾਤਰਾ ਵਿਚ ਆਕਸੀਜਨ ਤਿਆਰ ਕਰਦੇ ਹਨ ਅਤੇ ਸਾਡੀ ਵੱਖ-ਵੱਖ ਸਰਗਰਮੀਆਂ ਰਾਹੀਂ ਪੈਦਾ ਕੀਤੀ ਗਈ ਕਾਰਬਨਡਾਇਆਕਸਾਈਡ ਨੂੰ ਆਪਣਾ ਭੋਜਨ ਬਣਾਉਣ ਲਈ ਪ੍ਰਕਾਸ਼ ਸ਼ੰਸ਼ਲੇਸ਼ਣ ਵਿਧੀ ਰਾਹੀਂ ਸੋਖ ਲੈਂਦੇ ਹਨ, ਪਰ ਅੱਜਕੱਲ੍ਹ ਮਨੁੱਖ ਪਦਾਰਥਵਾਦੀ ਹੋ ਗਿਆ ਹੈ। ਉਹ ਆਪਣੇ ਸੁਆਰਥ ਅਤੇ ਸੌੜੇ ਹਿੱਤਾਂ ਦੀ ਰਾਖੀ ਲਈ ਜੰਗਲਾਂ ਦੀ ਅੰਨ੍ਹੇਵਾਹ ਕਟਾਈ ਕਰ ਰਿਹਾ ਹੈ। ਇਸ ਨਾਲ ਬਨਸਪਤੀ ਦੀ ਵਿਭਿੰਨਤਾ ਖ਼ਤਮ ਹੋਣ ਦੇ ਨਾਲ-ਨਾਲ ਜੀਵ-ਜੰਤੂ ਖ਼ਾਸ ਕਿਸਮ ਦੇ ਦਰਖ਼ਤਾਂ, ਫੁੱਲ ਅਤੇ ਬੂਟਿਆਂ ਨੂੰ ਖਾਣਾ ਪਸੰਦ ਕਰਦੇ ਹਨ। ਉਸ ਖ਼ਾਸ ਬਨਸਪਤੀ ਦੇ ਖ਼ਤਮ ਹੋ ਜਾਣ ਨਾਲ ਉਹ ਜੀਵ-ਜੰਤੂ ਵੀ ਖ਼ਤਮ ਹੋ ਜਾਂਦੇ ਹਨ ਭਾਵ ਕੁਝ ਪ੍ਰਜਾਤੀਆਂ ਸਦਾ ਲਈ ਖ਼ਤਮ ਹੋ ਜਾਂਦੀਆਂ ਹਨ। ਜੰਗਲਾਂ ਦੇ ਘਟਣ ਨਾਲ ਮਿੱਟੀ ਦੇ ਖੁਰਨ ਦੀ ਸੰਭਾਵਨਾ ਵੀ ਵਧ ਜਾਂਦੀ ਹੈ। ਦਰਖ਼ਤਾਂ ਦੀਆਂ ਜੜ੍ਹਾਂ ਮਿੱਟੀ ਨੂੰ ਖੁਰਨ ਤੋਂ ਰੋਕਣ ਦੇ ਨਾਲ-ਨਾਲ ਮੀਂਹ ਤੋਂ ਬਾਅਦ ਧਰਤੀ ਉੱਤੇ ਵਗਦੇ ਵਾਧੂ ਪਾਣੀ ਨੂੰ ਵੀ ਸੋਖ ਕੇ ਧਰਤੀ ਹੇਠਲੇ ਪਾਣੀ ਦੀ ਸਤਹ ਨੂੰ ਉਤਾਂਹ ਚੁੱਕਣ ਵਿਚ ਭਰਪੂਰ ਯੋਗਦਾਨ ਪਾਉਂਦੇ ਹਨ। ਜੰਗਲਾਂ ਦੀ ਕਟਾਈ ਨਾਲ ਹੜ੍ਹ ਆਉਣ ਦੀ ਸੰਭਾਵਨਾ ਵਧ ਜਾਂਦੀ ਹੈ। ਜੰਗਲਾਂ ਦੀ ਕਟਾਈ ਨਾਲ ਮਿੱਟੀ ਦੇ ਖੁਰਨ ਨਾਲ ਦਰਿਆਵਾਂ ਵਿਚ ਜ਼ਿਆਦਾ ਮਿੱਟੀ ਜਮ੍ਹਾਂ ਹੋ ਜਾਂਦੀ ਹੈ ਜਿਸ ਨਾਲ ਮੀਂਹ ਦੇ ਦਿਨਾਂ ਵਿਚ ਦਰਿਆਵਾਂ ਵਿਚ ਪਾਣੀ ਦਾ ਪੱਧਰ ਵਧ ਜਾਣ ਨਾਲ ਭਿਆਨਕ ਹੜ੍ਹ ਆਉਂਦੇ ਹਨ। ਜੂਨ 2013 ਵਿਚ ਉਤਰਾਖੰਡ ਵਿਚ ਗੰਗਾ ਨਦੀ ਦੀਆਂ ਸਾਰੀਆਂ ਸਹਾਇਕ ਨਦੀਆਂ ਵਿਚ ਪਾਣੀ ਦੀ ਸਤਹ ਉਨ੍ਹਾਂ ਨਦੀਆਂ ਵਿਚ ਪਈ ਮਿੱਟੀ ਅਤੇ ਮਲਬੇ ਕਾਰਨ ਵਧ ਗਈ ਸੀ ਜਿਸ ਕਾਰਨ ਉਤਰਾਖੰਡ ਰਾਜ ਵਿਚ ਭਿਆਨਕ ਹੜ੍ਹ ਆਏ ਸਨ ਜਿਸ ਨਾਲ ਲੱਖਾਂ ਲੋਕ ਘਰ ਬੇਘਰ ਹੋ ਗਏ ਅਤੇ ਹਜ਼ਾਰਾਂ ਲੋਕ ਮਰ ਗਏ ਸਨ। ਇਸ ਤੋਂ ਬਿਨ੍ਹਾਂ ਜੰਗਲਾਂ ਤੋਂ ਵਿਹੂਣੇ ਪਹਾੜਾਂ ਦੇ ਖਿਸਕਣ ਨਾਲ ਹਜ਼ਾਰਾਂ ਕਿਲੋਮੀਟਰ ਦੀ ਲੰਬਾਈ ਵਿਚ ਸੜਕਾਂ ਵੀ ਟੁੱਟ ਗਈਆਂ ਸਨ।

ਜੰਗਲਾਂ ਤੋਂ ਵਿਹੂਣੇ ਪਹਾੜੀ ਖੇਤਰਾਂ ਵਿਚ ਬੱਦਲ ਫਟਣ ਦੀਆਂ ਘਟਨਾਵਾਂ ਵਿਚ ਵੀ ਭਾਰੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਸਮੁੰਦਰ ਦੇ ਤੱਟਵਰਤੀ ਇਲਾਕਿਆਂ ਵਿਚ ਦਰਖ਼ਤ-ਰਹਿਤ ਖੇਤਰਾਂ ਅਤੇ ਦਲਦਲੀ ਇਲਾਕਿਆਂ ਦੀਆਂ ਰਿਹਾਇਸ਼ੀ ਕਾਲੋਨੀਆਂ, ਮੱਛੀਆਂ ਦੇ ਫ਼ਾਰਮਾਂ ਅਤੇ ਉਦਯੋਗਿਕ ਇਲਾਕਿਆਂ ਵਿਚ ਬਦਲਣ ਕਾਰਨ ਵੀ, ਉੱਥੇ ਚੱਕਰਵਾਤ ਆਉਣ ਦੀ ਗਿਣਤੀ ਵਿਚ ਵਾਧਾ ਹੋਣ ਦੇ ਨਾਲ-ਨਾਲ ਉੱਥੇ ਉਨ੍ਹਾਂ ਤੋਂ ਹੋਣ ਵਾਲੇ ਨੁਕਸਾਨ ਵਿਚ ਵੀ ਬਹੁਤ ਵਾਧਾ ਹੋ ਰਿਹਾ ਹੈ।

ਜੰਗਲਾਂ ਦੀ ਘਟਦੀ ਗਿਣਤੀ ਅਤੇ ਰਕਬੇ ਵਿਚ ਘਾਟਾ ਹੋਣ ਕਾਰਨ ਧਰਤੀ ਉੱਤੇ ਤਾਪਮਾਨ ਦੇ ਵਾਧੇ ਵਿਚ ਵੀ ਅਸਰ ਪੈ ਰਿਹਾ ਹੈ। ਕਾਰਬਨ ਡਾਇਆਕਸਾਈਡ ਗੈਸ ਜੋ ਕਿ ਇਕ ਮੁੱਖ ਗਰੀਨ ਹਾਊਸ ਗੈਸ ਹੈ, ਜੰਗਲ/ਦਰਖ਼ਤ ਇਸ ਨੂੰ ਆਪਣੇ ਭੋਜਨ ਲਈ ਵਰਤਦੇ ਹਨ, ਪਰ ਦਰਖ਼ਤ ਕੱਟਣ ਨਾਲ ਇਹ ਵਾਤਾਵਰਨ ਵਿਚ ਹੀ ਰਹਿ ਜਾਂਦੀ ਹੈ ਅਤੇ ਤਾਪਮਾਨ ਵਿਚ ਵਾਧਾ ਕਰਦੀ ਹੈ। ਦੂਜੇ ਪਾਸੇ ਇਕ ਏਕੜ ਨਵਾਂ ਜੰਗਲਾਤ ਰਕਬਾ 2.5 ਟਨ ਕਾਰਬਨ ਡਾਇਆਕਸਾਈਡ ਗੈਸ ਸੋਖਣ ਦੇ ਕਾਬਲ ਹੋ ਜਾਂਦਾ ਹੈ ਅਤੇ 100 ਮਿਲੀਅਨ ਹੈਕਟੇਅਰ ਰਕਬਾ ਲਗਭਗ 18 ਮਿਲੀਅਨ ਟਨ ਕਾਰਬਨ ਡਾਇਆਕਸਾਈਡ ਗੈਸ ਸੋਖਣ ਦੇ ਕਾਬਲ ਹੋ ਜਾਂਦੇ ਹਨ। ਇਸ ਤਰ੍ਹਾਂ ਵੱਧਦੇ ਹੋਏ ਤਾਪਮਾਨ ਨੂੰ ਘਟਾਉਣ ਲਈ ਜੰਗਲ ਦੇ ਰਕਬੇ ਵਿਚ ਵਾਧਾ ਕਰਨਾ ਬਹੁਤ ਜ਼ਰੂਰੀ ਹੈ। ਇਸ ਤੋਂ ਇਲਾਵਾ, ਵਿਗਿਆਨੀਆਂ ਅਨੁਸਾਰ ਹਰ ਨਵੇਂ ਉੱਗੇ ਇਕ ਟਨ ਜੰਗਲ ਦੀ ਲੱਕੜੀ ਵਾਤਾਵਰਨ ਵਿਚੋਂ 1.5 ਟਨ ਕਾਰਬਨ ਡਾਇਆਕਸਾਈਡ ਗੈਸ ਸੋਖ ਕੇ 1.07 ਟਨ ਆਕਸੀਜਨ ਗੈਸ ਵਾਤਾਵਰਨ ਵਿਚ ਛੱਡਦੀ ਹੈ ਜੋ ਮਨੁੱਖਾਂ ਅਤੇ ਜੀਵ-ਜੰਤੂਆਂ ਦੇ ਕੰਮ ਆਉਂਦੀ ਹੈ। ਅਸਲ ਵਿਚ, ਮਨੁੱਖਾਂ ਅਤੇ ਜੰਗਲਾਂ ਦਾ ਆਪਸ ਵਿਚ ਡੂੰਘਾ ਅਤੇ ਬੇਹੱਦ ਨੇੜਲਾ ਸੰਬੰਧ ਹੈ। ਯੋਜਨਾਬਧ ਤਰੀਕੇ ਨਾਲ ਸੰਭਾਲੇ ਹੋਏ ਜੰਗਲ ਮਨੁੱਖੀ ਅਤੇ ਜੀਵ-ਜੰਤੂਆਂ ਦੀ ਜ਼ਿੰਦਗੀ ਨੂੰ ਬੇਹਤਰ ਅਤੇ ਖ਼ੂਬਸੂਰਤ ਬਣਾਉਣ ਲਈ ਤਾਂ ਜ਼ਰੂਰੀ ਹੀ ਹਨ, ਪਰ ਇਸ ਦੇ ਨਾਲ-ਨਾਲ ਇਹ ਸਾਡੇ ਲਈ ਜ਼ਿੰਦਗੀ ਜੀਣ ਦਾ ਆਧਾਰ ਵੀ ਹਨ ਕਿਉਂਕਿ ਸਾਨੂੰ ਸਾਹ ਲੈਣ ਲਈ ਆਕਸੀਜਨ ਗੈਸ ਅਤੇ ਖਾਣ ਲਈ ਭੋਜਨ ਵੀ ਪੈਦਾ ਕਰਕੇ ਦਿੰਦੇ ਹਨ ਅਤੇ ਤਾਪਮਾਨ ਦੇ ਵਾਧੇ ਨੂੰ ਨਿਯੰਤ੍ਰਣ ਕਰਕੇ ਰਹਿਣ ਲਈ ਚੰਗਾ ਵਾਤਾਵਰਨ ਵੀ ਦਿੰਦੇ ਹਨ। ਜੰਗਲਾਂ ਤੋਂ ਬਿਨਾਂ ਮਨੁੱਖ ਅਧੂਰਾ ਹੈ। ਅਸਲ ਵਿਚ ਮਨੁੱਖ ਦੀ ਹੋਂਦ ਹੀ ਜੰਗਲਾਂ ਨਾਲ ਹੈ। ਇਹ ਸਾਡੀ ਜ਼ਿੰਦਗੀ ਦਾ ਅਹਿਮ ਅੰਗ ਹਨ।

*(ਲੇਖਿਕਾ ਪ੍ਰੋਫ਼ੈਸਰ, ਜੋਗਰਫ਼ੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਹੈ।)*